
ਪ੍ਰਕਾਸ਼ਨ ਨੰ.
105

# ਮਰਦ ਅਗੰਮੜਾ



## ਜੀਵਨ ਯਾਤਰਾ ਤੇ ਉਪਦੇਸ਼
## ਸ੍ਰੀ ਗੁਰੂ ਗੋਬਿੰਦ ਸਿੰਘ ਜੀ

20/- ਰੁਪਏ

ਸਿੱਖ ਮਿਸ਼ਨਰੀ ਕਾਲਜ (ਰਜਿ.)
ਲੁਧਿਆਣਾ

੧ਓ ਵਾਹਿਗੁਰੂ ਜੀ ਕੀ ਫ਼ਤਹਿ ॥

ਪ੍ਰਕਾਸ਼ਨ ਨੰ: 105

# ਮਰਦ ਅਗੰਮੜਾ

## ਜੀਵਨ ਯਾਤਰਾ ਤੇ ਉਪਦੇਸ਼ - ਸ੍ਰੀ ਗੁਰੂ ਗੋਬਿੰਦ ਸਿੰਘ ਜੀ

ਲੇਖਕ

ਕਿਰਪਾਲ ਸਿੰਘ 'ਚੰਦਨ'

ਪ੍ਰਕਾਸ਼ਕ

ਸਿੱਖ ਮਿਸ਼ਨਰੀ ਕਾਲਜ (ਰਜਿ:)

ਲੁਧਿਆਣਾ।

# ਤਤਕਰਾ


ਕੀ ? ਕਿਥੇ ?

1. ਸਾਹਿਬੇ-ਕਮਾਲ ...5
2. ਦਸਮੇਸ਼ ਜੀ ਦੇ ਆਗਮਨ ਸਮੇਂ ਦੀ ਧਾਰਮਿਕ ਤੇ ਰਾਜਨੀਤਿਕ ਦਸ਼ਾ ...16
3. ਮੁੱਢਲਾ ਜੀਵਨ ...22
ਪੰਡਿਤ ਸ਼ਿਵਦੱਤ, ਰਾਜਾ ਫ਼ਤਹਿ ਚੰਦ ਦੀ ਰਾਣੀ, ਨਵਾਬ ਰਹੀਮ ਬਖ਼ਸ਼ ਤੇ ਕਰੀਮ ਬਖ਼ਸ਼, ਪਟਨੇ ਤੋਂ ਪੰਜਾਬ ਨੂੰ, ਮੁੱਢਲੀ ਵਿੱਦਿਆ।
4. ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ ...29
5. ਅਨੰਦਪੁਰ ਵਿਚ ਤਿਆਰੀਆਂ ...35
ਰਾਜਾ ਰਾਮ ਸਿੰਘ ਵਲੋਂ ਘੋੜਿਆਂ ਦੀ ਭੇਟਾ, ਰਾਜਾ ਰਤਨ ਰਾਇ ਵਲੋਂ ਹਾਥੀ ਤੇ ਸ਼ਸਤਰਾਂ ਦੀ ਭੇਟਾ, ਕਾਬਲ ਕੰਧਾਰ ਦੇਸ਼ਾਂ ਤੋਂ ਸੰਗਤਾਂ ਦਾ ਆਉਣਾ, ਰਣਜੀਤ ਨਗਾਰਾ, ਮਸੰਦਾਂ ਵਿਚ ਸਹਿਮ, ਸਾਂਝਾ ਲੰਗਰ–ਜਾਤ-ਅਭਿਮਾਨੀਆਂ ਤੇ ਚੋਟ, ਅਨੰਦਪੁਰ ਵਿੱਦਿਆ ਸਾਹਿਤ ਤੇ ਸੰਗੀਤ ਦਾ ਕੇਂਦਰ, ਭਾਈ ਨੰਦ ਲਾਲ ਜੀ ਦਾ ਆਉਣਾ, ਵਿਆਹ।
6. ਸਿੱਖੀ ਦਾ ਨਵਾਂ ਕੇਂਦਰ : ਪਾਉਂਟਾ ਸਾਹਿਬ ...42
ਨਾਹਨ ਪ੍ਰਵੇਸ਼, ਪਾਉਂਟਾ ਸਾਹਿਬ ਦੀ ਸਥਾਪਨਾ, ਦਸਮ ਬਾਣੀ ਦੀ ਰਚਨਾ, ਸ਼ਿਕਾਰ ਖੇਡਣਾ, ਬਾਬਾ ਰਾਮ ਰਾਇ ਨਾਲ ਮੇਲ, ਪੀਰ ਬੁੱਧੂ ਸ਼ਾਹ ਜੀ-ਦਰਸ਼ਨਾਂ ਨੂੰ ਆਏ, ਨਿਰਮਲਾ ਸੰਪ੍ਰਦਾਇ, ਸਾਹਿਬਜ਼ਾਦਾ ਅਜੀਤ ਸਿੰਘ ਦਾ ਜਨਮ।
7. ਭੰਗਾਣੀ ਦਾ ਯੁੱਧ ...47
ਪਠਾਣਾਂ ਦੀ ਬੇਵਫ਼ਾਈ, ਉਦਾਸੀ ਡਰ ਕੇ ਭੱਜ ਗਏ, ਪੀਰ ਬੁੱਧੂ ਸ਼ਾਹ ਜੀ ਆਏ, ਜੰਗ ਮੱਚ ਪਿਆ, ਜਾਤ-ਅਭਿਮਾਨੀ ਬ੍ਰਾਹਮਣ, ਔਰੰਗਜ਼ੇਬ ਦੀ ਪਹਾੜੀਆਂ ਨੂੰ ਹੱਲਾਸ਼ੇਰੀ, ਭੰਗਾਣੀ ਦੇ ਜੰਗ ਦਾ ਪ੍ਰਭਾਵ।
8. ਪਾਉਂਟਾ ਸਾਹਿਬ ਤੋਂ ਅਨੰਦਪੁਰ ਸਾਹਿਬ ...54
ਕਪਾਲ ਮੋਚਨ, ਕਿਲ੍ਹਿਆਂ ਦੀ ਉਸਾਰੀ, ਹੋਲੀ ਤੋਂ ਹੋਲਾ ਮਹੱਲਾ।
9. ਨਦੌਣ ਯੁੱਧ, ਹੁਸੈਨੀ ਯੁੱਧ, ਸ਼ਹਿਜ਼ਾਦਾ ਮੁਅੱਜ਼ਮ ...57
ਨਦੌਣ ਦਾ ਯੁੱਧ, ਔਰੰਗਜ਼ੇਬ ਦੇ ਫ਼ੁਰਮਾਨ ਅਤੇ ਇਬਰਾਹੀਮ ਨੂੰ ਗਵਰਨਰ ਥਾਪਣਾ, ਪਹਾੜੀ ਰਾਜਿਆਂ ਦੀ ਬੇਵਫ਼ਾਈ, ਰੁਸਤਮ ਖ਼ਾਨ ਦਾ ਹਮਲਾ, ਹੁਸੈਨੀ ਜੰਗ, ਰਾਜਪੂਤ ਜੁਝਾਰ ਸਿੰਘ ਦਾ ਹੱਲਾ, ਸ਼ਹਿਜ਼ਾਦਾ ਮੁਅੱਜ਼ਮ ਦਾ ਪੰਜਾਬ ਆਉਣਾ, ਗੁਰੂ ਜੀ ਨੇ ਹੁਕਮਨਾਮੇ ਭੇਜੇ, ਮਿਰਜ਼ਾ ਜ਼ਾਫ਼ਰਬੇਗ ਦੀ ਪਹਾੜੀਆਂ ਤੇ ਚੜ੍ਹਾਈ, ਰੰਘੜਾਂ ਦੀ ਸੁਧਾਈ, ਆਚਰਨ ਉੱਚਾ ਰੱਖਣ ਦਾ ਉਪਦੇਸ਼।

10. ਅਮਨ ਸਮੇਂ ਦੇ ਕੌਤਕ ...67

ਗਰੀਬ ਦਾ ਮੂੰਹ ਗੁਰੂ ਦੀ ਗੋਲਕ, ਕੜਾ-ਭਰਮਾਂ ਨੂੰ ਜਿੱਤਣ ਦੀ ਯਾਦਗਾਰ, ਮਸੰਦ ਸਿਲਸਲੇ ਦਾ ਅੰਤ, ਭਾਈ ਫੇਰੂ ਜੀ, ਬੇਸਿਦਕੇ ਦੀ ਭੇਟਾ, ਖਾਲਕੁ ਖਲਕ ਮਹਿ, ਭਾਈ ਨੰਦ ਲਾਲ ਗੁਰੂ ਜੀ ਦੀ ਸੇਵਾ ਵਿਚ।

11. ਖ਼ਾਲਸਾ ਪੰਥ ਦੀ ਸਿਰਜਨਾ ...75

ਪੰਥ ਰਚਨਾ ਦਾ ਇਤਿਹਾਸ ਪੁਰ ਪ੍ਰਭਾਵ, ਅੰਮ੍ਰਿਤ ਦੀਆਂ ਬਰਕਤਾਂ, ਰਹਿਤ ਮਰਯਾਦਾ ਦੀ ਮਹੱਤਤਾ, ਕਕਾਰਾਂ ਦੀ ਮਹਾਨਤਾ, ਖ਼ਾਲਸੇ ਦੀ ਸਿਰਜਨਾ ਗੁਰੂ ਨਾਨਕ ਪਾਤਸ਼ਾਹ ਜੀ ਦੇ ਉਦੇਸ਼ਾਂ ਦੀ ਪੂਰਤੀ ਲਈ।

12. ਬ੍ਰਾਹਮਣ ਅਤੇ ਪਹਾੜੀ ਰਾਜੇ ...95

ਬ੍ਰਾਹਮਣਾਂ ਦਾ ਰੁਸੇਵਾਂ, ਪਹਾੜੀ ਰਾਜੇ।

13. ਅਨੰਦਪੁਰ ਦੀਆਂ ਲੜਾਈਆਂ ...99

ਪਹਿਲੀ ਲੜਾਈ, ਦੂਜੀ ਲੜਾਈ, ਨਿਰਮੋਹ ਦੀ ਲੜਾਈ,ਬਸਾਲੀ ਦੀ ਜੰਗ ਵਿਚ ਰਾਜਿਆਂ ਨੂੰ ਹਾਰ, ਧਰਮ-ਪ੍ਰਚਾਰ ਫੇਰੀ, ਸੈਦਬੇਗ ਅਤੇ ਅਲਫ਼ ਖ਼ਾਨ ਦਾ ਹਮਲਾ, ਪਹਾੜੀਆਂ ਨਾਲ ਇਕ ਹੋਰ ਝੜਪ, ਅਨੰਦਪੁਰ ਦੀ ਤੀਜੀ ਲੜਾਈ, ਅਨੰਦਪੁਰ ਦੀ ਚੌਥੀ ਲੜਾਈ।

14. ਸਰਸਾ, ਚਮਕੌਰ ਦੀ ਜੰਗ ਤੇ ਸਾਕਾ ਸਰਹੰਦ ...114

ਸਰਸਾ ਦੀ ਜੰਗ, ਚਮਕੌਰ ਦੀ ਜੰਗ, ਸਾਹਿਬਜ਼ਾਦਿਆਂ ਦੀ ਸ਼ਹਾਦਤ, ਸਰਹੰਦ ਦਾ ਸਾਕਾ।

15. ਚਮਕੌਰ ਤੋਂ ਮੁਕਤਸਰ ...125

ਊੱਚ ਦੇ ਪੀਰ, ਫ਼ਤਹਿਨਾਮਾ, ਜ਼ਫ਼ਰਨਾਮਾ, ਮੁਕਤਸਰ ਦੀ ਜੰਗ, ਵਿਛੜੇ ਮੁੜ ਮਿਲੇ।

16. ਮਾਲਵੇ ਵਿਚ ਪ੍ਰਚਾਰ ...138

ਸਾਬੋ ਕੀ ਤਲਵੰਡੀ ਵਿਚ, ਹੁਕਮ ਮੰਨਣ ਦੀ ਪਰਖ, ਸਰਹੰਦ ਤੋਂ ਡੱਲੇ ਨੂੰ ਹੁਕਮ, ਮਹਿਲਾਂ ਨਾਲ ਮਿਲਾਪ, ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਨਵਾਂ ਉਤਾਰਾ, ਗੁਰੂ ਚਰਨਾਂ ਵਿਚ ਪੀਹੜੀ ਜਿੰਨੀ ਥਾਂ, ਕਵੀ ਦਰਬਾਰ, ਪ੍ਰਚਾਰ ਦਾ ਅਸਰ, ਦੱਖਣ ਨੂੰ ਕੂਚ।

17. ਦਮਦਮਾ ਸਾਹਿਬ ਤੋਂ ਨੰਦੇੜ ...143

ਦਾਦੂ ਦੀ ਸਮਾਧ ਤੇ ਸਿੰਘਾਂ ਦੀ ਪਰਖ, ਔਰੰਗਜ਼ੇਬ ਦੀ ਮੌਤ, ਬਹਾਦਰ ਸ਼ਾਹ ਨਾਲ ਮੇਲ-ਮਿਲਾਪ, ਮਾਧੋਦਾਸ ਤੋਂ ਬੰਦਾ ਸਿੰਘ, ਗੁਰੂ ਗ੍ਰੰਥ ਤੇ ਪੰਥ ਨੂੰ ਗੁਰਿਆਈ, ਜੋਤੀ ਜੋਤਿ ਸਮਾਉਣਾ।

18. ਗੁਰੂ ਗੋਬਿੰਦ ਸਿੰਘ ਜੀ ਦੀ ਬਾਣੀ ...154

ਦਸਮ ਗ੍ਰੰਥ ਬਾਰੇ ਵਿਚਾਰ, ਦਸਮ ਪਾਤਸ਼ਾਹ ਦੀਆਂ ਪ੍ਰਮਾਣਿਕ ਬਾਣੀਆਂ।

19. ਗੁਰੂ ਗੋਬਿੰਦ ਸਿੰਘ ਜੀ ਦੇ ਉਪਦੇਸ਼ (ਉਹਨਾਂ ਦੀ ਬਾਣੀ ਵਿਚੋਂ) ...157

20. ਅੰਤਿਕਾ (ਗੁਰੂ ਜੀ ਦਾ ਪਰਿਵਾਰ) ...167

# ਸਾਹਿਬੇ-ਕਮਾਲ

ਦਸਮ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਮਹਾਨ ਅਤੇ ਅਲੌਕਿਕ ਸ਼ਖ਼ਸੀਅਤ ਦਾ ਧਿਆਨ ਆਉਂਦਿਆਂ ਹੀ ਮੂੰਹ ਵਿਚੋਂ ਆਪ-ਮੁਹਾਰੇ ਵਾਹ-ਵਾਹ ਨਿਕਲ ਜਾਂਦੀ ਹੈ। ਕੇਵਲ 42 ਵਰ੍ਹਿਆਂ ਦੀ ਸੰਸਾਰਿਕ ਯਾਤਰਾ ਦੇ ਦੌਰਾਨ ਆਪ ਨੇ ਇੰਨੇ ਮਹਾਨ ਕਾਰਨਾਮੇ ਕੀਤੇ ਕਿ ਇਤਿਹਾਸਕਾਰਾਂ ਨੂੰ ਸੰਸਾਰ ਦੇ ਇਤਿਹਾਸ ਵਿਚ ਆਪ ਦੇ ਟਾਕਰੇ ਦੀ ਮਹਾਨ ਸ਼ਖ਼ਸੀਅਤ ਲੱਭਣੀ ਮੁਸ਼ਕਿਲ ਹੋ ਜਾਂਦੀ ਹੈ। ਜਿੱਥੇ ਆਪ ਅਕਾਲ ਪੁਰਖ ਦੇ ਅਨਿੰਨ ਆਸ਼ਕ ਸਨ ਉਥੇ ਗੁਰ-ਦਰਬਾਰ ਵਿਚ ਮਧੁਰ ਕੀਰਤਨ ਰਾਹੀਂ ਸੰਗਤਾਂ ਦਾ ਮਨ ਮੋਹ ਲੈਂਦੇ ਸਨ; ਜਿੱਥੇ ਆਪਣੇ ਹੱਥਾਂ ਵਿਚ ਕਲਮ ਫੜ ਕੇ ਉੱਚ ਕੋਟੀ ਦਾ ਸਾਹਿਤ ਰਚਿਆ ਉਥੇ ਉਸੇ ਹੀ ਹੱਥ ਨਾਲ ਜਦੋਂ ਜੰਗ ਵਿਚ ਤਲਵਾਰ ਵਾਹੀ ਤਾਂ ਸ਼ਤਰੂਆਂ ਦੀਆਂ ਲਾਸ਼ਾਂ ਦੇ ਢੇਰ ਲਾ ਦਿਤੇ, ਤੀਰ-ਅੰਦਾਜ਼ੀ ਵਿਚ ਤਾਂ ਆਪ ਦਾ ਸਾਨੀ ਹੀ ਕੋਈ ਨਹੀਂ ਸੀ। ਆਪ ਨੀਲੇ ਘੋੜੇ ਦੇ ਸ਼ਾਹ ਸਵਾਰ ਸਨ; ਮਹਾਨ ਜੰਗੀ ਜਰਨੈਲ ਸਨ। ਆਪ ਸੱਚਾ-ਪਾਤਸ਼ਾਹ ਸਨ; ਫ਼ੌਜਾਂ ਵਾਲੇ, ਕਲਗੀਆਂ ਵਾਲੇ, ਬਾਜਾਂ ਵਾਲੇ, ਰਣਜੀਤ ਨਗਾਰੇ ਵਾਲੇ। ਆਪ ਮਹਾਨ ਧਰਮ-ਫ਼ਿਲਾਸਫ਼ਰ ਸਨ, ਚਿੰਤਕ ਸਨ, ਮਨੋਵਿਗਿਆਨੀ ਸਨ। ਆਪ ਧਰਮ ਅਤੇ ਧਰਮੀ ਪੁਰਖਾਂ ਦੇ ਰਖਿਅਕ, ਦੁਸ਼ਟਾਂ ਦੇ ਨਾਸ਼ ਕਰਨ ਵਾਲੇ ਅਤੇ ਸਮੁੱਚੀ ਮਾਨਵ ਜਾਤੀ ਦੇ ਹਮਦਰਦ ਸਨ। ਆਪ ਗ੍ਰਿਹਸਤ ਵਿਚ ਮਹਾਨ ਤਿਆਗੀ ਸਨ, ਸਰਬੰਸ-ਦਾਨੀ ਸਨ; ਆਪਣੇ ਮਾਤਾ-ਪਿਤਾ, ਬੱਚਿਆਂ, ਆਪਣੇ ਆਪ ਨੂੰ ਜਾਬਰਾਂ ਨਾਲ ਟੱਕਰ ਲੈਂਦਿਆਂ ਹੋਇਆਂ, ਲੋਕ ਹਿਤਾਂ ਲਈ, ਸ਼ਹੀਦ ਕਰਵਾਉਣ ਵਾਲੇ ਸਨ। ਆਪ ਸਿੱਖ ਪੰਥ ਦੇ ਨਿਰਮਾਤਾ ਸਨ, ਵਾਲੀ ਸਨ ਅਤੇ 'ਚੇਲਾ' ਸਨ। ਸਦੀਆਂ ਤੋਂ ਲਿਤਾੜੇ ਜਾ ਰਹੇ 'ਨੀਚਾਂ' ਨੂੰ ਆਪ ਨੇ ਉਚ ਬਣਾ ਦਿੱਤਾ, ਜੰਗੀ ਜਰਨੈਲ, ਰਾਜੇ-ਮਹਾਰਾਜੇ ਬਣਾ ਦਿੱਤਾ; ਇਤਿਹਾਸ ਦੀ ਧਾਰਾ ਹੀ ਮੋੜ ਕੇ ਰੱਖ ਦਿੱਤੀ। ਆਪ ਚੜ੍ਹਦੀ ਕਲਾ ਦੇ ਅਵਤਾਰ ਸਨ; ਅਨੰਦਪੁਰ ਤਿਆਗਣ ਮਗਰੋਂ, ਦੋ ਸਾਹਿਬਜ਼ਾਦਿਆਂ ਦੇ ਚਮਕੌਰ ਵਿਚ ਅਤੇ ਦੋ ਸਾਹਿਬਜ਼ਾਦਿਆਂ ਦੇ ਸਰਹੰਦ ਵਿਚ ਸ਼ਹੀਦ ਹੋਣ ਮਗਰੋਂ, ਮਾਤਾ ਜੀ ਦੇ ਸ਼ਹੀਦ ਹੋਣ ਮਗਰੋਂ ਮਾਛੀਵਾੜੇ ਦੇ ਜੰਗਲਾਂ ਵਿਚ ਅਨੇਕਾਂ ਮੀਲ ਭੁੱਖੇ-ਭਾਣੇ ਸਫ਼ਰ ਕਰਨ, ਰਾਤਾਂ ਗੁਜ਼ਾਰਨ ਮਗਰੋਂ ਆਪ ਜੀ ਹੀ ਭਾਰਤ ਦੇ ਸ਼ਕਤੀਸ਼ਾਲੀ ਰਾਜੇ ਔਰੰਗਜ਼ੇਬ ਆਲਮਗੀਰ ਨੂੰ ਫ਼ਤਹਿ ਦੀ ਚਿੱਠੀ (ਜ਼ਫ਼ਰਨਾਮਾ) ਲਿਖਣ ਦਾ ਜੇਰਾ ਕਰ ਸਕਦੇ ਸਨ; ਉਸ ਨੂੰ ਵੰਗਾਰ ਸਕਦੇ ਸਨ।

ਅਜਿਹੀਆਂ ਸਿਫ਼ਤਾਂ ਦੇ ਮਾਲਕ ਸਤਿਗੁਰੂ ਪਾਤਸ਼ਾਹ ਨੂੰ 'ਸਾਹਿਬੇ-ਕਮਾਲ' ਹੀ ਕਹਿਣਾ ਬਣਦਾ ਹੈ। ਸੰਸਾਰ ਦੇ ਅਨੇਕਾਂ ਵਿਦਵਾਨਾਂ ਨੇ ਵੱਖ-ਵੱਖ ਪੱਖਾਂ ਤੋਂ ਆਪ ਜੀ ਦੀ ਸ਼ਖ਼ਸੀਅਤ ਦੀ ਵਡਿਆਈ ਕੀਤੀ ਹੈ, ਪਰ 'ਕਨਿੰਘਮ' ਦੇ ਵਿਚਾਰ ਬਹੁਤ ਢੁਕਵੇਂ ਹਨ। ਉਨ੍ਹਾਂ ਨੂੰ ਵਿਸਥਾਰ ਦਿੰਦੇ ਹੋਏ ਪ੍ਰਿ: ਸਤਿਬੀਰ ਸਿੰਘ ਲਿਖਦੇ ਹਨ :

"ਗੁਰੂ ਗੋਬਿੰਦ ਸਿੰਘ ਜੀ ਦੇ ਬਹੁਪੱਖੀ ਜੀਵਨ ਨੂੰ ਸਮਝਣ ਲਈ ਸਾਨੂੰ ਇਕ ਤੇਜ਼

ਰਫ਼ਤਾਰ ਘੋੜੇ ਉਤੇ ਸਵਾਰ ਹੋਣਾ ਪਵੇਗਾ। ਮੁਕਾਬਲਤਨ ਇਤਨੀ ਛੋਟੀ ਆਯੂ ਵਿਚ ਇਤਨੇ ਮਹਾਨ ਕੰਮ ਕਰ ਜਾਣੇ ਇਕ ਕਰਾਮਾਤ ਹੀ ਲਗਦੀ ਹੈ। ਸਾਰਾ ਗੁਰੂ ਜੀਵਨ ਇਕ ਜਦੋ-ਜਹਿਦ ਦਾ ਜੀਵਨ ਹੈ। ਇਕੋ ਹੀ ਸ਼ਖ਼ਸੀਅਤ ਵਿਚ ਇਤਨੇ ਗੁਣ ਜਿਤਨੇ ਕਿ ਗੁਰੂ ਜੀ ਵਿਚ ਸਨ; ਮਿਲਣੇ ਅਸੰਭਵ ਜਿਹੀ ਗੱਲ ਜਾਪਦੀ ਹੈ।"

ਗੁਰੂ ਪਾਤਸ਼ਾਹ ਦੀ ਅਜਿਹੀ ਅਦੁੱਤੀ, ਅਲੌਕਿਕ ਤੇ ਚਮਤਕਾਰੀ ਸ਼ਖ਼ਸੀਅਤ ਦੀ ਥਾਹ ਪਾਉਣੀ ਜਾਂ ਉਸ ਨੂੰ ਪੂਰੀ ਤਰ੍ਹਾਂ ਬਿਆਨ ਕਰਨਾ ਤਾਂ ਵੱਡੇ-ਵੱਡੇ ਵਿਦਵਾਨ ਪੁਰਖਾਂ ਦੇ ਵੱਸ ਦੀ-ਗੱਲ ਵੀ ਨਹੀਂ ਹੈ; ਹਾਂ, ਸਤਿਗੁਰਾਂ ਦੀ ਸ਼ਖ਼ਸੀਅਤ ਵਿਚ ਹੇਠ ਲਿਖੇ ਗੁਣ ਤਾਂ ਪ੍ਰਤੱਖ ਹੀ ਹਨ, ਜਿਹੜੇ ਲੋਕਾਂ ਦੇ ਮਨਾਂ ਵਿਚ ਉਨ੍ਹਾਂ ਲਈ ਸ਼ਰਧਾ, ਪਿਆਰ ਅਤੇ ਸਤਿਕਾਰ ਪੈਦਾ ਕਰਦੇ ਹਨ :

(ੳ) ਪ੍ਰਭੂ ਦਾ ਆਸ਼ਿਕ : ਗੁਰੂ ਗੋਬਿੰਦ ਸਿੰਘ ਜੀ ਸਭ ਤੋਂ ਪਹਿਲਾਂ ਪ੍ਰਭੂ ਦੇ ਆਸ਼ਿਕ ਸਨ, ਪ੍ਰਭੂ ਦੇ ਭਗਤ ਸਨ। ਜਿਵੇਂ ਗੁਰੂ ਨਾਨਕ ਪਾਤਸ਼ਾਹ ਮੋਦੀਖ਼ਾਨੇ ਵਿਚ ਤੇਰਾਂ-ਤੇਰਾਂ ਉਚਾਰਦੇ ਪ੍ਰਭੂ ਨਾਲ ਇਕਸੁਰ ਹੋ ਜਾਂਦੇ ਸਨ; ਤਿਵੇਂ ਹੀ ਗੁਰੂ ਗੋਬਿੰਦ ਸਿੰਘ ਜੀ ਵੀ 'ਤੂੰਹੀ-ਤੂੰਹੀ' ਜਾਂ 'ਹਰੀ-ਹਰੀ' ਉਚਾਰਦੇ ਪ੍ਰਭੂ ਨਾਲ ਇਕ-ਮਿਕ ਹੋ ਜਾਂਦੇ ਸਨ। 'ਅਕਾਲ ਉਸਤਤਿ' ਦੇ ਹੇਠ ਲਿਖੇ ਕਾਵਿ-ਪਦ ਦਸਮੇਸ਼ ਜੀ ਦੀ ਪ੍ਰਭੂ-ਭਗਤੀ ਦਾ ਉਤਕ੍ਰਿਸ਼ਟ ਨਮੂਨਾ ਹਨ :

ਜਲੇ ਹਰੀ। ਥਲੇ ਹਰੀ। ਉਰੇ ਹਰੀ। ਬਨੇ ਹਰੀ। ੫੧।
ਗਿਰੇ ਹਰੀ। ਗੁਫੇ ਹਰੀ। ਛਿਤੇ ਹਰੀ। ਨਭੇ ਹਰੀ। ੫੨।
ਈਹਾਂ ਹਰੀ। ਊਹਾਂ ਹਰੀ। ਜਿਮੀ ਹਰੀ। ਜਮਾ ਹਰੀ। ੫੩।
ਅਲੇਖ ਹਰੀ। ਅਭੇਖ ਹਰੀ। ਅਦੋਖ ਹਰੀ। ਅਦ੍ਵੈਖ ਹਰੀ। ੫੪।
ਅਕਾਲ ਹਰੀ। ਅਪਾਲ ਹਰੀ। ਅਛੇਦ ਹਰੀ। ਅਭੇਦ ਹਰੀ। ੫੫।
ਅਜੰਤ੍ਰ ਹਰੀ। ਅਮੰਤ੍ਰ ਹਰੀ। ਸੁਤੇਜ ਹਰੀ। ਅਤੰਤ੍ਰ ਹਰੀ। ੫੬।
ਅਜਾਤ ਹਰੀ। ਅਪਾਤ ਹਰੀ। ਅਮਿਤ੍ਰ ਹਰੀ। ਅਮਾਤ ਹਰੀ। ੫੭।
ਅਰੋਗ ਹਰੀ। ਅਸ਼ੋਕ ਹਰੀ। ਅਭਰਮ ਹਰੀ। ਅਕਰਮ ਹਰੀ। ੫੮।
ਅਜੈ ਹਰੀ। ਅਭੈ ਹਰੀ। ਅਭੇਦ ਹਰੀ। ਅਛੇਦ ਹਰੀ। ੫੯।
ਅਖੰਡ ਹਰੀ। ਅਭੰਡ ਹਰੀ। ਅਡੰਡ ਹਰੀ। ਪ੍ਰਚੰਡ ਹਰੀ। ੬੦।
ਅਤੇਵ ਹਰੀ। ਅਭੇਵ ਹਰੀ। ਅਜੇਵ ਹਰੀ। ਅਛੇਵ ਹਰੀ। ੬੧।
ਭਜੋ ਹਰੀ। ਥਪੋ ਹਰੀ। ਤਪੋ ਹਰੀ। ਜਪੋ ਹਰੀ। ੬੨।
ਜਲਸ ਤੁਹੀ। ਥਲਸ ਤੁਹੀ। ਨਦਿਸ ਤੁਹੀ। ਨਦਸ ਤੁਹੀ। ੬੩।
ਬ੍ਰਿਛਸ ਤੁਹੀ। ਪਤਸ ਤੁਹੀ। ਛਿਤਸ ਤੁਹੀ। ਉਰਧਸ ਤੁਹੀ। ੬੪।
ਭਜਸ ਤੁਅੰ। ਭਜਸ ਤੁਅੰ। ਰਟਸ ਤੁਅੰ। ਠਟਸ ਤੁਅੰ। ੬੫।
ਜ਼ਿਮੀ ਤੁਹੀ। ਜਮਾ ਤੁਹੀ। ਮਕੀ ਤੁਹੀ। ਮਕਾਂ ਤੁਹੀ। ੬੬।

ਅਭੂ ਤੁਹੀ। ਅਭੈ ਤੁਹੀ। ਅਛੂ ਤੁਹੀ। ਅਛੈ ਤੁਹੀ। ੬੭।
ਜਤਸ ਤੁਹੀ। ਬ੍ਰਤਸ ਤੁਹੀ। ਗਤਸ ਤੁਹੀ। ਮਤਸ ਤੁਹੀ। ੬੮।
ਤੁਹੀ ਤੁਹੀ। ਤੁਹੀ ਤੁਹੀ। ਤੁਹੀ ਤੁਹੀ। ਤੁਹੀ ਤੁਹੀ। ੬੯।
ਤੁਹੀ ਤੁਹੀ। ਤੁਹੀ ਤੁਹੀ। ਤੁਹੀ ਤੁਹੀ। ਤੁਹੀ ਤੁਹੀ। ੭੦।

ਆਪ ਜੀ ਦੀਆਂ ਪ੍ਰਮਾਣਿਕ ਬਾਣੀਆਂ – ਜਾਪੁ ਸਾਹਿਬ, ਅਕਾਲ ਉਸਤਤਿ, ੩੩ ਸਵੈਯੇ, ਜ਼ਫ਼ਰਨਾਮਾ ਆਦਿ, ਆਪ ਦੇ ਪਹਿਲੇ ਸਤਿਗੁਰਾਂ ਦੀ ਤਰ੍ਹਾਂ ਪ੍ਰਭੂ-ਆਸ਼ਕ ਹੋਣ ਦੀਆਂ ਜਿਊਂਦੀਆਂ ਉਦਾਹਰਣਾਂ ਹਨ। ਜਾਪੁ ਸਾਹਿਬ ਦਾ ਪ੍ਰਥਮ ਛੰਦ, ਗੁਰੂ ਨਾਨਕ ਪਾਤਸ਼ਾਹ ਦੇ ਮੂਲ-ਮੰਤ੍ਰ (ਜੋ ਕਿ ਸਿੱਖੀ ਦੀ ਆਧਾਰਸ਼ਿਲਾ ਹੈ) ਦੀ ਸੁੰਦਰ ਵਿਆਖਿਆ ਹੈ। ਜਾਪ ਸਾਹਿਬ ਦੀ ਸੰਪੂਰਨ ਬਾਣੀ ਅਕਾਲ ਪੁਰਖ ਦੀ ਉਸਤਤ ਹੀ ਤਾਂ ਹੈ। ਜਾਪੁ ਸਾਹਿਬ ਇਕ ਅਜਿਹਾ ਸਮੁੰਦਰ ਹੈ, ਜਿਸ ਵਿਚ ਚੁੱਭੀ ਲਾ ਕੇ ਮਨੁੱਖ ਪ੍ਰਭੂ ਨਾਲ ਇਕਸੁਰ ਹੋ ਜਾਂਦਾ ਹੈ।

**(ਅ) ਨਿਪੁੰਨ ਯੋਧਾ :** ਛੇਵੇਂ ਪਾਤਸ਼ਾਹ ਦੇ ਸਮੇਂ ਤੋਂ ਹੀ ਸਿੱਖ ਸ਼ਸਤਰ ਸਜਾਉਣ ਲਗ ਪਏ ਸਨ ਅਤੇ ਸ਼ਸਤਰਾਂ ਦੇ ਅਭਿਆਸ ਕਰਨ ਲਗ ਪਏ ਸਨ। ਉਦੋਂ ਤੋਂ ਹੀ ਗੁਰੂ ਦਰਬਾਰ ਵਿਚ ਸ਼ਸਤਰਧਾਰੀ ਸਿੱਖਾਂ ਦੇ ਜਥੇ ਆਮ ਵੇਖੇ ਜਾਂਦੇ ਸਨ। ਇਸ ਗੱਲ ਦੀ ਗਵਾਹੀ ਇਤਿਹਾਸ ਭਰਦਾ ਹੈ ਕਿ ਸੱਤਵੇਂ ਤੇ ਨੌਵੇਂ ਪਾਤਸ਼ਾਹ ਆਪਣੇ ਨਾਲ ਭਾਰੀ ਗਿਣਤੀ ਵਿਚ ਹਥਿਆਰਬੰਦ ਸੇਵਕ ਰੱਖਿਆ ਕਰਦੇ ਸਨ। ਗੁਰੂ ਤੇਗ ਬਹਾਦਰ ਜੀ ਨੇ ਜਿੱਥੇ ਆਪਣੇ ਸਪੁੱਤਰ (ਗੁਰੂ) ਗੋਬਿੰਦ ਸਿੰਘ ਜੀ (ਉਦੋਂ ਉਨ੍ਹਾਂ ਦਾ ਨਾਮ 'ਗੋਬਿੰਦ ਰਾਇ' ਸੀ) ਨੂੰ ਉੱਚੀ ਤੋਂ ਉੱਚੀ ਧਾਰਮਿਕ ਅਤੇ ਸੰਸਾਰਿਕ ਵਿੱਦਿਆ ਦਿਵਾਈ ਸੀ, ਉਥੇ ਸ਼ਸਤਰ-ਵਿੱਦਿਆ ਵੀ ਦਿਵਾਈ ਸੀ। ਦਸਮ ਪਿਤਾ ਸਭ ਤਰ੍ਹਾਂ ਦੇ ਹਥਿਆਰ ਚਲਾਉਣ ਵਿਚ ਮੁਹਾਰਤ ਰੱਖਦੇ ਸਨ। ਤੀਰ, ਤਲਵਾਰ ਅਤੇ ਬੰਦੂਕ ਉਨ੍ਹਾਂ ਦੇ ਮਨ-ਭਾਉਂਦੇ ਹਥਿਆਰ ਸਨ। ਉਹ ਆਪ ਤਲਵਾਰ ਦੇ ਚੰਗੇ ਧਨੀ ਸਨ ਅਤੇ ਤੀਰੰਦਾਜ਼ੀ ਵਿਚ ਤਾਂ ਉਨ੍ਹਾਂ ਦਾ ਕੋਈ ਸਾਨੀ ਹੀ ਨਹੀਂ ਸੀ। ਸੈਨਾਪਤਿ ਕਵੀ ਲਿਖਦਾ ਹੈ ਕਿ ਉਨ੍ਹਾਂ ਦਾ ਇਕ-ਇਕ ਤੀਰ ਦਲਾਂ ਦੇ ਆਹੂ ਲਾਹੁੰਦਾ ਸੀ। ਉਨ੍ਹੀਂ ਦਿਨੀਂ ਇਕ ਯੋਧੇ ਲਈ ਚੰਗਾ ਘੋੜ ਸਵਾਰ ਹੋਣਾ ਅਤੀ ਲੋੜੀਂਦਾ ਸੀ। ਗੁਰਦੇਵ ਨੀਲੇ (ਘੋੜੇ) ਦੇ ਸ਼ਾਹ ਸਵਾਰ ਕਰਕੇ ਜਾਣੇ ਜਾਂਦੇ ਹਨ। ਆਮ ਕਰਕੇ ਉਹ ਵੈਰੀ ਉੱਤੇ ਪਹਿਲਾਂ ਵਾਰ ਨਹੀਂ ਸਨ ਕਰਦੇ। ਪਹਿਲਾਂ ਵੈਰੀ ਨੂੰ ਲਲਕਾਰਦੇ ਸਨ। ਜਦ ਵੈਰੀ ਆਪਣੀ ਵਾਹ ਲਾ ਲੈਂਦਾ, ਤਾਂ ਉਸ ਨੂੰ ਇਕ ਤੀਰ ਬਖਸ਼ਦੇ ਅਤੇ ਉਸ ਦੀ ਸੰਸਾਰ ਯਾਤਰਾ ਖ਼ਤਮ ਕਰ ਦਿੰਦੇ। ਭੰਗਾਣੀ ਦੇ ਯੁੱਧ ਵਿਚ ਸਤਿਗੁਰਾਂ ਨੇ ਤੀਰੰਦਾਜ਼ੀ ਦੇ ਹੈਰਾਨ ਕਰਨ ਵਾਲੇ ਜੌਹਰ ਵਿਖਾਏ। ਲੜਾਈ ਦੇ ਅਖ਼ੀਰ ਵਿਚ ਨੱਸੇ ਜਾਂਦੇ ਭੀਖਨ ਖ਼ਾਨ ਨੂੰ ਤਿੰਨ ਤੀਰਾਂ ਨਾਲ ਮਾਰ ਮੁਕਾਇਆ। ਏਨੇ ਨੂੰ ਰਾਜਾ ਹਰੀ ਚੰਦ ਗੁੱਸੇ ਨਾਲ ਉਠਿਆ। ਉਸ ਨੇ ਸਤਿਗੁਰਾਂ ਤੇ ਤਿੰਨ ਵਾਰ ਤੀਰਾਂ ਨਾਲ ਹਮਲਾ ਕੀਤਾ। ਤੀਜੀ ਵਾਰ ਉਸ ਦਾ ਤੀਰ ਸਤਿਗੁਰਾਂ ਦੀ ਪੇਟੀ ਵਿਚ ਥੋੜ੍ਹਾ ਜਿਹਾ ਲੱਗਾ। ਸਤਿਗੁਰਾਂ ਨੇ ਇਕ ਬਾਣ ਨਾਲ ਹੀ ਹਰੀ ਚੰਦ ਨੂੰ ਸਦਾ ਦੀ ਨੀਂਦੇ ਸੁਆ ਦਿਤਾ। ਚਮਕੌਰ ਦੀ ਕੱਚੀ ਗੜ੍ਹੀ ਵਿਚ ਜਦੋਂ ਕਿ ਚਾਲੀ ਸਿੰਘਾਂ ਨੂੰ ਲੱਖਾਂ ਵੈਰੀਆਂ ਨੇ ਘੇਰ ਲਿਆ ਸੀ, ਸਤਿਗੁਰਾਂ ਨੇ ਤੀਰਾਂ ਦੀ ਵਾਛੜ

ਕਰਕੇ ਮੁਗ਼ਲ ਜਰਨੈਲਾਂ ਅਤੇ ਸਿਪਾਹੀਆਂ ਨੂੰ ਗੜ੍ਹੀ ਦੇ ਨੇੜੇ ਨਹੀਂ ਸੀ ਢੁਕਣ ਦਿੱਤਾ। ਇੰਝ ਇਤਿਹਾਸ ਵਿਚੋਂ ਅਨੇਕਾਂ ਉਦਾਹਰਣਾਂ ਮਿਲ ਜਾਂਦੀਆਂ ਹਨ, ਜਿਹੜੀਆਂ ਸਤਿਗੁਰਾਂ ਨੂੰ ਹਥਿਆਰ ਚਲਾਉਣ ਦੇ ਹੁਨਰ ਵਿਚ ਮਾਹਿਰ ਦਰਸਾਉਂਦੀਆਂ ਹਨ।

(ੲ) ਮਹਾਨ ਜਰਨੈਲ : ਜਿੱਥੇ ਦਸਮ ਪਾਤਸ਼ਾਹ ਨਿਪੁੰਨ ਯੋਧਾ ਸਨ, ਉੱਥੇ ਇਕ ਮਹਾਨ ਜਰਨੈਲ ਵੀ ਸਨ। ਸ਼ਾਇਦ ਹੀ ਕੋਈ ਅਜਿਹਾ ਜਰਨੈਲ ਹੋਵੇ ਜਿਸ ਨੂੰ ਇੰਨੀਆਂ ਔਕੜਾਂ ਦਾ ਮੁਕਾਬਲਾ ਕਰਨਾ ਪਿਆ ਹੋਵੇ, ਜਿੰਨੀਆਂ ਦਾ ਕਿ ਦਸਮ ਪਿਤਾ ਨੂੰ ਕਰਨਾ ਪਿਆ। ਲਿਤਾੜੇ ਤੇ ਕੁਚਲੇ ਹੋਏ ਲੋਕਾਂ ਨੂੰ ਜਥੇਬੰਦ ਕਰਕੇ 'ਫ਼ੌਜ' ਬਣਾਈ, ਤੇ ਉਸ ਫ਼ੌਜ ਨਾਲ ਸਮੇਂ ਦੀ ਸਭ ਤੋਂ ਵੱਡੀ ਤਾਕਤ ਨਾਲ ਟਾਕਰਾ ਕੀਤਾ ਅਤੇ ਜਿੱਤ ਪ੍ਰਾਪਤ ਕੀਤੀ। ਉਸ ਸਮੇਂ ਸਿੱਖਾਂ ਦੀਆਂ ਸਭ ਜਿੱਤਾਂ ਦਾ ਕਾਰਨ ਗੁਰੂ ਜੀ ਦੀ ਸੁਲਝੀ ਹੋਈ ਅਗਵਾਈ ਹੀ ਸੀ। ਕਨਿੰਘਮ ਲਿਖਦਾ ਹੈ ਕਿ ਜਿਸ ਸਿਆਣਪ ਨਾਲ ਕਿਲ੍ਹਿਆਂ ਦੀ ਉਸਾਰੀ ਕੀਤੀ, ਉਹ ਹੀ ਉਨ੍ਹਾਂ (ਗੁਰੂ ਜੀ) ਨੂੰ ਜਰਨੈਲ ਸਥਾਪਿਤ ਕਰਨ ਲਈ ਕਾਫ਼ੀ ਹੈ। ਅਨੰਦਪੁਰ ਦੀ ਆਖਰੀ ਲੜਾਈ ਸਮੇਂ ਆਪ ਨੇ ਜਿਸ ਤਰ੍ਹਾਂ ਔਰੰਗਜ਼ੇਬ ਦੀ ਭੇਜੀ ਹੋਈ ਫ਼ੌਜ ਅਤੇ ਪਹਾੜੀਆਂ ਦੇ ਟਿੱਡੀ ਦਲ ਨਾਲ ਅੱਠ ਮਹੀਨੇ ਟਾਕਰਾ ਕੀਤਾ ਅਤੇ ਰਸਦ ਪਾਣੀ ਦੀ ਅਣਹੋਂਦ ਅਤੇ ਬੀਮਾਰੀਆਂ ਦੇ ਬਾਵਜੂਦ ਭੁੱਖੇ-ਭਾਣੇ ਸਿੰਘਾਂ ਦੇ ਹੌਂਸਲੇ ਬੁਲੰਦ ਰੱਖੇ, ਇਹ ਗੁਰੂ ਪਾਤਸ਼ਾਹ ਵਰਗਾ ਜਰਨੈਲ ਹੀ ਕਰ ਸਕਦਾ ਸੀ। ਚਮਕੌਰ ਦੀ ਲੜਾਈ ਸਮੇਂ ਥੱਕੇ ਹਾਰੇ ਸਿੰਘਾਂ ਨੂੰ ਲੱਖਾਂ ਦੀ ਫ਼ੌਜ ਨਾਲ ਲੜਾਉਣ ਦੀ ਕਰਾਮਾਤ ਵੀ ਆਪ ਵਰਗਾ ਜਰਨੈਲ ਹੀ ਕਰ ਸਕਦਾ ਸੀ।

(ਸ) ਆਪੇ ਗੁਰ ਚੇਲਾ : ਸੰਸਾਰ ਦਾ ਧਰਮ-ਇਤਿਹਾਸ ਪੜ੍ਹ ਵੇਖੋ, ਹਮੇਸ਼ਾ ਗੁਰੂ 'ਗੁਰੂ' ਹੀ ਰਹਿੰਦਾ ਹੈ ਅਤੇ ਚੇਲਾ 'ਚੇਲਾ' ਹੀ। ਪਰ ਗੁਰੂ ਨਾਨਕ ਪਾਤਸ਼ਾਹ ਨੇ ਇਕ ਵਿਲੱਖਣ ਗੱਲ ਕਰ ਦਿੱਤੀ, ਜਦੋਂ ਉਨ੍ਹਾਂ ਆਪਣੇ ਇਕ ਚੇਲੇ, ਭਾਈ ਲਹਿਣਾ ਨੂੰ, ਗੁਰੂ ਅੰਗਦ ਸਾਹਿਬ ਬਣਾ ਦਿੱਤਾ। ਜਿੱਥੇ ਹੋਰਨਾਂ ਸੰਗਤਾਂ ਨੂੰ ਗੁਰੂ ਅੰਗਦ ਦੇਵ ਜੀ ਅੱਗੇ ਸ਼ਰਧਾ ਸਹਿਤ ਮੱਥਾ ਟੇਕਣ ਲਈ ਆਖਿਆ, ਉੱਥੇ ਆਪ ਵੀ ਉਨ੍ਹਾਂ ਅੱਗੇ ਮੱਥਾ ਟੇਕਿਆ। ਇੰਝ ਚੇਲਿਆਂ ਨੂੰ ਗੁਰੂ ਬਣਾਉਣ ਦੀ ਸਮਰੱਥਾ ਕੇਵਲ ਸਿੱਖ ਸਤਿਗੁਰਾਂ ਵਿਚ ਹੀ ਵੇਖੀ ਗਈ ਹੈ। ਗੁਰੂ ਗੋਬਿੰਦ ਸਿੰਘ ਜੀ ਨੇ ਤਾਂ ਹੋਰ ਅਸਚਰਜ ਕੌਤਕ ਕੀਤਾ। ਪੰਜ-ਪਿਆਰਿਆਂ ਦੀ ਚੋਣ ਕਰਕੇ ਆਪ ਨੇ ਪੰਥ ਦੀ ਸਾਜਨਾ ਕੀਤੀ। ਜਿਨ੍ਹਾਂ ਪੰਜ ਪਿਆਰਿਆਂ ਨੂੰ ਸਤਿਗੁਰਾਂ ਨੇ ਆਪ ਅੰਮ੍ਰਿਤ ਛਕਾਇਆ ਸੀ, ਉਨ੍ਹਾਂ ਤੋਂ ਹੀ ਆਪ ਝੋਲੀ ਅੱਡ ਕੇ ਅੰਮ੍ਰਿਤ ਦੀ ਦਾਤ ਦੀ ਜਾਚਨਾ ਕਰਨ ਲੱਗ ਪਏ ਅਤੇ 'ਗੁਰੂ ਗੋਬਿੰਦ ਰਾਏ' ਤੋਂ 'ਗੋਬਿੰਦ ਸਿੰਘ' ਬਣੇ। ਗੁਰੂ ਜੀ ਸਰੀਰ ਨਾਲੋਂ ਸਿਧਾਂਤ ਨੂੰ ਵਧੇਰੇ ਮਹੱਤਵ ਦਿੰਦੇ ਸਨ। 'ਖ਼ਾਲਸਾ' ਗੁਰੂ ਜੀ ਦੀ ਆਪਣੀ ਸਿਰਜਣਾ ਸੀ। ਪ੍ਰੰਤੂ ਜੋ ਨਿਯਮ ਤੇ ਰਹਿਤ ਮਰਯਾਦਾ ਗੁਰੂ ਜੀ ਨੇ ਖ਼ਾਲਸਾ-ਪੰਥ ਲਈ ਜ਼ਰੂਰੀ ਕਰਾਰ ਦਿੱਤੀ, ਉਨ੍ਹਾਂ ਨੇ ਖ਼ੁਦ ਉਨ੍ਹਾਂ ਨਿਯਮਾਂ ਤੇ ਰਹਿਤ ਮਰਯਾਦਾ ਨੂੰ ਅਪਣਾਉਣ ਲਈ ਪੰਜ-ਪਿਆਰਿਆਂ ਤੋਂ ਅੰਮ੍ਰਿਤ ਦੀ ਜਾਚਨਾ ਕੀਤੀ। ਸਿਧਾਂਤ ਦੀ ਉੱਚਤਾ ਲਈ ਸਤਿਗੁਰਾਂ ਨੇ ਆਪਣੇ ਸਨਮਾਨ ਦੀ ਕੋਈ ਪਰਵਾਹ ਨਾ ਕੀਤੀ ਤੇ ਆਪਣੇ ਹੀ ਸਿੱਖਾਂ ਦੇ ਚਰਨਾਂ ਉਤੇ ਸੀਸ ਝੁਕਾ ਦਿੱਤਾ।

ਚਮਕੌਰ ਦੀ ਗੜ੍ਹੀ ਵਿਚ ਵੀ ਗੁਰੂ ਜੀ ਨੇ ਖ਼ਾਲਸੇ ਦੇ ਹੁਕਮਾਂ ਅੱਗੇ ਸੀਸ ਝੁਕਾ ਕੇ ਪੰਥ ਦੇ ਸਰਬੋਤਮ ਹੋਣ ਦੇ ਸਿਧਾਂਤ ਨੂੰ ਦ੍ਰਿੜ ਕਰਵਾਇਆ। ਪਾਤਸ਼ਾਹਾਂ ਦੇ ਪਾਤਸ਼ਾਹ ਨੇ, ਜਿਸ ਤੋਂ ਦਿੱਲੀ ਦਾ ਸ਼ਕਤੀਸ਼ਾਲੀ ਰਾਜ ਵੀ ਭੈ ਖਾਂਦਾ ਸੀ, ਆਪਣੇ ਪਿਆਰੇ ਪੰਥ ਦੀ ਸਰਬੁੱਚਤਾ ਨੂੰ ਦਰਸਾਉਣ ਲਈ ਫ਼ੁਰਮਾਇਆ, "ਇਨਹੀ ਕੀ ਕ੍ਰਿਪਾ ਕੇ ਸਜੇ ਹਮ ਹੈਂ, ਨਹੀਂ ਮੋ ਸੇ ਗਰੀਬ ਕਰੋਰ ਪਰੇ।"

(ਹ) ਨੀਚਾਂ ਨੂੰ ਊਚ ਕਰਨ ਵਾਲੇ : ਜਿਨ੍ਹਾਂ ਸਿੱਖਾਂ ਨੂੰ ਪਹਿਲੇ ਸਤਿਗੁਰਾਂ ਨੇ ਨਿਰਭਉ ਅਤੇ ਨਿਰਵੈਰ ਬਣਾ ਦਿੱਤਾ ਸੀ, ਉਨ੍ਹਾਂ ਨੂੰ ਕਲਗੀਧਰ ਪਾਤਸ਼ਾਹ ਨੇ ਮਹਾਨ ਯੋਧੇ, ਜਰਨੈਲ ਅਤੇ ਸਮੇਂ ਦੀ ਸ਼ਕਤੀਸ਼ਾਲੀ ਹਕੂਮਤ ਨਾਲ ਟੱਕਰ ਲੈ ਕੇ ਆਪਣਾ ਰਾਜ ਸਥਾਪਿਤ ਕਰਨ ਦੇ ਯੋਗ ਬਣਾ ਦਿੱਤਾ। ਖ਼ਾਲਸਾ ਪੰਥ ਦੀ ਸਾਜਨਾ ਦੇ ਕੇਵਲ ਗਿਆਰਾਂ ਵਰ੍ਹਿਆਂ ਮਗਰੋਂ ਮਈ 1710 ਵਿਚ ਸਿੱਖਾਂ ਨੇ ਬਾਬਾ ਬੰਦਾ ਸਿੰਘ ਜੀ ਦੀ ਜਥੇਦਾਰੀ ਹੇਠਾਂ ਸਰਹੰਦ ਵਰਗੇ ਮੁਗ਼ਲਾਂ ਦੇ ਮਜ਼ਬੂਤ ਗੜ੍ਹ ਨੂੰ ਆਪਣੇ ਕਬਜ਼ੇ ਵਿਚ ਕਰਕੇ ਖ਼ਾਲਸਾ ਰਾਜ ਸਥਾਪਿਤ ਕਰ ਦਿੱਤਾ। ਮੁਗ਼ਲਾਂ ਦੇ ਟਾਕਰੇ ਵਿਚ 'ਆਟੇ ਵਿਚ ਲੂਣ' ਦੀ ਨਿਆਈਂ ਹੋਣ ਕਰਕੇ ਭਾਵੇਂ ਸਿੱਖ ਇਸ ਰਾਜ ਨੂੰ ਕਾਇਮ ਨਾ ਰੱਖ ਸਕੇ, ਤਾਂ ਵੀ ਉਨ੍ਹਾਂ ਨੇ ਗ਼ੁਲਾਮੀ ਨੂੰ ਸਵੀਕਾਰ ਨਾ ਕੀਤਾ ਤੇ ਬਗਾਵਤ ਦਾ ਰਾਹ ਅਪਣਾਅ ਲਿਆ। ਅਸਹਿ ਤੇ ਅਕਹਿ ਕਸ਼ਟ ਸਹਾਰੇ, ਸ਼ਹਾਦਤਾਂ ਦਿੱਤੀਆਂ ਤੇ ਓੜਕ ਮਿਸਲਾਂ ਦੇ ਰੂਪ ਵਿਚ ਪੰਜਾਬ ਉੱਤੇ ਕਾਬਜ਼ ਹੋ ਗਏ। ਫਿਰ ਮਹਾਰਾਜਾ ਰਣਜੀਤ ਸਿੰਘ ਦੀ ਸਿਰਦਾਰੀ ਹੇਠਾਂ ਇਕ ਸ਼ਕਤੀਸ਼ਾਲੀ ਰਾਜ ਕਾਇਮ ਕੀਤਾ ਅਤੇ ਇਸਦੀਆਂ ਹੱਦਾਂ ਨੂੰ ਦੂਰ-ਦੂਰ ਤੱਕ ਵਧਾਇਆ। ਇਸ ਰਾਜ ਦੀ ਸਮਾਪਤੀ ਮਗਰੋਂ ਸਿੱਖਾਂ ਦਾ ਵਾਹ ਅੰਗਰੇਜ਼ਾਂ ਨਾਲ ਪਿਆ ਤੇ ਉਨ੍ਹਾਂ ਨੂੰ ਵੀ ਲੰਮੀ ਜਦੋ-ਜਹਿਦ ਮਗਰੋਂ ਇਥੋਂ ਭਜਾ ਦਿੱਤਾ ਅਤੇ ਦੇਸ਼ ਵਾਸੀਆਂ ਨੂੰ ਸੁਤੰਤਰਤਾ ਦਿਵਾਉਣ ਵਿਚ ਅਹਿਮ ਰੋਲ ਅਦਾ ਕੀਤਾ। ਇੰਝ ਗੁਰੂ ਪਾਤਸ਼ਾਹ ਦਾ ਸਾਜਿਆ ਹੋਇਆ ਖ਼ਾਲਸਾ ਪੰਥ ਇਤਿਹਾਸ ਨੂੰ ਨਵੀਂ ਸੇਧ ਦੇਣ ਅਤੇ ਨਵਾਂ ਇਤਿਹਾਸ ਘੜਨ ਵਿਚ ਸਮਰੱਥ ਹੋਇਆ। ਇਤਿਹਾਸਕਾਰ ਇਸ ਸਭ ਕਾਸੇ ਨੂੰ ਗੁਰੂ ਗੋਬਿੰਦ ਸਿੰਘ ਜੀ ਦੀ ਹੀ ਕਰਾਮਾਤ ਮੰਨਦੇ ਹਨ।

ਲਤੀਫ਼ ਲਿਖਦਾ ਹੈ, "ਇਹ ਸਭ ਉਨ੍ਹਾਂ (ਗੁਰੂ ਗੋਬਿੰਦ ਸਿੰਘ) ਦੀ ਬਰਕਤ ਹੀ ਹੈ ਕਿ ਮੁਰਦਾ ਤੇ ਲਿਤਾੜੇ ਹੋਏ ਲੋਕ ਜਥੇਬੰਦ ਹੋਏ। ਉਨ੍ਹਾਂ ਲਿਤਾੜੇ ਹੋਏ ਪੁਰਸ਼ਾਂ ਨੇ ਹੀ ਰਾਜਨੀਤਿਕ ਪ੍ਰਭੁਤਾ ਅਤੇ ਅਜ਼ਾਦੀ ਪ੍ਰਾਪਤ ਕੀਤੀ।"

ਕਨਿੰਘਮ ਲਿਖਦਾ ਹੈ, "ਸਿੱਖਾਂ ਵਿਚ ਅਥਾਹ ਜਜ਼ਬਾ (ਪਹਿਲੇ ਸਤਿਗੁਰਾਂ ਦੀ ਕਿਰਪਾ ਸਦਕਾ) ਭਰਿਆ ਜਾ ਚੁੱਕਾ ਸੀ। (ਗੁਰੂ) ਗੋਬਿੰਦ ਸਿੰਘ ਜੀ ਨੇ ਐਸੀ ਰੂਹ ਫੂਕੀ ਕਿ ਨਾ ਸਿਰਫ਼ ਸਿੱਖਾਂ ਦੇ ਮਨਾਂ ਨੂੰ ਬਦਲ ਦਿੱਤਾ, ਸਗੋਂ ਹਰ ਪੱਖੋਂ ਬਲਵਾਨ ਤੇ ਤਕੜਾ ਕਰ ਦਿੱਤਾ। ਅਕਲ ਤੇ ਸ਼ਕਲ ਦੋਵੇਂ ਹੀ ਬਦਲ ਦਿੱਤੀਆਂ। ਸਿੱਖ ਦੀ ਨੁਹਾਰ ਸੰਸਾਰ ਭਰ ਤੋਂ ਵੱਖਰੀ ਹੋ ਗਈ ਅਤੇ ਉਸ ਨੇ ਉਹ ਕਾਰਨਾਮੇ ਕਰ ਵਿਖਾਏ ਜੋ ਕਿਸੇ ਹੋਰ ਵਿਅਕਤੀ ਕੋਲੋਂ ਨਾ ਹੋ ਸਕੇ।"

ਮੈਕਾਲਿਫ਼ ਨੇ ਬਹੁਤ ਹੀ ਸੁੰਦਰ ਲਿਖਿਆ ਹੈ,"ਸਿੱਖ ਗੁਰੂਆਂ ਤੋਂ ਪਹਿਲਾਂ ਦੁਨੀਆਂ ਦੇ ਕਿਸੇ ਵੀ ਜਰਨੈਲ ਨੇ ਉਨ੍ਹਾਂ ਆਦਮੀਆਂ ਨੂੰ ਜਥੇਬੰਦ ਕਰਨ ਦਾ ਖ਼ਿਆਲ ਤੱਕ ਨਹੀਂ

ਸੀ ਕੀਤਾ, ਜਿਨ੍ਹਾਂ ਨੂੰ ਗੁਆਂਢੀ ਜਨਮ ਤੋਂ ਦੁਰੇ-ਦੁਰੇ ਕਰਕੇ ਦੁਰਕਾਰ ਰਹੇ ਸਨ, ਪਰ ਇਸ (ਗੁਰੂ ਗੋਬਿੰਦ ਸਿੰਘ ਜੀ) ਨੇ ਉਨ੍ਹਾਂ ਅਖੌਤੀ ਨਾਪਾਕਾਂ ਵਿਚ, ਜਿਨ੍ਹਾਂ ਨੂੰ ਸੰਸਾਰ ਦੀ ਰਹਿੰਦ-ਖੂੰਹਦ ਕਿਹਾ ਜਾਂਦਾ ਸੀ, ਐਸੀ ਸ਼ਕਤੀ ਭਰੀ ਕਿ ਉਹ ਯੋਧੇ ਹੋ ਨਿਬੜੇ ਤੇ ਫਿਰ ਯੋਧੇ ਵੀ ਐਸੇ, ਜਿਨ੍ਹਾਂ ਦੀ ਦ੍ਰਿੜ੍ਹਤਾ, ਦਲੇਰੀ ਤੇ ਵਫ਼ਾਦਾਰੀ ਨੂੰ ਆਗੂ ਨੇ ਕਦੇ ਮਾਯੂਸ ਨਾ ਕੀਤਾ।"

**ਗੋਕਲ ਚੰਦ ਨਾਰੰਗ** ਨੇ ਬਹੁਤ ਠੀਕ ਆਖਿਆ ਹੈ, "ਗੁਰੂ ਗੋਬਿੰਦ ਸਿੰਘ ਦੇ ਅਸਰ ਹੇਠ ਅਜਿਹੇ ਮਨੁੱਖ ਵੀ ਰਣ-ਖੇਤਰ ਦੇ ਸੂਰਮੇ ਬਣ ਗਏ, ਜਿਨ੍ਹਾਂ ਕਦੀ ਤਲਵਾਰ ਨੂੰ ਹੱਥ ਵੀ ਨਹੀਂ ਸੀ ਲਾਇਆ।"

ਪ੍ਰਸਿੱਧ ਆਰੀਆ ਸਮਾਜੀ ਲੇਖਕ **ਲਾਲਾ ਦੌਲਤ ਰਾਏ ਜੀ ਆਰੀਆ** ਗੁਰੂ ਗੋਬਿੰਦ ਸਿੰਘ ਜੀ ਨੂੰ ਹਿੰਦੂ ਧਰਮ ਦੇ ਰੱਖਿਅਕ ਵਜੋਂ ਪੇਸ਼ ਕਰਦੇ ਹਨ। ਆਪ ਆਪਣੀ ਉਰਦੂ ਵਿਚ ਲਿਖੀ ਪੁਸਤਕ "ਸਵਾਨਿ ਉਮਰੀ ਗੁਰੂ ਗੋਬਿੰਦ ਸਿੰਘ" ਦੇ ਸਫ਼ਾ 38 ਉੱਤੇ ਲਿਖਦੇ ਹਨ, "ਇਸ ਅਜਨਬੀ ਨੇ ਹਿੰਦੂ ਧਰਮ ਕੀ ਕਿਸ਼ਤੀ ਕੋ ਸਿਰਫ਼ ਤੂਫ਼ਾਨ ਸੇ ਹੀ ਨਹੀਂ ਨਿਕਾਲਾ, ਬਲਕਿ ਕਿਨਾਰੇ ਲਾ ਖੜਾ ਕੀਆ। ਹਿੰਦੂ ਧਰਮ ਕੇ ਸ਼ਿਕਸਤਾ ਅਸਤਖ਼ਵਾਨ ਕੇ ਲੀਏ ਵੋਹ ਔਲਿਆਈ ਥਾ। ਸੂਖੇ ਹੂਏ ਖੇਤ ਕੇ ਲੀਏ ਆਬਿ-ਰਹਿਮਤ ਥਾ, ਉਜੜੇ ਹੂਏ ਦਯਾਰ ਕਾ ਯਾਰਿ-ਗ਼ਮ-ਗੁਸਾਰ ਥਾ। ਆਖ਼ਰ ਥਾ ਵੋਹ ਕੌਣ? ਵੋਹ ਗੁਰੂ ਗੋਬਿੰਦ ਸਿੰਘ ਥਾ, ਜਿਸਕੇ ਨਾਮ ਸੇ ਦੁਨੀਆਂ ਵਾਕਿਫ਼ ਹੈ।"

ਉਪ੍ਰੋਕਤ ਪੁਸਤਕ ਦੇ ਪੰਨਾ 157 ਉਤੇ ਆਪ ਲਿਖਦੇ ਹਨ, "ਉਸਕੇ ਹਾਥੋਂ ਸੇ ਹਿੰਦੂਓਂ ਕੇ ਲੀਏ ਐਸਾ ਮਹਾਨ ਔਰ ਅਜ਼ੀਮ ਕਾਮ ਬਨ ਪੜਾ ਕਿ ਹਿੰਦੂ ਹਾਲਤ ਕਾ ਨਕਸ਼ਾ ਹੀ ਕੁਛ ਔਰ ਹੋ ਗਿਆ, ਔਰ ਮੁੰਤਸ਼ਿਰ ਔਰ ਜ਼ਲੀਲ ਕੌਮ ਫਿਰ ਏਕ ਕੌਮ ਬਨ ਨਿਕਲੀ, ਜਿਸਨੇ ਹਿੰਦੂਓਂ ਕੀ ਡੂਬੀ ਹੁਈ ਇੱਜ਼ਤ, ਖੋਈ ਹੁਈ ਅਹਿਮੀਅਤ ਕੋ ਫਿਰ ਸੰਭਾਲ ਲੀਆ।"

**(ਕ) ਨਵੀਂ ਕੌਮ ਦੇ ਨਿਰਮਾਤਾ :** ਨਵੀਂ ਕੌਮ (ਸਿੱਖ ਪੰਥ) ਦੀ ਨੀਂਹ ਤਾਂ ਭਾਵੇਂ ਗੁਰੂ ਨਾਨਕ ਪਾਤਸ਼ਾਹ ਰੱਖ ਗਏ ਸਨ, ਅਤੇ ਮਗਰਲੇ ਗੁਰੂ ਸਾਹਿਬਾਨ ਨੇ ਉਸ ਕੌਮ ਦੀ ਉਸਾਰੀ ਲਈ ਲੋੜੀਂਦੇ ਯਤਨ ਕੀਤੇ ਸਨ, ਪਰ ਇਸ ਕੌਮ ਨੂੰ ਸੰਪੂਰਨਤਾ ਦਸਮੇਸ਼ ਪਿਤਾ ਜੀ ਨੇ ਹੀ ਬਖਸ਼ੀ ਸੀ। ਇਸ ਕੌਮ ਨੂੰ ਉਨ੍ਹਾਂ ਨੇ 'ਖ਼ਾਲਸਾ ਪੰਥ' ਦਾ ਨਾਂ ਦਿੱਤਾ। ਖ਼ਾਲਸਾ ਪੰਥ ਦੀ ਸਿਰਜਨਾ ਸੰਸਾਰ ਦੇ ਇਤਿਹਾਸ ਵਿਚ ਇਕ ਮਹੱਤਵਪੂਰਨ ਘਟਨਾ ਹੋ ਨਿਬੜੀ ਹੈ ਕਿਉਂਕਿ ਖ਼ਾਲਸਾ ਪੰਥ ਨੇ ਭਾਰਤ ਵਰਸ਼ ਨੂੰ ਸਦੀਆਂ ਦੀ ਗ਼ੁਲਾਮੀ ਤੋਂ ਮੁਕਤ ਕਰ ਦਿੱਤਾ ਸੀ, ਲੋਕਾਂ ਨੂੰ ਸੁਤੰਤਰਤਾ ਪ੍ਰਾਪਤ ਕਰਨ ਲਈ ਪ੍ਰੇਰਿਤ ਕੀਤਾ ਤੇ ਰਾਹ ਵਿਖਾਇਆ ਸੀ। ਖ਼ਾਲਸਾ ਪੰਥ ਦੀ ਸਿਰਜਨਾ ਕਾਰਨ ਇਤਿਹਾਸਕਾਰ ਅਤੇ ਵਿਦਵਾਨ-ਪੁਰਸ਼ ਗੁਰੂ ਸਾਹਿਬ ਨੂੰ ਇਕ ਕੌਮ ਦੇ ਸਿਰਜਣਹਾਰ ਵਜੋਂ ਯਾਦ ਕਰਦੇ ਹਨ। ਇੰਦੂਭੂਸ਼ਨ ਬੈਨਰਜੀ ਲਿਖਦਾ ਹੈ, "ਗੁਰੂ ਗੋਬਿੰਦ ਸਿੰਘ ਭਾਰਤ ਦੀਆਂ ਉਨ੍ਹਾਂ ਕੁਝ ਮਹਾਨ ਹਸਤੀਆਂ ਵਿਚੋਂ ਸਨ, ਜਿਨ੍ਹਾਂ ਦੀ ਸ਼ਖ਼ਸੀਅਤ ਸਦੀਵੀ ਹੈ। ....... ਉਨ੍ਹਾਂ ਨੇ ਭਾਰਤ ਦੇ ਇਤਿਹਾਸ ਵਿਚ ਨਵੀਆਂ ਤਾਕਤਾਂ ਨੂੰ ਜਨਮ ਦਿੱਤਾ। ਉਨ੍ਹਾਂ ਨੇ ਹਾਰੀਆਂ ਹੋਈਆਂ ਸ਼੍ਰੇਣੀਆਂ ਵਿਚੋਂ ਇਕ ਨਵ ਜੀਵਨ ਤੇ ਨਵੀਂ ਸ਼ਕਤੀਸ਼ਾਲੀ ਕੌਮ ਬਣਾਈ। ਉਹ ਲੋਕ ਜੋ ਪਹਿਲਾਂ ਨੀਚ ਤੇ

ਅਪਵਿੱਤਰ ਸਮਝੇ ਜਾਂਦੇ ਸਨ ਤੇ ਦੁਰਕਾਰੇ ਜਾਂਦੇ ਸਨ, ਹੁਣ ਸਨਮਾਨੇ ਜਾਣ ਲੱਗ ਪਏ।"

'ਗਾਫ਼' ਲਿਖਦਾ ਹੈ, "ਗੁਰੂ ਗੋਬਿੰਦ ਸਿੰਘ ਸੰਸਾਰ ਦਾ ਇਕ ਅਤਿ ਸਿਆਣਾ, ਹਮੇਸ਼ਾ ਚੜ੍ਹਦੀ ਕਲਾ ਵਿਚ ਵਿਚਰਨ ਵਾਲਾ, ਪਵਿੱਤਰ ਜਜ਼ਬਿਆਂ ਨਾਲ ਭਰਪੂਰ, ਆਸ਼ਾਵਾਦੀ ਤੇ ਧਾਰਮਿਕ ਰੰਗਣ ਵਿਚ ਰੰਗਿਆ ਹੋਇਆ ਉਹ ਮਹਾਨ ਆਗੂ ਸੀ, ਜਿਸ ਨੇ ਅੰਮ੍ਰਿਤ ਦੀ ਰਸਮ ਦੁਆਰਾ ਕੌਮ ਦੀ ਨਵੇਂ ਸਿਰਿਓਂ ਉਸਾਰੀ ਕੀਤੀ।"

ਗਾਰਡਨ ਕਹਿੰਦਾ ਹੈ,"ਗੁਰੂ ਗੋਬਿੰਦ ਸਿੰਘ ਨੇ ਆਪ-ਹੁਦਰੇ ਲੋਕਾਂ ਨੂੰ ਸੰਜਮ ਵਿਚ ਲਿਆਂਦਾ, ਉਨ੍ਹਾਂ ਵਿਚ ਧਾਰਮਿਕ ਭਾਵ ਭਰੇ, ਯੋਧੇ ਬਣਾਏ। ਅੰਮ੍ਰਿਤ ਛਕਾ ਕੇ ਇਕ ਵੱਖਰੀ ਖ਼ਾਲਸਾ ਕੌਮ ਸਾਜੀ, ਜੋ ਇਕ ਦੂਜੇ ਨਾਲ ਜੁੜ ਗਈ ਅਤੇ ਉਸ ਦਿਨ ਤੱਕ ਲੜਦੀ ਰਹੀ ਜਦ ਤੱਕ ਉਹ ਕਾਮਯਾਬ ਨਾ ਹੋਈ।"

ਲਾਲਾ ਦੌਲਤ ਰਾਇ ਜੀ ਆਰੀਆ ਲਿਖਦੇ ਹਨ, "ਖ਼ਾਲਸਾ ਧਰਮ ਉਸ (ਗੁਰੂ ਗੋਬਿੰਦ ਸਿੰਘ) ਕੀ ਕਰਾਮਾਤ ਹੈ, ਜਿਸਮੇਂ ਉਸ ਨੇ ਵੋਹ ਕ੍ਰਿਸ਼ਮੇਂ ਕੀਏ ਹੈਂ ਕਿ ਸਾਰਾ ਆਲਮ ਦੰਗ ਹੈ – ਨਾਮਰਦੋਂ ਕੋ ਮਰਦ ਬਨਾਯਾ ਹੈ; ਲੂਮੜੀਓਂ ਸੇ ਸ਼ੇਰ ਉਠਾਇਆ ਹੈ। ਕੌਮ ਕੀ ਕਾਯਾਂ ਪਲਟ ਦੀ ਹੈ। ਖ਼ਾਲਸਾ ਉਸਕੀ ਜ਼ਿੰਦਾ ਕਰਾਮਾਤ ਹਰ ਵਕਤ ਸਾਮਨੇ ਹੈ, ਕਿਸੀ ਔਰ ਕਰਾਮਾਤ ਕੇ ਦਿਖਾਨੇ ਯਾ ਤਲਾਸ਼ ਕਰਨੇ ਕੀ ਜ਼ਰੂਰਤ ਨਹੀਂ ਹੈ।"

**(ਖ) ਕਵੀ ਅਤੇ ਕਵੀਆਂ ਦੇ ਕਦਰਦਾਨ :** ਗੁਰੂ ਗੋਬਿੰਦ ਸਿੰਘ ਜੀ ਦੀਆਂ ਅਮਰ ਰਚਨਾਵਾਂ – ਜਾਪੁ ਸਾਹਿਬ, ਅਕਾਲ ਉਸਤਤਿ, ੩੩ ਸਵੈਯੇ, ਜ਼ਫ਼ਰਨਾਮਾ, ਖ਼ਾਲਸਾ ਮਹਿਮਾ ਆਦਿ ਆਪ ਦੇ ਉੱਚ ਪਾਏ ਦਾ ਕਵੀ ਹੋਣ ਦਾ ਸਬੂਤ ਹਨ। ਪਹਿਲੇ ਸਤਿਗੁਰਾਂ ਦੀ ਰਚੀ ਬਾਣੀ ਨੇ ਆਪ ਨੂੰ ਕਾਵਿ-ਪ੍ਰੇਮੀ ਬਣਾਇਆ ਤੇ ਆਪ ਜੀ ਨੇ ਸਾਹਿਤਕ-ਗੁਣਾਂ ਭਰਪੂਰ ਬਾਣੀ ਰਚੀ ਹੈ। ਆਪ ਜੀ ਨੇ ਵਧੇਰੇ ਕਰਕੇ ਬ੍ਰਿਜ ਭਾਸ਼ਾ ਵਿਚ ਹੀ ਬਾਣੀ ਰਚੀ ਹੈ, ਪਰ ਫ਼ਾਰਸੀ ਵਿਚ ਆਪ ਦੀ ਕ੍ਰਿਤ 'ਜ਼ਫ਼ਰਨਾਮਾ' ਇਕ ਅਮਰ ਰਚਨਾ ਹੋ ਗੁਜ਼ਰਿਆ ਹੈ। ਜਿੱਥੇ ਆਪ ਦੀ ਬਾਣੀ ਉੱਚੇ ਵਿਚਾਰਾਂ ਅਤੇ ਵਲਵਲਿਆਂ ਭਰਪੂਰ ਹੈ, ਉੱਥੇ ਰੂਪ ਦੇ ਪੱਖੋਂ ਵੀ ਸ਼ਿੰਗਾਰੀ ਹੋਈ ਹੈ। ਬੋਲੀ ਉਤੇ ਮੁਹਾਰਤ, ਢੁਕਵੇਂ ਸ਼ਬਦਾਂ ਦੀ ਵਰਤੋਂ ਅਤੇ ਦਿਲ ਖਿਚਵੀਂ ਰਵਾਨਗੀ ਉਨ੍ਹਾਂ ਦੀ ਕਵਿਤਾ ਦੇ ਵਿਸ਼ੇਸ਼ ਗੁਣ ਹਨ। ਉਨ੍ਹਾਂ ਨੂੰ ਭਿੰਨ-ਭਿੰਨ ਛੰਦਾਂ ਅਤੇ ਰਾਗਾਂ ਦੀ ਪੂਰੀ ਵਾਕਫ਼ੀਅਤ ਸੀ। ਜਿੱਥੇ ਉਹ ਆਪ ਮਹਾਨ ਕਵੀ ਸਨ, ਉੱਥੇ ਕਵੀਆਂ ਦੇ ਕਦਰਦਾਨ ਵੀ ਸਨ। ਇਹ ਗੱਲ ਤਾਂ ਆਮ ਪ੍ਰਚੱਲਿਤ ਹੈ ਕਿ ਉਨ੍ਹਾਂ ਦੇ ਦਰਬਾਰ ਵਿਚ 52 ਕਵੀ ਹੁੰਦੇ ਸਨ ਅਤੇ ਆਪ ਜੀ ਸਮੇਂ-ਸਮੇਂ ਯੋਗ ਕਵੀਆਂ ਨੂੰ ਸਨਮਾਨਦੇ ਵੀ ਸਨ। ਭਾਈ ਨੰਦ ਲਾਲ ਸਿੰਘ ਜੀ ਅਤੇ ਕਵੀ ਸੈਨਾਪਤਿ ਆਦਿ ਮਸ਼ਹੂਰ ਕਵੀ ਸਨ। ਆਲਮ, ਹੁਸੈਨ ਅਲੀ ਅਤੇ ਜਮਾਲ ਤਿੰਨ ਮੁਸਲਮਾਨ ਕਵੀ ਸਨ। ਭਾਈ ਨੰਦ ਲਾਲ ਸਿੰਘ ਫ਼ਾਰਸੀ ਦੇ ਉਘੇ ਵਿਦਵਾਨ ਸਨ ਅਤੇ ਗੁਰੂ ਦਰਬਾਰ ਵਿਚ ਆਉਣ ਤੋਂ ਪਹਿਲਾਂ ਔਰੰਗਜ਼ੇਬ ਦੇ ਪੁੱਤਰ ਸ਼ਾਹਜ਼ਾਦਾ ਮੁਅੱਜ਼ਮ (ਬਹਾਦਰ ਸ਼ਾਹ) ਦੇ ਮੁਨਸ਼ੀ (ਸਕੱਤਰ) ਰਹਿ ਚੁੱਕੇ ਸਨ।

ਇਨ੍ਹਾਂ ਕਵੀਆਂ ਕੋਲੋਂ ਗੁਰੂ ਪਾਤਸ਼ਾਹ ਨੇ ਪੁਰਾਤਨ ਭਾਰਤੀ ਗ੍ਰੰਥਾਂ ਦਾ ਅਨੁਵਾਦ

ਕਰਵਾਇਆ, ਤਾਂ ਕਿ ਸਿੱਖ ਉਨ੍ਹਾਂ ਗ੍ਰੰਥਾਂ ਵਿਚਲੀ ਸਮੱਗਰੀ ਤੋਂ ਵਾਕਿਫ਼ ਹੋ ਜਾਣ ਅਤੇ ਗੁਰਮਤਿ ਦੀ ਕਸੌਟੀ ਉੱਤੇ ਪਰਖ ਸਕਣ। ਇਸ ਦੇ ਨਾਲ ਗੁਰੂ ਪਾਤਸ਼ਾਹ ਨੇ ਲੋਕਾਂ ਦੇ ਮਨਾਂ ਵਿਚ ਬੀਰ ਰਸ ਦਾ ਸੰਚਾਰ ਕਰਨ ਲਈ ਕਵਿਤਾ ਨੂੰ ਇਕ ਜ਼ੋਰਦਾਰ ਸਾਧਨ ਦੇ ਵਜੋਂ ਵਰਤਿਆ। ਇਸ ਸੰਬੰਧ ਵਿਚ ਮੁਹੰਮਦ ਲਤੀਫ਼ ਲਿਖਦਾ ਹੈ, "ਇਸ (ਗੁਰੂ ਜੀ ਦੇ ਕਾਵਿ-ਸਾਹਿਤ) ਨੇ ਲੋਕਾਂ ਦੀ ਸੁੱਤੀ ਹੋਈ ਸ਼ਕਤੀ ਨੂੰ ਜਗਾ ਦਿੱਤਾ, ਜੋ ਕਿ ਦਿਲ ਛੱਡੀ ਬੈਠੇ ਸਨ। ਉਨ੍ਹਾਂ ਨੇ ਲੋਕਾਂ ਨੂੰ ਸਰਗਰਮ ਅਤੇ ਉਪਯੋਗੀ ਜੀਵਨ ਬਿਤਾਉਣ ਦੀ ਲੋੜ ਬਾਰੇ ਦੱਸਿਆ। ਲੇਖਕ (ਗੁਰੂ ਜੀ) ਨੇ ਕਵਿਤਾ ਵਿਚ ਆਪਣਾ ਨਿੱਜੀ ਜੋਸ਼ ਅਤੇ ਆਤਮਾ ਭਰ ਦਿੱਤੀ। ਲੋਕਾਂ ਦੇ ਮਨਾਂ ਨੂੰ ਸਮਾਜਿਕ ਸੁਤੰਤਰਤਾ ਦੇ ਉੱਚੇ ਵਿਚਾਰਾਂ ਨਾਲ ਭਰਿਆ ਅਤੇ ਬੀਰਤਾ ਭਰੇ ਕਾਰਨਾਮੇ ਕਰਨ ਲਈ ਤਿਆਰ ਕੀਤਾ। ....(ਗੁਰੂ) ਗੋਬਿੰਦ (ਸਿੰਘ) ਕਾਵਿਮਈ ਰੁਚੀਆਂ ਦੇ ਮਾਲਕ ਸਨ ਅਤੇ ਉਨ੍ਹਾਂ ਦੁਆਰਾ ਯੋਧਿਆਂ ਦੀ ਬਹਾਦਰੀ ਦਾ ਕੀਤਾ ਗਿਆ ਵਰਣਨ ਪਾਠਕ ਦੀਆਂ ਅੱਖਾਂ ਸਾਹਮਣੇ ਸਦੀਆਂ ਪੁਰਾਣੇ ਯੁੱਧ ਦਾ ਸਜੀਵ ਅਤੇ ਜੋਸ਼ ਪੈਦਾ ਕਰਨ ਵਾਲਾ ਚਿੱਤਰ ਪੇਸ਼ ਕਰਦਾ ਹੈ।"

(ਗ) ਬੋਲੀਆਂ ਦੇ ਮਾਹਿਰ : ਗੁਰੂ ਗੋਬਿੰਦ ਸਿੰਘ ਜੀ ਅਰਬੀ, ਫ਼ਾਰਸੀ, ਸੰਸਕ੍ਰਿਤ, ਬ੍ਰਿਜਭਾਸ਼ਾ, ਪੰਜਾਬੀ ਆਦਿ ਬੋਲੀਆਂ ਦੇ ਮਾਹਿਰ ਸਨ। ਆਪ ਨੇ ਬਹੁਤਾ ਸਾਹਿਤ ਬ੍ਰਿਜਭਾਸ਼ਾ ਵਿਚ ਤੇ ਗੁਰਮੁਖੀ ਲਿਪੀ ਵਿਚ ਰਚਿਆ ਤਾਂ ਜੋ ਆਮ ਲੋਕੀਂ ਉਸ ਤੋਂ ਅਗਵਾਈ ਪ੍ਰਾਪਤ ਕਰ ਸਕਣ। ਇਸ ਸਾਹਿਤ ਵਿਚ ਅਰਬੀ, ਫ਼ਾਰਸੀ ਅਤੇ ਸੰਸਕ੍ਰਿਤ ਦੇ ਲਫ਼ਜ਼ਾਂ ਦੀ ਭਰਮਾਰ ਹੈ। 'ਜ਼ਫ਼ਰਨਾਮਾ' ਨਿਰੋਲ ਫ਼ਾਰਸੀ ਵਿਚ ਆਪ ਦੀ ਇਕੋ ਇਕ ਰਚਨਾ ਹੈ। ਗੁਰੂ ਸਾਹਿਬ ਜਿੱਥੇ ਆਪ ਇਕ ਮਹਾਨ ਵਿਦਵਾਨ ਸਨ ਉਥੇ ਆਪ ਨੇ ਵਿੱਦਿਆ ਦੇ ਪਸਾਰੇ ਲਈ ਵੀ ਅਨੇਕਾਂ ਯਤਨ ਕੀਤੇ ਸਨ। ਆਪ ਨੇ ਪੰਜ ਸਿੰਘਾਂ ਨੂੰ ਸੰਸਕ੍ਰਿਤ ਦੇ ਗਿਆਨ ਲਈ ਬਨਾਰਸ ਭੇਜਿਆ ਸੀ, ਜਿਸ ਤੋਂ ਨਿਰਮਲੇ ਸਿੰਘਾਂ ਦੀ ਪਰਿਪਾਟੀ ਚੱਲੀ। ਇਹ ਵੀ ਕਿਹਾ ਜਾਂਦਾ ਹੈ ਕਿ ਆਪ ਨੇ ਸਿੱਖਾਂ ਨੂੰ ਸੰਸਕ੍ਰਿਤ ਪੜ੍ਹਾਉਣ ਲਈ ਦਰਬਾਰ ਵਿਚ ਪੰਡਿਤ ਰਘੂਨਾਥ ਨੂੰ ਰੱਖਿਆ ਹੋਇਆ ਸੀ। ਆਪ ਨੇ ਕੁਝ ਸਿੱਖਾਂ ਨੂੰ ਸਮੁੱਚੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਅਰਥ-ਭਾਵ ਵੀ ਸਮਝਾਏ, ਅਤੇ ਉਨ੍ਹਾਂ ਨੂੰ ਗੁਰਬਾਣੀ ਦੇ ਪ੍ਰਚਾਰ ਦੀ ਸੇਵਾ ਬਖਸ਼ ਦਿੱਤੀ। ਇਨ੍ਹਾਂ ਸਿੱਖਾਂ ਵਿਚੋਂ ਬਾਬਾ ਦੀਪ ਸਿੰਘ ਜੀ ਅਤੇ ਭਾਈ ਮਨੀ ਸਿੰਘ ਜੀ ਦੇ ਨਾਮ ਸਿੱਖ ਇਤਿਹਾਸ ਵਿਚ ਵਿਸ਼ੇਸ਼ ਥਾਂ ਰੱਖਦੇ ਹਨ।

(ਘ) ਮਨੁੱਖਤਾ ਦਾ ਆਗੂ : ਸ੍ਰੀ ਗੁਰੂ ਗੋਬਿੰਦ ਸਿੰਘ ਨੂੰ ਕਈ ਲੇਖਕ ਸ਼ਿਵਾ ਜੀ, ਰਾਣਾ ਪ੍ਰਤਾਪ ਅਤੇ ਮਹਾਤਮਾ ਗਾਂਧੀ ਵਾਂਗੂੰ 'ਰਾਸ਼ਟਰ ਨਾਇਕ' ਦੇ ਤੌਰ ਤੇ ਪੇਸ਼ ਕਰਦੇ ਹਨ। ਪਰ ਜਦੋਂ ਅਸੀਂ ਸਤਿਗੁਰਾਂ ਦੀ ਬਾਣੀ ਦਾ ਅਧਿਐਨ ਕਰਦੇ ਹਾਂ ਤਾਂ ਉਹ ਸਾਨੂੰ ਸਰਬੱਤਵਾਦੀ ਨਜ਼ਰ ਆਉਂਦੇ ਹਨ। ਇਸ ਲਈ ਉਨ੍ਹਾਂ ਨੂੰ ਕਿਸੇ ਖਾਸ ਇਲਾਕੇ, ਦੇਸ਼ ਜਾਂ ਰਾਸ਼ਟਰ ਨਾਲ ਨਹੀਂ ਜੋੜਿਆ ਜਾ ਸਕਦਾ। ਆਪ ਤਾਂ ਸਰਬ-ਸਾਂਝੇ ਅਤੇ ਵਿਸ਼ਵ ਕਲਿਆਣਕਾਰੀ ਗੁਰੂ ਸਨ। ਸੱਚੀ ਗੱਲ ਤਾਂ ਇਹ ਹੈ ਕਿ ਰਾਸ਼ਟਰਵਾਦੀ ਮਨੁੱਖ ਧੜੇਬਾਜ਼ੀ ਤੋਂ ਉਪਰ ਉਠ ਕੇ ਨਿਰਪੱਖ ਸੋਚਣੀ ਦਾ ਮਾਲਕ ਨਹੀਂ ਬਣ ਸਕਦਾ। ਇਸ ਸੰਬੰਧ ਵਿਚ ਭਾਰਤ ਦੇ ਭੂਤਪੂਰਵ ਰਾਸ਼ਟਰਪਤੀ ਐਸ. ਰਾਧਾਕ੍ਰਿਸ਼ਨਨ ਦੇ ਵਿਚਾਰ ਧਿਆਨਯੋਗ

ਹਨ :

"ਅੰਦਰੋਂ ਜਿੰਨੀ ਸਾਡੀ ਆਤਮਾ ਕੁਚਲੀ ਜਾਂਦੀ ਹੈ, ਉਨੇ ਹੀ ਅਸੀਂ ਰਾਸ਼ਟਰੀ ਉਦੇਸ਼ਾਂ ਵਿਚ ਪ੍ਰਬੀਨ ਹੁੰਦੇ ਜਾਂਦੇ ਹਾਂ। ਸਾਡੀ ਅੰਤ੍ਰੀਵ ਜਦੋ-ਜਹਿਦ ਖ਼ਤਮ ਹੋ ਜਾਂਦੀ ਹੈ ਕਿਉਂਕਿ ਸਾਡੇ ਜੀਵਨ ਦੇ ਸੂਖਮ ਤੋਂ ਸੂਖਮ ਭਾਗ ਨੂੰ ਐਸੀ ਮਸ਼ੀਨ ਨਾਲ ਚਾਲੂ ਕੀਤਾ ਜਾਂਦਾ ਹੈ, ਜੋ ਬੜੀ ਬੇਰਹਿਮੀ ਨਾਲ ਚਲਾਈ ਜਾਂਦੀ ਹੈ ਅਤੇ ਮੁਖਾਲਫ਼ਤ ਬੇਤਰਸੀ ਨਾਲ ਕੁਚਲੀ ਜਾਂਦੀ ਹੈ। ਰਾਸ਼ਟਰ ਆਪਣੇ ਆਪ ਵਿਚ ਇਕ ਨਿਸ਼ਾਨਾ ਬਣ ਜਾਂਦਾ ਹੈ, ਜਿਸ ਵਿਚ ਇਨੀ ਸ਼ਕਤੀ ਆ ਜਾਂਦੀ ਹੈ ਕਿ ਜੋ ਸਾਡੀਆਂ ਆਤਮਾਵਾਂ ਨੂੰ ਮਸ਼ੀਨ ਵਾਂਗ ਚਲਾਏ ਅਤੇ ਰੇਸਾਂ ਦੇ ਘੋੜਿਆਂ ਵਾਂਗ ਦੁੜਾਏ।"

*(ਪੁਸਤਕ 'ਧਰਮ ਅਤੇ ਸਮਾਜ')*

ਇਸ ਸੰਬੰਧ, ਵਿਚ ਮੈਕਟਾਗਰਟ ਆਖਦਾ ਹੈ, "ਜਿਹੜਾ ਧਰਮ, ਸਾਧਨਾਂ ਵਿਚ ਲੁਪਤ ਹੋ ਕੇ ਉੱਚਾ ਨਹੀਂ ਉਠ ਸਕਦਾ, ਉਹ ਜੜ ਪੂਜਾ ਤੋਂ ਉਚੇਰਾ ਨਹੀਂ ਉਠ ਸਕਦਾ। ਇਕ ਬਲਦ ਜਾਂ ਮਗਰਮੱਛ ਦੀ ਅੰਤ੍ਰੀਵ ਕੀਮਤ ਬੇਸ਼ਕ ਘੱਟ ਹੋਵੇ, ਫੇਰ ਵੀ ਇਹ ਚੇਤੰਨ ਜੀਵ ਹਨ। ਰਾਸ਼ਟਰ ਬਿਲਕੁਲ ਬੇਜਾਨ ਹੈ ਅਤੇ ਇਸ ਵਿਚ ਅੰਤਰੀਵ ਕੀਮਤ ਉੱਕਾ ਹੀ ਨਹੀਂ।"

*(ਪੁਸਤਕ 'ਧਰਮ ਅਤੇ ਸਮਾਜ')*

ਸੋ, ਸਤਿਗੁਰਾਂ ਨੂੰ ਕੇਵਲ ਕਿਸੇ ਇਕ ਰਾਸ਼ਟਰ ਨਾਲ ਜੋੜਨਾ ਵੱਡੀ ਭੁੱਲ ਹੈ। ਆਪ ਜਗਤ ਗੁਰੂ ਸਨ, ਇਹ ਗੱਲ ਆਪ ਦੀ ਬਾਣੀ ਵਿਚੋਂ ਸਪੱਸ਼ਟ ਹੋ ਜਾਂਦੀ ਹੈ। ਆਪ ਜਦੋਂ ਪ੍ਰਭੂ ਗੁਣ ਗਾਉਂਦੇ ਹਨ ਤਾਂ ਆਪ ਦੀ ਦ੍ਰਿਸ਼ਟੀ ਪੰਜਾਬ ਤੋਂ ਬਾਹਰਲੇ ਪ੍ਰਾਂਤਾਂ ਅਤੇ ਹਿੰਦੋਸਤਾਨ ਤੋਂ ਹੋਰਨਾਂ ਦੇਸ਼ਾਂ ਵਿਚ ਚਲੀ ਜਾਂਦੀ ਹੈ। ਆਪ ਸਾਰੇ ਸੰਸਾਰ ਨੂੰ ਪ੍ਰਭੂ ਦੇ ਗੁਣ-ਗਾਉਂਦਿਆਂ ਵੇਖਦੇ ਹਨ :

**ਪੂਰਬੀ ਨ ਪਾਰ ਪਾਵੈ, ਹਿੰਗੁਲਾ ਹਿਮਾਲੈ ਧਿਆਵੈ,**
**ਗੋਰ ਗਰਦੇਜੀ, ਗੁਨ ਗਾਵੈ ਤੇਰੇ ਨਾਮ ਹੈਂ।**
**ਜੋਗੀ ਜੋਗ ਸਾਧੈਂ, ਪਉਨ ਸਾਧਨਾ ਕਿਤੇਕ ਬਾਧੈਂ,**
**ਆਰਬ ਕੇ ਆਰਬੀ, ਅਰਾਧੈਂ ਤੇਰੇ ਨਾਮ ਹੈਂ।**
**ਫਰਾ ਕੇ ਫਿਰੰਗੀ ਮਾਨੈਂ, ਕੰਧਾਰੀ ਕੁਰੇਸੀ ਜਾਨੈਂ,**
**ਪਛਮ ਕੇ ਪਛਮੀ, ਪਛਾਨੈਂ ਨਿਜ ਕਾਮ ਹੈਂ।**
**ਮਰਹਟਾ ਮਘੇਲੇ, ਤੇਰੀ ਮਨ ਸੋਂ ਤਪੱਸਿਆ ਕਰੈਂ,**
**ਦ੍ਰਿੜਵੈ ਤਿਲੰਗੀ, ਪਹਚਾਨੈ ਧਰਮ ਧਾਮ ਹੈਂ॥ ੨।੨੫੪।**

ਅਤੇ :

**ਬੰਗ ਕੇ ਬੰਗਾਲੀ, ਫਿਰਹੰਗ ਕੇ ਫਿਰੰਗਾਵਾਲੀ,**
**ਦਿੱਲੀ ਕੇ ਦਿਲਵਾਲੀ, ਤੇਰੀ ਆਗਿਆ ਮੈ ਚਲਤ ਹੈਂ।**

ਰੋਹ ਕੇ ਰੁਹੇਲੇ, ਮਾਘ ਦੇਸ ਕੇ ਮਘੇਲੇ,
ਬੀਰ ਬੰਗਸੀ ਬੁੰਦੇਲੇ, ਪਾਪ ਪੁੰਜ ਕੋ ਮਲਤ ਹੈਂ।
ਗੋਖਾ ਗੁਨ ਗਾਵੈਂ, ਚੀਨ ਮਚੀਨ ਕੇ ਸੀਸ ਨਯਾਵੈਂ,
ਤਿੱਬਤੀ ਧਿਆਇ, ਦੋਖ ਦੇਹ ਕੋ ਦਲਤ ਹੈਂ।
ਜਿਨੈ ਤੋਹਿ ਧਿਆਇਓ, ਤਿਨੈ ਪੂਰਨ ਪ੍ਰਤਾਪ ਪਾਇਓ,
ਸਰਬ ਧਨ ਧਾਮ, ਫਲ ਫੂਲ ਸੋਂ ਫ਼ਲਤ ਹੈਂ।੩।੨੫੫।

*(ਅਕਾਲ ਉਸਤਤਿ)*

ਗੁਰੂ ਪਾਤਸ਼ਾਹ ਮਨੁੱਖਵਾਦ ਦੇ ਹਾਮੀ ਸਨ। ਉਹ ਮਨੁੱਖਾਂ ਵਿਚ ਭੇਦ-ਭਾਵ ਖ਼ਤਮ ਕਰਨਾ ਚਾਹੁੰਦੇ ਸਨ। ਆਪ ਅਨੇਕਤਾ ਵਿਚ ਏਕਤਾ ਦੇ ਹਾਮੀ ਹਨ। ਆਪ ਫ਼ੁਰਮਾਉਂਦੇ ਹਨ :

ਦੇਹੁਰਾ ਮਸੀਤ ਸੋਈ, ਪੂਜਾ ਔ ਨਿਵਾਜ ਓਈ,
ਮਾਨਸ ਸਬੈ ਏਕ, ਪੈ ਅਨੇਕ ਕੋ ਭ੍ਰਮਾਉ ਹੈ।
ਦੇਵਤਾ ਅਦੇਵ ਜੱਛ, ਗੰਧ੍ਰਬ ਤੁਰਕ ਹਿੰਦੂ,
ਨਯਾਰੇ ਨਯਾਰੇ ਦੇਸਨ ਕੇ ਭੇਸ ਕੋ ਪ੍ਰਭਾਉ ਹੈ।
ਏਕੈ ਨੈਨ, ਏਕੈ ਕਾਨ, ਏਕੈ ਦੇਹ, ਏਕੈ ਬਾਨ,
ਖ਼ਾਕ, ਬਾਦ, ਆਤਸ਼ ਔ ਆਬ ਕੋ ਰਲਾਉ ਹੈ।
ਅਲਹ ਅਭੇਖ ਸੋਈ, ਪੁਰਾਨ ਔ ਕੁਰਾਨ ਓਈ,
ਏਕ ਹੀ ਸਰੂਪ ਸਬੈ, ਏਕ ਹੀ ਬਨਾਉ ਹੈ।੧੬।੮੬। *(ਅਕਾਲ ਉਸਤਤਿ)*

ਬੜੀ ਹੈਰਾਨੀ ਦੀ ਗੱਲ ਹੈ ਕਿ ਆਪ ਜੀ ਦੇ ਅਜਿਹੇ ਮਾਨਵਵਾਦੀ ਵਿਚਾਰ ਹੁੰਦਿਆਂ ਹੋਇਆਂ ਵੀ ਕਈ ਸੱਜਣ ਆਪ ਜੀ ਨੂੰ 'ਮੁਸਲਮਾਨਾਂ ਦੇ ਦੁਸ਼ਮਣ' ਦੇ ਰੂਪ ਵਿਚ ਪੇਸ਼ ਕਰਦੇ ਹਨ। ਅਜਿਹੇ ਬੰਦਿਆਂ ਨੂੰ ਲਾਲਾ ਦੌਲਤ ਰਾਇ ਜੀ ਆਗੀਆ ਸੁਮੱਤ ਦਿੰਦਿਆਂ ਹੋਇਆਂ ਆਖਦੇ ਹਨ :

"ਗੁਰੂ ਗੋਬਿੰਦ ਸਿੰਘ ਮਜ਼ਹਬਿ ਇਸਲਾਮ ਕਾ ਦੁਸ਼ਮਨ ਨਾ ਥਾ, ਨਾ ਇਸਕੇ ਬਰਖ਼ਿਲਾਫ਼ ਦੁਸ਼ਮਨੀ ਸੇ ਉਸਕੋ ਕੁਛ ਫ਼ਾਇਦਾ ਕੀ ਉਮੀਦ ਥੀ। ਵੋ ਉਨ ਮੁਸਲਮਾਨੋਂ ਕਾ ਦੁਸ਼ਮਨ ਥਾ ਜੋ ਮੁਜ਼ਹਬ ਕੇ ਲਿਬਾਸ ਮੇਂ ਜ਼ੁਲਮ ਔਰ ਜ਼ੋਰ-ਓ-ਸਿਤਮ ਕੇ ਆਦੀ ਥੇ।"

*(ਸੁਆਨਿ ਉਮਰੀ ਗੁਰੂ ਗੋਬਿੰਦ ਸਿੰਘ, ਪੰਨਾ 72)*

(ਙ) ਚੁੰਬਕੀ ਸ਼ਖ਼ਸੀਅਤ ਦੇ ਮਾਲਕ : ਗੁਰੂ ਗੋਬਿੰਦ ਸਿੰਘ ਜੀ ਦੀ ਸ਼ਖ਼ਸੀਅਤ ਦਾ ਪ੍ਰਭਾਵ ਉਨ੍ਹਾਂ ਦੇ ਸ਼ਰਧਾਲੂਆਂ ਉਤੇ ਪੈਣਾ ਤਾਂ ਸੁਭਾਵਿਕ ਹੀ ਸੀ, ਪਰ ਸਤਿਗੁਰੂ ਪਾਤਸ਼ਾਹ ਜਦੋਂ ਆਪਣੇ ਜੰਗੀ-ਦੁਸ਼ਮਣਾਂ ਨੂੰ ਮਿਹਰ ਦੀ ਨਜ਼ਰ ਨਾਲ ਤੱਕਦੇ ਸਨ, ਤਾਂ ਉਹ (ਦੁਸ਼ਮਣ) ਵੀ ਆਪ ਦੀ ਸ਼ਖ਼ਸੀਅਤ ਦੇ ਪ੍ਰਭਾਵ ਨਾਲ ਕੀਲੇ ਜਾਂਦੇ ਸਨ। ਜਿਹੜੇ ਆਪ ਜੀ ਨਾਲ ਯੁੱਧ ਮਚਾਉਣ ਅਤੇ ਆਪ ਜੀ ਨੂੰ ਗ੍ਰਿਫ਼ਤਾਰ ਕਰਨ ਦੀਆਂ ਕਸਮਾਂ ਖਾ ਕੇ ਆਉਂਦੇ

ਸਨ, ਉਹ ਵੀ ਆਪ ਦੇ ਮੁਰੀਦ ਬਣ ਜਾਂਦੇ ਸਨ ਅਤੇ ਖ਼ੁਦ ਸਦਾ ਲਈ 'ਗ੍ਰਿਫ਼ਤਾਰ' ਹੋ ਜਾਂਦੇ ਸਨ। ਅਨੰਦਪੁਰ ਦੀ ਦੂਜੀ ਲੜਾਈ ਮਗਰੋਂ ਚਮਕੌਰ ਵਿਖੇ ਹੋਈ ਝੜਪ ਵਿਚ ਮੁਗ਼ਲ ਫ਼ੌਜਾਂ ਦਾ ਜਰਨੈਲ **ਸਈਅਦ ਬੇਗ** ਜਦੋਂ ਆਪ ਦੇ ਸਾਹਮਣੇ ਆਇਆ ਤਾਂ ਲੜਨ ਦੀ ਥਾਂ ਉਤੇ ਗੁਰੂ ਜੀ ਦਾ ਮੁਰੀਦ ਬਣ ਗਿਆ। ਇਸ ਦੇ ਮਗਰੋਂ **ਸੈਦਖ਼ਾਨ** ਆਇਆ। ਚੱਲਣ ਤੋਂ ਪਹਿਲਾਂ ਉਸ ਨੇ ਪ੍ਰਣ ਕੀਤਾ ਸੀ ਕਿ ਉਹ ਗੁਰੂ ਜੀ ਨੂੰ ਜ਼ਿੰਦਾ ਪਕੜ ਕੇ ਔਰੰਗਜ਼ੇਬ ਦੇ ਦਰਬਾਰ ਵਿਚ ਹਾਜ਼ਰ ਕਰੇਗਾ, ਪਰ ਜਦੋਂ ਰਣਭੂਮੀ ਵਿਚ ਗੁਰੂ ਜੀ ਦੇ ਸਾਹਮਣੇ ਆਇਆ ਤਾਂ ਦਰਸ਼ਨ ਕਰਕੇ ਪੁਕਾਰ ਉੱਠਿਆ, "ਲੋਕੋ ਰੱਬ ਆਇਆ ਕਿ ਰੱਬ ਦਾ ਬੰਦਾ ਆਇਆ ਹੈ, ਰੱਬੀ ਨੂਰ ਸਰੀਰਕ ਜਾਮੇ ਵਿਚ ਆ ਗਿਆ ਹੈ, ਜਿਸ ਨੇ ਮੈਨੂੰ ਮੁਰਦੇ ਨੂੰ ਜਿਵਾਲ ਦਿੱਤਾ ਹੈ।"

ਇਸ ਤੋਂ ਪਹਿਲਾਂ **ਸ਼ਹਿਜ਼ਾਦਾ ਮੁਅੱਜ਼ਮ** ਵੀ ਗੁਰੂ ਸਾਹਿਬ ਦੀਆਂ ਵਡਿਆਈਆਂ ਸੁਣ-ਸੁਣ ਕੇ ਗੁਰੂ ਜੀ ਦਾ ਸ਼ਰਧਾਲੂ ਬਣ ਚੁੱਕਾ ਸੀ। **ਪੀਰ ਬੁੱਧੂ ਸ਼ਾਹ ਜੀ** ਨੂੰ ਤਾਂ ਸਤਿਗੁਰਾਂ ਵਿਚ ਰੱਬੀ ਨੂਰ ਦੇ ਝਲਕਾਰੇ ਪ੍ਰਤੱਖ ਨਜ਼ਰ ਆਉਂਦੇ ਸਨ। ਭੰਗਾਣੀ ਦੀ ਲੜਾਈ ਵਿਚ ਉਹ 700 ਮੁਰੀਦਾਂ ਅਤੇ ਚਾਰ ਪੁੱਤਰਾਂ ਸਮੇਤ ਪੁੱਜੇ ਸਨ। ਉਨ੍ਹਾਂ ਦੇ ਦੋ ਪੁੱਤਰ ਇਸ ਲੜਾਈ ਵਿਚ ਗੁਰੂ ਜੀ ਦਾ ਸਾਥ ਦਿੰਦਿਆਂ ਸ਼ਹੀਦ ਹੋ ਗਏ ਸਨ। **ਨਬੀ ਖ਼ਾਨ ਅਤੇ ਗਨੀ ਖ਼ਾਨ** ਭਾਵੇਂ ਨਾਮ ਦੇ ਮੁਸਲਮਾਨ ਸਨ, ਪਰ ਉਹ ਸਤਿਗੁਰਾਂ ਦੀ ਚੁੰਬਕੀ ਸ਼ਖ਼ਸੀਅਤ ਤੋਂ ਪ੍ਰਭਾਵਿਤ ਹੋ ਕੇ ਉਨ੍ਹਾਂ ਦੇ ਚਰਨਾਂ ਦੇ ਭੌਰੇ ਬਣ ਚੁੱਕੇ ਸਨ। ਜਦੋਂ ਸਤਿਗੁਰੂ ਮਾਛੀਵਾੜੇ ਤੋਂ ਚੱਲੇ ਸਨ ਤਾਂ ਇਨ੍ਹਾਂ ਹੀ ਭਰਾਵਾਂ ਨੇ ਗੁਰੂ ਜੀ ਨੂੰ 'ਉੱਚ ਦਾ ਪੀਰ' ਦੱਸ ਕੇ ਸਰਕਾਰੀ ਸੂਹਿਆਂ ਅਤੇ ਫ਼ੌਜਾਂ ਤੋਂ ਬਚਾਈ ਰੱਖਿਆ ਸੀ। 'ਦੀਨੇ' ਪਿੰਡ ਵਿਖੇ **ਭਾਈ ਲਖਮੀਰ, ਸ਼ਮੀਰ ਅਤੇ ਤਖ਼ਤ ਮੱਲ**, ਤਿੰਨਾਂ ਭਰਾਵਾਂ ਨੇ, ਆਪਣੀ ਜਾਨ ਖਤਰੇ ਵਿਚ ਪਾ ਕੇ ਗੁਰੂ ਸਾਹਿਬ ਦਾ ਸਾਥ ਦਿੱਤਾ ਸੀ। ਇਸ ਤਰ੍ਹਾਂ ਅਨੇਕਾਂ ਹੀ ਵਿਅਕਤੀ ਗੁਰੂ ਪਾਤਸ਼ਾਹ ਦੇ ਸ਼ਰਧਾਲੂ ਸਨ, ਜੋ ਭਾਵੇਂ ਵੇਖਣ ਨੂੰ ਸਿੱਖ ਨਜ਼ਰ ਨਾ ਵੀ ਆਉਂਦੇ ਹੋਣ, ਗੁਰੂ ਪਾਤਸ਼ਾਹ ਤੋਂ ਜਾਨ ਕੁਰਬਾਨ ਕਰਨ ਲਈ ਤਤਪਰ ਰਹਿੰਦੇ ਸਨ। ਇਹ ਸਭ ਗੁਰੂ ਪਾਤਸ਼ਾਹ ਦੀ ਚੁੰਬਕੀ ਸ਼ਖ਼ਸੀਅਤ ਦਾ ਅਸਰ ਹੀ ਤਾਂ ਸੀ– ਜੋ ਉਨ੍ਹਾਂ ਕੋਲ ਨਿਰਮਲ ਹਿਰਦੇ ਨਾਲ ਆਉਂਦਾ, ਉਹ ਸਤਿਗੁਰਾਂ ਦੀਆਂ ਮਿਹਰਾਂ, ਬਖ਼ਸ਼ਿਸ਼ਾਂ ਪ੍ਰਾਪਤ ਕਰਦਾ ਅਤੇ ਹਮੇਸ਼ਾ ਲਈ ਗੁਰੂ ਜੀ ਦਾ ਹੋ ਕੇ ਰਹਿ ਜਾਂਦਾ।

ਦਸਮ ਪਾਤਸ਼ਾਹ ਜੀ ਦੀ ਬਹੁਪੱਖੀ ਸ਼ਖ਼ਸੀਅਤ ਦੇ ਕੁਝ ਕੁ ਅੰਗਾਂ ਤੇ ਵਿਚਾਰ ਕਰਨ ਮਗਰੋਂ ਅਸੀਂ ਇਸ ਸਿੱਟੇ ਤੇ ਪੁਜਦੇ ਹਾਂ ਕਿ ਸਤਿਗੁਰੂ ਜੀ ਸਹੀ ਅਰਥਾਂ ਵਿਚ ਵਿਸ਼ਵ-ਗੁਰੂ ਸਨ, ਜਿਨ੍ਹਾਂ ਨੇ ਮਾਨਵ ਜਾਤੀ ਨੂੰ ਸਰਬ-ਪੱਖੀ ਅਗਵਾਈ ਦਿੱਤੀ। ਲੋਕਾਂ ਨੂੰ ਪ੍ਰਭੂ ਰੰਗ ਵਿਚ ਰੰਗਦਿਆਂ ਹੋਇਆਂ, ਵਹਿਮਾਂ ਭਰਮਾਂ ਤੋਂ ਮੁਕਤ, ਉੱਚੀਆਂ ਕਦਰਾਂ-ਕੀਮਤਾਂ ਵਾਲਾ ਸਮਾਜਿਕ ਅਤੇ ਸਿਆਸੀ ਜੀਵਨ ਜਿਊਣ ਦਾ ਢੰਗ ਦੱਸਿਆ। ਇਹ ਉਨ੍ਹਾਂ ਦੀ ਅਗਵਾਈ ਦਾ ਸਿੱਟਾ ਹੀ ਹੈ ਕਿ ਸਦੀਆਂ ਤੋਂ ਲਿਤਾੜੇ ਜਾਣ ਵਾਲੇ ਲੋਕਾਂ ਨੇ ਕ੍ਰਾਂਤੀ ਲੈ ਆਂਦੀ ਤੇ ਸੰਸਾਰ ਪ੍ਰਸਿੱਧ ਯੋਧੇ ਅਤੇ ਸ਼ਾਸਕ ਬਣ ਗਏ।

# ਦਸਮੇਸ਼ ਜੀ ਦੇ ਆਗਮਨ ਸਮੇਂ ਦੀ ਧਾਰਮਿਕ ਤੇ ਰਾਜਨੀਤਿਕ ਦਸ਼ਾ

### *ਧਾਰਮਿਕ ਦਸ਼ਾ*

ਜਦੋਂ ਸਾਹਿਬੇ-ਕਮਾਲ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਪ੍ਰਕਾਸ਼ ਹੋਇਆ ਤਾਂ ਭਾਰਤ ਵਰਸ਼ ਵਿਚ ਬ੍ਰਾਹਮਣੀ ਮੱਤ, ਇਸਲਾਮ ਅਤੇ ਸਿੱਖ ਧਰਮ, ਤਿੰਨ ਵੱਡੇ ਧਰਮ ਪ੍ਰਚੱਲਿਤ ਸਨ। ਇਨ੍ਹਾਂ ਤੋਂ ਬਿਨਾਂ ਯੋਗੀਆਂ, ਜੈਨੀਆਂ, ਬੋਧੀਆਂ ਅਤੇ ਅਨੇਕਾਂ ਸਾਧਾਂ-ਸੰਤਾਂ ਦੇ ਮੱਤ ਵੀ ਪ੍ਰਚੱਲਿਤ ਸਨ।

ਬ੍ਰਾਹਮਣੀ ਮੱਤ ਵੇਦਾਂ, ਸ਼ਾਸਤਰਾਂ ਤੇ ਪੁਰਾਣਾਂ ਦਾ ਮੱਤ ਹੈ। ਇਹ ਸਭ ਤੋਂ ਪੁਰਾਣਾ ਮੱਤ ਹੈ, ਇਸ ਲਈ ਇੱਥੋਂ ਦੀ ਵਸੋਂ ਦੀ ਬਹੁ ਗਿਣਤੀ ਉਸ ਸਮੇਂ ਇਨ੍ਹਾਂ ਦੀਆਂ ਸਿਖਿਆਵਾਂ ਦੀ ਅਨੁਯਾਈ ਸੀ। ਇਸ ਮੱਤ ਦੇ ਪ੍ਰਭਾਵ ਹੇਠ ਆਏ ਹੋਏ ਲੋਕ ਵਰਣ-ਵੰਡ ਦੇ ਪ੍ਰਭਾਵ ਅਧੀਨ ਅਨੇਕਾਂ ਜਾਤਾਂ, ਉਪ-ਜਾਤਾਂ ਵਿਚ ਵੰਡੇ ਹੋਏ ਸਨ। ਇਨ੍ਹਾਂ ਦੇ ਇਕ ਹਿੱਸੇ ਨੂੰ ਸ਼ੂਦਰ ਅਥਵਾ ਨੀਚ ਆਖਿਆ ਜਾਂਦਾ ਸੀ ਤੇ ਬਾਕੀ ਵਰਣਾਂ (ਬ੍ਰਾਹਮਣ, ਖਤਰੀ ਤੇ ਵੈਸ਼) ਦੇ ਲੋਕ ਉਸ ਨਾਲ ਪਸ਼ੂਆਂ ਜਿਹਾ ਸਲੂਕ ਕਰਦੇ ਸਨ। ਇਹ ਲੋਕੀਂ ਅਨੇਕਾਂ ਦੇਵੀ-ਦੇਵਤਿਆਂ, ਕੁਦਰਤੀ ਸ਼ਕਤੀਆਂ, (ਸੂਰਜ, ਚੰਦ, ਹਵਾ, ਇੰਦਰ, ਅਗਨੀ ਆਦਿ), ਜਾਨਵਰਾਂ (ਗਊਆਂ, ਸੱਪਾਂ, ਸਾਨ੍ਹਾਂ, ਮਗਰ-ਮੱਛਾਂ ਆਦਿ), ਦਰੱਖ਼ਤਾਂ (ਪਿਪਲ, ਤੁਲਸੀ, ਨਿੰਮ, ਕਿੱਕਰ, ਨਾਰੀਅਲ) ਦੀ ਪੂਜਾ, ਕਈ ਤਰ੍ਹਾਂ ਦੇ ਦਾਨ-ਪੁੰਨ, ਤੀਰਥ-ਇਸ਼ਨਾਨ, ਮੰਤਰਾਂ ਦੇ ਜਾਪ (ਜਪ), ਸਰੀਰ ਨੂੰ ਕਸ਼ਟ ਦੇਣ ਵਾਲੀਆਂ ਸਾਧਨਾਵਾਂ (ਤਪ) ਕਰਦੇ ਸਨ ਅਤੇ ਅਨੇਕਾਂ ਤਰ੍ਹਾਂ ਦੇ ਧਾਰਮਿਕ ਚਿੰਨ੍ਹ ਧਾਰਨ ਕਰਦੇ ਸਨ, ਕਈ ਤਰ੍ਹਾਂ ਦੇ ਯੱਗ ਕੀਤੇ ਜਾਂਦੇ ਸਨ ਅਤੇ ਬਲੀਆਂ ਦਿੱਤੀਆਂ ਜਾਂਦੀਆਂ ਸਨ।

ਯੋਗੀਆਂ ਦੇ ਪਿੱਛੇ ਲੱਗਣ ਵਾਲੇ, ਸੰਸਾਰ ਨੂੰ ਤਿਆਗ ਕੇ , ਵਸੋਂ ਤੋਂ ਦੂਰ ਜੰਗਲਾਂ ਵਿਚ ਰਹਿਣ ਨੂੰ ਤਰਜੀਹ ਦਿੰਦੇ ਸਨ; ਕਈ ਤਰ੍ਹਾਂ ਦੀਆਂ ਕਸਰਤਾਂ (ਯੋਗ-ਆਸਣ) ਕਰਦੇ ਸਨ। ਇਹ ਲੋਕੀਂ ਜਟਾਂ ਵਧਾਉਂਦੇ, ਸਰੀਰ ਉਤੇ ਸੁਆਹ ਮਲਦੇ, ਕੰਨਾਂ ਵਿਚ ਮੁੰਦਰਾਂ ਪਾਉਂਦੇ, ਹੱਥ ਵਿਚ ਡੰਡਾ ਚੁੱਕੀ ਫਿਰਦੇ ਤੇ ਸੰਖ ਕੋਲ ਰਖਦੇ ਸਨ। ਮਸਤੀ ਦੀ ਦਸ਼ਾ ਪ੍ਰਾਪਤ ਕਰਨ ਲਈ ਨਸ਼ਿਆਂ ਦੀ ਵਰਤੋਂ ਕਰਦੇ ਸਨ। ਜੈਨੀ ਬੇਲੋੜੀਂ ਅਹਿੰਸਾ ਦੇ ਧਾਰਨੀ ਸਨ। ਜੀਵ ਹੱਤਿਆ ਦੇ ਡਰ ਤੋਂ ਨਹਾਉਣ ਤੋਂ ਵੀ ਸੰਕੋਚ ਕਰਦੇ ਸਨ, ਜੰਗਲ-ਪਾਣੀ ਜਾਣ ਮਗਰੋਂ ਪਖ਼ਾਨੇ ਨੂੰ ਫਰੋਲ ਦਿੰਦੇ ਸਨ ਤਾਂ ਜੋ ਜੀਵ ਨਾ ਮਰ ਜਾਣ। ਨੰਗੇ ਪੈਰੀਂ ਤੁਰਦੇ ਸਨ। ਜੀਵ-ਹਿੰਸਾ ਦੇ. ਖ਼ਿਆਲ ਨੇ ਇਨ੍ਹਾਂ ਨੂੰ ਗੰਦਾ, ਘਿਨਾਉਣਾ ਤੇ ਕੁਚੀਲ ਬਣਾ ਦਿੱਤਾ ਸੀ ਅਤੇ ਕਿਸੇ ਉਤੇ ਹੱਥ ਨਾ ਚੁੱਕਣ ਦੀ ਸਿੱਖਿਆ ਨੇ ਹਰ ਤਰ੍ਹਾਂ ਦੀ ਗ਼ੁਲਾਮੀ ਸਹਿਣ ਵਾਲੇ ਬਣਾ ਦਿੱਤਾ ਸੀ। ਬੁੱਧ ਮੱਤ ਦੀਆਂ ਸਿਖਿਆਵਾਂ ਤਾਂ ਭਾਵੇਂ ਕਲਿਆਣਕਾਰੀ

ਸਨ, ਪਰ ਉਸ ਸਮੇਂ ਬੋਧੀ ਵੀ ਮੂਰਤੀ ਪੂਜਕ ਬਣ ਗਏ ਸਨ। ਇਹ ਲੋਕੀਂ ਪ੍ਰਭੂ ਅਕਾਲ-ਪੁਰਖ ਵਿਚ ਯਕੀਨ ਨਹੀਂ ਸਨ ਰੱਖਦੇ। ਅਹਿੰਸਾ ਦੇ ਪੁਜਾਰੀ ਹੋਣ ਕਰਕੇ ਇਹ ਜਬਰ, ਜ਼ੁਲਮ ਦਾ ਟਾਕਰਾ ਕਰਨ ਅਤੇ ਆਪਣੇ ਧਰਮ ਦੀ ਰੱਖਿਆ ਕਰਨੋਂ ਅਸਮਰੱਥ ਸਨ।

ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਇਨ੍ਹਾਂ 'ਭਾਰਤੀ ਮੱਤਾਂ' ਅਤੇ ਇਨ੍ਹਾਂ ਨੂੰ ਮੰਨਣ ਵਾਲਿਆਂ ਦੀ ਘੋਖ ਕਰਨ ਮਗਰੋਂ ਆਪਣੇ ਵਿਚਾਰ ਦਿੰਦਿਆਂ ਹੋਇਆਂ ਆਖਿਆ ਹੈ, "ਮੈਂ ਬੋਧੀ ਭਿਖਸ਼ੂ, ਮੁੱਗੇ ਹੋਏ ਯੋਗੀਆਂ ਦੇ ਟੋਲੇ, ਬ੍ਰਹਮਚਾਰੀਆਂ ਦੇ ਡੇਰੇ ਵੇਖ ਚੁੱਕਾ ਹਾਂ, ਸੂਰਮੇ, ਦੈਂਤ, ਪਵਿੱਤਰ ਅੰਮ੍ਰਿਤ ਪੀਣ ਵਾਲੇ ਦੇਵਤੇ (ਭਾਵ ਇਨ੍ਹਾਂ ਦੀ ਅਸਲੀਅਤ) ਤੇ ਹੋਰ ਕਈ ਮੱਤਾਂ ਦੇ ਸੰਤਾਂ ਦੇ ਟੋਲੇ ਵੀ ਵੇਖ ਲਏ ਹਨ; ਗੱਲ ਕੀ, ਸਾਰੇ ਦੇਸ਼ ਦੇ ਮੱਤ-ਮਤਾਂਤਰਾਂ ਨੂੰ ਵੇਖ ਚੁੱਕਾ ਹਾਂ, ਪਰ ਕੋਈ ਮੱਤ ਐਸਾ ਨਹੀਂ ਵੇਖਿਆ ਜੋ ਜਿੰਦ ਦੇ ਮਾਲਕ ਪ੍ਰਭੂ ਨਾਲ ਪ੍ਰੇਮ ਕਰਨ ਦੀ ਜਾਚ ਸਿਖਾਵੇ। ਸਤਿਗੁਰੂ ਫ਼ਰਮਾਉਂਦੇ ਹਨ :

ਸ੍ਰਾਵਗ ਸੁੱਧ ਸਮੂਹ ਸਿਧਾਨ ਕੇ
ਦੇਖਿ ਫਿਰਿਓ ਘਰ ਜੋਗ ਜਤੀ ਕੇ ॥
ਸੂਰ ਸੁਰਾਰਦਨ, ਸੁੱਧ ਸੁਧਾਦਿਕ
ਸੰਤ ਸਮੂਹ ਅਨੇਕ ਮਤੀ ਕੇ ॥
ਸਾਰੇ ਹੀ ਦੇਸ ਕੋ ਦੇਖਿ ਰਹਿਓ ਮਤ
ਕੋਊ ਨ ਦੇਖੀਅਤ, ਪ੍ਰਾਨਪਤੀ ਕੇ ॥
ਸ੍ਰੀ ਭਗਵਾਨ ਕੀ ਭਾਇ ਕ੍ਰਿਪਾ ਹੂ ਤੇ
ਏਕ ਰਤੀ ਬਿਨੁ, ਏਕ ਰੱਤੀ ਕੇ ॥

*(ਅਕਾਲ ਉਸਤਤਿ , ਪਾ: ੧੦)*

ਗੁਰੂ ਪਾਤਸ਼ਾਹ ਨੇ ਉਸ ਸਮੇਂ ਦੇ ਪ੍ਰਚੱਲਿਤ 'ਧਰਮ-ਕਰਮ' ਨੂੰ ਕੂੜ ਕਿਰਿਆ ਆਖਿਆ ਹੈ :

ਕਾਹੂ ਲੈ ਪਾਹਨ ਪੂਜ ਧਰਯੋ ਸਿਰ
ਕਾਹੂ ਲੈ ਲਿੰਗ ਗਰੇ ਲਟਕਾਇਓ ॥
ਕਾਹੂ ਲਖਿਓ ਹਰਿ ਅਵਾਚੀ ਦਿਸਾ ਮਹਿ
ਕਾਹੂ ਪਛਾਹ ਕੋ ਸੀਸੁ ਨਿਵਾਇਓ ॥
ਕੋਊ ਬੁਤਾਨ ਕੋ ਪੂਜਤ ਹੈ ਪਸੁ
ਕੋਊ ਮ੍ਰਿਤਾਨ ਕੋ ਪੂਜਨ ਧਾਇਓ ॥
ਕੂਰ ਕ੍ਰਿਆ ਉਰਝਿਓ ਸਭ ਹੀ ਜਗ
ਸ੍ਰੀ ਭਗਵਾਨ ਕੋ ਭੇਦੁ ਨ ਪਾਇਓ ॥

ਬ੍ਰਾਹਮਣੀ ਅਤੇ ਹੋਰ ਉਪਰੋਕਤ ਮੱਤ, ਇਸਲਾਮ ਦੀ ਕਰੋਪੀ ਦਾ ਸ਼ਿਕਾਰ ਹੋਏ ਪਏ ਸਨ। ਇਥੋਂ ਦੇ ਸ਼ਾਸਕ ਮੁਸਲਮਾਨ ਇਨ੍ਹਾਂ ਲੋਕਾਂ ਉੱਤੇ ਅਤਿਆਚਾਰ ਕਰ ਰਹੇ ਸਨ। ਦਸਮ

ਪਾਤਸ਼ਾਹ ਦਾ ਸਮਕਾਲੀ ਰਾਜਾ ਔਰੰਗਜ਼ੇਬ ਤਾਂ ਇਸ ਧਰਮ ਨੂੰ ਖ਼ਤਮ ਕਰਨ ਤੇ ਤੁਲਿਆ ਹੋਇਆ ਸੀ। ਪਰ ਇਹ ਲੋਕ ਜਿਸ ਧਰਮ ਨੂੰ ਮੰਨਦੇ ਸਨ, ਉਸ ਦੀ ਰਾਖੀ ਕਰਨ ਦੇ ਵੀ ਅਸਮਰੱਥ ਸਨ। ਇਨ੍ਹਾਂ ਦੀ ਬਹੁਸੰਖਿਆ ਤਾਂ ਇਸਲਾਮ ਧਾਰਨ ਕਰੀ ਜਾ ਰਹੀ ਸੀ ਤੇ ਜੇ ਕੋਈ ਟਾਵਾਂ-ਟਾਵਾਂ ਆਪਣੇ ਧਰਮ ਤੇ ਦ੍ਰਿੜ ਰਹਿਣ ਦੀ ਜੁਰਅਤ ਕਰਦਾ ਸੀ, ਤਾਂ ਉਸ ਨੂੰ ਤਲਵਾਰ ਦੇ ਘਾਟ ਉਤਾਰ ਦਿੱਤਾ ਜਾਂਦਾ ਸੀ।

### ਇਸਲਾਮ

ਇਸਲਾਮ ਸੱਤਵੀਂ ਸਦੀ ਦੇ ਆਰੰਭ ਵਿਚ ਅਰਬ ਦੇਸ਼ ਵਿਚ ਪੈਦਾ ਹੋਇਆ ਅਤੇ ਅੱਠਵੀਂ ਸਦੀ ਦੇ ਆਰੰਭ ਵਿਚ ਭਾਰਤ ਵਿਚ ਦਾਖ਼ਲ ਹੋਇਆ। ਇਹ ਧਰਮ ਭਾਰਤੀਆਂ ਨੂੰ ਅਰਬੀ ਤੇ ਅਫ਼ਗਾਨੀ ਲੁਟੇਰਿਆਂ, ਧਾੜਵੀਆਂ ਦੀ ਦੇਣ ਹੈ। ਤੇਰ੍ਹਵੀਂ ਸਦੀ ਦੇ ਆਰੰਭ ਤੋਂ ਇਸ ਧਰਮ ਨੂੰ ਮੰਨਣ ਵਾਲੇ ਭਾਰਤ ਉਤੇ ਹਕੂਮਤ ਕਰਨ ਲਗ ਪਏ। ਇਸ ਧਰਮ ਦਾ ਪ੍ਰਚਾਰ ਭਾਵੇਂ ਸੂਫ਼ੀ-ਸੰਤਾਂ ਨੇ ਵੀ ਕੀਤਾ ਹੈ, ਪਰ ਬਹੁਤਾ ਇਹ ਭਾਰਤ ਵਿਚ ਤਲਵਾਰ ਦੇ ਜ਼ੋਰ ਨਾਲ ਹੀ ਫੈਲਾਇਆ ਗਿਆ। ਗੁਰੂ ਗੋਬਿੰਦ ਸਿੰਘ ਸਾਹਿਬ ਦੇ ਆਗਮਨ ਸਮੇਂ ਤੱਕ ਲੱਖਾਂ ਦੀ ਗਿਣਤੀ ਵਿਚ ਲੋਕੀਂ ਬ੍ਰਾਹਮਣੀ ਅਤੇ ਹੋਰ ਭਾਰਤੀ ਮੱਤਾਂ (ਭਾਵ ਹਿੰਦੂ ਧਰਮ) ਨੂੰ ਤਿਆਗ ਕੇ ਇਸ ਧਰਮ ਦੇ ਅਨੁਯਾਈ ਬਣ ਚੁੱਕੇ ਸਨ।

ਇਹ ਧਰਮ ਸਿੱਖੀ ਦੀ ਤਰ੍ਹਾਂ ਇਕ-ਈਸ਼ਵਰਵਾਦੀ ਹੈ ਅਤੇ ਦੇਵੀ-ਦੇਵਤਿਆਂ ਦੀ ਪੂਜਾ ਦਾ ਵਿਰੋਧ ਕਰਦਾ ਹੈ। ਸਿੱਖ ਗੁਰੂ ਸਾਹਿਬਾਨ ਨੇ ਮੁਸਲਮਾਨਾਂ ਦੇ ਮੱਕੇ ਨੂੰ ਰੱਬ ਦਾ ਘਰ ਸਮਝਣ, ਰੋਜ਼ੇ ਰੱਖਣ, ਕਿਆਮਤ ਦੇ ਸਿਧਾਂਤ, ਸੁੰਨਤ, ਸ਼ੈਤਾਨ ਦੀ ਹੋਂਦ ਆਦਿਕ ਵਿਸ਼ਵਾਸਾਂ ਦਾ ਖੰਡਨ ਕੀਤਾ ਹੈ। ਦਸਮ ਪਿਤਾ ਜੀ ਦੀ ਬਾਣੀ ਵਿਚ ਇਸਲਾਮ ਦਾ ਜ਼ਿਕਰ ਘੱਟ ਹੀ ਆਇਆ ਹੈ। ਹਾਂ, ਉਨ੍ਹਾਂ ਨੇ ਪੱਛਮ ਵੱਲ ਨੂੰ ਸਿਜਦਾ ਕਰਨ, ਕਬਰਾਂ ਨੂੰ ਪੂਜਣ, ਰੋਜ਼ੇ (ਵਰਤ) ਰੱਖਣ ਆਦਿ ਦੀ ਨਿਖੇਧੀ ਜ਼ਰੂਰ ਕੀਤੀ ਹੈ।

### ਸਿੱਖ ਧਰਮ

ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਤੋਂ ਲਗਪਗ ਦੋ ਸੌ ਸਾਲ ਪਹਿਲਾਂ, ਪ੍ਰਥਮ ਗੁਰੂ, ਗੁਰੂ ਨਾਨਕ ਸਾਹਿਬ ਦੇ ਪ੍ਰਕਾਸ਼ ਨਾਲ ਹੀ ਸਿੱਖ ਧਰਮ ਦਾ ਜਨਮ ਹੋ ਗਿਆ ਸੀ। ਗੁਰੂ ਸਾਹਿਬਾਨ ਨੇ ਸਿੱਖ ਧਰਮ ਨੂੰ ਇਕ 'ਆਦਰਸ਼ਕ ਜੀਵਨ ਜਾਚ' ਦੇ ਰੂਪ ਵਿਚ ਪ੍ਰਚਾਰਿਆ। ਇਸ ਧਰਮ ਨੇ ਵਰਣ-ਆਸ਼ਰਮੀ ਧਰਮ ਦੀ ਖੁਲ੍ਹ ਕੇ ਵਿਰੋਧਤਾ ਕੀਤੀ, ਦੇਵੀ-ਦੇਵਤਿਆਂ ਦੀ ਪੂਜਾ, ਮੂਰਤੀ ਪੂਜਾ, ਮਟੀਆਂ-ਕਬਰਾਂ ਦੀ ਪੂਜਾ, ਧਾਰਮਿਕ-ਭੇਖਾਂ, ਕਰਮ-ਕਾਂਡਾਂ, ਸਵਰਗ-ਨਰਕ ਦੇ ਵਿਸ਼ਵਾਸਾਂ ਦਾ ਖੰਡਨ ਕੀਤਾ; ਦਾਨ-ਪੁੰਨ, ਤੀਰਥ-ਇਸ਼ਨਾਨ, ਬੇਲੋੜੀ ਅਹਿੰਸਾ, ਜਪਾਂ, ਤਪਾਂ ਅਤੇ ਪ੍ਰਚੱਲਿਤ ਅਨੇਕਾਂ ਵਹਿਮਾਂ-ਭਰਮਾਂ ਦਾ ਵਿਰੋਧ ਕੀਤਾ। ਇਕ-ਈਸ਼ਵਰਵਾਦ ਦਾ ਸਿਧਾਂਤ ਇਸ ਧਰਮ ਦੀ ਆਧਾਰਸ਼ਿਲਾ ਹੈ। ਪ੍ਰਭੂ ਦੀ ਸਿਫ਼ਤ-ਸਲਾਹ (ਨਾਮ-ਸਿਮਰਨ), ਮਨੁੱਖ ਮਾਤਰ ਦੀ ਸੇਵਾ, ਮਿਹਨਤ ਦੀ ਕਮਾਈ, ਵੰਡ ਛਕਣਾ, ਸਰਬੱਤ ਦੇ ਭਲੇ ਲਈ ਕਾਰਜਸ਼ੀਲ ਰਹਿਣਾ, ਮਨ ਨੂੰ ਵਿਕਾਰ-ਰਹਿਤ ਰੱਖਣਾ, ਗੁਰੂ ਦਰਸਾਏ ਉੱਚੇ ਸੁੱਚੇ ਗੁਣਾਂ ਨੂੰ ਧਾਰਨ ਕਰਕੇ ਬਲਵਾਨ ਕਰੈਕਟਰ ਦੇ ਮਾਲਕ ਬਣਨਾ, ਇਸ ਧਰਮ

ਦੇ ਕੁਝ ਕੁ ਮਹਾਨ ਉਦੇਸ਼ ਹਨ। ਧਰਮ ਦੀ ਅਮਲੀ ਸਿੱਖਿਆ ਸਾਧ ਸੰਗਤ (ਗੁਰਦੁਆਰੇ) ਤੋਂ ਮਿਲਦੀ ਹੈ। ਸਾਰੀ ਧਰਤੀ ਧਰਮ ਦੀ ਕਮਾਈ ਦਾ ਖੇਤਰ ਹੈ। ਇਸ ਧਰਮ ਨੇ ਪ੍ਰਚੱਲਿਤ ਸਮਾਜਿਕ ਬੁਰਾਈਆਂ (ਜਾਤ-ਪਾਤ, ਛੂਤ-ਛਾਤ, ਧਨ ਜੋੜਨ ਤੇ ਸੰਸਾਰਿਕ ਪਦਾਰਥ ਇਕੱਤਰ ਕਰਨ ਦੀ ਬਿਰਤੀ, ਬੇਅਣਖਾ ਜੀਵਨ, ਬੋਲੀ, ਪਹਿਰਾਵੇ, ਤੇ ਖਾਣ-ਪੀਣ ਦੇ ਸੰਬੰਧ ਵਿਚ ਗੁਲਾਮੀ ਦੇ ਅਸਰ, ਬੇਇਨਸਾਫ਼ੀ, ਇਸਤਰੀ ਜਾਤੀ ਨਾਲ ਹੁੰਦੀ ਬਦਸਲੂਕੀ, ਹਾਕਮਾਂ ਨੂੰ ਖੁਸ਼ ਕਰਨ ਲਈ, ਧਰਮ-ਭਰਾਵਾਂ 'ਤੇ ਜ਼ੁਲਮ ਕਰਨ) ਦਾ ਡਟਵਾਂ ਵਿਰੋਧ ਕੀਤਾ ਤੇ ਇਨ੍ਹਾਂ ਨੂੰ ਖ਼ਤਮ ਕਰਨ ਦੇ ਭਰਵੇਂ ਯਤਨ ਕੀਤੇ। ਜਨਤਾ ਦੀ ਰੱਤ ਪੀਣੇ ਰਾਜਿਆਂ ਨੂੰ ਵੰਗਾਰਿਆ, ਰਾਜਿਆਂ ਦੇ ਜ਼ੁਲਮਾਂ ਨੂੰ ਨੰਗਾ ਕੀਤਾ ਅਤੇ ਲੋਕਾਂ ਦੀ ਜਬਰ-ਜ਼ੁਲਮ, ਲੁੱਟ-ਖਸੁੱਟ ਅਤੇ ਧੱਕੇਸ਼ਾਹੀ ਵਿਰੁੱਧ ਡਟਣ ਦੀ ਤੇ ਇਨ੍ਹਾਂ ਨੂੰ ਖ਼ਤਮ ਕਰਨ ਦੀ ਪ੍ਰੇਰਣਾ ਦਿੱਤੀ। ਇਸ ਧਰਮ ਨੇ ਲੋਕ-ਬੋਲੀ ਨੂੰ ਧਰਮ-ਪ੍ਰਚਾਰ ਦਾ ਮਾਧਿਅਮ ਬਣਾਇਆ। ਇੰਝ ਇਸ ਧਰਮ ਨੇ ਜਲਦੀ ਹੀ ਇਕ ਧਾਰਮਿਕ-ਸਮਾਜਿਕ-ਸਿਆਸੀ ਲਹਿਰ ਦਾ ਰੂਪ ਧਾਰਨ ਕਰ ਲਿਆ।

ਸਿੱਖੀ ਦੀ ਲਹਿਰ ਨੂੰ ਮਜ਼ਬੂਤ ਕਰਨ ਲਈ ਗੁਰੂ ਨਾਨਕ ਪਾਤਸ਼ਾਹ ਨੇ ਦੇਸ਼ ਅਤੇ ਵਿਦੇਸ਼ਾਂ ਦੇ ਪ੍ਰਚਾਰਕ-ਦੌਰੇ ਕੀਤੇ ਅਤੇ ਸੰਗਤਾਂ ਥਾਪੀਆਂ। ਸਾਰੇ ਦੇਸ਼ ਵਿਚ ਪ੍ਰਚਾਰਕ ਥਾਪੇ। 'ਮਿਰਜ਼ਾ ਗੁਲਾਮ ਅਹਿਮਦ ਕਾਦੀਆਂ' ਦੇ ਅਨੁਸਾਰ ਗੁਰੂ ਨਾਨਕ ਪਾਤਸ਼ਾਹ ਦੇ ਸਮੇਂ ਲਗਪਗ ਤਿੰਨ ਕਰੋੜ ਲੋਕਾਂ ਨੇ ਸਿੱਖੀ ਧਾਰਨ ਕਰ ਲਈ ਸੀ। ਗੁਰੂ ਅੰਗਦ ਪਾਤਸ਼ਾਹ ਨੇ ਗੁਰੂ ਨਾਨਕ ਜੀ ਦੁਆਰਾ ਚਲਾਈ ਲੰਗਰ ਦੀ ਪ੍ਰਥਾ ਨੂੰ ਹੋਰ ਮਜ਼ਬੂਤ ਕੀਤਾ, ਸਿੱਖਾਂ ਵਿਚ ਪੰਜਾਬੀ (ਗੁਰਮੁਖੀ) ਬੋਲੀ ਦਾ ਪ੍ਰਚਾਰ ਕੀਤਾ, ਸਿੱਖਾਂ ਨੂੰ ਬਲਵਾਨ ਬਣਾਉਣ ਹਿਤ ਮੱਲ ਅਖਾੜੇ ਕਾਇਮ ਕੀਤੇ। ਤੀਜੇ ਪਾਤਸ਼ਾਹ ਗੁਰੂ ਅਮਰਦਾਸ ਜੀ ਨੇ ਗੁਰਮਤਿ ਪ੍ਰਚਾਰ ਦੇ ਲਈ ਸਾਰੇ ਦੇਸ਼ ਵਿਚ 'ਮੰਜੀਆਂ' (ਪ੍ਰਚਾਰ ਸੈਂਟਰ) ਤੇ 'ਪੀਹੜੇ' (ਪ੍ਰਚਾਰ ਦੇ ਸਬ-ਸੈਂਟਰ) ਸਥਾਪਿਤ ਕੀਤੇ। ਗੁਰੂ ਰਾਮਦਾਸ ਜੀ ਨੇ ਮਸੰਦ ਪ੍ਰਥਾ ਚਾਲੂ ਕੀਤੀ। ਮਸੰਦਾਂ ਦਾ ਕੰਮ ਵੱਖ-ਵੱਖ ਇਲਾਕਿਆਂ ਦੀਆਂ ਸੰਗਤਾਂ ਨੂੰ ਗੁਰੂ ਘਰ ਨਾਲ ਜੋੜੀ ਰੱਖਣਾ ਸੀ। ਉਹ ਜਿੱਥੇ ਧਰਮ-ਪ੍ਰਚਾਰ ਕਰਦੇ ਸਨ ਅਤੇ ਕਾਰ-ਭੇਟਾ ਉਗਰਾਹੁੰਦੇ ਸਨ ਉਥੇ ਇਲਾਕੇ ਦੀਆਂ ਸੰਗਤਾਂ ਦੀ ਰਿਪੋਰਟ ਗੁਰੂ ਦਰਬਾਰ ਵਿਚ ਪੇਸ਼ ਕਰਦੇ ਸਨ। ਗੁਰੂ ਅਰਜਨ ਪਾਤਸ਼ਾਹ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੰਪਾਦਨਾ ਕਰਕੇ ਸਿੱਖਾਂ ਨੂੰ ਜੁਗੋ-ਜੁਗ ਅਟੱਲ ਸ਼ਬਦ-ਗੁਰੂ ਦੀ ਦੇਣ ਦੇ ਦਿੱਤੀ, ਸਿੱਖਾਂ ਨੂੰ ਅਨਮਤੀਆਂ ਦੇ ਪ੍ਰਭਾਵਾਂ ਅਤੇ ਕਰੋਪੀ ਤੋਂ ਬਚਾਉਣ ਲਈ ਸਿੱਖ-ਪ੍ਰਭਾਵੀ ਨਗਰ ਵਸਾਏ; ਕੇਂਦਰੀ ਧਰਮ ਅਸਥਾਨ ਸ੍ਰੀ ਹਰਿਮੰਦਰ ਸਾਹਿਬ ਦੀ ਉਸਾਰੀ ਕੀਤੀ ਅਤੇ ਅੰਮ੍ਰਿਤਸਰ ਨੂੰ ਇਕ ਵਿਉਪਾਰਕ ਨਗਰ ਦੇ ਰੂਪ ਵਿਚ ਵਿਕਸਤ ਕਰਕੇ ਸਿੱਖਾਂ ਦੀ ਆਰਥਿਕ ਦਸ਼ਾ ਨੂੰ ਮਜ਼ਬੂਤ ਕੀਤਾ। ਇਸੇ ਮਨੋਰਥ ਲਈ ਹੀ 'ਦਸਵੰਧ' ਦੀ ਪ੍ਰਥਾ ਆਰੰਭ ਕੀਤੀ। ਇੰਝ ਪੰਜਵੇਂ ਪਾਤਸ਼ਾਹ ਦੇ ਵੇਲੇ ਤੱਕ ਸਿੱਖੀ ਇਕ ਮਜ਼ਬੂਤ ਲੋਕ-ਲਹਿਰ ਦੇ ਰੂਪ ਵਿਚ ਉਭਰ ਚੁੱਕੀ ਸੀ। ਵੇਲੇ ਦੇ ਹਾਕਮਾਂ ਨੂੰ ਇਸ ਤੋਂ ਖ਼ਤਰਾ ਭਾਸਿਆ। ਜਹਾਂਗੀਰ ਨੇ ਸਿੱਖੀ ਦੀ ਲਹਿਰ ਨੂੰ ਖ਼ਤਮ ਕਰਨ ਦੀ ਖ਼ਾਤਰ ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਸ਼ਹੀਦ ਕਰ ਦਿੱਤਾ। ਪਰ ਇਸ ਲਹਿਰ ਨੇ ਸਗੋਂ ਹੋਰ ਜ਼ੋਰ ਫੜਿਆ। ਛੇਵੇਂ

ਪਾਤਸ਼ਾਹ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਨੇ ਸਿੱਖਾਂ ਨੂੰ ਤਲਵਾਰ ਫੜਾਈ, ਭਗਤੀ ਅਤੇ ਸ਼ਕਤੀ ਦਾ ਸੁਮੇਲ ਕੀਤਾ, ਹਰਿਮੰਦਰ ਸਾਹਿਬ ਦੇ ਨੇੜੇ 'ਅਕਾਲ ਤਖ਼ਤ' ਦੀ ਰਚਨਾ ਕਰਕੇ 'ਸੱਚੀ ਪਾਤਸ਼ਾਹੀ' ਕਾਇਮ ਕੀਤੀ। ਗੁਰੂ ਹਰਿ ਰਾਇ ਜੀ ਤੇ ਗੁਰੂ ਹਰਿ ਕ੍ਰਿਸ਼ਨ ਸਾਹਿਬ ਜੀ ਦੇ ਸਮੇਂ ਇਹ ਧਰਮ ਹੋਰ ਵਧਿਆ-ਫੁੱਲਿਆ। ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਸ਼ਹੀਦੀ ਦੇ ਕੇ ਜਿੱਥੇ ਨਿਆਸਰੇ ਹਿੰਦੂਆਂ ਦੀ ਬਾਂਹ ਫੜੀ, ਉਥੇ ਸਿੱਖਾਂ ਨੂੰ ਅਣਖ ਨਾਲ ਜਿਊਣ ਤੇ ਮਰਨ ਦੀ ਜਾਚ ਦੱਸੀ।

ਜਦੋਂ ਗੁਰੂ ਗੋਬਿੰਦ ਸਿੰਘ ਜੀ ਦਾ ਪ੍ਰਕਾਸ਼ ਹੋਇਆ, ਸਿੱਖ ਇਕ ਮਜ਼ਬੂਤ ਸਮਾਜ ਦੇ ਰੂਪ ਵਿਚ ਸੰਗਠਿਤ ਹੋ ਚੁੱਕੇ ਸਨ। ਬਹੁਤ ਸਾਰੇ ਹਿੰਦੂ ਅਤੇ ਮੁਸਲਮਾਨ ਸਿੱਖੀ ਦੇ ਉੱਚੇ-ਸੁੱਚੇ ਅਸੂਲਾਂ ਅਤੇ ਗੁਰੂ-ਸਾਹਿਬਾਨ ਦੇ ਮਹਾਨ ਘਾਲਣਾ ਭਰਪੂਰ ਜੀਵਨ ਤੋਂ ਪ੍ਰੇਰਿਤ ਹੋਕੇ ਸਿੱਖੀ ਧਾਰਨ ਕਰ ਚੁੱਕੇ ਸਨ। ਪੰਜਾਬ ਵਿਚੋਂ ਵਿਸ਼ੇਸ਼ ਕਰਕੇ ਅਤੇ ਜਿੱਥੇ-ਜਿੱਥੇ ਸਿੱਖ-ਸੰਗਤਾਂ ਕਾਇਮ ਸਨ ਉੱਥੇ ਬ੍ਰਾਹਮਣਵਾਦ ਦਾ ਅਸਰ ਕਾਫ਼ੀ ਹੱਦ ਤੱਕ ਘਟ ਚੁੱਕਾ ਸੀ।

### ਰਾਜਨੀਤਿਕ ਦਸ਼ਾ

ਜਦੋਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਜਨਮ ਹੋਇਆ ਤਾਂ ਭਾਰਤਵਰਸ਼ ਉੱਤੇ ਔਰੰਗਜ਼ੇਬ ਰਾਜ ਕਰ ਰਿਹਾ ਸੀ। ਇਹ ਬਹੁਤ ਜ਼ਾਲਮ ਇਨਸਾਨ ਸੀ। ਇਹ ਸੰਨ 1658 ਵਿਚ ਆਪਣੇ ਪਿਤਾ ਸ਼ਾਹਜਹਾਨ ਨੂੰ ਆਗਰੇ ਦੇ ਕਿਲ੍ਹੇ ਵਿਚ ਕੈਦ ਕਰਕੇ 21 ਜੁਲਾਈ ਨੂੰ ਦਿੱਲੀ ਦੇ ਤਖ਼ਤ ਉਪਰ ਬੈਠਾ ਸੀ। ਇਸ ਨੇ ਆਪਣੇ ਵੱਡੇ ਭਰਾ ਦਾਰਾ ਸ਼ਿਕੋਹ ਨੂੰ ਸਤੰਬਰ 1659 ਵਿਚ ਕਤਲ ਕਰਵਾ ਦਿੱਤਾ ਅਤੇ ਤਿੰਨ ਵਰ੍ਹਿਆਂ ਮਗਰੋਂ ਛੋਟੇ ਭਰਾ ਮੁਰਾਦ ਨੂੰ ਵੀ ਕਤਲ ਕਰਵਾ ਦਿੱਤਾ। ਇਂਝ ਰਾਜ ਭਾਗ ਉੱਤੇ ਮਜ਼ਬੂਤੀ ਨਾਲ ਕਬਜ਼ਾ ਕਰਨ ਮਗਰੋਂ ਉਸ ਨੇ ਆਪਣੇ ਬਾਰੇ "ਆਲਮਗੀਰ" ਹੋਣ ਦਾ ਐਲਾਨ ਕੀਤਾ। ਇਸ ਤੋਂ ਪਹਿਲਾਂ ਉਹ ਦੱਖਣ (1636-1644) ਤੇ ਗੁਜਰਾਤ ਦਾ ਵਾਇਸਰਾਇ ਰਿਹਾ, ਮੁਲਤਾਨ ਤੇ ਸਿੰਧ ਦਾ ਗਵਰਨਰ (1648-52) ਰਿਹਾ। ਉਸ ਨੇ ਕਈ ਮੁਹਾਸਰਿਆਂ ਤੇ ਲੜਾਈਆਂ ਵਿਚ ਹਿੱਸਾ ਲਿਆ। ਉਹ 1653 ਤੋਂ 1658 ਤੀਕ ਦੱਖਣ ਦਾ ਵਾਇਸਰਾਇ ਰਿਹਾ।

ਔਰੰਗਜ਼ੇਬ ਆਪਣੇ ਰਾਜ ਦੇ ਪਹਿਲੇ 25 ਵਰ੍ਹੇ (1658-82) ਉੱਤਰੀ ਹਿੰਦ ਵਿਚ ਰਿਹਾ ਅਤੇ ਇਹ ਭਾਗ ਵੀ ਯੁੱਧਾਂ ਲੜਾਈਆਂ ਦਾ ਕੇਂਦਰ ਬਣਿਆ ਰਿਹਾ।

ਜਦੋਂ ਔਰੰਗਜ਼ੇਬ ਰਾਜ ਗੱਦੀ ਉੱਤੇ ਪੱਕਾ ਹੋ ਗਿਆ ਤਾਂ ਉਸ ਨੇ ਪੂਰੇ ਹਿੰਦੁਸਤਾਨ ਨੂੰ ਇਸਲਾਮੀ-ਰਾਜ ਵਿਚ ਬਦਲਣ ਦਾ ਮਨ ਬਣਾ ਲਿਆ। ਉਸ ਸਮੇਂ ਹਿੰਦੂਆਂ ਉੱਤੇ ਸ਼ਰ੍ਹਾ ਠੋਸਣ ਦੇ ਯਤਨ ਕੀਤੇ। ਰਾਜ ਦਰਬਾਰ ਅਤੇ ਮਹਫਿਲਾਂ ਵਿਚ ਗਾਉਣ ਦੀ ਮਨਾਹੀ ਕਰ ਦਿੱਤੀ ਕਿਉਂਕਿ ਇਸਲਾਮ ਵਿਚ ਰਾਗ ਨੂੰ ਹਰਾਮ ਮੰਨਿਆ ਗਿਆ ਹੈ। ਇਥੋਂ ਤੱਕ ਲੋਕਾਂ ਦੀ ਦਾੜ੍ਹੀ ਦੀ ਲੰਬਾਈ ਵੀ ਨਿਯਤ ਕਰ ਦਿੱਤੀ ਗਈ। ਨਾਈਆਂ ਦੇ ਕਾਫ਼ਲੇ ਕੈਂਚੀਆਂ ਫੜੀ ਸ਼ਹਿਰਾਂ ਵਿਚ ਘੁੰਮਣ ਲੱਗੇ। ਦਿਵਾਲੀ ਦੇ ਸਮੇਂ ਮਿੱਟੀ ਜਾਂ ਖੰਡ ਦੇ ਖਿਡਾਉਣੇ ਬਣਾਉਣ ਤੇ ਪਾਬੰਦੀ ਲਾ ਦਿੱਤੀ। ਹਿੰਦੂਆਂ ਦੀ ਭਾਰੀ ਗਿਣਤੀ ਨੂੰ ਸਰਕਾਰੀ ਨੌਕਰੀ ਵਿਚੋਂ ਕੱਢ ਦਿੱਤਾ। ਹਿੰਦੂਆਂ ਦੇ ਮੰਦਰ ਗਊਆਂ ਦੇ ਲਹੂ ਨਾਲ ਅਪਵਿੱਤਰ ਕੀਤੇ ਗਏ।

ਮਥਰਾ, ਬਨਾਰਸ ਆਦਿ ਦੇ ਕਈ ਪ੍ਰਸਿੱਧ ਮੰਦਰ ਅਤੇ ਸਾਰੇ ਨਵੇਂ ਬਣੇ ਮੰਦਰ ਢਾਹ ਦਿੱਤੇ ਗਏ ਤੇ ਉਨ੍ਹਾਂ ਦੀ ਥਾਂ ਮਸਜਿਦਾਂ ਬਣਵਾਈਆਂ ਗਈਆਂ। ਉਸ ਨੇ ਹਿੰਦੂਆਂ ਪਾਸੋਂ ਜਜ਼ੀਆ ਉਗਰਾਹੁਣਾ ਮੁੜ ਕੇ ਆਰੰਭ ਕਰ ਦਿੱਤਾ ਜੋ ਕਿ ਅਕਬਰ ਬਾਦਸ਼ਾਹ ਦੇ ਵੇਲੇ ਬੰਦ ਕਰ ਦਿੱਤਾ ਗਿਆ ਸੀ। ਹਿੰਦੂਆਂ ਦੇ ਪ੍ਰਸਿੱਧ ਤਿਉਹਾਰ ਦਿਵਾਲੀ ਤੇ ਹੋਲੀ ਆਦਿਕ ਦੇ ਮਨਾਉਣ ਦੀ ਮਨਾਹੀ ਕਰ ਦਿੱਤੀ। ਹਿੰਦੂ ਮੇਲਿਆਂ ਉਤੇ ਵੀ ਪਾਬੰਦੀ ਲੱਗ ਗਈ। ਸੰਸਕ੍ਰਿਤ ਦੇ ਸਕੂਲ (ਜਿਵੇਂ ਕਾਂਸ਼ੀ ਦਾ ਵੈਦਿਕ ਸਕੂਲ) ਬੰਦ ਕਰਵਾ ਦਿੱਤੇ। ਹਿੰਦੂ ਕੁਝ ਨਦੀਆਂ ਉੱਤੇ ਮਿਰਤਕਾਂ ਦਾ ਸਸਕਾਰ ਵੀ ਨਹੀਂ ਸਨ ਕਰ ਸਕਦੇ। ਰਾਜਪੂਤਾਂ ਨੂੰ ਛੱਡ ਕੇ ਬਾਕੀ ਹਿੰਦੂ ਪਾਲਕੀਆਂ ਜਾਂ ਹਾਥੀਆਂ ਅਤੇ ਇਰਾਕੀ ਤੇ ਤੁਰਾਨੀ ਘੋੜਿਆਂ ਦੀ ਸਵਾਰੀ ਨਹੀਂ ਸਨ ਕਰ ਸਕਦੇ। ਹਿੰਦੂਆਂ ਉਤੇ ਚੁੰਗੀ ਅਤੇ ਹੋਰ ਟੈਕਸ ਮੁਸਲਮਾਨਾਂ ਤੋਂ ਦੁਗਣੇ ਲਗਦੇ ਸਨ। ਹਿੰਦੂਆਂ ਨੂੰ ਜਬਰੀਂ ਮੁਸਲਮਾਨ ਬਣਾਏ ਜਾਣ ਨੂੰ ਕੇਵਲ ਉਤਸ਼ਾਹਿਤ ਹੀ ਨਹੀਂ ਸੀ ਕੀਤਾ ਜਾਂਦਾ, ਸਗੋਂ ਜਬਰੀਂ ਮੁਸਲਮਾਨ ਬਣਾਇਆ ਜਾਂਦਾ ਸੀ। ਦੇਸ਼ ਦੇ ਕਈ ਭਾਗਾਂ ਵਿਚ ਸਮੂਹਿਕ ਧਰਮ-ਪਰਿਵਰਤਨ ਕੀਤੇ ਗਏ। ਜਾਇਦਾਦ ਦੇ ਝਗੜੇ ਕੇਵਲ ਉਹੀ ਹਿੰਦੂ ਜਿੱਤ ਸਕਦੇ ਸਨ, ਜੋ ਇਸਲਾਮ ਧਾਰਨ ਕਰ ਲੈਣ। ਇਸਲਾਮ ਵਿਚ ਆਉਣ ਨਾਲ ਕੀਤੇ ਜੁਰਮਾਂ ਦੀ ਸਜ਼ਾ ਵੀ ਮੁਆਫ਼ ਹੋ ਜਾਂਦੀ ਸੀ।

ਔਰੰਗਜ਼ੇਬ ਦੇ ਅਜਿਹੇ ਜ਼ੁਲਮਾਂ ਕਰਕੇ ਸਾਰੇ ਦੇਸ਼ ਵਿਚ ਹਾਹਾਕਾਰ ਮਚੀ ਪਈ ਸੀ।

# ਮੁੱਢਲਾ ਜੀਵਨ

ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਜਨਮ, 22 ਦਸੰਬਰ, ਸੰਨ 1666[1], ਮੁਤਾਬਿਕ ਪੋਹ ਸੁਦੀ ਸਪਤਮੀ (23 ਪੋਹ, ਸੰਮਤ 1723) ਨੂੰ, ਬਿਹਾਰ ਪ੍ਰਾਂਤ ਦੇ ਸ਼ਹਿਰ ਪਟਨਾ ਵਿਖੇ ਹੋਇਆ। ਉਦੋਂ ਉਨ੍ਹਾਂ ਦੇ ਪਿਤਾ ਸ੍ਰੀ ਗੁਰੂ ਤੇਗ ਬਹਾਦਰ ਜੀ ਢਾਕੇ (ਜੋ ਹੁਣ ਬੰਗਲਾ ਦੇਸ਼ ਦੀ ਰਾਜਧਾਨੀ ਹੈ) ਵਿਖੇ ਸਨ। ਖ਼ਬਰ ਸੁਣਦਿਆਂ ਸਾਰ ਹੀ ਉਨ੍ਹਾਂ ਨੇ ਆਪ ਦਾ ਨਾਮ 'ਗੋਬਿੰਦ ਰਾਇ' ਰੱਖ ਦਿੱਤਾ। ਜਦੋਂ ਆਪ ਨੇ ਸੰਨ 1699 ਵਿਚ ਸਿੱਖਾਂ ਨੂੰ ਅੰਮ੍ਰਿਤ ਛਕਾ ਕੇ ਖ਼ਾਲਸਾ ਪੰਥ ਦੀ ਸਾਜਨਾ ਕੀਤੀ ਤੇ ਖ਼ੁਦ ਅੰਮ੍ਰਿਤ ਛਕਿਆ ਤਾਂ ਆਪ ਗੁਰੂ ਗੋਬਿੰਦ ਰਾਇ ਤੋਂ ਗੁਰੂ ਗੋਬਿੰਦ ਸਿੰਘ ਬਣ ਗਏ। ਗੁਰੂ ਤੇਗ ਬਹਾਦਰ ਜੀ ਦੇ ਬੰਗਾਲ-ਆਸਾਮ ਜਾਣ ਦੀ ਗਾਥਾ ਇਸ ਪ੍ਰਕਾਰ ਹੈ :

ਸੰਨ 1665 ਵਿਚ ਗੁਰੂ ਤੇਗ ਬਹਾਦਰ ਜੀ ਨੂੰ ਪੂਰਬ ਦੇਸ਼ ਤੋਂ ਔਰੰਗਜ਼ੇਬ ਦੇ ਅਤਿਆਚਾਰਾਂ ਦੀਆਂ ਖ਼ਬਰਾਂ ਪੁੱਜੀਆਂ। ਉਸ ਸਮੇਂ ਆਗਰਾ, ਮਥਰਾ, ਪ੍ਰਯਾਗ, ਬਨਾਰਸ, ਅਯੁੱਧਿਆ ਉਤੇ ਔਰੰਗਜ਼ੇਬੀ ਜਬਰ ਢਹਿ ਰਿਹਾ ਸੀ। ਆਪ ਨੇ ਤ੍ਰਾਹ-ਤ੍ਰਾਹ ਕਰਦੀ ਲੋਕਾਈ ਨੂੰ ਢਾਰਸ ਬੰਨ੍ਹਾਉਣ ਦਾ ਪ੍ਰੋਗਰਾਮ ਬਣਾਇਆ ਅਤੇ ਸੰਨ 1665 ਦੇ ਅੱਧ ਮਗਰੋਂ (ਅਕਤੂਬਰ) ਵਿਚ ਆਪ ਦੁਖੀਆਂ ਦਾ ਦਰਦ ਵੰਡਾਉਣ ਲਈ ਪੂਰਬ ਵੱਲ ਚਲ ਪਏ। ਇਸ ਪ੍ਰਚਾਰ-ਸਫ਼ਰ ਵਿਚ ਜਿੱਥੇ ਉਨ੍ਹਾਂ ਨੇ ਲੋਕਾਂ ਅੰਦਰ ਗੁਰਮਤਿ ਦੇ ਵੱਖ-ਵੱਖ ਸਿਧਾਂਤਾਂ ਦਾ ਪ੍ਰਚਾਰ ਕੀਤਾ, ਉਥੇ "ਭੈ ਕਾਹੂ ਕਉ ਦੇਤ ਨਹਿ, ਨਹਿ ਭੈ ਮਾਨਤ ਆਨ॥ ਕਹੁ ਨਾਨਕ ਸੁਨਿ ਰੇ ਮਨਾ, ਗਿਆਨੀ ਤਾਹਿ ਬਖਾਨਿ॥" ਦੇ ਸਿਧਾਂਤ ਉਤੇ ਵਿਸ਼ੇਸ਼ ਤੌਰ ਤੇ ਜ਼ੋਰ ਦਿੱਤਾ ਤਾਂ ਕਿ ਲੋਕ ਨਿਡਰ ਅਤੇ ਨਿਰਵੈਰ ਬਣਨ।

ਗੁਰੂ ਤੇਗ ਬਹਾਦਰ ਜੀ ਆਪਣੇ ਪਰਿਵਾਰ ਨੂੰ ਵੀ ਨਾਲ ਲੈ ਗਏ ਸਨ। ਉਹ ਹਿੰਦੂ ਧਰਮ ਦੇ ਵੱਖ ਵੱਖ ਅਸਥਾਨਾਂ ਤੋਂ ਹੁੰਦੇ ਹੋਏ ਪਟਨਾ ਸ਼ਹਿਰ ਪੁੱਜੇ। ਉਥੇ ਬਾਰਸ਼ਾਂ ਆਰੰਭ ਹੋ ਗਈਆਂ ਸਨ ਅਤੇ ਚੁਮਾਸਾ ਲੱਗ ਗਿਆ ਸੀ। ਗੁਰੂ ਜੀ ਨੇ ਉੱਥੇ ਟਿਕ ਕੇ ਧਰਮ ਪ੍ਰਚਾਰ ਦੇ ਕੰਮ ਨੂੰ ਜਥੇਬੰਦ ਕੀਤਾ। ਉਥੇ ਹੀ ਆਪ ਨੂੰ ਅਗਸਤ 1666 ਵਿਚ ਖ਼ਬਰ ਪੁੱਜੀ ਕਿ ਸ਼ਿਵਾ ਜੀ ਮਰਹੱਟਾ, ਰਾਜਾ ਰਾਮ ਸਿੰਘ ਦੇ ਮਹਿਲਾਂ ਤੋਂ ਪੁੱਤਰ ਸਣੇ ਨੱਸ ਗਿਆ ਹੈ। ਔਰੰਗਜ਼ੇਬ ਨੇ ਇਸ ਦਾ ਦੋਸ਼ ਰਾਜਾ ਰਾਮ ਸਿੰਘ ਦੇ ਸਿਰ ਮੜ੍ਹਿਆ। ਉਸ ਨੇ ਪਹਿਲਾਂ ਤਾਂ ਰਾਜਾ ਰਾਮ ਸਿੰਘ ਨੂੰ ਸਖ਼ਤ ਸਜ਼ਾ ਦੇਣ ਦਾ ਮਨ ਬਣਾਇਆ, ਪਰ

---

1. ਭੱਟ ਵਹੀਆਂ ਮੁਤਾਬਿਕ ਆਪ ਦਾ ਜਨਮ 18 ਦਸੰਬਰ, ਸੰਨ 1661 (ਪੋਹ ਸੁਦੀ ਸੱਤਵੀਂ, ਸੰਮਤ 1718 ਬਿ:) ਨੂੰ ਹੋਇਆ ਸੀ। ਵੇਖੋ, ਭੱਟ ਵਹੀ ਪੂਰਬੀ ਦੱਖਣੀ। ਭਾਈ ਚਉਪਾ ਸਿੰਘ (ਰਹਿਤਨਾਮਾ ਹਜ਼ੂਰੀ) ਅਤੇ ਭਾਈ ਕੇਸਰ ਸਿੰਘ (ਬੰਸਾਵਲੀਨਾਮਾ ਦਸਾਂ ਪਾਤਸ਼ਾਹੀਆਂ ਕਾ) ਨੇ ਵੀ ਜਨਮ ਦਾ ਸਾਲ ਸੰਮਤ 1718 (ਸੰਨ 1661) ਲਿਖਿਆ ਹੈ।

ਫਿਰ ਆਸਾਮ ਦੀ ਮੁਹਿੰਮ ਤੇ ਭੇਜ ਦਿੱਤਾ। ਸਾਰੇ ਜਾਣਦੇ ਸਨ ਕਿ ਆਸਾਮ ਦੀ ਮੁਹਿੰਮ ਤੇ ਗਿਆ ਕੋਈ ਵਾਪਸ ਨਹੀਂ ਮੁੜਿਆ। ਸੋ, ਇਹ ਵੀ ਇਕ ਤਰ੍ਹਾਂ ਦੀ ਸਜ਼ਾ ਸੀ। ਰਾਜਾ ਰਾਮ ਸਿੰਘ ਫ਼ਰਵਰੀ, 1669 ਵਿਚ ਗੁਰੂ ਤੇਗ ਬਹਾਦਰ ਜੀ ਨੂੰ ਢਾਕੇ ਵਿਚ ਮਿਲਿਆ।

ਆਸਾਮ ਵਿਚ ਕਾਮਰੂਪ ਦੇ ਸਾਰੇ ਇਲਾਕੇ ਉਤੇ ਅਹੋਮੀ ਕਬੀਲੇ ਦਾ ਰਾਜ ਸੀ। ਸ਼ਾਹ ਜਹਾਨ ਦੇ ਵੇਲੇ ਤੋਂ ਹੀ ਮੁਗ਼ਲ ਫ਼ੌਜਾਂ ਅਹੋਮੀਆਂ ਉਤੇ ਜਿੱਤ ਪ੍ਰਾਪਤ ਕਰਨ ਦੇ ਯਤਨ ਕਰ ਰਹੀਆਂ ਸਨ। ਪਰ ਅਹੋਮੀਆਂ ਨੂੰ ਸਰ ਕਰਨਾ ਕੋਈ ਆਸਾਨ ਗੱਲ ਨਹੀਂ ਸੀ। ਆਖ਼ਿਰ ਉਨ੍ਹਾਂ ਨਾਲ 1638 ਵਿਚ ਰਾਜ਼ੀਨਾਮਾ ਕਰਨਾ ਪਿਆ ਸੀ। ਔਰੰਗਜ਼ੇਬ ਨੇ ਇਹ ਸਮਝੌਤਾ ਤੋੜ ਦਿੱਤਾ ਅਤੇ ਮੀਰ ਜੁਮਲਾ ਨੂੰ ਬੰਗਾਲ ਦਾ ਗਵਰਨਰ ਬਣਾ ਕੇ ਅਹੋਮੀ ਕਬੀਲੇ ਦੇ ਲੋਕਾਂ ਕੋਲੋਂ ਕਾਮਰੂਪ ਦਾ ਇਲਾਕਾ ਖ਼ਾਲੀ ਕਰਵਾਉਣ ਲਈ ਉੱਥੇ ਭੇਜਿਆ। ਮੀਰ ਜੁਮਲਾ ਵੀ ਸਫ਼ਲ ਨਾ ਹੋ ਸਕਿਆ ਅਤੇ ਸੰਨ 1663 ਵਿਚ ਅਹੋਮੀਆਂ ਨਾਲ ਸੰਧੀ ਕਰ ਲਈ। ਮੀਰ ਜੁਮਲਾ ਵਾਪਿਸ ਪਰਤਦਿਆਂ 1665 ਵਿਚ ਮਲੇਰੀਏ ਨਾਲ ਮਰ ਗਿਆ। ਉਸ ਦੀ ਮੌਤ ਮਗਰੋਂ ਸਥਾਨਕ ਮੁਗ਼ਲ ਹਾਕਮਾਂ ਨੇ ਸੰਧੀ ਦੀਆਂ ਸ਼ਰਤਾਂ ਭੰਨ ਸੁੱਟੀਆਂ। ਨਵੰਬਰ 1663 ਵਿਚ ਹੋਈ ਸੰਧੀ ਅਨੁਸਾਰ ਨਵਾਂ ਅਹੋਮੀ ਰਾਜਾ ਚਕ੍ਰਧਵੱਜ ਗੱਦੀ 'ਤੇ ਬੈਠਾ ਸੀ। ਉਸ ਨੇ ਮੁਗ਼ਲ ਹਾਕਮਾਂ ਦੇ ਮੱਲੇ ਹੋਏ ਇਲਾਕੇ ਜਿੱਤ ਲਏ। ਉਹ ਗੁਹਾਟੀ ਤੱਕ ਆ ਪੁੱਜੇ। ਇਹ ਜ਼ਿਕਰ ਨਵੰਬਰ 1667 ਦਾ ਹੈ। ਦਸੰਬਰ 1667 ਵਿਚ ਰਾਜਾ ਰਾਮ ਸਿੰਘ ਨੂੰ ਆਸਾਮ ਵੱਲ ਜਾਣ ਦਾ ਹੁਕਮ ਹੋਇਆ ਸੀ। ਉਸ ਨੂੰ ਆਪਣੇ ਹੀ ਤਨਖ਼ਾਹਦਾਰ ਚਾਰ ਹਜ਼ਾਰ ਰਾਜਪੂਤ ਨਾਲ ਲਿਜਾਣੇ ਪਏ, ਕਿਉਂਕਿ ਮੁਗ਼ਲ ਫ਼ੌਜ ਦੇ ਉਸ ਨੂੰ ਕੇਵਲ ਡੇਢ ਹਜ਼ਾਰ ਸਿਪਾਹੀ ਹੀ ਮਿਲੇ ਸਨ।

ਬ੍ਰਹਮ ਪੁਤਰ ਦਰਿਆ ਦੇ ਉੱਤਰੀ ਕੰਢੇ, ਬਾੜ ਨਦੀ ਦੇ ਕੋਲ ਅਹੋਮੀਆਂ ਅਤੇ ਰਾਜਾ ਰਾਮ ਸਿੰਘ ਦੇ ਸੈਨਿਕਾਂ ਵਿਚਕਾਰ ਲੜਾਈ ਹੋਈ। ਚਾਰ ਮਹੀਨੇ ਝੜਪਾਂ ਹੁੰਦੀਆਂ ਰਹੀਆਂ। ਇਨ੍ਹਾਂ ਹੀ ਦਿਨਾਂ ਵਿਚ ਗੁਰੂ ਤੇਗ ਬਹਾਦਰ ਜੀ ਦੱਖਣੀ ਆਸਾਮ ਤੋਂ ਹੋ ਕੇ ਉੱਤਰੀ ਆਸਾਮ ਵਿੱਚ ਪੁਜੇ ਸਨ। ਗ਼ੁਲਾਮ ਹੁਸੈਨ ਦੇ ਲਿਖਣ ਮੁਤਾਬਿਕ ਉਨ੍ਹਾਂ ਦੇ ਨਾਲ ਵੀ ਹਜ਼ਾਰਾਂ ਦੀ ਗਿਣਤੀ ਵਿਚ ਸਿੱਖ ਸੇਵਕ ਹੁੰਦੇ ਸਨ। ਸਤਿਗੁਰਾਂ ਨੇ ਰਾਜਾ ਚਕ੍ਰਧਵੱਜ ਅਤੇ ਰਾਜਾ ਰਾਮ ਸਿੰਘ ਵਿਚ ਸੁਲਾਹ ਕਰਵਾ ਦਿੱਤੀ। ਸਤਿਗੁਰਾਂ ਦੇ ਸਮਝਾਉਣ ਉੱਤੇ ਦੋਵੇਂ ਧਿਰਾਂ ਪੁਰਾਣੀਆਂ ਹੱਦਾਂ ਉੱਤੇ ਟਿਕ ਗਈਆਂ। ਇਹ ਜ਼ਿਕਰ ਸੰਨ 1669 ਦਾ ਹੈ। ਫਿਰ ਸਤਿਗੁਰੂ ਜੀ ਪੰਜਾਬ ਵੱਲ ਪਰਤ ਪਏ। ਢਾਕਾ, ਕਲਕੱਤਾ, ਕਟਕ ਤੇ ਪੁਰੀ ਤੋਂ ਹੁੰਦੇ ਹੋਏ ਪਟਨਾ ਪੁੱਜੇ। ਬਾਲਕ ਗੋਬਿੰਦ ਰਾਇ ਨੂੰ ਸੰਨ 1670 ਦੇ ਅਰੰਭਲੇ ਮਹੀਨਿਆਂ ਵਿਚ ਪਹਿਲੀ ਵੇਰ ਵੇਖਿਆ। ਕੁਝ ਦਿਨ ਉਥੇ ਰੁਕ ਕੇ ਜਲਦੀ ਹੀ ਪੰਜਾਬ ਵੱਲ ਤੁਰ ਪਏ। ਪੰਜਾਬ ਵੱਲ ਜਲਦੀ ਮੁੜਨ ਦਾ ਕਾਰਨ ਇਹ ਹੀ ਲਗਦਾ ਹੈ ਕਿ ਔਰੰਗਜ਼ੇਬ ਨੇ ਪੰਜਾਬ ਨੂੰ ਕੇਂਦਰ ਬਣਾ ਲਿਆ ਸੀ। ਉਸ ਨੇ ਹਿੰਦੂਆਂ ਨੂੰ ਮੁਸਲਮਾਨ ਬਣਾਉਣ

ਦਾ ਕੰਮ ਕਸ਼ਮੀਰ ਤੋਂ ਅਰੰਭ ਕਰਨਾ ਸੀ।[2]

ਗੁਰੂ ਤੇਗ ਬਹਾਦਰ ਜੀ ਪਰਿਵਾਰ ਨੂੰ ਪਟਨੇ ਹੀ ਛੱਡ ਆਏ। (ਗੁਰੂ) ਗੋਬਿੰਦ ਰਾਇ ਜੀ ਨੇ ਬਚਪਨ ਦੇ ਪਹਿਲੇ ਚਾਰ ਕੁ ਸਾਲ ਪਟਨੇ ਵਿਚ ਹੀ ਗੁਜ਼ਾਰੇ। ਮਾਮਾ ਕ੍ਰਿਪਾਲ ਚੰਦ ਜੀ ਉਨ੍ਹਾਂ ਦਾ ਪੂਰਾ ਧਿਆਨ ਰੱਖ ਰਹੇ ਸਨ। ਭਾਈ ਦਇਆਲਾ ਜੀ ਸਾਰੇ ਪ੍ਰਬੰਧ ਨੂੰ ਦੇਖ ਰਹੇ ਸਨ। ਭਾਈ ਰਾਮ ਰਾਇ ਤੇ ਭਾਈ ਦਰਬਾਰੀ ਜੀ ਗੁਰੂ-ਪਰਿਵਾਰ ਦੀ ਸੇਵਾ ਵਿਚ ਦਿਨ-ਰਾਤ ਜੁਟੇ ਰਹਿੰਦੇ ਸਨ।

ਬਾਲ ਗੋਬਿੰਦ ਰਾਇ ਨੇ ਗੁਆਂਢੀ ਇਸਤਰੀਆਂ ਅਤੇ ਬੱਚਿਆਂ ਪਾਸੋਂ ਬਿਹਾਰੀ ਬੋਲੀ ਸਿੱਖ ਲਈ। ਮਾਤਾ ਜੀ ਅਤੇ ਦਾਦੀ ਜੀ ਨੇ ਪੰਜਾਬੀ ਬੋਲੀ ਸਿਖਾ ਦਿੱਤੀ।

ਗੁਰੂ ਜੀ ਜਦ ਤਿੰਨ-ਚਾਰ ਸਾਲਾਂ ਦੇ ਹੋਏ ਤਾਂ ਬੱਚਿਆਂ ਨੂੰ ਨਾਲ ਲੈ ਕੇ ਗੰਗਾ ਦੇ ਕਿਨਾਰੇ ਖੇਡਣ ਚਲੇ ਜਾਂਦੇ ਸਨ। ਆਮ ਤੌਰ ਤੇ ਬੱਚਿਆਂ ਦੀਆਂ ਦੋ ਢਾਣੀਆਂ ਬਣਾ ਕੇ 'ਲੜਾਈ ਲੜਨ' ਦੀ ਖੇਡ ਖੇਡਦੇ। ਸਤਿਗੁਰਾਂ ਵਿਚ ਬਚਪਨ ਤੋਂ ਹੀ ਸਾਹਸ, ਬੀਰਤਾ ਅਤੇ ਸੈਨਿਕਪੁਣੇ ਦੇ ਚਿੰਨ੍ਹ ਨਜ਼ਰ ਆਉਂਦੇ ਸਨ। ਬਾਲ-ਵਰੇਸ ਵਿਚ ਹੀ ਗੁਰੂ ਜੀ ਤੀਰੰਦਾਜ਼ੀ ਵਿਚ ਮਾਹਿਰ ਹੋ ਗਏ ਸਨ। ਆਪ ਨੇ ਬੱਚਿਆਂ ਦੇ ਮਨ ਵਿਚੋਂ ਗ਼ੁਲਾਮੀ ਦੇ ਭਾਵ ਕੱਢਣੇ ਅਰੰਭ ਕਰ ਦਿੱਤੇ। ਜਦੋਂ ਆਪ ਬੱਚਿਆਂ ਨੂੰ ਵੇਖਦੇ ਕਿ ਉਹ ਹਾਕਮਾਂ ਜਾਂ ਨਵਾਬਾਂ ਦੇ ਆਉਣ ਸਮੇਂ ਉਨ੍ਹਾਂ ਨੂੰ ਝੁਕ-ਝੁਕ ਕੇ ਸਲਾਮਾਂ ਕਰਦੇ ਸਨ, ਤਾਂ ਬੱਚਿਆਂ ਨੂੰ ਇੰਝ ਕਰਨ ਤੋਂ ਰੋਕਦੇ ਅਤੇ ਬੱਚਿਆਂ ਨੂੰ ਦਲੇਰ ਹੋਣ ਦੀ ਪ੍ਰੇਰਨਾ ਦਿੰਦੇ। ਹੌਲੀ-ਹੌਲੀ ਸਾਥੀ ਬੱਚੇ ਇੰਨੇ ਦਲੇਰ ਹੋ ਗਏ ਕਿ ਨਵਾਬਾਂ ਤੇ ਫ਼ੌਜਦਾਰਾਂ ਨੂੰ ਮੂੰਹ ਚਿੜਾਉਣ ਲਗ ਪਏ। ਜੇ ਕਦੇ ਪਿਆਦੇ, ਬੱਚਿਆਂ ਨੂੰ ਝਿੜਕਦੇ, ਤਾਂ ਬੱਚੇ ਮੂੰਹ ਚਿੜਾਉਂਦੇ ਹੋਏ ਨਸ ਜਾਂਦੇ।

ਅਜਿਹੀਆਂ ਅਸਚਰਜ ਖੇਡਾਂ ਖੇਡਣ ਕਰਕੇ ਬਾਲਕ ਗੋਬਿੰਦ ਰਾਇ ਜੀ ਪਟਨਾ ਨਿਵਾਸੀਆਂ ਵਿਚ ਹਰਮਨ ਪਿਆਰੇ ਹੋ ਗਏ ਸਨ। ਸੰਗਤਾਂ ਆਪ ਨੂੰ ਬਹੁਤ ਪਿਆਰਨ ਲੱਗ

---

2. ਇਹ ਗੁਰੂ ਜੀ ਦੀ ਦੂਜੀ ਪ੍ਰਚਾਰ-ਯਾਤਰਾ ਸੀ। ਪਹਿਲੀ ਪ੍ਰਚਾਰ-ਯਾਤਰਾ ਉਨ੍ਹਾਂ ਨੇ ਗੁਰੂ ਬਣਨ ਤੋਂ ਪਹਿਲਾਂ (ਸੰਨ 1656 ਤੋਂ 1664 ਵਿਚ) ਕੀਤੀ ਸੀ। ਉਦੋਂ ਆਪ ਪਰਿਵਾਰ ਸਮੇਤ ਬਕਾਲੇ ਤੋਂ ਕੀਰਤਪੁਰ ਗਏ ਹੋਏ ਸਨ। ਕੀਰਤਪੁਰੋਂ ਹੀ ਪਰਿਵਾਰ (ਮਾਤਾ ਨਾਨਕੀ ਜੀ, ਪਤਨੀ ਗੁਜਰੀ ਜੀ) ਅਤੇ ਨਿਕਟਵਰਤੀ ਗੁਰਸਿੱਖਾਂ ਸਮੇਤ ਪ੍ਰਚਾਰ ਯਾਤਰਾ ਲਈ ਤੁਰੇ ਸਨ। ਅਕਤੂਬਰ 1656 ਵਿਚ ਗੜ੍ਹ ਮੁਕਤੇਸ਼ਵਰ ਤੋਂ ਵਾਪਿਸ ਆ ਗਏ। ਸੰਨ 1660 ਵਿਚ ਪਤਨੀ ਤੇ ਮਾਤਾ ਜੀ ਨੂੰ ਪੰਜਾਬ ਵਿਚ ਛੱਡ ਕੇ ਪੂਰਬ ਦੀ ਯਾਤਰਾ ਤੇ ਗਏ।

*(ਹਰੀ ਰਾਮ ਗੁਪਤਾ, ਹਿਸਟਰੀ ਆਫ਼ ਦਿ ਸਿਖਜ਼, ਭਾਗ-1, ਪੰਨਾ 185)*

ਇਸ (ਦੂਜੀ) ਪ੍ਰਚਾਰ ਯਾਤਰਾ ਦੇ ਅਰੰਭ ਵਿਚ ਉਨ੍ਹਾਂ ਨੂੰ ਜੀਂਦ ਦੇ ਕੋਲੋਂ, ਧਮਧਾਣ ਤੋਂ ਨਵੰਬਰ 1665 ਵਿਚ ਗ੍ਰਿਫ਼ਤਾਰ ਕਰ ਕੇ ਦਿੱਲੀ ਪਹੁੰਚਾਇਆ ਗਿਆ ਸੀ। ਉੱਥੇ ਰਾਜਾ ਰਾਮ ਸਿੰਘ ਦੇ ਅਸਰ ਰਸੂਖ ਨਾਲ ਸਵਾ ਕੁ ਮਹੀਨੇ ਮਗਰੋਂ ਰਿਹਾਈ ਹੋਈ ਸੀ ਤੇ ਆਪ ਆਸਾਮ ਤੱਕ ਗਏ ਸਨ। ਇਸੇ ਹੀ ਯਾਤਰਾ ਦੌਰਾਨ ਵਾਪਸੀ ਸਮੇਂ ਗੁਰੂ ਤੇਗ ਬਹਾਦਰ ਜੀ ਨੂੰ ਆਗਰਾ ਵਿਖੇ ਅਪ੍ਰੈਲ 1670 ਵਿਚ ਦੂਜੀ ਵਾਰ ਗ੍ਰਿਫ਼ਤਾਰ ਕਰ ਕੇ ਦਿੱਲੀ ਲਿਆਂਦਾ ਗਿਆ ਸੀ। ਦੋ ਮਹੀਨੇ 13 ਦਿਨ ਦੀ ਕੈਦ ਮਗਰੋਂ ਸੈਫ਼ਖ਼ਾਨ ਦੇ ਯਤਨਾਂ ਨਾਲ ਰਿਹਾਈ ਹੋਈ ਸੀ ਤੇ ਆਪ ਦਿੱਲੀ ਤੋਂ ਬਕਾਲੇ ਆਏ ਸਨ।

ਪਈਆਂ ਸਨ। ਇਸ ਦਾ ਇਕ ਕਾਰਨ ਆਪ ਦਾ ਗੁਰੂ ਤੇਗ ਬਹਾਦਰ ਜੀ ਦਾ ਸਪੁੱਤਰ ਹੋਣਾ ਵੀ ਸੀ। ਸਾਧ ਸੰਗਤ ਵਿਚ ਜੁੜ ਬੈਠਣਾ, ਕਥਾ-ਕੀਰਤਨ ਦਾ ਰਸ ਮਾਨਣਾ ਅਤੇ ਅਧਿਆਤਮਕ ਗੱਲਾਂ ਕਰਨਾ ਆਪ ਦੇ ਸੁਭਾਅ ਦੇ ਵਿਸ਼ੇਸ਼ ਗੁਣ ਸਨ। ਆਪ ਦਾ ਅਜਿਹਾ ਸੁਭਾਅ ਹੀ ਸੀ, ਜਿਸ ਨੇ ਛੋਟੀ ਜਿਹੀ ਉਮਰ ਵਿਚ ਹੀ ਵੱਡੀ ਉਮਰ ਵਾਲਿਆਂ ਨੂੰ ਆਪਣੇ ਚਰਨ-ਭੌਰੇ ਬਣਾ ਲਿਆ ਸੀ। ਪੰਡਿਤ ਸ਼ਿਵ ਦੱਤ, ਰਾਜਾ ਫ਼ਤਹਿ ਚੰਦ ਅਤੇ ਉਸ ਦੀ ਰਾਣੀ ਦੇ ਨਾਮ ਵਿਸ਼ੇਸ਼ ਤੌਰ ਤੇ ਅਜਿਹੇ ਚਰਨ-ਭੌਰਿਆਂ ਵਿਚ ਲਏ ਜਾ ਸਕਦੇ ਹਨ।

### *ਪੰਡਿਤ ਸ਼ਿਵ ਦੱਤ*

ਪਟਨਾ ਨਿਵਾਸੀ ਪੰਡਿਤ ਸ਼ਿਵ ਦੱਤ ਸ੍ਰੀ ਰਾਮ ਜੀ ਦਾ ਭਗਤ ਸੀ। ਉਹ ਰੋਜ਼ ਸਵੇਰੇ ਗੰਗਾ ਨਦੀ ਤੇ ਜਾ ਕੇ ਇਸ਼ਨਾਨ ਕਰਿਆ ਕਰਦਾ ਸੀ ਅਤੇ ਪਾਠ-ਪੂਜਾ ਵੀ ਉਥੇ ਹੀ ਕਰਦਾ ਸੀ। ਬਾਲ ਗੋਬਿੰਦ ਰਾਇ ਆਪਣੇ ਹਾਣੀਆਂ ਸਮੇਤ ਗੰਗਾ ਕਿਨਾਰੇ ਖੇਡਾਂ ਖੇਡਿਆ ਕਰਦੇ ਸਨ। ਸ਼ਿਵ ਦੱਤ ਦੇ ਦਿਲ ਵਿਚ ਵੀ ਗੁਰੂ ਤੇਗ ਬਹਾਦਰ ਜੀ ਦੇ ਲੋਕ-ਪਿਆਰ ਦੀ ਕਦਰ ਸੀ। ਇਸ ਦੇ ਨਾਲ ਹੀ ਬਾਲ ਗੋਬਿੰਦ ਰਾਇ ਦੀ ਆਪਣੀ ਮਨਮੋਹਣੀ ਸੂਰਤ ਪੰਡਿਤ ਸ਼ਿਵ ਦੱਤ ਦੇ ਦਿਲ ਵਿਚ ਪ੍ਰੇਮ ਤਰੰਗਾਂ ਉਪਜਾਉਣ ਲਗ ਪਈ ਸੀ। ਹੌਲੀ-ਹੌਲੀ ਉਹ ਗੁਰੂ-ਚਰਨਾਂ ਦਾ ਭੌਰਾ ਹੀ ਬਣ ਗਿਆ। ਪਹਿਲਾਂ ਉਸ ਦਾ ਮਨ ਸ੍ਰੀ ਰਾਮ ਚੰਦਰ ਜੀ ਲਈ ਪ੍ਰੇਮ, ਸ਼ਰਧਾ ਅਤੇ ਸਤਿਕਾਰ ਦੀ ਭਾਵਨਾ ਨਾਲ ਭਰਿਆ ਪਿਆ ਸੀ, ਪਰ ਉਹ ਜਿਉਂ-ਜਿਉਂ ਬਾਲ ਗੋਬਿੰਦ ਰਾਇ ਦੇ ਦਰਸ਼ਨ ਕਰਨ ਲੱਗਾ, ਉਸ ਨੂੰ ਹੋਰ ਪਿਆਰ ਵਿਸਰਨ ਲੱਗ ਪਏ। ਬਾਲ ਗੋਬਿੰਦ ਰਾਇ ਹੀ ਉਸ ਦੇ ਸ੍ਰੀ ਰਾਮ ਜੀ ਹੋ ਗਏ। ਉਹ ਬਾਲ-ਗੁਰੂ ਦਾ ਭਗਤ ਬਣ ਗਿਆ।

### *ਰਾਜਾ ਫ਼ਤਹਿ ਚੰਦ ਦੀ ਰਾਣੀ*

ਫ਼ਤਹਿ ਚੰਦ ਮੈਣੀ ਗੋਤ ਦਾ ਜਾਗੀਰਦਾਰ ਸੀ। ਲੋਕੀਂ ਉਸ ਨੂੰ ਸਤਿਕਾਰ ਨਾਲ ਰਾਜਾ ਜੀ ਕਿਹਾ ਕਰਦੇ ਸਨ। ਉਸ ਨੇ ਆਪਣਾ ਇਕ ਬਾਗ਼ ਲਗਵਾਇਆ ਹੋਇਆ ਸੀ। ਗੋਬਿਦ ਜੀ ਕਈ ਵਾਰ ਆਪਣੀ ਬਾਲ-ਸੈਨਾ ਨੂੰ ਲੈ ਕੇ ਬਾਗ਼ ਵਿਚ ਚਲੇ ਜਾਂਦੇ ਸਨ। ਫ਼ਤਹਿ ਚੰਦ ਦੀ ਰਾਣੀ, ਬਾਲਕਾਂ ਨੂੰ ਆਪਣੇ ਮਹਿਲਾਂ ਵੱਲੋਂ ਲੰਘਦਾ ਵੇਖਦੀ ਸੀ। ਉਹ ਵੀ ਬਾਲ ਗੋਬਿੰਦ ਰਾਇ ਜੀ ਦੀ ਮੋਹਣੀ ਸੂਰਤ ਵੱਲ ਖਿੱਚੀ ਗਈ। ਉਹ ਆਪ ਕਿਸੇ ਬੱਚੇ ਦੀ ਮਾਂ ਨਹੀਂ ਸੀ ਬਣ ਸਕੀ। ਉਸ ਦਾ ਦਿਲ ਕਰਦਾ ਸੀ ਕਿ ਬਾਲ ਗੋਬਿੰਦ ਰਾਇ ਉਸ ਦੀ ਗੋਦ ਵਿਚ ਆ ਬੈਠਣ। ਪਿਆਰ, ਪਿਆਰ ਦਾ ਸਾਖੀ ਹੈ। ਇਕ ਦਿਨ ਗੋਬਿੰਦ ਰਾਇ ਖੇਡਦੇ ਸਾਥੀਆਂ ਸਮੇਤ ਫ਼ਤਹਿ ਚੰਦ ਦੇ ਘਰ ਚਲੇ ਗਏ ਤੇ ਰਾਣੀ ਦੀ ਗੋਦ ਵਿਚ ਜਾ ਬੈਠੇ। ਰਾਣੀ ਦੀ ਤਾਂ ਮਾਨੋਂ ਮੁਰਾਦ ਹੀ ਪੂਰੀ ਹੋ ਗਈ। ਉਸ ਦਾ ਮਨ ਵਿਸਮਾਦ ਵਿਚ ਆ ਗਿਆ। ਸੁਚੇਤ ਹੋਈ ਤਾਂ ਇਸ ਲਾਡਲੇ ਬੀਰ-ਬਾਲਕ ਤੇ ਉਸ ਦੀ ਅਨੋਖੀ ਬਾਲ-ਸੈਨਾ ਲਈ ਕੁਝ ਉਚੇਚ ਕਰਨ ਲੱਗੀ। ਆਪ ਨੇ ਅਜਿਹਾ ਕਰਨ ਤੋਂ ਰੋਕ ਦਿੱਤਾ। ਆਖਣ ਲੱਗੇ, "ਜਿਹੜੀਆਂ ਪੂਰੀਆਂ ਤੇ ਤਲੇ ਹੋਏ ਛੋਲੇ ਤਿਆਰ ਪਏ ਹਨ, ਉਹ ਹੀ ਦੇ ਦਿਉ।" ਰਾਣੀ ਨੇ ਇੰਝ ਹੀ ਕੀਤਾ। ਸੱਚਾ ਪਿਆਰ ਦੁਵੱਲੀਂ ਵਧਦਾ ਹੈ।

ਇਕ ਦਿਨ ਰਾਣੀ ਦੀ ਇਕ ਨੌਕਰਾਣੀ ਨੇ ਗੋਬਿੰਦ ਰਾਇ ਜੀ ਨੂੰ ਆਖਿਆ ਕਿ

ਰਾਣੀ ਦੀ ਗੋਦ ਖ਼ਾਲੀ ਹੈ, ਇਸ ਨੂੰ ਹਰਾ ਕਰੋ। ਉਨ੍ਹਾਂ ਸਹਿਜ-ਸੁਭਾਇ ਹੀ ਉੱਤਰ ਦਿੱਤਾ ਕਿ ਰਾਣੀ ਸਾਨੂੰ ਹੀ ਆਪਣਾ ਪੁੱਤਰ ਮੰਨ ਲਵੇ।

### *ਨਵਾਬ ਰਹੀਮ ਬਖ਼ਸ਼ ਤੇ ਕਰੀਮ ਬਖ਼ਸ਼*

ਪਟਨਾ ਸਾਹਿਬ ਵਿਚ ਆਪ ਦੇ ਮੁਸਲਮਾਨ ਸ਼ਰਧਾਲੂਆਂ ਵਿਚੋਂ ਇਤਿਹਾਸ ਵਿਚ ਨਵਾਬ ਰਹੀਮ ਬਖ਼ਸ਼ ਅਤੇ ਕਰੀਮ ਬਖ਼ਸ਼ ਦੇ ਨਾਮ ਆਉਂਦੇ ਹਨ। ਇਨ੍ਹਾਂ ਨੇ ਆਪ ਨੂੰ ਇਕ ਬਾਗ਼ ਅਤੇ ਇਕ ਪਿੰਡ ਭੇਟ ਕੀਤੇ ਸਨ। ਇਹ ਜ਼ਮੀਨ ਹੁਣ ਪਟਨਾ ਸਾਹਿਬ ਵਿਚ ਇਕ ਗੁਰਦੁਆਰੇ ਦੇ ਨਾਂ ਲੱਗੀ ਹੋਈ ਹੈ।

ਕੁਝ ਲਿਖਾਰੀਆਂ ਨੇ ਆਪ ਦੇ ਇਕ ਹੋਰ ਚਰਨ-ਭੌਰੇ ਜਗਤ ਸੇਠ ਦਾ ਨਾਂ ਵੀ ਲਿਖਿਆ ਹੈ।

### *ਪਟਨੇ ਤੋਂ ਪੰਜਾਬ ਨੂੰ*

ਪਟਨੇ ਤੋਂ ਆਉਣ ਸਮੇਂ ਗੁਰੂ ਤੇਗ ਬਹਾਦਰ ਜੀ ਭਾਈ ਮਤੀ ਦਾਸ ਜੀ ਨੂੰ ਹਦਾਇਤ ਕਰ ਗਏ ਸਨ ਕਿ ਉਹ ਮਾਤਾ ਗੁਜਰੀ ਜੀ, ਸਾਹਿਬਜ਼ਾਦਾ ਗੋਬਿੰਦ ਰਾਇ ਤੇ ਮਾਮਾ ਕਿਰਪਾਲ ਚੰਦ ਜੀ ਨੂੰ ਲੈ ਕੇ ਪੰਜਾਬ ਆ ਜਾਣ।

ਪਟਨਾ ਨਿਵਾਸੀਆਂ ਨੂੰ ਜਦੋਂ ਇਹ ਪਤਾ ਲੱਗਾ ਕਿ ਗੁਰੂ-ਪਰਿਵਾਰ ਪੰਜਾਬ ਜਾ ਰਿਹਾ ਹੈ ਤਾਂ ਸਭ ਦੇ ਮਨ ਵਿਚ ਉਦਾਸੀ ਛਾ ਗਈ। ਬਾਲ-ਪਾਤਸ਼ਾਹ ਦੀਆਂ ਪਿਆਰੀਆਂ-ਪਿਆਰੀਆਂ ਗੱਲਾਂ, ਮਨਮੋਹਣੀ ਸੂਰਤ, ਬਾਲ ਸੈਨਾ ਦੇ ਕਰਤਬ, ਉਨ੍ਹਾਂ ਦੀਆਂ ਅੱਖਾਂ ਦੇ ਸਾਹਮਣੇ ਮੁੜ-ਮੁੜ ਕੇ ਆ ਰਹੇ ਸਨ। ਫ਼ਤਹਿ ਚੰਦ ਦੀ ਰਾਣੀ ਦੀ ਹਾਲਤ ਤਾਂ ਵੇਖੀ ਨਹੀਂ ਸੀ ਜਾਂਦੀ। ਉਸ ਨੂੰ ਗਸ਼ੀ ਤੇ ਗਸ਼ੀ ਪੈ ਰਹੀ ਸੀ। ਵਿਛੋੜਾ ਪੈਣਾ ਹੀ ਸੀ। ਹੁਣ ਸਿਰਫ਼ ਇਕੋ ਹੀ ਧਰਵਾਸ ਰਹਿ ਗਿਆ ਸੀ, ਉਹ ਸੀ ਪਿਆਰ ਦੀਆਂ ਯਾਦਾਂ। ਉਸ ਨੇ ਬਾਲ-ਪਾਤਸ਼ਾਹ ਤੋਂ ਸਰੀਰ ਦੇ ਵਸਤਰਾਂ ਦੀ ਜਾਚਨਾ ਕੀਤੀ। ਪਾਤਸ਼ਾਹ ਨੇ ਪੋਸ਼ਾਕ, ਤਲਵਾਰ ਅਤੇ ਕਟਾਰ ਪ੍ਰੇਮ-ਭੇਟਾ ਵਜੋਂ ਦਿੱਤੀਆਂ। ਜਿੱਥੇ ਗੋਬਿੰਦ ਰਾਇ ਜੀ ਉਨ੍ਹਾਂ ਦੇ ਘਰ ਆ ਕੇ ਬੈਠਿਆ ਕਰਦੇ ਸਨ, ਫ਼ਤਹਿ ਚੰਦ ਨੇ ਉਥੇ ਗੁਰਦੁਆਰਾ ਬਣਵਾ ਦਿੱਤਾ ਅਤੇ ਸਤਿਗੁਰਾਂ ਦੀਆਂ ਪਿਆਰ ਯਾਦਾਂ ਉਸ ਵਿਚ ਆਦਰ-ਸਤਿਕਾਰ ਨਾਲ ਰੱਖ ਦਿਤੀਆਂ। ਉਸ ਗੁਰਦੁਆਰੇ ਦਾ ਨਾਮ, "ਮੈਣੀ ਸੰਗਤ" ਹੈ।

ਪੰਡਿਤ ਸ਼ਿਵ ਦੱਤ, ਰਹੀਮ ਬਖ਼ਸ਼, ਸੇਠ ਜਗਤ ਅਤੇ ਹੋਰਨਾਂ ਸ਼ਰਧਾਲੂਆਂ ਨੂੰ ਬਾਣੀ ਵਿਚ ਮਨ ਜੋੜਨ ਦਾ ਉਪਦੇਸ਼ ਦਿੱਤਾ ਤੇ ਆਖਿਆ ਕਿ ਬਾਣੀ ਪੜ੍ਹਨ ਨਾਲ ਉਨ੍ਹਾਂ (ਸ਼ਰਧਾਲੂਆਂ) ਦੀ ਦਰਸ਼ਨ-ਭੁੱਖ ਦੂਰ ਹੋਵੇਗੀ।

ਜਦੋਂ ਗੁਰੂ ਤੇਗ ਬਹਾਦਰ ਜੀ ਦਾ ਸਾਰਾ ਪਰਿਵਾਰ ਪਟਨੇ ਤੋਂ ਚੱਲਿਆ ਤਾਂ ਪਟਨੇ ਦੀ ਸੰਗਤ ਵੀ ਨਾਲ ਤੁਰ ਪਈ ਅਤੇ 20 ਕਿਲੋਮੀਟਰ ਦੂਰ ਦਾਨਾਪੁਰ ਤੱਕ ਆਈ। ਉੱਥੇ ਇਕ ਪ੍ਰੇਮ-ਕੁੱਠੀ ਬਿਰਧ ਮਾਤਾ ਨੇ ਤਨ, ਮਨ, ਧਨ ਨਾਲ ਸੇਵਾ ਕੀਤੀ। ਉਸ ਨੇ ਹਾਂਡੀ ਵਿਚ ਪਾਤਸ਼ਾਹ ਨੂੰ ਖਿਚੜੀ ਰਿੰਨ੍ਹ ਕੇ ਖਵਾਈ ਅਤੇ ਉਹ ਹਾਂਡੀ ਦਰਸ਼ਨ-ਦੀਦਾਰ ਦੀ ਯਾਦ ਵਜੋਂ ਸਾਂਭ ਕੇ ਰੱਖ ਲਈ। ਪ੍ਰੀਤਵਾਨ ਸਿੱਖਾਂ ਨੇ ਉਥੇ

ਗੁਰਦੁਆਰਾ ਸਥਾਪਿਤ ਕੀਤਾ, ਜੋ 'ਹਾਂਡੀ ਦੀ ਸੰਗਤ' ਨਾਮ ਨਾਲ ਜਾਣਿਆ ਜਾਂਦਾ ਹੈ। ਦਾਨਾਪੁਰ ਦੇ ਇਲਾਕੇ ਵਿਚ 'ਭਗਤ ਗਿਰਿ' ਨਾਮ ਦਾ ਗੁਰਸਿੱਖ ਪ੍ਰਚਾਰ ਕਰਿਆ ਕਰਦਾ ਸੀ। ਉਹ ਪਹਿਲਾਂ ਬੋਧੀ ਸੰਨਿਆਸੀ ਸੀ ਅਤੇ ਗੁਰੂ ਹਰਿ ਰਾਇ ਸਾਹਿਬ ਜੀ ਤੋਂ ਸਿੱਖੀ ਧਾਰਨ ਕਰਕੇ ਸਿੱਖ ਧਰਮ ਦੇ ਪ੍ਰਚਾਰ ਵਿਚ ਜੁਟ ਗਿਆ ਸੀ। ਉਹ ਵੀ ਗੁਰੂ-ਪਰਿਵਾਰ ਨੂੰ ਆਣ ਮਿਲਿਆ।

ਦਾਨਾਪੁਰ ਤੋਂ ਆਰ੍ਹਾ, ਡੁਮਰਾਉਂ, ਬਕਸਰ ਤੋਂ ਹੁੰਦੇ ਹੋਏ, ਸੰਗਤਾਂ ਸਮੇਤ ਛੋਟਾ ਮਿਰਜ਼ਾਪੁਰ ਅਪੜੇ। ਉਥੋਂ ਚੱਲ ਕੇ ਬਨਾਰਸ (ਕਾਂਸ਼ੀ) ਆਏ। ਬਨਾਰਸ ਵਿਚ ਸਿੱਖਾਂ ਦੀ ਤਕੜੀ ਗਿਣਤੀ ਸੀ। ਭਾਈ ਜਵੇਹਰੀ ਮੱਲ ਜੀ ਉੱਥੇ ਸਿੱਖੀ ਦਾ ਪ੍ਰਚਾਰ ਕਰਦੇ ਸਨ। ਉਹ ਦਰਸ਼ਨਾਂ ਨੂੰ ਆਏ। ਉਥੇ ਹੀ ਜੌਨਪੁਰ ਦੀ ਸੰਗਤ ਆਈ। ਜੌਨਪੁਰ ਵਿਚ ਭਾਈ ਗੁਰਬਖਸ਼ ਜੀ ਮਸੰਦ ਸਿੱਖੀ ਪ੍ਰਚਾਰ ਦੀ ਸੇਵਾ ਨਿਭਾ ਰਹੇ ਸਨ। ਉਹ ਸੰਗਤ ਨੂੰ ਲੈ ਕੇ ਆਏ ਸਨ।

ਬਨਾਰਸ ਤੋਂ ਪ੍ਰਯਾਗ (ਅਲਾਹਾਬਾਦ) ਤੇ ਫਿਰ ਅਯੁੱਧਿਆ ਆਏ। ਇਥੋਂ ਲਖਨਊ, ਕਾਨਪੁਰ, ਬ੍ਰਹਮਾਵਰਤ, ਬਠੂਰ, ਆਗਰੇ ਹੁੰਦੇ ਹੋਏ ਮਥਰਾ ਆਏ। ਫਿਰ ਪੀਲੀਭੀਤ ਦੇ ਰਸਤੇ ਨਾਨਕ ਮਤੇ ਆਏ। ਸੰਗਤਾਂ ਇਕ ਸ਼ਹਿਰ ਤੋਂ ਦੂਜੇ ਸ਼ਹਿਰ ਤੱਕ ਗੁਰੂ-ਪਰਿਵਾਰ ਦੇ ਨਾਲ ਹੀ ਆਉਂਦੀਆਂ ਸਨ। ਨਾਨਕ ਮਤੇ ਤੋਂ ਹਰਿਦੁਆਰ, ਸਹਾਰਨਪੁਰ ਦੇ ਰਸਤੇ ਗੁਰੂ-ਪਰਿਵਾਰ ਅੰਬਾਲਾ ਜ਼ਿਲ੍ਹੇ ਦੇ ਕਸਬੇ ਲਖਨੌਰ ਪੁੱਜਿਆ। ਇਥੇ ਹੀ ਗੁਰੂ ਤੇਗ ਬਹਾਦਰ ਜੀ ਵਾਲੀ ਟੋਲੀ ਆ ਗਈ ਸੀ। ਲਖਨੌਰ ਵਿਚ ਸਾਰਾ ਸਾਥ ਦੋ ਮਹੀਨੇ ਟਿਕਿਆ ਰਿਹਾ।

ਕੁਝ ਸਮਾਂ ਪਹਿਲਾਂ ਹੀ ਔਰੰਗਜ਼ੇਬ ਨੇ ਹੁਕਮ ਜਾਰੀ ਕੀਤੇ ਸਨ ਕਿ ਮੁਨਸ਼ੀ, ਮੀਰ ਮੁਨਸ਼ੀ, ਖ਼ਜ਼ਾਨਚੀ ਆਦਿਕ ਸਰਕਾਰੀ ਨੌਕਰੀਆਂ ਤੋਂ ਹਿੰਦੂਆਂ ਨੂੰ ਹਟਾ ਦਿੱਤਾ ਜਾਵੇ। ਉਸ ਦੇ ਹੁਕਮਾਂ ਨੂੰ ਪੂਰੀ ਤਰ੍ਹਾਂ ਲਾਗੂ ਕੀਤਾ ਗਿਆ। ਹਜ਼ਾਰਾਂ ਹਿੰਦੂ ਬੇਰੁਜ਼ਗਾਰ ਹੋ ਗਏ। ਉਨ੍ਹਾਂ ਨੂੰ ਸਰਕਾਰੀ ਮੁਆਮਲਾ ਉਗਰਾਹੁਣ ਤੋਂ ਵੀ ਹਟਾ ਦਿੱਤਾ ਗਿਆ ਸੀ। ਐਸੇ ਹਾਲਾਤ ਵਿਚ ਹਿੰਦੂਆਂ ਦਾ ਘਬਰਾ ਜਾਣਾ ਕੁਦਰਤੀ ਗੱਲ ਹੀ ਸੀ। ਉਨ੍ਹੀਂ ਦਿਨੀਂ, ਆਪਦਾ ਮਾਮਾ ਭਾਈ ਕਿਰਪਾਲ ਚੰਦ ਜੀ ਅਤੇ ਹੋਰ ਉੱਘੇ ਸਿੱਖਾਂ ਦਾ ਕਾਂਸ਼ੀ, ਪ੍ਰਯਾਗ, ਅਯੁੱਧਿਆ, ਮਥਰਾ, ਹਰਿਦੁਆਰ ਆਦਿਕ ਪ੍ਰਸਿੱਧ ਹਿੰਦੂ ਸ਼ਹਿਰਾਂ ਵਿਚ ਕਈ ਦਿਨ ਟਿਕੇ ਰਹਿਣ ਦਾ ਬਹੁਤ ਚੰਗਾ ਅਸਰ ਪਿਆ। ਉਨ੍ਹਾਂ ਦੇ ਹੌਸਲੇ ਬੁਲੰਦ ਹੋਏ।

ਲਖਨੌਰ ਵਿਚ ਪ੍ਰਸਿੱਧ ਸੂਫ਼ੀ ਸੰਤ ਸੱਯਦ ਭੀਖਨ ਸ਼ਾਹ ਜੀ ਦਰਸ਼ਨਾਂ ਨੂੰ ਆਏ। ਸੱਯਦ ਜੀ ਜ਼ਿਲ੍ਹਾ ਅੰਬਾਲਾ ਦੇ 'ਠਸਕਾ' ਨਗਰ ਵਿਚ ਨਿਵਾਸ ਰੱਖ ਰਹੇ ਸਨ। ਆਪ ਦੇ ਵਡੇਰੇ 'ਘੁੜਾਮ' ਵਿਚ ਰਹਿੰਦੇ ਸਨ, ਇਸ ਕਰਕੇ ਆਪ ਵਧੇਰੇ ਕਰਕੇ ਘੁੜਾਮ-ਵਾਸੀ ਹੀ ਪ੍ਰਸਿੱਧ ਹੋ ਗਏ। ਆਪ ਦੇ ਹਜ਼ਾਰਾਂ ਹੀ ਮੁਰੀਦ ਸਨ। ਕਈ ਤਾਂ ਆਪ ਦੇ ਨਾਲ ਦਰਸ਼ਨਾਂ ਨੂੰ ਲਖਨੌਰ ਆਏ ਸਨ। ਸਭ ਦੇ ਸਾਹਮਣੇ ਹੀ ਸੱਯਦ ਭੀਖਨ ਸ਼ਾਹ ਜੀ ਨੇ ਬਾਲ-ਪਾਤਸ਼ਾਹ ਅੱਗੇ ਸਿਜਦਾ ਕੀਤਾ, ਸਿਰ ਨਿਵਾਇਆ।

ਸੰਗਤਾਂ ਸਮੇਤ ਲਖਨੌਰ ਤੋਂ ਚੱਲ ਕੇ ਕਰਤਾਰਪੁਰ ਦੀਆਂ ਸੰਗਤਾਂ ਵਿਚ ਪ੍ਰਚਾਰ ਕਰਨ ਪੁੱਜੇ। ਉਥੇ ਮਾਤਾ ਗੁਜਰੀ ਜੀ ਦੇ ਪਿਤਾ ਲਾਲ ਚੰਦ ਜੀ ਨਾਲ ਮੇਲ ਹੋਇਆ। ਫਿਰ

ਬਕਾਲਾ ਨਗਰ ਆ ਗਏ, ਜਿੱਥੇ ਮਾਤਾ ਨਾਨਕੀ ਜੀ ਤੇ ਹੋਰ ਪਰਿਵਾਰਿਕ ਮੈਂਬਰਾਂ ਨਾਲ ਮੇਲ ਹੋਇਆ। ਲਗਪਗ ਡੇਢ ਸਾਲ ਬਕਾਲੇ ਟਿਕਾਣਾ ਕੀਤਾ ਅਤੇ 1672 ਦੇ ਅਰੰਭ ਵਿਚ ਅਨੰਦਪੁਰ ਸਾਹਿਬ ਲਈ ਚੱਲ ਪਏ। ਸਤਿਗੁਰੂ ਜੀ, ਮਾਤਾ ਨਾਨਕੀ ਜੀ, ਪਤਨੀ (ਮਾਤਾ) ਗੁਜਰੀ ਜੀ, ਸਾਹਿਬਜ਼ਾਦਾ ਗੋਬਿੰਦ ਰਾਏ ਆਦਿ ਮਾਰਚ 1672 ਵਿਚ ਅਨੰਦਪੁਰ ਪੁੱਜੇ। ਇੱਥੇ ਪੁੱਜਣ ਤੇ ਸੰਗਤਾਂ ਨੇ ਨਿੱਘਾ ਸੁਆਗਤ ਕੀਤਾ, ਸਾਰੇ ਨਗਰ ਨੂੰ ਸਜਾਇਆ ਗਿਆ। ਨਗਰ ਨਿਵਾਸੀ ਹਜ਼ਾਰਾਂ ਦੀ ਗਿਣਤੀ ਵਿਚ ਗੁਰੂ-ਪਰਿਵਾਰ ਨੂੰ ਨਗਰ ਵਿਚ ਲੈ ਕੇ ਦਾਖ਼ਲ ਹੋਏ।

### *ਮੁੱਢਲੀ ਵਿੱਦਿਆ*

ਅਨੰਦਪੁਰ ਸਾਹਿਬ ਨੂੰ ਵੱਸਿਆਂ ਪੌਣੇ ਸੱਤ ਸਾਲ ਹੋ ਚੁੱਕੇ ਸਨ। ਇਸ ਸਮੇਂ ਵਿਚ ਨਗਰ ਵਿਚ ਪਾਠਸ਼ਾਲਾ ਅਤੇ ਮਦਰੱਸਾ ਬਣ ਚੁੱਕੇ ਸਨ। ਕਈ ਵਿਦਵਾਨ ਆ ਕੇ ਉਥੇ ਵਿੱਦਿਆ ਪ੍ਰਦਾਨ ਕਰ ਰਹੇ ਸਨ। ਕਈ ਵਿਦਵਾਨਾਂ ਨੇ ਤਾਂ ਔਰੰਗਜ਼ੇਬ ਦੇ ਕਹਿਰ ਤੋਂ ਬਚਣ ਲਈ ਗੁਰੂ ਤੇਗ ਬਹਾਦਰ ਜੀ ਦੀ ਸ਼ਰਨ ਲੈ ਲਈ ਸੀ। ਮਦਰੱਸੇ ਵਿਚ ਪੜ੍ਹਾਉਣ ਦਾ ਕੰਮ ਮੁਨਸ਼ੀ ਮੀਰ ਮੁਹੰਮਦ ਕਾਜ਼ੀ ਕਰ ਰਹੇ ਸਨ। ਉਨ੍ਹਾਂ ਤੋਂ (ਗੁਰੂ) ਗੋਬਿੰਦ ਸਿੰਘ ਜੀ ਨੇ ਅਰਬੀ, ਫ਼ਾਰਸੀ, ਆਦਿਕ ਭਾਸ਼ਾਵਾਂ ਦਾ ਅੱਖਰੀ ਗਿਆਨ ਪ੍ਰਾਪਤ ਕੀਤਾ। ਨਗਰ ਦੀ ਪਾਠਸ਼ਾਲਾ ਤੋਂ ਆਪ ਨੇ ਹਿੰਦੀ ਸਿੱਖ ਲਈ। ਆਪ ਨੇ ਸੰਸਕ੍ਰਿਤ ਦੀ ਉੱਚ ਵਿੱਦਿਆ ਵੀ ਪ੍ਰਾਪਤ ਕੀਤੀ। ਇਸ ਕੰਮ ਲਈ ਮਟਨ-ਨਿਵਾਸੀ ਪੰਡਿਤ ਕਿਰਪਾ ਰਾਮ ਨੂੰ ਬੁਲਾਇਆ ਗਿਆ ਸੀ। ਮਗਰੋਂ ਜਾ ਕੇ ਜਦ ਕਸ਼ਮੀਰੀ ਪੰਡਿਤ ਗੁਰੂ ਤੇਗ ਬਹਾਦਰ ਜੀ ਦੇ ਦਰਬਾਰ ਵਿਚ ਹਾਜ਼ਰ ਹੋਏ ਸਨ ਤਾਂ ਇਹੀ ਪੰਡਿਤ ਕਿਰਪਾ ਰਾਮ ਉਨ੍ਹਾਂ ਦੀ ਅਗਵਾਈ ਕਰ ਰਹੇ ਸਨ।

ਮੁਨਸ਼ੀ ਸਾਹਿਬ ਚੰਦ ਜੀ ਗੁਰੂ ਘਰ ਦੇ ਗ੍ਰੰਥੀ ਸਨ। ਉਹ ਸਿੱਖ ਬੱਚੇ-ਬੱਚੀਆਂ ਨੂੰ ਗੁਰਮਤਿ ਦੀ ਜਾਣਕਾਰੀ ਦੇਣ ਦੇ ਨਾਲ-ਨਾਲ ਪੰਜਾਬੀ ਪੜ੍ਹਾਉਣ ਦੀ ਜ਼ਿੰਮੇਵਾਰੀ ਵੀ ਨਿਭਾ ਰਹੇ ਸਨ। ਉਨ੍ਹਾਂ ਨੇ ਹੀ (ਗੁਰੂ) ਗੋਬਿੰਦ ਰਾਇ ਜੀ ਨੂੰ ਪੰਜਾਬੀ ਪੜ੍ਹਾਈ। ਆਪ ਅੰਮ੍ਰਿਤ ਵੇਲੇ ਅਤੇ ਸ਼ਾਮ ਨੂੰ ਦਰਬਾਰ ਵਿਚ ਹਾਜ਼ਰੀ ਭਰਦੇ ਅਤੇ ਕਥਾ ਕੀਰਤਨ ਦਾ ਰਸ ਮਾਣਦੇ। ਲੌਢੇ ਪਹਿਰ ਹੋਰਨਾਂ ਖੇਡਾਂ ਦੇ ਨਾਲ ਨਾਲ ਸ਼ਸਤਰ ਅਭਿਆਸ ਵੀ ਕਰਦੇ।

ਘੋੜ-ਸਵਾਰੀ ਅਤੇ ਸ਼ਸਤਰ ਵਿੱਦਿਆ ਵੱਲ ਰੁਚੀ ਵੇਖ ਕੇ ਗੁਰੂ ਤੇਗ ਬਹਾਦਰ ਜੀ ਨੇ ਸਿਆਣੇ ਉਸਤਾਦ ਮੁਕੱਰਰ ਕਰ ਦਿੱਤੇ। ਜਲਦੀ ਹੀ ਆਪ ਘੋੜ ਸਵਾਰੀ, ਤੀਰੰਦਾਜ਼ੀ, ਨੇਜ਼ਾ-ਬਾਜ਼ੀ ਤੇ ਤੈਰਾਕੀ ਵਿਚ ਨਿਪੁੰਨ ਹੋ ਗਏ।

ਤਿੰਨ-ਚਾਰ ਸਾਲਾਂ ਵਿਚ (ਗੁਰੂ) ਗੋਬਿੰਦ ਰਾਇ ਜੀ ਨੇ ਸੰਸਾਰੀ, ਵਿਹਾਰੀ ਅਤੇ ਜੰਗੀ ਵਿੱਦਿਆ ਪ੍ਰਾਪਤ ਕਰ ਲਈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਅਧਿਐਨ ਵੀ ਕਰ ਲਿਆ। ਆਪ ਜੀ ਦੀ ਨੁਹਾਰ ਤਿੱਖੀ ਤੇ ਕੱਦ-ਕਾਠ ਭਰਵਾਂ ਨਿਕਲ ਰਿਹਾ ਸੀ।

# ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ

(ਗੁਰੂ) ਗੋਬਿੰਦ (ਸਿੰਘ) ਜੀ ਦਾ ਜਨਮ, ਇਝ ਜਾਪਦਾ ਹੈ, ਮੁਸੀਬਤਾਂ ਨਾਲ ਟੱਕਰ ਲੈਣ ਲਈ ਹੀ ਹੋਇਆ ਸੀ। ਉਹ ਅਜੇ ਨੌਂ ਵਰ੍ਹਿਆਂ ਦੇ ਹੀ ਹੋਏ ਸਨ ਕਿ ਪਿਤਾ ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਹਿੰਦੂਆਂ ਨੂੰ ਔਰੰਗਜ਼ੇਬ ਦੇ ਅਤਿਆਚਾਰਾਂ ਤੋਂ ਬਚਾਉਣ ਦੀ ਖ਼ਾਤਰ 11 ਨਵੰਬਰ, ਸੰਨ 1675 ਨੂੰ ਦਿੱਲੀ ਵਿਚ ਸ਼ਹਾਦਤ ਦੇ ਦਿੱਤੀ। ਸ਼ਹਾਦਤ ਦਾ ਸੰਖੇਪ ਪਿਛੋਕੜ ਇਸ ਪ੍ਰਕਾਰ ਹੈ :

ਜਿਵੇਂ ਕਿ ਪਹਿਲਾਂ ਜ਼ਿਕਰ ਕੀਤਾ ਜਾ ਚੁੱਕਾ ਹੈ ਔਰੰਗਜ਼ੇਬ ਨੇ ਗੱਦੀ ਤੇ ਬੈਠਦਿਆਂ ਹੀ ਹਿੰਦੂਆਂ ਉੱਤੇ ਜ਼ੁਲਮ ਢਾਹੁਣੇ ਸ਼ੁਰੂ ਕਰ ਦਿੱਤੇ ਸਨ।

ਸੰਨ 1669-70 ਵਿਚ ਉਸ ਨੇ ਪੰਜਾਬ ਵੱਲ ਵਿਸ਼ੇਸ਼ ਧਿਆਨ ਦਿੱਤਾ। ਉਸ ਨੇ ਪੂਰੀ ਤਰ੍ਹਾਂ ਮਨ ਬਣਾ ਲਿਆ ਸੀ ਕਿ ਇਸਲਾਮ ਦੇ ਪ੍ਰਚਾਰ ਲਈ ਇਕ ਸਿਰਿਓਂ ਸਿਲਸਿਲੇਵਾਰ ਹੱਥ ਪਾਇਆ ਜਾਵੇ। ਉਸ ਨੇ ਇਸ ਮੰਤਵ ਲਈ ਕਸ਼ਮੀਰ ਦੀ ਚੋਣ ਕੀਤੀ। ਕਸ਼ਮੀਰ ਬ੍ਰਾਹਮਣੀ ਮੱਤ ਦਾ ਗੜ੍ਹ ਸੀ, ਉਥੋਂ ਦੇ ਪੰਡਿਤ ਹਿੰਦੂ ਧਰਮ ਦੇ ਵਿਦਵਾਨ ਕਰਕੇ ਜਾਣੇ ਜਾਂਦੇ ਸਨ। ਔਰੰਗਜ਼ੇਬ ਨੇ ਸੋਚਿਆ ਕਿ ਜੇ ਉਹ ਇਸਲਾਮ ਕਬੂਲ ਕਰ ਲੈਣ ਤਾਂ ਬਾਕੀ ਅਨਪੜ੍ਹ ਤੇ ਮੂੜ੍ਹ ਜਨਤਾ ਨੂੰ ਇਸਲਾਮ ਵਿਚ ਲਿਆਉਣਾ ਆਸਾਨ ਹੋ ਜਾਵੇਗਾ ਤੇ ਅਜਿਹੇ ਵਿਦਵਾਨ ਇਸਲਾਮ ਦੇ ਪ੍ਰਚਾਰਕ ਬਣ ਕੇ ਬਾਕੀਆਂ ਨੂੰ ਦੀਨ ਦੇ ਦਾਇਰੇ ਵਿਚ ਲਿਆਉਣ ਦਾ ਯਤਨ ਕਰਨਗੇ। ਸੋ, ਉਸ ਨੇ ਇਫ਼ਤਖ਼ਾਰ ਖ਼ਾਨ ਨੂੰ ਸ਼ੇਰ ਅਫ਼ਗਾਨ ਦਾ ਖ਼ਿਤਾਬ ਦੇ ਕੇ ਕਸ਼ਮੀਰ ਭੇਜਿਆ।

ਇਫ਼ਤਖਾਰ ਖ਼ਾਨ ਨੇ ਪੰਡਿਤਾਂ ਤੇ ਜ਼ੁਲਮ ਢਾਹੁਣੇ ਆਰੰਭ ਕਰ ਦਿੱਤੇ। ਹਿੰਦੂਆਂ ਨੂੰ ਜਬਰੀਂ ਮੁਸਲਮਾਨ ਬਣਾਇਆ ਜਾਣ ਲੱਗਾ। ਪੰਡਿਤਾਂ ਨੇ ਆਪਣੇ ਧਾਰਮਿਕ ਵਿਸ਼ਵਾਸਾਂ ਮੁਤਾਬਕ ਦੇਵੀ ਦੇਵਤਿਆਂ ਦੀ ਅਰਾਧਨਾ ਕੀਤੀ ਅਤੇ ਉਨ੍ਹਾਂ ਅੱਗੇ ਹਿੰਦੂ ਧਰਮ ਦੀ ਰਾਖੀ ਲਈ ਸਹਾਇਤਾ ਲਈ ਜੋਦੜੀਆਂ ਕੀਤੀਆਂ। ਪਰ ਇਨ੍ਹਾਂ ਜੋਦੜੀਆਂ ਦਾ ਕੋਈ ਅਸਰ ਨਾ ਹੋਇਆ, ਕਿਸੇ ਗ਼ੈਬੀ ਤਾਕਤ ਨੇ ਸਹਾਇਤਾ ਨਾ ਕੀਤੀ। ਅੰਤ ਲਾਚਾਰ ਹੋ ਕੇ ਹਿੰਦੂਆਂ ਨੇ ਭਾਰਤਵਰਸ਼ ਵਿਚੋਂ ਕਿਸੇ ਅਜਿਹੀ ਸ਼ਖ਼ਸੀਅਤ ਦੀ ਭਾਲ ਕਰਨੀ ਆਰੰਭ ਕੀਤੀ ਜੋ ਉਨ੍ਹਾਂ ਦੀ ਬਾਂਹ ਫੜ ਸਕੇ। ਸਭ ਪਾਸੇ ਨਜ਼ਰ ਮਾਰਨ ਮਗਰੋਂ ਉਨ੍ਹਾਂ ਨੂੰ ਇਕ ਅਜਿਹੀ ਸ਼ਖ਼ਸੀਅਤ ਨਜ਼ਰ ਆਈ ਜੋ ਉਨ੍ਹਾਂ ਦੀ ਬਾਂਹ ਫੜ ਸਕਦੀ ਸੀ— ਉਹ ਸਨ ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਜੀ।

ਪੂਰੇ ਦੋ ਸੋ ਸਾਲ ਪਹਿਲਾਂ ਸਿੱਖੀ ਦੇ ਜਨਮ-ਦਾਤਾ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਹੋਇਆ ਸੀ। ਉਨ੍ਹਾਂ ਨੇ ਪੂਰੇ ਭਾਰਤਵਰਸ਼, ਲੰਕਾ ਅਤੇ ਅਰਬ ਦੇਸ਼ਾਂ ਵਿਚ ਜਾ ਕੇ ਸਿੱਖ ਧਰਮ ਦੇ ਨਵੇਂ ਨਿਰੋਏ ਸਿਧਾਂਤਾਂ ਦਾ ਪ੍ਰਚਾਰ ਕੀਤਾ ਸੀ। ਉਨ੍ਹਾਂ ਤੋਂ ਮਗ਼ਰਲੇ ਗੁਰੂ ਸਾਹਿਬਾਨ ਵੀ ਧਰਮ-ਪ੍ਰਚਾਰ ਕਰਦੇ ਰਹੇ ਸਨ। ਗੁਰੂ ਅਰਜਨ ਪਾਤਸ਼ਾਹ ਦੀ ਸ਼ਹੀਦੀ

ਅਤੇ ਗੁਰੂ ਹਰਿਗੋਬਿੰਦ ਦੀ ਤਲਵਾਰ ਤੋਂ ਪੂਰੇ ਦੇਸ਼ ਦੇ ਲੋਕ, ਵਿਸ਼ੇਸ਼ ਤੌਰ ਤੇ ਉੱਤਰੀ ਤੇ ਪੂਰਬੀ ਭਾਰਤ ਦੇ ਲੋਕ, ਪੂਰੀ ਤਰ੍ਹਾਂ ਜਾਣੂ ਸਨ। ਗੁਰੂ ਹਰਿਗੋਬਿੰਦ ਸਾਹਿਬ ਤਾਂ ਪ੍ਰਚਾਰ-ਫੇਰੀ ਉਤੇ ਕਸ਼ਮੀਰ ਵਿਚ ਆਪ ਗਏ ਸਨ। ਉਨ੍ਹਾਂ ਦੀ ਯਾਦ ਅਜੇ ਕਸ਼ਮੀਰੀਆਂ ਦੇ ਮਨ ਵਿਚ ਤਾਜ਼ਾ ਸੀ। ਮਟਨ-ਨਿਵਾਸੀ ਕਿਰਪਾ ਰਾਮ ਨੇ (ਗੁਰੂ) ਗੋਬਿੰਦ ਸਿੰਘ ਜੀ ਨੂੰ ਸੰਸਕ੍ਰਿਤ ਦੀ ਪੜ੍ਹਾਈ ਕਰਾਈ ਸੀ। ਉਸ ਨੇ ਵੀ ਕਸ਼ਮੀਰੀਆਂ ਨੂੰ ਦੱਸਿਆ ਕਿ ਕਿਵੇਂ ਗੁਰੂ ਤੇਗ ਬਹਾਦਰ ਜੀ ਲੋਕਾਂ ਵਿਚ ਜਾਗ੍ਰਿਤੀ ਲਿਆਉਣ ਦੇ ਆਹਰਾਂ ਵਿਚ ਲੱਗੇ ਹੋਏ ਹਨ। ਉਸ ਦੀ ਅਗਵਾਈ ਹੇਠ ਕਸ਼ਮੀਰੀ ਪੰਡਿਤਾਂ (ਵਿਦਵਾਨਾਂ) ਦਾ ਇਕ ਟੋਲਾ 25 ਮਈ, ਸੰਨ 1675 ਨੂੰ[3] ਸਾਹਿਬ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਦਰਬਾਰ ਵਿਚ ਅਨੰਦਪੁਰ ਆਇਆ ਤੇ ਬੇਨਤੀ ਕੀਤੀ ਕਿ ਹਿੰਦੂਆਂ ਨੂੰ ਔਰੰਗਜ਼ੇਬ ਦੇ ਕਹਿਰ ਤੋਂ ਬਚਾਇਆ ਜਾਵੇ ਅਤੇ ਹਿੰਦੂ ਧਰਮ ਦੀ ਡੁੱਬ ਰਹੀ ਕਿਸ਼ਤੀ ਨੂੰ ਬਚਾਇਆ ਜਾਵੇ। ਗੁਰੂ ਤੇਗ ਬਹਾਦਰ ਸਾਹਿਬ ਭਾਵੇਂ ਆਪ ਗੁਰਬਾਣੀ ਦੇ ਪ੍ਰਚਾਰ ਦੁਆਰਾ ਅਤੇ ਦਲੀਲ ਨਾਲ ਸਿੱਖ ਧਰਮ ਦੇ ਉੱਚੇ-ਸੁੱਚੇ ਸਿਧਾਂਤਾਂ ਦਾ ਸ਼ਰਧਾਲੂ ਬਣਾ ਕੇ ਲੋਕਾਂ (ਹਿੰਦੂਆਂ-ਮੁਸਲਮਾਨਾਂ) ਨੂੰ ਸਿੱਖੀ ਦੇ ਦਾਇਰੇ ਵਿਚ ਲਿਆ ਰਹੇ ਸਨ, ਪਰ ਆਪ ਜ਼ੋਰ-ਜ਼ੁਲਮ ਨਾਲ ਕਿਸੇ ਦਾ ਧਰਮ-ਪਰਿਵਰਤਨ ਕਰਨ ਦੇ ਸਖਤ ਵਿਰੁੱਧ ਸਨ। ਗੁਰੂ ਤੇਗ ਬਹਾਦਰ ਜੀ ਨੇ, ਜਿਹੜੇ ਪਹਿਲਾਂ ਹੀ ਆਪਣੀ ਧਰਮ-ਪ੍ਰਚਾਰ ਅਤੇ ਲੋਕ-ਜਾਗ੍ਰਿਤੀ ਦੀ ਫੇਰੀ ਵਿਚ ਲੋਕਾਂ ਨੂੰ 'ਨਾ ਡਰੋ ਤੇ ਨਾ ਡਰਾਓ' ਦਾ ਉਪਦੇਸ਼ ਦਿੰਦੇ ਰਹੇ ਸਨ, ਹਿੰਦੂਆਂ ਨੂੰ ਔਰੰਗਜ਼ੇਬ ਦੀ ਕਰੋਪੀ ਤੋਂ ਬਚਾਉਣ ਦਾ ਮਨ ਬਣਾ ਲਿਆ। ਆਪ ਇਹ ਵੀ ਚਾਹੁੰਦੇ ਸਨ ਕਿ ਲੋਕ ਵੀ ਕੁਰਬਾਨੀ ਦਾ ਰਾਹ ਅਪਣਾਉਣ। ਉਨ੍ਹਾਂ ਨੇ ਇਹ ਜ਼ਰੂਰੀ ਸਮਝਿਆ ਕਿ ਕਮਜ਼ੋਰਾਂ ਵਿਚ ਜਿੰਦ ਪਾਉਣ ਲਈ ਉਨ੍ਹਾਂ (ਕਮਜ਼ੋਰਾਂ) ਦੀ ਖ਼ਾਤਰ ਨਿਡਰ ਹੋ ਕੇ ਆਪਣਾ ਸਿਰ ਪੇਸ਼ ਕੀਤਾ ਜਾਵੇ। ਸੋ, ਆਪ ਨੇ ਸੰਗਤਾਂ ਵਿਚ ਬਚਨ ਕੀਤਾ ਕਿ ਜਦ ਤੱਕ ਕੋਈ ਸਤਿਪੁਰਖ ਆਪਣਾ ਬਲੀਦਾਨ ਨਹੀਂ ਦਿੰਦਾ, ਉਦੋਂ ਤੱਕ ਔਰੰਗਜ਼ੇਬ ਦੇ ਜ਼ੁਲਮ ਨੂੰ ਠੱਲ੍ਹ ਨਹੀਂ ਪਾਈ ਜਾ ਸਕਦੀ।

(ਗੁਰੂ) ਗੋਬਿੰਦ (ਸਿੰਘ) ਜੀ ਵੀ ਗੁਰੂ-ਦਰਬਾਰ ਵਿਚ ਬੈਠੇ ਸਨ। ਗਿਆਨੀ ਗਿਆਨ ਸਿੰਘ ਜੀ ਦੇ ਲਿਖਣ ਅਨੁਸਾਰ ਆਪ ਨੇ ਗੁਰੂ-ਪਿਤਾ ਅੱਗੇ ਹੱਥ ਜੋੜ ਕੇ ਅਰਜ਼ ਕੀਤੀ, "ਮਹਾਰਾਜ! ਆਪ ਨਾਲੋਂ ਧਰਮ ਦਾ ਰਾਖਾ ਤੇ ਪਿਆਰਾ ਸਤਿਪੁਰਖ ਹੋਰ ਕੌਣ ਹੈ?" ਇਹ ਬਚਨ ਸੁਣ ਕੇ ਸਾਰੀ ਸੰਗਤ ਹੱਕੀ-ਬੱਕੀ ਰਹਿ ਗਈ। ਪਰ ਗੁਰੂ ਤੇਗ ਬਹਾਦਰ ਜੀ ਮਨ ਵਿਚ ਬਹੁਤ ਖ਼ੁਸ਼ ਹੋਏ ਅਤੇ ਉਨ੍ਹਾਂ ਉਸੇ ਵਕਤ ਸਭਨਾਂ ਪੰਡਿਤਾਂ ਨੂੰ ਆਖ ਦਿੱਤਾ, "ਤੁਸੀਂ ਬੇਸ਼ੱਕ ਬਾਦਸ਼ਾਹ ਨੂੰ ਲਿਖ ਦਿਓ ਕਿ ਗੁਰੂ ਤੇਗ ਬਹਾਦਰ ਸਾਡੇ ਆਗੂ ਹਨ, ਜੇ ਉਹ ਮੁਸਲਮਾਨ ਬਣ ਜਾਣ ਤਾਂ ਅਸੀਂ ਸਾਰੇ ਹੀ ਇਸਲਾਮ ਕਬੂਲ ਕਰ ਲਵਾਂਗੇ।"

ਪੰਡਿਤ ਉਥੋਂ ਸਿੱਧੇ ਲਾਹੌਰ ਆਏ ਤੇ ਜ਼ਾਲਮ ਖ਼ਾਨ, ਗਵਰਨਰ ਨੂੰ ਬੇਨਤੀ ਕੀਤੀ ਕਿ ਉਨ੍ਹਾਂ ਦਾ ਨਿਰਣਾ ਔਰੰਗਜ਼ੇਬ ਤੱਕ ਪੁਚਾ ਦਿੱਤਾ ਜਾਏ। ਔਰੰਗਜ਼ੇਬ ਨੂੰ ਜਦ ਇਸ

---

3. ਭੱਟ ਵਹੀ ਮੁਲਤਾਨੀ ਸਿੰਧੀ; Dr. Hari Ram Gupta, History of the Sikhs, Vol. I. (1994), p. 209; ਡਾ: ਹਰਜਿੰਦਰ ਸਿੰਘ ਦਿਲਗੀਰ, ਸਿੱਖ ਕੌਣ ਹਨ? (1999), ਪੰਨਾ 105

ਸੰਬੰਧ ਵਿਚ ਹਸਨ-ਅਬਦਾਲ ਵਿਚ ਹਿੰਦੂਆਂ ਦੀ ਬੇਨਤੀ ਪਹੁੰਚਾਈ ਗਈ, ਤਾਂ ਉਹ ਬਹੁਤ ਪ੍ਰਸੰਨ ਹੋਇਆ। ਉਸ ਨੇ ਕਸ਼ਮੀਰ ਦੇ ਗਵਰਨਰ ਇਫ਼ਤਖ਼ਾਰ ਖ਼ਾਨ (ਸ਼ੇਰ ਅਫ਼ਗਾਨ) ਨੂੰ ਲਿਖ ਦਿੱਤਾ ਕਿ ਉਹ ਅਤਿਆਚਾਰਾਂ ਦਾ ਚੱਕਰ ਚਲਾਉਣਾ ਬੰਦ ਕਰੇ ਕਿਉਂਕਿ ਸਾਰੇ ਪੰਡਿਤਾਂ ਨੂੰ ਇਸਲਾਮ ਵਿਚ ਲਿਆਉਣ ਦਾ ਰਾਹ ਲੱਭ ਪਿਆ ਹੈ।

ਉੱਧਰ ਗੁਰੂ ਤੇਗ ਬਹਾਦਰ ਜੀ ਵੀ ਸ਼ਹੀਦ ਹੋਣ ਲਈ ਦਿੱਲੀ ਵੱਲ ਚੱਲ ਪਏ। ਇਹ ਬੜੀ ਅਸਚਰਜ ਗੱਲ ਸੀ ਕਿ 'ਸ਼ਹੀਦ ਹੋਣ ਵਾਲਾ' 'ਸ਼ਹੀਦ ਕਰਨ ਵਾਲੇ' ਕੋਲ ਖ਼ੁਦ ਜਾ ਰਿਹਾ ਸੀ। ਲਾਲਾ ਦੌਲਤ ਰਾਇ ਆਰੀਆ ਇਸ ਨੂੰ ਉਲਟੀ ਗੰਗਾ ਬਹਾਉਣਾ ਲਿਖਦਾ ਹੈ। ਉਹ ਕਹਿੰਦਾ ਹੈ,"ਆਜ ਤੱਕ ਯਿਹ ਤੋ ਹੁਆ ਹੈ ਕਿ ਕਾਤਲ (ਕਤਲ ਕਰਨ ਵਾਲਾ) ਮਕਤੂਲ (ਸ਼ਹੀਦ ਹੋਣ ਵਾਲੇ) ਕੇ ਪਾਸ ਜਾਏ, ਯਿਹ ਨਹੀਂ ਕਿ ਮਕਤੂਲ ਕਾਤਲ ਕੇ ਪਾਸ ਆਏ, ਐਸਾ ਕਰ ਕੇ ਗੁਰੂ ਤੇਗ ਬਹਾਦਰ ਨੇ ਉਲਟੀ ਗੰਗਾ ਬਹਾ ਦੀ।"

ਅਨੰਦਪੁਰੋਂ ਚੱਲਣ ਤੋਂ ਪਹਿਲਾਂ ਆਪ ਨੇ, ਪ੍ਰੋਫ਼ੈਸਰ ਸਾਹਿਬ ਸਿੰਘ ਜੀ ਦੇ ਲਿਖਣ ਅਨੁਸਾਰ, ਸਿੱਖ ਸੰਗਤਾਂ ਨੂੰ ਗੁਰੂ ਗੋਬਿੰਦ ਸਿੰਘ ਜੀ ਦੇ ਲੜ ਲਾ ਦਿੱਤਾ। ਪ੍ਰਿੰਸੀਪਲ ਸਤਿਬੀਰ ਸਿੰਘ ਲਿਖਦੇ ਹਨ,"ਅਨੰਦਪੁਰੋਂ ਤੁਰਨ ਤੋਂ ਪਹਿਲਾਂ ਆਪ ਜੀ ਨੇ ਗੁਰ-ਗੱਦੀ ਦੀ ਜ਼ਿੰਮੇਵਾਰੀ ਗੁਰੂ ਗੋਬਿੰਦ ਸਿੰਘ ਜੀ ਦੇ ਹਵਾਲੇ ਕਰ ਦਿੱਤੀ। 'ਸਹਿ ਟਿਕਾ ਦਿਤੋਸ ਜੀਵਦੇ' ਗੁਰੂ ਘਰ ਦੀ ਪ੍ਰੰਪਰਾ ਹੀ ਸੀ। ਭੱਟ ਵਹੀਆਂ[4] ਦੇ ਅਨੁਸਾਰ ਨੌਵੇਂ ਪਾਤਸ਼ਾਹ ਨੇ 8, ਜੁਲਾਈ 1675 ਨੂੰ ਗੁਰੂ ਗੋਬਿੰਦ ਸਿੰਘ ਜੀ ਨੂੰ ਗੁਰਿਆਈ ਸੌਂਪ ਦਿੱਤੀ ਸੀ।* ਇਹ ਗੱਲ ਠੀਕ ਹੀ ਪ੍ਰਤੀਤ ਹੁੰਦੀ ਹੈ ਕਿ ਨੌਵੇਂ ਪਾਤਸ਼ਾਹ ਨੇ ਦਿੱਲੀ ਨੂੰ ਜਾਣ ਤੋਂ ਪਹਿਲਾਂ ਗੁਰਿਆਈ ਗੁਰੂ ਗੋਬਿੰਦ ਸਿੰਘ ਜੀ ਨੂੰ ਸੌਂਪ ਦਿੱਤੀ ਸੀ। ਪਾਤਸ਼ਾਹ ਨੂੰ ਇਹ ਪੱਕਾ ਪਤਾ ਸੀ ਕਿ ਉਨ੍ਹਾਂ ਨੂੰ ਦਿੱਲੀ ਵਿਚ ਸ਼ਹੀਦ ਹੋਣਾ ਹੀ ਪੈਣਾ ਹੈ। ਇਸ ਲਈ ਗੁਰਿਆਈ ਦਾ ਫ਼ੈਸਲਾ ਉਹ ਕਰਕੇ ਹੀ ਗਏ ਸਨ।

ਗੁਰੂ ਤੇਗ ਬਹਾਦਰ ਜੀ ਭਾਈ ਮਤੀ ਦਾਸ, ਭਾਈ ਸਤੀ ਦਾਸ, ਭਾਈ ਦਿਆਲਾ, ਭਾਈ ਜੈਤਾ, ਭਾਈ ਊਦਾ ਤੇ ਭਾਈ ਗੁਰਦਿੱਤਾ ਜੀ ਆਦਿਕ ਸਿੱਖਾਂ ਸਮੇਤ ਸੰਨ 1675

---

4. ਭੱਟ ਵਹੀ ਦਾ ਹਵਾਲਾ, ਹਰੀ ਰਾਮ ਗੁਪਤਾ, ਪੰਨਾ 210

* ਉਂਝ ਰਵਾਇਤਨ ਇਹ ਗੱਲ ਮੰਨੀ ਜਾਂਦੀ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਉਸੇ ਦਿਨ ਤੋਂ ਗੁਰੂ ਬਣ ਗਏ ਸਨ, ਜਿਸ ਦਿਨ ਸ੍ਰੀ ਗੁਰੂ ਤੇਗ ਬਹਾਦਰ ਜੀ ਨੂੰ ਸ਼ਹੀਦ ਕੀਤਾ ਗਿਆ ਸੀ। ਗਿਆਨੀ ਗਿਆਨ ਸਿੰਘ ਨੇ ਪੰਥ ਪ੍ਰਕਾਸ਼ (ਨਿਵਾਸ 19) ਵਿਚ ਇਹ ਲਿਖਿਆ ਹੈ ਕਿ ਨੌਵੇਂ ਸਤਿਗੁਰਾਂ ਨੇ ਭਾਈ ਗੁਰਦਿੱਤਾ ਜੀ ਨੂੰ, ਭਾਈ ਮਤੀ ਦਾਸ ਤੇ ਭਾਈ ਦਿਆਲਾ ਜੀ ਦੀ ਸ਼ਹੀਦੀ ਮਗਰੋਂ, ਗੁਰਿਆਈ ਦੇ 'ਚਿੰਨ੍ਹ' ਦੇ ਕੇ ਅਨੰਦਪੁਰ ਰਵਾਨਾ ਕਰ ਦਿੱਤਾ ਸੀ। ਪਰ ਇਹ ਗੱਲ ਅਸੰਭਵ ਨਜ਼ਰ ਆਉਂਦੀ ਹੈ, ਕਿਉਂਕਿ ਗੁਰੂ ਤੇਗ ਬਹਾਦਰ ਸਾਹਿਬ ਪਿੰਜਰੇ ਵਿਚ ਕੈਦ ਸਨ, ਉਨ੍ਹਾਂ ਨੂੰ ਸਖ਼ਤ ਤਸੀਹੇ ਦਿੱਤੇ ਜਾ ਰਹੇ ਸਨ ਅਤੇ ਉਨ੍ਹਾਂ ਦੇ ਸਿੱਖਾਂ ਉਤੇ ਸਖ਼ਤ ਨਿਗਰਾਨੀ ਰੱਖੀ ਜਾ ਰਹੀ ਸੀ। ਐਸੇ ਹਾਲਾਤ ਵਿਚ ਕੈਦ ਵਿਚੋਂ ਕਿਸੇ ਸਿੱਖ ਦਾ ਨਿਕਲਣਾ ਅਸੰਭਵ ਜਿਹੀ ਗੱਲ ਜਾਪਦੀ ਹੈ।

ਦੇ ਅੱਧ ਵਿਚ ਦਿੱਲੀ ਵੱਲ ਤੁਰ ਪਏ। ਰਾਹ ਵਿਚ ਲੋਕਾਂ ਨੂੰ ਧੀਰਜ ਦਿੰਦੇ ਗਏ। ਰਵਾਇਤ ਅਨੁਸਾਰ ਰੋਪੜ ਤੋਂ ਸੈਫ਼ਾਬਾਦ ਆਏ। ਉਥੇ ਸੱਯਦ ਸੈਫ਼ ਖ਼ਾਨ ਦੇ ਕੋਲ ਲਗਪਗ ਦੋ ਮਹੀਨੇ ਟਿਕੇ। ਸੈਫ਼ਾਬਾਦ ਤੋਂ ਸਮਾਣਾ ਤੇ ਕੈਥਲ ਹੁੰਦੇ ਹੋਏ ਲਖਣ ਮਾਜਰਾ ਪੁੱਜੇ। ਉਥੋਂ ਰੋਹਤਕ, ਪਲਵਲ ਤੇ ਆਗਰੇ ਵੱਲ ਚੱਲ ਪਏ। ਖੁਫ਼ੀਏ ਔਰੰਗਜ਼ੇਬ ਨੂੰ ਕਾਬਲ ਵਿਚ ਹੀ ਖ਼ਬਰਾਂ ਭੇਜ ਰਹੇ ਸਨ ਕਿ ਗੁਰੂ ਤੇਗ ਬਹਾਦਰ ਜੀ ਦਿੱਲੀ ਲਈ ਚੱਲ ਪਏ ਹਨ ਤੇ ਲੋਕਾਂ ਨੂੰ ਧਰਮ ਉੱਤੇ ਡਟੇ ਰਹਿਣ ਦਾ ਉਪਦੇਸ਼ ਦੇ ਰਹੇ ਹਨ। ਗ਼ੁਲਾਮ ਹੁਸੈਨ ਲਿਖਦਾ ਹੈ, "ਔਰੰਗਜ਼ੇਬ ਨੇ ਲਾਹੌਰ ਦੇ ਹਾਕਮ ਨੂੰ ਲਿਖਿਆ ਕਿ ਗੁਰੂ ਤੇਗ ਬਹਾਦਰ ਜੀ ਨੂੰ ਕੈਦ ਕਰ ਕੇ ਬੰਦੀ ਵਿੱਚ ਰੱਖਿਆ ਜਾਵੇ।" ਆਪ ਜੀ ਨੂੰ ਆਗਰੇ[5] ਤੋਂ ਗ੍ਰਿਫ਼ਤਾਰ ਕਰਕੇ ਦਿੱਲੀ ਲਿਆਂਦਾ ਗਿਆ। ਇਥੇ ਕੋਤਵਾਲੀ ਵਿਚ ਲੋਹੇ ਦੇ ਪਿੰਜਰੇ ਵਿਚ ਕੈਦ ਕਰ ਦਿੱਤਾ ਗਿਆ। ਔਰੰਗਜ਼ੇਬ ਆਪ ਜਲਦੀ ਨਾ ਆ ਸਕਿਆ ਇਸ ਲਈ ਉਸ ਨੇ ਗੁਰੂ ਜੀ ਨੂੰ ਸ਼ਹੀਦ ਕਰਨ ਦਾ ਹੁਕਮ ਦਿੱਲੀ ਭੇਜ ਦਿੱਤਾ। ਇਸ ਦੂਜੇ ਹੁਕਮ ਬਾਰੇ ਗ਼ੁਲਾਮ ਹੁਸੈਨ ਲਿਖਦਾ ਹੈ, "ਬਾਅਦ ਚੰਦ ਰੋਜ਼ ਹੁਕਮਿ ਦੀਗਰ ਦਰ ਬਾਰਾਏ ਤੇਗ ਬਹਾਦਰ ਰਸੀਦ ਕਿ ਊ ਰਾ ਕੁਸ਼ਤਹ ਵਜੂਦਸ਼ ਰਾ ਚੰਦ ਹਿੱਸਾ ਨਮੂਦਹ ਅਤਰਾਫ਼ੇ ਸ਼ਹਿਰ ਬਿਆਵੇਜ਼ੰਦ।" ਭਾਵ : ਕੁਝ ਹੀ ਦਿਨਾਂ ਮਗਰੋਂ ਔਰੰਗਜ਼ੇਬ ਨੇ ਦੂਜਾ ਹੁਕਮ ਭੇਜ ਦਿੱਤਾ ਕਿ, "(ਗੁਰੂ) ਤੇਗ ਬਹਾਦਰ ਨੂੰ ਕਤਲ ਕਰ ਦਿੱਤਾ ਜਾਏ ਤੇ ਉਸ ਦੇ ਜਿਸਮ ਦੇ ਚਾਰ ਟੋਟੇ ਕਰਕੇ ਸ਼ਹਿਰ ਦੇ ਸਭ ਪਾਸੇ ਲਟਕਾ ਦਿੱਤੇ ਜਾਣ।"

ਗੁਰੂ ਪਾਤਸ਼ਾਹ ਨੂੰ ਡਰਾਉਣ ਦੇ ਇਰਾਦੇ ਨਾਲ ਤੁਰਕ ਹਾਕਮਾਂ ਨੇ ਸਤਿਗੁਰੂ ਜੀ ਦੇ ਸਾਹਮਣੇ ਭਾਈ ਮਤੀਦਾਸ ਜੀ ਨੂੰ ਜਿਊਂਦਿਆਂ ਹੀ ਆਰੇ ਨਾਲ ਚਿਰਾਇਆ। ਭਾਈ ਦਿਆਲਾ ਜੀ ਨੂੰ ਉਬਲਦੇ ਪਾਣੀ ਦੀ ਦੇਗ ਵਿਚ ਪਾ ਕੇ ਸ਼ਹੀਦ ਕੀਤਾ ਤੇ ਭਾਈ ਸਤੀਦਾਸ ਜੀ ਨੂੰ ਰੂੰ ਵਿਚ ਲਪੇਟ ਕੇ ਸਾੜ ਦਿੱਤਾ। (ਭਾਈ ਜੈਤਾ ਜੀ, ਭਾਈ ਊਦਾ ਜੀ ਤੇ ਭਾਈ ਗੁਰਦਿੱਤਾ ਜੀ ਗੁਰੂ ਜੀ ਦੀ ਆਗਿਆ ਨਾਲ ਬਾਹਰ ਹੀ ਵਿਚਰ ਰਹੇ ਸਨ, ਤੇ ਸਾਰੇ ਹਾਲਾਤ ਅੱਖੀਂ ਵੇਖ ਰਹੇ ਸਨ।) ਪਰ ਇਹ ਡਰਾਵੇ ਗੁਰੂ ਤੇਗ ਬਹਾਦਰ ਵਰਗੀ ਅਡੋਲ ਰਹਿਣ ਵਾਲੀ ਸ਼ਖ਼ਸੀਅਤ ਉੱਤੇ ਭਲਾ ਕੀ ਅਸਰ ਪਾ ਸਕਦੇ ਸਨ। ਆਖਰ 11 ਨਵੰਬਰ, ਸੰਨ 1675 ਨੂੰ ਸਤਿਗੁਰੂ ਜੀ ਨੂੰ ਤਲਵਾਰ ਨਾਲ ਸ਼ਹੀਦ ਕੀਤਾ ਗਿਆ।

'ਸਿਆਰੁਲ ਮੁਤਾਖਰੀਨ' ਦੇ ਕਥਨ ਅਨੁਸਾਰ ਉਸ ਸਮੇਂ ਇਤਨੀ ਹਨੇਰੀ, ਗੁਬਾਰ ਤੇ ਬੱਦਲ ਆਏ ਕਿ ਚਾਰੇ ਪਾਸੇ ਹਨੇਰਾ ਛਾ ਗਿਆ। ਇਸ ਸਮੇਂ ਭਾਈ ਜੈਤਾ ਜੀ ਨੇ ਹਿੰਮਤ ਕੀਤੀ ਤੇ ਗੁਰੂ ਪਾਤਸ਼ਾਹ ਦਾ ਸੀਸ ਚੁੱਕ ਲਿਆ। ਉਹ ਮੁਸਲਮਾਨੀ ਭੇਸ ਵਿਚ

---

5. ਭੱਟ ਵਹੀ, ਮੁਲਤਾਨੀ ਸਿੰਧੀ, ਮੁਤਾਬਿਕ ਆਪ ਨੂੰ ਰੋਪੜ ਪੁਲਿਸ ਚੌਕੀ ਦੇ ਮੁਹੰਮਦ ਖ਼ਾਨ ਮਿਰਜ਼ਾ ਨੇ 12 ਸਾਵਣ ਸੰਮਤ 1732 (11 ਜੁਲਾਈ ਸੰਨ 1675) ਵਿਚ ਪਿੰਡ ਮਲਿਕਪੁਰ ਰੰਘੜਾਂ ਤੋਂ ਗ੍ਰਿਫ਼ਤਾਰ ਕਰਕੇ, ਸਰਹੰਦ ਪਹੁੰਚਾਇਆ। ਉਥੋਂ ਬਸੀ ਪਠਾਣਾ ਲਿਜਾ ਕੇ ਬੰਦੀਖਾਨੇ ਵਿਚ ਰੱਖਿਆ ਤੇ ਤਸੀਹੇ ਦਿੱਤੇ। ਪੌਣੇ ਚਾਰ ਮਹੀਨੇ ਕੈਦ ਰੱਖਣ ਮਗਰੋਂ ਦਿੱਲੀ ਪਹੁੰਚਾਇਆ ਗਿਆ।

ਘੁੰਮ ਰਹੇ ਸਨ। ਉਹ ਸੀਸ ਲੈ ਕੇ ਅਨੰਦਪੁਰ ਨੂੰ ਚਲ ਪਏ।

ਸ: ਮਹਿੰਦਰ ਸਿੰਘ 'ਜੋਸ਼' ਨੇ ਆਪਣੀ ਪੁਸਤਕ 'ਜੀਵਨ ਗਾਥਾ ਗੁਰੂ ਤੇਗ ਬਹਾਦਰ ਸਾਹਿਬ ਅਤੇ ਸਿੱਖ ਇਨਕਲਾਬ' ਵਿਚ ਗੁਰੂ ਤੇਗ ਬਹਾਦਰ ਜੀ ਦੇ ਧੜ ਅਤੇ ਸੀਸ ਦੀ ਸੰਭਾਲ ਦਾ ਵੇਰਵਾ ਨਵੀਨ ਖੋਜ ਦੇ ਆਧਾਰ 'ਤੇ ਪੰਨਾ 96-100 ਉੱਤੇ ਦਿੱਤਾ ਹੈ, ਜਿਸਦਾ ਸਾਰ ਇਸ ਪ੍ਰਕਾਰ ਹੈ :

ਗੁਰੂ ਤੇਗ ਬਹਾਦਰ ਜੀ ਨੂੰ ਸ਼ਹੀਦ ਕਰਨ ਤੋਂ ਪਹਿਲਾਂ ਸ਼ਾਹੀ ਕਾਜ਼ੀ ਅਬਦੁਲ ਵਹਾਬ ਨੇ ਫ਼ਤਵਾ ਜਾਰੀ ਕੀਤਾ ਸੀ ਕਿ ਅਗਲੇ ਦਿਨ ਗੁਰੂ ਜੀ ਦੇ ਸਰੀਰ ਦੇ ਚਾਰ ਟੋਟੇ ਕਰ ਕੇ ਸ਼ਹਿਰ ਦੇ ਚਾਰ ਮੁੱਖ ਦਰਵਾਜ਼ਿਆਂ (ਗੇਟਾਂ–ਦਿੱਲੀ ਗੇਟ, ਕਸ਼ਮੀਰੀ ਗੇਟ, ਲਾਹੌਰੀ ਗੇਟ ਅਤੇ ਅਜਮੇਰੀ ਗੇਟ) 'ਤੇ ਟੰਗ ਦਿੱਤੇ ਜਾਣ, ਉੱਨਾਂ ਚਿਰ ਉਨ੍ਹਾਂ ਦਾ ਸਰੀਰ ਬਰੋਟੇ ਥੱਲੇ ਮੈਦਾਨ ਵਿਚ ਹੀ ਪਿਆ ਰਹੇ। ਸਿੱਖ ਨੌਜਵਾਨ ਇਹ ਗੱਲ ਕਦੇ ਵੀ ਸਹਿਨ ਨਹੀਂ ਸਨ ਕਰ ਸਕਦੇ। ਇਸ ਲਈ ਨੌਜਵਾਨ ਸੂਰਬੀਰਾਂ–ਭਾਈ ਨਾਨੂੰ, ਭਾਈ ਤੁਲਸੀ (ਦੋਵੇਂ ਭਾਈ ਬਾਘਾ 'ਛੀਂਬਾ' ਦੇ ਸਪੁੱਤਰ), ਭਾਈ ਜੈਤਾ ਸਪੁੱਤਰ ਆਗਿਆ ਰਾਮ (ਰੰਘਰੇਟਾ), ਭਾਈ ਊਦਾ ਸਪੁੱਤਰ ਖੇਮ ਚੰਦ (ਰਾਠੌਰ), ਆਦਿ ਭਾਈ ਕਲਿਆਣਾ ਜੀ ਦੀ ਧਰਮਸ਼ਾਲਾ ਵਿਚ ਇਕੱਤਰ ਹੋਏ, ਫਿਰ ਹੋਰ ਸੁਰੱਖਿਅਤ ਥਾਂ ਭਾਈ ਨਾਨੂੰ ਜੀ ਦੇ ਘਰ ਚਲੇ ਗਏ। ਉੱਥੇ ਜਾ ਕੇ ਗੁਰੂ ਜੀ ਦੇ ਸਰੀਰ ਦੀ ਸੰਭਾਲ ਬਾਰੇ ਵਿਚਾਰਾਂ ਕੀਤੀਆਂ।

ਇੱਥੇ ਹੀ ਇਹ ਪਤਾ ਲੱਗਾ ਕਿ ਭਾਈ ਲੱਖੀ ਸ਼ਾਹ ਵਣਜਾਰਾ ਤੇ ਉਸ ਦੇ ਤਿੰਨ ਨੌਜਵਾਨ ਸਪੁੱਤਰ–ਭਾਈ ਨਗਾਹੀਆ, ਹੇਮਾ ਤੇ ਹਾੜੀ, ਨਾਰਨੌਲ ਤੋਂ ਆ ਕੇ ਆਪਣੇ ਟਾਂਡੇ (ਸਮਾਨ ਦੀ ਢੋਆ-ਢੁਆਈ ਲਈ ਗੱਡਿਆਂ ਦਾ ਵੱਡਾ ਕਾਫ਼ਲਾ) ਸਮੇਤ ਜਮਨਾ ਕਿਨਾਰੇ ਠਹਿਰੇ ਹੋਏ ਹਨ। ਭਾਈ ਲੱਖੀ ਸ਼ਾਹ ਨਾਲ ਸੰਪਰਕ ਕਰਕੇ ਇਨ੍ਹਾਂ ਸਿੰਘਾਂ ਨੇ ਗੁਰੂ ਜੀ ਦੇ ਸਰੀਰ ਦੀ ਸੰਭਾਲ ਦੀ ਵਿਉਂਤ ਬਣਾਈ।

ਵਿਉਂਤ ਅਨੁਸਾਰ ਲੱਖੀ ਸ਼ਾਹ ਜੀ ਦਾ ਟਾਂਡਾ ਜਮਨਾ ਨਦੀ ਤੋਂ ਕੋਤਵਾਲੀ ਵੱਲ ਆਇਆ। ਭਾਈ ਨਾਨੂੰ, ਜੈਤਾ, ਊਦਾ ਤੇ ਆਗਿਆ ਰਾਮ ਵੀ ਟਾਂਡੇ ਨਾਲ ਕੋਤਵਾਲੀ ਕੋਲ ਆ ਗਏ। ਭਾਈ ਜੈਤਾ ਜੀ ਤੇ ਭਾਈ ਊਦਾ ਜੀ ਨੇ ਬੜੀ ਫੁਰਤੀ ਨਾਲ ਗੁਰੂ ਜੀ ਦਾ ਸੀਸ ਚੁੱਕ ਲਿਆ ਤੇ ਜੈਤਾ ਜੀ ਦੇ ਘਰ ਲੈ ਆਏ। ਹਨੇਰੇ ਵਿਚ ਕਿਸੇ ਨੂੰ ਪਤਾ ਨਾ ਲੱਗਾ। ਉਂਝ ਵੀ ਸਰਕਾਰੀ ਸਿਪਾਹੀਆਂ ਨੂੰ ਪੂਰਾ ਵਿਸ਼ਵਾਸ ਸੀ ਕਿ ਕੋਈ ਵੀ ਵਿਅਕਤੀ ਗੁਰੂ ਦੇ ਸਰੀਰ ਨੂੰ ਹੱਥ ਵੀ ਨਹੀਂ ਲਾ ਸਕਦਾ। ਭਾਈ ਜੈਤਾ, ਨਾਨੂੰ ਤੇ ਊਦਾ ਜੀ ਸੀਸ ਲੈ ਕੇ ਅਨੰਦਪੁਰ ਵੱਲ ਤੁਰ ਪਏ।

ਭਾਈ ਲੱਖੀ ਸ਼ਾਹ, ਉਸ ਦੇ ਤਿੰਨੋਂ ਪੁੱਤਰਾਂ ਅਤੇ ਭਾਈ ਕਾਹਨਾ ਜੀ ਦੇ ਸਪੁੱਤਰ ਭਾਈ ਧੂਮਾ ਜੀ ਨੇ ਗੁਰੂ ਜੀ ਦਾ ਪਵਿੱਤਰ ਧੜ ਚੁੱਕ ਕੇ ਇਕ ਗੱਡੇ ਵਿਚ ਰੱਖ ਲਿਆ ਤੇ ਭਾਈ ਲੱਖੀ ਸ਼ਾਹ ਜੀ ਦੇ ਘਰ ਪਿੰਡ ਰਾਇਸੀਨਾ (ਰਕਾਬ ਗੰਜ) ਵਿਖੇ ਲੈ ਆਏ। ਇਥੇ ਭਾਈ ਲੱਖੀ ਸ਼ਾਹ ਜੀ ਨੇ ਧੜ ਨੂੰ ਆਪਣੇ ਘਰ ਵਿਚ ਰੱਖ ਕੇ ਘਰ ਨੂੰ ਅੱਗ ਲਗਾ

ਦਿੱਤੀ।[6] ਹੁਣ ਇੱਥੇ ਗੁਰਦੁਆਰਾ ਰਕਾਬਗੰਜ ਸੁਸ਼ੋਭਿਤ ਹੈ। ਜਿੱਥੇ ਸ਼ਹੀਦੀ ਹੋਈ ਸੀ, ਉੱਥੇ ਗੁਰਦੁਆਰਾ 'ਸੀਸ ਗੰਜ' ਸਾਹਿਬ ਹੈ। ਇਹ ਦੋਵੇਂ ਗੁਰਦੁਆਰੇ ਸਰਦਾਰ ਬਘੇਲ ਸਿੰਘ ਨੇ ਸੰਨ 1783 ਵਿਚ ਬਣਵਾਏ ਸਨ। (Historical Sikh Shrines, p. 280 by S. Gurmukh Singh).

ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ ਨੇ ਸਿੱਖ ਲਹਿਰ ਨੂੰ ਹੋਰ ਮਜ਼ਬੂਤ ਕੀਤਾ। ਜਿੱਥੇ ਸਿੱਖ ਇਨਕਲਾਬ ਚੜ੍ਹਦੀ ਕਲਾ ਵੱਲ ਗਿਆ, ਉੱਥੇ ਮੁਗ਼ਲ ਰਾਜ ਦਾ ਪਤਨ ਹੋਣਾ ਆਰੰਭ ਹੋ ਗਿਆ। ਇਸੇ ਲਈ ਭਾਈ ਰਤਨ ਸਿੰਘ ਭੰਗੂ ਨੇ 'ਪ੍ਰਾਚੀਨ ਪੰਥ ਪ੍ਰਕਾਸ਼' ਵਿਚ ਲਿਖਿਆ ਸੀ :

ਤਬ ਤੇ ਘਟੀ ਪਾਤਸਾਹੀ ਦਿੱਲੀ।
ਤਬ ਤੇ ਤੁਰਕ ਕਲਾ ਭਈ ਢਿੱਲੀ।

---

6. ਇਹ ਜਾਣਕਾਰੀ ਇਨ੍ਹਾਂ ਸ੍ਰੋਤਾਂ ਤੋਂ ਵੀ ਮਿਲਦੀ ਹੈ :
(ੳ) ਭੱਟ ਵਹੀ ਮੁਲਤਾਨੀ ਸਿੰਧੀ, ਖਾਤਾ ਉਦਾਸਿਓਂ ਕਾ
(ਅ) ਭੱਟ ਵਹੀ ਜਾਦੋਬੰਸੀਆਂ, ਖਾਤਾ ਬੜਤੀਏ ਕਨਾਉਤੋਂ ਕਾ
(ੲ) ਗੁਰੂ ਕੀਆਂ ਸਾਖੀਆਂ (ਭਾਈ ਸਰੂਪ ਸਿੰਘ ਕੌਸ਼ਿਸ਼, ਸੰਪਾ: ਪਿਆਰਾ ਸਿੰਘ ਪਦਮ), ਸਾਖੀ ਨੰ. 30, 31, 32 ਅਤੇ 33

# ਅਨੰਦਪੁਰ ਵਿਚ ਤਿਆਰੀਆਂ

ਗੁਰੂ ਗੋਬਿੰਦ ਸਿੰਘ ਜੀ ਨੇ ਜਦੋਂ ਗੁਰਿਆਈ ਦੀ ਜ਼ਿੰਮੇਵਾਰੀ ਸੰਭਾਲੀ ਤਾਂ ਉਨ੍ਹਾਂ ਦੀ ਉਮਰ ਕੇਵਲ ਨੌਂ ਵਰ੍ਹਿਆਂ ਦੀ ਸੀ। ਗੁਰੂ ਨਾਨਕ ਪਾਤਸ਼ਾਹ ਦੀ ਜੋਤ ਦੇ ਧਾਰਨੀ ਬਣ ਕੇ ਉਨ੍ਹਾਂ ਨੇ ਇਸ ਉਮਰ ਵਿਚ ਹੀ ਸਿੱਖ ਸੰਗਤਾਂ ਦੀ ਅਗਵਾਈ ਇਸ ਢੰਗ ਨਾਲ ਕੀਤੀ ਕਿ ਵਡੇਰੀ ਉਮਰ ਵਾਲੇ ਵੀ ਵੇਖ ਕੇ ਦੰਗ ਰਹਿ ਗਏ। ਉਸ ਸਮੇਂ ਇਕ ਤਾਂ ਗੁਰਗੱਦੀ ਉਤੇ ਹੱਕ ਜਮਾਉਣ ਵਾਲੇ ਅਨੇਕਾਂ ਬੰਦੇ ਆਪਣੇ ਇਸ ਨਾਪਾਕ ਇਰਾਦੇ ਦੀ ਪੂਰਤੀ ਲਈ ਯਤਨਸ਼ੀਲ ਸਨ। ਦੂਜੇ ਸਿੱਖਾਂ ਦੀ ਵਿਚਾਰਧਾਰਾ ਨਾਲ ਈਰਖਾ ਕਰਨ ਵਾਲੇ ਬ੍ਰਾਹਮਣ ਤੇ ਉਨ੍ਹਾਂ ਦੇ ਅਨੁਯਾਈ ਵੀ ਸਰਗਰਮ ਸਨ, ਤੀਜੇ ਮਸੰਦਾਂ ਦੀ ਬਹੁ ਗਿਣਤੀ ਵੀ ਲੋਕਾਂ ਨੂੰ ਗੁਰੂ-ਘਰ ਨਾਲ ਜੋੜਨ ਅਤੇ ਗੁਰੂ-ਪਾਤਸ਼ਾਹ ਦੇ ਹੁਕਮਾਂ ਉਪਰ ਤੋਰਨ ਦੀ ਥਾਂ ਉਤੇ ਦਸਵੰਧ ਦੀ ਮਾਇਆ ਨਾਲ ਆਪਣੇ ਲਈ ਸੁਖ ਦੇ ਸਾਧਨ ਜੁਟਾਉਣ ਵਿਚ ਲੱਗੀ ਹੋਈ ਸੀ, ਚੌਥੇ ਨਕਸ਼ਬੰਦੀ ਮੁਸਲਮਾਨਾਂ ਦਾ ਫ਼ਿਰਕਾ ਗੁਰੂ ਅਰਜਨ ਪਾਤਸ਼ਾਹ ਦੇ ਸਮੇਂ ਤੋਂ ਹੀ ਸਿੱਖੀ ਨੂੰ ਮੁਕਾਉਣ ਦੇ ਆਹਰਾਂ ਵਿਚ ਲੱਗ ਪਿਆ ਸੀ। ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਕਰਕੇ 'ਬਾਬੇ ਕਿਆਂ' (ਸਿੱਖਾਂ) ਤੇ 'ਬਾਬਰ ਕਿਆਂ' (ਮੁਗ਼ਲਾਂ) ਵਿਚ ਟੱਕਰ ਹੋਣੀ ਵੀ ਨਿਸ਼ਚਿਤ ਹੋ ਗਈ। ਗੁਰੂ ਗੋਬਿੰਦ ਸਿੰਘ ਜੀ ਨੇ ਨੌਂ ਸਾਲ ਦੀ ਉਮਰ ਵਿਚ ਹੀ ਅਜਿਹੇ ਹਾਲਾਤ ਨਾਲ ਟੱਕਰ ਲੈਣ ਦਾ ਫ਼ੈਸਲਾ ਕਰ ਲਿਆ। ਗੁਰੂ ਗੋਬਿੰਦ ਸਿੰਘ ਜੀ ਦੇ ਇਸ ਫ਼ੈਸਲੇ ਬਾਰੇ ਇਤਿਹਾਸਕਾਰ ਕਨਿੰਘਮ ਲਿਖਦਾ ਹੈ, "ਗੁਰੂ ਗੋਬਿੰਦ ਸਿੰਘ ਜੀ ਨੇ ਪਿਤਾ ਦੀ ਸ਼ਹਾਦਤ ਦੇ ਕਾਰਨਾਂ ਨੂੰ ਘੋਖਿਆ, ਔਰੰਗਜ਼ੇਬ ਦੀ ਤੁਅੱਸਬੀ ਧਾਰਮਿਕ ਨੀਤੀ ਨੂੰ ਵੇਖਿਆ। ਅੰਦਰਲੀ ਸੂਝ, ਗਿਆਨ ਤੇ ਤਜਰਬੇ ਨੇ ਉਨ੍ਹਾਂ ਨੂੰ ਇਹ ਪ੍ਰਗਟ ਕਰ ਦਿੱਤਾ ਕਿ ਉਹ ਆਪਣੇ ਹਮਵਤਨਾਂ ਨੂੰ ਮੁੜ ਨਵੇਂ ਸਿਰੇ ਤੋਂ ਉਠਾਉਣ ਅਤੇ (ਗੁਰੂ) ਨਾਨਕ ਜੀ ਦੇ ਮੁੱਖ ਸਿਧਾਂਤਾਂ ਨੂੰ ਟੀਚਾ ਮਿੱਥ ਕੇ ਵਿਆਪਕ ਪੱਧਰ ਤੇ ਵਿਵਹਾਰਿਕ ਰੂਪ ਦੇਣ।"

ਸੋ, ਗੁਰੂ ਪਾਤਸ਼ਾਹ ਨੇ ਗੁਰਗੱਦੀ ਤੇ ਬੈਠਦਿਆਂ ਹੀ ਭਵਿੱਖ ਵਿਚ ਆਉਣ ਵਾਲੀਆਂ ਮੁਸ਼ਕਲਾਂ ਦੇ ਟਾਕਰੇ ਦੀ ਤਿਆਰੀ ਕਰਨੀ ਅਰੰਭ ਕਰ ਦਿੱਤੀ। ਆਪ ਨੇ ਸਿੱਖ ਨੌਜੁਆਨਾਂ ਅੰਦਰ ਸ਼ਸਤਰ-ਵਿੱਦਿਆ, ਘੋੜ-ਸਵਾਰੀ, ਸ਼ਿਕਾਰ, ਤੈਰਨਾ ਆਦਿਕ ਮਰਦਾਵੀਆਂ ਖੇਡਾਂ ਵੱਲ ਰੁਚੀ ਵਧਾਉਣੀ ਸ਼ੁਰੂ ਕਰ ਦਿੱਤੀ। ਸੰਗਤਾਂ ਨੂੰ ਤਿਆਰ-ਬਰ-ਤਿਆਰ ਰਹਿਣ, ਸ਼ਸਤਰ ਧਾਰਨ ਕਰਨ, ਸ਼ਸਤਰਾਂ ਦੇ ਅਭਿਆਸ ਕਰਨ ਅਤੇ ਗੁਰ-ਦਰਬਾਰ ਵਿਚ ਵਧੀਆ ਤੋਂ ਵਧੀਆ ਸ਼ਸਤਰਾਂ ਦੀ ਭੇਟਾ ਲਿਆਉਣ ਦੇ ਹੁਕਮ ਕੀਤੇ। ਇਨ੍ਹਾਂ ਹੁਕਮਾਂ ਨੂੰ ਸੁਣ ਕੇ ਗੁਰਸਿੱਖ ਸ਼ਸਤਰ ਅਤੇ ਜੁਆਨੀਆਂ ਭੇਟ ਕਰਨ ਲਈ ਅਨੰਦਪੁਰ ਸਾਹਿਬ ਪੁੱਜਣ ਲਗ ਪਏ। ਅਨੰਦਪੁਰ ਵਿਚ ਗੁਰੂ ਜੀ ਨੇ ਜੰਗੀ-ਮਸ਼ਕਾਂ (ਟਰੇਨਿੰਗ) ਕਰਾਉਣੀਆਂ ਅਰੰਭ ਕਰ ਦਿੱਤੀਆਂ। ਹੋਰ ਦਲੇਰੀ ਭਰਨ ਲਈ ਮੁਕਾਬਲੇ ਵੀ ਕਰਵਾਉਣ ਲਗ ਪਏ।

ਆਤਮ-ਨਿਰਭਰਤਾ ਭਰਨ ਲਈ ਅਨੰਦਪੁਰ ਵਿਚ ਹੀ ਸ਼ਸਤਰ ਬਣਾਉਣ ਤੇ ਬੰਦੂਕਾਂ ਢਾਲਣ ਦੇ ਕਾਰਖਾਨੇ ਵੀ ਬਣਾ ਦਿੱਤੇ। ਕਿਲ੍ਹਿਆਂ ਦੀ ਉਸਾਰੀ ਆਰੰਭ ਹੋ ਗਈ। ਚਮੜੇ ਦਾ ਕਾਰਖ਼ਾਨਾ ਵੀ ਲਗਾਇਆ ਗਿਆ।

### *ਰਾਜਾ ਰਾਮ ਸਿੰਘ ਵਲੋਂ ਘੋੜਿਆਂ ਦੀ ਭੇਟਾ*

ਰਾਜਾ ਰਾਮ ਸਿੰਘ ਅਜੇ ਆਸਾਮ ਵਿਚ ਹੀ ਸੀ ਕਿ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਹੋ ਗਈ। ਜਦ ਉਹ ਦਿੱਲੀ ਪੁੱਜਾ, ਤਾਂ ਉਸ ਨੂੰ ਗੁਰੂ ਪਾਤਸ਼ਾਹ ਦੀ ਸ਼ਹੀਦੀ ਬਾਰੇ ਜਾਣ ਕੇ ਬਹੁਤ ਦੁੱਖ ਹੋਇਆ। ਉਹ ਗੁਰੂ ਜੀ ਦੇ ਪਰਉਪਕਾਰਾਂ ਨੂੰ ਭਲਾ ਕਿਵੇਂ ਭੁਲਾ ਸਕਦਾ ਸੀ। ਔਰੰਗਜ਼ੇਬ ਦਿੱਲੀ ਤੋਂ ਅਜਮੇਰ ਵੱਲ ਚਲਾ ਗਿਆ ਸੀ। ਰਾਜਾ ਰਾਮ ਸਿੰਘ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਦਰਸ਼ਨਾਂ ਨੂੰ ਅਨੰਦਪੁਰ ਆਇਆ। ਉਸ ਨੇ ਪੰਜ ਵਧੀਆ ਘੋੜੇ ਭੇਟ ਕੀਤੇ।

### *ਰਾਜਾ ਰਤਨ ਰਾਇ ਵਲੋਂ ਹਾਥੀ ਤੇ ਸ਼ਸਤਰਾਂ ਦੀ ਭੇਟਾ*

ਗੁਰੂ ਤੇਗ ਬਹਾਦਰ ਸਾਹਿਬ ਦੇ ਪੂਰਬ ਦੇਸ਼ ਦੇ ਦੌਰੇ ਸਮੇਂ ਧੁਬੜੀ ਵਿਖੇ ਹੀ ਪੂਰਬੀ ਬੰਗਾਲ ਦੇ ਸ਼ਹਿਰ ਗੌਰੀਪੁਰ ਦਾ ਜਾਗੀਰਦਾਰ ਰਾਜਾ ਰਾਮ ਰਾਇ, ਗੁਰੂ ਜੀ ਦਾ ਸੇਵਕ ਬਣਿਆ ਸੀ। ਉਸ ਦੇ ਮਰਨ ਉਪਰੰਤ, ਉਸ ਦਾ ਪੁੱਤਰ ਰਤਨ ਰਾਇ ਆਪਣੀ ਮਾਤਾ, ਰਾਣੀ ਸਵਰਨਮਤੀ, ਸਮੇਤ ਗੁਰੂ ਗੋਬਿੰਦ ਸਿੰਘ ਜੀ ਦੇ ਦਰਸ਼ਨ ਕਰਨ ਆਇਆ। ਕਈ ਕਿਸਮ ਦੇ ਸ਼ਸਤਰ ਅਤੇ ਘੋੜੇ ਉਸ ਨੇ ਭੇਟਾ ਕੀਤੇ। ਇਕ ਚੰਗਾ ਗਿਝਾਇਆ ਹੋਇਆ ਸਫ਼ੈਦ ਹਾਥੀ ਵੀ ਭੇਟਾ ਕੀਤਾ, ਜਿਸ ਦਾ ਨਾਮ ਸਿੱਖ ਇਤਿਹਾਸ ਵਿਚ 'ਪ੍ਰਸਾਦੀ ਹਾਥੀ' ਕਰਕੇ ਆਇਆ ਹੈ। ਸ਼ਸਤਰਾਂ ਵਿਚ ਇਕ ਪੰਜ-ਕਲਾ ਸ਼ਸਤਰ ਵੀ ਸੀ, ਜਿਸ ਤੋਂ ਵੱਖ-ਵੱਖ ਹਥਿਆਰਾਂ ਦੇ ਕੰਮ ਲਏ ਜਾ ਸਕਦੇ ਸਨ।

### *ਕਾਬਲ, ਕੰਧਾਰ ਆਦਿਕ ਦੁਰੇਡੇ ਦੇਸ਼ਾਂ ਦੀਆਂ ਸੰਗਤਾਂ ਦਾ ਆਉਣਾ*

ਸੰਨ 1679 ਦੀ ਵਿਸਾਖੀ ਨੂੰ ਕਾਬਲ, ਕੰਧਾਰ, ਬਲਖ, ਬੁਖਾਰੇ, ਗ਼ਜ਼ਨੀ ਆਦਿਕ ਦੇਸ਼ਾਂ ਦੀ ਇਕ ਵੱਡੀ ਸੰਗਤ ਦਸਮੇਸ਼ ਜੀ ਦੇ ਦਰਸ਼ਨਾਂ ਨੂੰ ਆਈ। ਸ਼ਰਧਾਲੂ ਗੁਰਸਿੱਖਾਂ ਨੇ ਧੁੱਸੇ (ਵਧੀਆ ਗਰਮ ਸ਼ਾਲ), ਗਲੀਚੇ, ਚਾਦਰਾਂ ਆਦਿ ਉੱਨ ਦੀਆਂ ਸੁਗਾਤਾਂ ਭੇਟ ਕੀਤੀਆਂ। ਇਨ੍ਹਾਂ ਸਭ ਸੁਗਾਤਾਂ ਵਿਚ ਸਭ ਤੋਂ ਸੁੰਦਰ ਅਤੇ ਕੀਮਤੀ ਸੁਗਾਤ ਪਸ਼ਮੀਨੇ ਦੀ ਚਾਨਣੀ ਸੀ। ਇਹ ਕਾਬਲ ਦੇ ਸਿੱਖ ਭਾਈ ਦੁਨੀ ਚੰਦ ਨੇ ਭੇਟਾ ਕੀਤੀ।

### *ਰਣਜੀਤ ਨਗਾਰਾ*

ਗੁਰੂ ਗੋਬਿੰਦ ਸਿੰਘ ਜੀ ਨੇ ਸੰਨ 1680 ਵਿਚ ਇਕ ਵੱਡਾ ਧੌਂਸਾ ਤਿਆਰ ਕਰਵਾਇਆ। ਇਸ ਦਾ ਨਾਮ ਉਨ੍ਹਾਂ ਰਣਜੀਤ ਨਗਾਰਾ ਰੱਖਿਆ ਅਤੇ ਇਸ ਨੂੰ ਕਿਲ੍ਹਾ ਅਨੰਦਗੜ੍ਹ ਵਿਚ ਸਥਾਪਿਤ ਕੀਤਾ। ਇਹ ਨਗਾਰਾ ਸਵੇਰੇ ਸ਼ਾਮ ਦੋਵੇਂ ਵੇਲੇ ਵਜਾਇਆ ਜਾਂਦਾ। ਇਸ ਤੋਂ ਸਿਵਾ ਗੁਰੂ ਜੀ ਦੇ ਸ਼ਿਕਾਰ ਖੇਡਣ ਜਾਣ ਅਤੇ ਵਾਪਸ ਆਉਣ ਸਮੇਂ, ਤੇ ਗੁਰੂ ਜੀ ਦੇ ਗੁਰ-ਦਰਬਾਰ ਵਿਚ ਆਉਣ ਤੇ ਵਾਪਸ ਜਾਣ ਦੇ ਸਮੇਂ ਵਜਾਇਆ

ਜਾਂਦਾ ਸੀ। ਇਹ ਨਗਾਰਾ ਸਿੱਖ-ਨੌਜੁਆਨਾਂ ਨੂੰ ਬੀਰ-ਰਸ ਦਾ ਹੁਲਾਰਾ ਦੇਣ ਲਗ ਪਿਆ ਸੀ।

ਝੂਲਦੇ ਨਿਸ਼ਾਨ ਅਤੇ ਨਗਾਰਾ ਸੁਤੰਤਰ ਰਾਜ ਦੇ ਚਿੰਨ੍ਹ ਗਿਣੇ ਜਾਂਦੇ ਹਨ। 'ਮੈਗਰੇਗਰ' ਨੇ ਸਿਰਫ਼ ਨਗਾਰਾ ਵੱਜਣ ਦੀ ਗੱਲ ਸੁਣਕੇ ਹੀ ਲਿਖਿਆ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਨੇ ਇਕ ਰਾਜ ਬਣਾ ਲਿਆ ਸੀ। ਰਣਜੀਤ ਨਗਾਰੇ ਦੀਆਂ ਗੂੰਜਾਂ ਨਾਲ ਪਹਾੜੀ ਰਾਜਿਆਂ ਦੇ ਦਿਲ ਕੰਬਣ ਲਗ ਪਏ ਅਤੇ ਔਰੰਗਜ਼ੇਬ ਦੇ ਕੰਨ ਵੀ ਖੜ੍ਹੇ ਹੋ ਗਏ।

### *ਮਸੰਦਾਂ ਵਿਚ ਸਹਿਮ*

ਮਸੰਦ ਲਫ਼ਜ਼ ਅਰਬੀ ਦੇ 'ਮਸਨਦ' ਤੋਂ ਬਣਿਆ ਹੈ, ਜਿਸਦਾ ਭਾਵ ਹੈ — ਤਕੀਆ, ਗੱਦੀ, ਤਖ਼ਤ, ਸਿੰਘਾਸਨ। ਸੋ, ਮਸੰਦ ਦਾ ਅਰਥ ਹੈ ਗੱਦੀ ਨਾਲ ਸੰਬੰਧ ਰੱਖਣ ਵਾਲੇ। ਜਿਹੜੇ ਗੁਰਸਿੱਖ ਸੰਗਤਾਂ ਤੋਂ ਦਸਵੰਧ ਅਤੇ ਕਾਰ ਭੇਟਾ ਉਗਰਾਹੁੰਦੇ ਸਨ ਅਤੇ ਸਿੱਖੀ ਦਾ ਪ੍ਰਚਾਰ ਕਰਦੇ ਸਨ, ਉਨ੍ਹਾਂ ਨੂੰ ਮਸੰਦ ਕਿਹਾ ਜਾਂਦਾ ਸੀ। ਮਸੰਦ ਪ੍ਰਥਾ ਚੌਥੇ-ਪਾਤਸ਼ਾਹ ਸ੍ਰੀ ਗੁਰੂ ਰਾਮਦਾਸ ਜੀ ਨੇ ਚਲਾਈ ਸੀ। ਇਨ੍ਹਾਂ ਨੇ ਸਿੱਖੀ ਦੇ ਪ੍ਰਚਾਰ ਤੇ ਪ੍ਰਸਾਰ ਵਿਚ ਵਿਸ਼ੇਸ਼ ਹਿੱਸਾ ਪਾਇਆ, ਪਰ ਸਮਾਂ ਬੀਤਣ ਦੇ ਨਾਲ ਕਈ ਮਸੰਦ ਮਾਇਆ ਦੇ ਲਾਲਚ ਵਿਚ ਫਸ ਕੇ ਅਮਾਨਤ ਵਿਚ ਖ਼ਿਆਨਤ ਕਰਨ ਲਗ ਪਏ ਸਨ। ਪੂਜਾ ਦੇ ਧਨ ਨਾਲ ਉਹ ਆਪਣੇ ਲਈ ਸੁਖ-ਸਾਧਨ ਇਕੱਤਰ ਕਰਨ ਲੱਗ ਪਏ ਸਨ। ਇਹ ਸੁਖ-ਰਹਿਣੇ ਅਤੇ ਢਿੱਲੜ ਬਣ ਗਏ ਸਨ। ਇਹ ਨਹੀਂ ਸਨ ਚਾਹੁੰਦੇ ਕਿ ਰਾਜ-ਸ਼ਕਤੀ ਨਾਲ ਮੱਥਾ ਡਾਹਿਆ ਜਾਵੇ। ਉਧਰ ਗੁਰੂ ਪਾਤਸ਼ਾਹ ਰਾਜ ਸ਼ਕਤੀ ਨਾਲ ਟੱਕਰ ਲੈਣ ਦੀਆਂ ਤਿਆਰੀਆਂ ਕਰ ਰਹੇ ਸਨ। ਸੋ, ਮਸੰਦਾਂ ਨੇ ਅਜਿਹਾ ਪ੍ਰਚਾਰ ਕਰਨਾ ਸ਼ੁਰੂ ਕਰ ਦਿੱਤਾ ਕਿ ਟੱਕਰ ਦਾ ਰਾਹ ਨਾ ਅਪਣਾਇਆ ਜਾਵੇ, ਔਰੰਗਜ਼ੇਬ ਨੇ ਅੱਗੇ ਹੀ ਨੌਵੇਂ ਪਾਤਸ਼ਾਹ ਨੂੰ ਸ਼ਹੀਦ ਕਰ ਦਿੱਤਾ ਹੈ, ਹੁਣ ਉਸ ਨਾਲ ਮੱਥਾ ਲਾਉਣਾ ਆਪਣੇ ਲਈ ਮੌਤ ਸਹੇੜਨਾ ਹੀ ਹੈ। ਕੁਝ ਢਿਲੜ ਕਿਸਮ ਦੇ ਸਿੱਖ ਇਸ ਗ਼ਲਤ ਪ੍ਰਚਾਰ ਦੇ ਅਸਰ ਹੇਠ ਆ ਵੀ ਗਏ। ਅਜਿਹੇ ਕੁਝ ਸਿੱਖਾਂ ਨੇ ਮਾਤਾ ਗੁਜਰੀ ਜੀ ਨੂੰ ਵੀ ਸਲਾਹ ਦਿੱਤੀ ਕਿ ਉਹ ਗੁਰੂ ਜੀ ਨੂੰ ਸਮਝਾਉਣ ਕਿ ਸਿੱਖਾਂ ਨੂੰ ਕੇਵਲ ਨਾਮ ਸਿਮਰਨ ਵਿਚ ਹੀ ਲਾਇਆ ਜਾਵੇ ਅਤੇ ਔਰੰਗਜ਼ੇਬ ਦੇ ਰਾਜ ਵਿਚ ਕਿਸੇ ਤਰ੍ਹਾਂ ਚੁਪ-ਚੁਪੀਤੇ ਦਿਨ ਕੱਟੇ ਜਾਣ। ਜਦ ਇਹੋ ਜਿਹੀਆਂ ਗੱਲਾਂ ਗੁਰੂ-ਪਾਤਸ਼ਾਹ ਤੱਕ ਪੁੱਜੀਆਂ ਤਾਂ ਉਨ੍ਹਾਂ ਨੇ ਫ਼ੁਰਮਾਇਆ, ਇਨ੍ਹਾਂ ਮਸੰਦਾਂ ਦੀ ਆਤਮਾ ਪੂਜਾ ਦਾ ਧਾਨ ਖਾ ਕੇ ਮਲੀਨ ਹੋ ਗਈ ਹੈ। ਇਹ ਆਲਸੀ ਤੇ ਵਿਹਲੜ ਹੋ ਗਏ ਹਨ। ਔਰੰਗਜ਼ੇਬ ਚਾਹੁੰਦਾ ਹੈ ਕਿ ਲੋਕ ਗ਼ੁਲਾਮੀ ਦੇ ਭਾਵ ਵਿਚ ਸਿਰ ਨਿਵਾ ਕੇ ਤੁਰਨ। ਅਸੀਂ ਚਾਹੁੰਦੇ ਹਾਂ ਕਿ ਸਿੱਖ ਸਿਰ ਉੱਚਾ ਕਰਕੇ ਤੁਰਨ। ਅਸੀਂ ਤਾਂ ਸਿੱਖਾਂ ਨੂੰ ਇਸ ਯੋਗ ਬਣਾਉਣਾ ਹੈ ਕਿ ਉਹ ਅੱਤਿਆਚਾਰਾਂ ਵਿਰੁੱਧ ਦੀਵਾਰ ਬਣ ਕੇ ਖੜੇ ਜਾਣ, ਗ਼ੁਲਾਮੀ ਦੀਆਂ ਜ਼ੰਜੀਰਾਂ ਨੂੰ ਤੋੜ ਦੇਣ ਅਤੇ ਇਸ ਦੇਸ਼ ਦੀ ਕਿਸਮਤ ਦੇ ਆਪ ਮਾਲਕ ਬਣਨ।"

ਮਗਰੋਂ ਜਾ ਕੇ ਗੁਰੂ ਪਾਤਸ਼ਾਹ ਨੇ ਮਸੰਦ ਪ੍ਰਥਾ ਬੰਦ ਹੀ ਕਰ ਦਿੱਤੀ।

## *ਸਾਂਝਾ ਲੰਗਰ—ਜਾਤ-ਅਭਿਮਾਨੀਆਂ ਤੇ ਚੋਟ*

ਬ੍ਰਾਹਮਣੀ ਧਰਮ ਪੁਸਤਕਾਂ ਅਤੇ ਬ੍ਰਾਹਮਣਾਂ ਦੇ ਪ੍ਰਚਾਰ ਸਦਕਾ ਭਾਰਤੀ ਸਮਾਜ ਵਿਚ ਵਰਣ-ਵੰਡ ਦਾ ਪ੍ਰਭਾਵ ਅਜੇ ਤੀਕ ਚਲਿਆ ਆਉਂਦਾ ਹੈ; ਗੁਰੂ ਸਾਹਿਬ ਦੇ ਵੇਲੇ ਤਾਂ ਬਹੁਤ ਜ਼ੋਰਾਂ-ਸ਼ੋਰਾਂ ਤੇ ਸੀ। ਇਸ ਵੰਡ ਅਨੁਸਾਰ ਬ੍ਰਾਹਮਣ ਸਾਰੇ ਸਮਾਜ ਵਿਚ ਸਰਬੋਤਮ ਮੰਨੇ ਜਾਂਦੇ ਸਨ ਤੇ ਸ਼ੂਦਰ ਸਭ ਤੋਂ ਘਟੀਆ। ਬ੍ਰਾਹਮਣ ਭੈੜੇ ਚਰਿੱਤਰ ਵਾਲਾ ਵੀ ਪੂਜਣ ਯੋਗ ਸਮਝਿਆ ਜਾਂਦਾ ਸੀ ਤੇ ਸ਼ੂਦਰ ਨੂੰ ਤਾਂ ਧਰਮ ਪੁਸਤਕਾਂ ਪੜ੍ਹਨ ਦਾ ਕੋਈ ਅਧਿਕਾਰ ਹੀ ਨਹੀਂ ਸੀ। ਬਾਕੀ ਵਰਣਾਂ ਦੇ ਲੋਕ ਸ਼ੂਦਰ ਦੇ ਪਰਛਾਵੇਂ ਤੋਂ ਵੀ ਦੂਰ ਰਹਿੰਦੇ ਸਨ। ਸੋ, ਸ਼ੂਦਰ ਵਸੋਂ ਤੋਂ ਦੂਰ ਰਹਿੰਦੇ ਸਨ ਅਤੇ ਦੂਜੇ ਵਰਣਾਂ ਦੀ ਨਿਸਵਾਰਥ ਸੇਵਾ ਕਰਦੇ ਸਨ, ਹਰ ਘਟੀਆ ਤੋਂ ਘਟੀਆ ਕੰਮ ਕਰਦੇ ਸਨ। ਇੰਨਾ ਕੁਝ ਕਰਨ ਦੇ ਬਾਵਜੂਦ ਵੀ ਸ਼ੂਦਰਾਂ ਨਾਲ ਹਰ ਸਮੇਂ ਦੁਰੇ-ਦੁਰੇ ਹੀ ਹੁੰਦੀ ਰਹਿੰਦੀ ਸੀ। ਵਰਣ-ਵੰਡ ਦੇ ਸਿਧਾਂਤ ਨੇ ਜਾਤਾਂ ਤੇ ਉਪਜਾਤਾਂ ਨੂੰ ਜਨਮ ਦਿੱਤਾ, ਇਨਸਾਨ-ਇਨਸਾਨ ਵਿਚ ਘ੍ਰਿਣਾ ਅਤੇ ਦੁਸ਼ਮਣੀ ਪੈਦਾ ਕੀਤੀ। ਗੁਰੂ ਨਾਨਕ ਪਾਤਸ਼ਾਹ ਨੇ ਇਸ ਮਾਰੂ ਸਿਧਾਂਤ ਵਿਰੁੱਧ ਜਹਾਦ ਖੜ੍ਹਾ ਕਰ ਦਿੱਤਾ।ਉਨ੍ਹਾਂ ਨੇ ਬਾਣੀ ਵਿਚ ਇਸ ਸਿਧਾਂਤ ਦੀ ਕਰੜੀ ਆਲੋਚਨਾ ਕੀਤੀ ਅਤੇ ਬ੍ਰਾਹਮਣ ਦੇ ਸਿਰਮੌਰ ਹੋਣ ਨੂੰ ਵੰਗਾਰ ਪਾਈ। ਸਮਾਜ ਵਿਚੋਂ ਛੂਤ-ਛਾਤ ਅਤੇ ਊਚ-ਨੀਚ ਦਾ ਭੇਦ ਖ਼ਤਮ ਕਰਨ ਲਈ, ਆਪ ਨੇ ਲੰਗਰ, ਸੰਗਤ ਅਤੇ ਕੜਾਹ ਪ੍ਰਸ਼ਾਦ ਦੀ ਮਰਯਾਦਾ ਚਲਾਈ। ਗੁਰੂ ਅਮਰਦਾਸ ਜੀ ਨੇ ਵੀ ਹੁਕਮ ਦਿੱਤਾ ਸੀ ਕਿ ਸੰਗਤ ਵਿਚ ਆਉਣ ਵਾਲੇ ਸਿੱਖ ਲੰਗਰ ਜ਼ਰੂਰ ਛਕਣ। ਆਪਣੇ ਸਮੇਂ ਸਤਿਗੁਰਾਂ ਨੇ ਬਾਉਲੀਆਂ, ਖੂਹ ਅਤੇ ਸਰੋਵਰ ਇਸੇ ਲਈ ਬਣਾਏ ਗਏ ਸਨ ਕਿ ਇਕ ਤਾਂ ਪਾਣੀ ਦੀ ਲੋੜ ਦੀ ਪੂਰਤੀ ਹੁੰਦੀ ਤੇ ਦੂਜੇ ਇਕੋਂ ਥਾਵੇਂ ਇਸ਼ਨਾਨ ਕਰਨ ਨਾਲ ਲੋਕਾਂ ਵਿਚੋਂ ਜਾਤ-ਪਾਤ, ਛੂਤ-ਛਾਤ ਅਤੇ ਊਚ-ਨੀਚ ਦੇ ਖ਼ਿਆਲ ਖ਼ਤਮ ਹੁੰਦੇ ਸਨ।

ਬ੍ਰਾਹਮਣ, ਗੁਰੂ ਸਾਹਿਬਾਨ ਦੇ ਇਨ੍ਹਾਂ ਸੁਧਾਰਾਂ ਦਾ ਪਹਿਲੀ ਪਾਤਸ਼ਾਹੀ ਦੇ ਸਮੇਂ ਤੋਂ ਹੀ ਵਿਰੋਧ ਕਰਦੇ ਆਏ ਸਨ।

ਗੁਰੂ ਗੋਬਿੰਦ ਸਿੰਘ ਸਾਹਿਬ ਨੇ ਗੁਰੂ ਘਰ ਦੀ ਮਰਯਾਦਾ ਅਨੁਸਾਰ ਸੰਗਤ ਦੇ ਨਾਲ ਨਾਲ ਲੰਗਰ ਵੀ ਜਾਰੀ ਰੱਖਿਆ। ਸਤਿਗੁਰਾਂ ਨੇ ਵੀ ਸਿੱਖਾਂ ਨੂੰ ਹੁਕਮ ਕੀਤਾ ਕਿ ਉਹ ਸਰਬ-ਸਾਂਝੇ ਲੰਗਰ ਵਿਚੋਂ ਪ੍ਰਸ਼ਾਦ ਜ਼ਰੂਰ ਛਕਣ। ਅਨੰਦਪੁਰ ਵਿਚ ਬ੍ਰਾਹਮਣ ਵੀ ਆ ਵਸੇ ਸਨ। ਇਥੇ ਉਨ੍ਹਾਂ ਦੇ ਧਰਮ ਨੂੰ ਕੋਈ ਖ਼ਤਰਾ ਜੁ ਨਹੀਂ ਸੀ। ਉਹ ਜਿਉਂ-ਜਿਉਂ ਮੁਸਲਮਾਨ ਹਾਕਮਾਂ ਦੀਆਂ ਵਧੀਕੀਆਂ ਵਲੋਂ ਬੇਫ਼ਿਕਰ ਹੁੰਦੇ ਗਏ, ਤਿਉਂ-ਤਿਉਂ ਉਨ੍ਹਾਂ ਨੂੰ ਇਹ ਗੱਲ ਚੁੱਭਣ ਲੱਗ ਪਈ ਕਿ ਗੁਰੂ ਕੇ ਲੰਗਰ ਵਿਚ ਉੱਚੀ ਨੀਵੀਂ ਜਾਤ ਦੇ ਸਭ ਲੋਕਾਂ ਨੂੰ ਇਕੋ ਪੰਗਤ ਵਿਚ ਬਿਠਾ ਕੇ ਰੋਟੀ ਖੁਆਈ ਜਾਂਦੀ ਸੀ।

ਅਨੰਦਪੁਰ, ਹਿੰਦੂ ਰਿਆਸਤ ਕਹਿਲੂਰ ਵਿਚ ਵਸਿਆ ਹੋਇਆ ਸੀ। ਉੱਥੇ ਬ੍ਰਾਹਮਣੀ ਮਰਯਾਦਾ ਦਾ ਜ਼ੋਰ ਹੋਣਾ ਕੁਦਰਤੀ ਗੱਲ ਸੀ। ਅਨੰਦਪੁਰ ਦੇ ਬ੍ਰਾਹਮਣਾਂ ਦੇ, ਲੰਗਰ ਬਾਰੇ ਇਤਰਾਜ਼ ਹੌਲੀ-ਹੌਲੀ ਰਿਆਸਤ ਕਹਿਲੂਰ ਦੀ ਰਾਜਧਾਨੀ ਬਿਲਾਸਪੁਰ ਵਿਚ ਅਪੜਨੇ ਅਰੰਭ ਹੋ ਗਏ। ਬਿਲਾਸਪੁਰ ਅਨੰਦਪੁਰ ਤੋਂ ਕੇਵਲ 40 ਕਿਲੋਮੀਟਰ ਦੀ ਵਿੱਥ 'ਤੇ ਸੀ।

ਕਹਿਲੂਰ ਰਿਆਸਤ ਦੇ ਰਾਜਾ ਭੀਮ ਚੰਦ ਦੇ ਪਰੋਹਿਤ ਪਰਮਾਨੰਦ ਨੇ ਉਸ ਦੇ ਖ਼ੂਬ ਕੰਨ ਭਰੇ ਕਿ ਗੁਰੂ ਗੋਬਿੰਦ ਸਿੰਘ ਵੇਦਾਂ-ਸ਼ਾਸਤਰਾਂ ਦੀ ਮਰਯਾਦਾ ਦੇ ਵਿਰੁਧ ਸਭ ਜਾਤਾਂ ਦੇ ਲੋਕਾਂ ਨੂੰ ਇਕੋ ਥਾਂ ਬਿਠਾ ਕੇ ਲੰਗਰ ਛਕਾ ਰਹੇ ਹਨ ਅਤੇ ਲੰਗਰ ਵਿਚ ਅਮੀਰ-ਗਰੀਬ, ਰਾਜਾ-ਰੰਕ ਸਭ ਨੂੰ ਇਕੋ ਹੀ ਪੰਗਤ ਵਿਚ ਬਿਠਾਇਆ ਜਾਂਦਾ ਹੈ। ਉਸ ਨੇ ਇਹ ਵੀ ਆਖਿਆ ਕਿ ਗੁਰੂ-ਸਾਹਿਬਾਨ ਦੀਆਂ ਸਿਖਿਆਵਾਂ ਪੁਰਾਤਨ ਸਨਾਤਨੀ ਧਰਮ ਲਈ ਇਕ ਵੱਡਾ ਖ਼ਤਰਾ ਹਨ। ਜੇ ਇਹ ਪ੍ਰਚਾਰ ਜਾਰੀ ਰਿਹਾ ਤਾਂ ਧਰਮ-ਸ਼ਾਸਤਰਾਂ ਦੀ ਮਰਯਾਦਾ ਤਾਂ ਖ਼ਤਮ ਹੋ ਜਾਵੇਗੀ। ਇਸਦੇ ਨਾਲ-ਨਾਲ ਪਰਮਾਨੰਦ ਨੇ ਇਹ ਵੀ ਕਿਹਾ ਕਿ ਗੁਰੂ ਗੋਬਿੰਦ ਸਿੰਘ ਤਾਂ ਉਸ ਦੇ (ਭੀਮ ਚੰਦ ਦੇ) ਇਲਾਕੇ ਵਿਚ ਸਿੱਖਾਂ ਨੂੰ ਫ਼ੌਜੀ ਟ੍ਰੇਨਿੰਗ ਦੇ ਰਹੇ ਹਨ, ਸਿੱਖਾਂ ਸਮੇਤ ਸ਼ਿਕਾਰ ਖੇਡਦੇ ਹਨ, ਰਾਜਿਆਂ-ਮਹਾਰਾਜਿਆਂ ਦੀ ਤਰ੍ਹਾਂ ਦਰਬਾਰ ਲਾਉਂਦੇ ਹਨ, ਕਲਗੀ ਸਜਾਉਂਦੇ ਹਨ ਤੇ ਨਗਾਰੇ ਵਜਾਉਂਦੇ ਹਨ। ਲੋਕੀਂ ਉਨ੍ਹਾਂ ਦੇ ਦਰਬਾਰ ਵਿਚ ਕੀਮਤੀ ਵਸਤਾਂ, ਵਧੀਆ ਸ਼ਸਤਰ, ਹਾਥੀ, ਘੋੜੇ ਆਦਿਕ ਭੇਟਾ ਲੈ ਕੇ ਹਾਜ਼ਰ ਹੋ ਰਹੇ ਹਨ। ਉਹ ਤਾਂ ਉਸ ਦੇ ਰਾਜ ਲਈ ਵੀ ਖ਼ਤਰਾ ਹਨ।

ਪਰਮਾਨੰਦ ਦੀਆਂ ਅਜਿਹੀਆਂ ਗੱਲਾਂ ਦਾ ਭੀਮ ਚੰਦ ਦੇ ਮਨ ਉਤੇ ਗਹਿਰਾ ਅਸਰ ਪਿਆ। ਉਸ ਨੇ ਮਨ ਵਿਚ ਫ਼ੈਸਲਾ ਕਰ ਲਿਆ ਕਿ ਗੁਰੂ ਸਾਹਿਬ ਦੀਆਂ ਸਰਗਰਮੀਆਂ ਨੂੰ ਠੱਲ੍ਹ ਪਾਉਣੀ ਹੀ ਚਾਹੀਦੀ ਹੈ। ਪਰਮਾਨੰਦ ਦੀਆਂ ਗੁਰੂ ਘਰ ਵਿਰੁੱਧ ਅਜਿਹੀਆਂ ਸਾਜ਼ਿਸ਼ਾਂ ਕਾਰਨ ਹੀ ਸਿੱਖ ਇਤਿਹਾਸ ਵਿਚ ਉਸ ਨੂੰ ਪੰਮਾ ਪਰੋਹਿਤ ਕਰਕੇ ਲਿਖਿਆ ਗਿਆ ਹੈ। ਪਰਮਾਨੰਦ ਵਰਗਿਆਂ ਦੀਆਂ ਕੋਸ਼ਿਸ਼ਾਂ ਦੇ ਸਦਕਾ ਹੀ ਪਹਾੜੀ ਰਾਜਿਆਂ ਦੇ ਮਨ ਵਿਚ ਗੁਰੂ ਘਰ ਵਿਰੁੱਧ ਈਰਖਾ ਵਧੀ ਤੇ ਇਹ ਰਾਜੇ ਸਿੱਖਾਂ ਨਾਲ ਲੜਾਈਆਂ ਕਰਨ ਉੱਤੇ ਉੱਤਰ ਆਏ, ਜਿਨ੍ਹਾਂ ਦਾ ਜ਼ਿਕਰ ਅੱਗੇ ਜਾ ਕੇ ਕੀਤਾ ਜਾਵੇਗਾ।

## *ਅਨੰਦਪੁਰ ਸਾਹਿਬ ਵਿੱਦਿਆ, ਸਾਹਿਤ ਤੇ ਸੰਗੀਤ ਦਾ ਕੇਂਦਰ*

ਇਸਲਾਮ ਵਿਚ ਸੰਗੀਤ ਨੂੰ ਹਰਾਮ ਕਰਕੇ ਮੰਨਿਆ ਗਿਆ ਹੈ। ਔਰੰਗਜ਼ੇਬ ਨੇ ਆਪਣੇ ਰਾਜ ਨੂੰ "ਸੰਪੂਰਨ ਇਸਲਾਮੀ ਰਾਜ" ਸਿਧ ਕਰਨ ਲਈ 1670 ਈ: ਵਿਚ ਹੁਕਮ ਜਾਰੀ ਕਰਕੇ ਰਾਗ ਦੀ ਮਨਾਹੀ ਕਰ ਦਿੱਤੀ। ਇਧਰ ਗੁਰੂ ਘਰ ਵਿਚ ਕੀਰਤਨ (ਧਾਰਮਿਕ ਸੰਗੀਤ) ਨੂੰ ਪ੍ਰਧਾਨਤਾ ਦਿੱਤੀ ਗਈ ਸੀ। ਗੁਰੂ ਨਾਨਕ ਪਾਤਸ਼ਾਹ ਕੀਰਤਨ ਨੂੰ ਪ੍ਰਭੂ ਨਾਲ ਜੁੜਨ ਦਾ ਸਰਬੋਤਮ ਵਸੀਲਾ ਮੰਨਦੇ ਸਨ। ਏਸੇ ਲਈ ਤਾਂ ਉਨ੍ਹਾਂ ਨੇ ਰਬਾਬੀ ਭਾਈ ਮਰਦਾਨਾ ਜੀ ਨੂੰ ਆਪਣਾ ਸਾਥੀ ਚੁਣਿਆ ਸੀ। ਉਨ੍ਹਾਂ ਦੇ ਮਗਰੋਂ ਵੀ ਗੁਰੂ ਦਰਬਾਰ ਵਿਚ ਕੀਰਤਨ ਦੀ ਪ੍ਰਧਾਨਤਾ ਰਹੀ ਹੈ। ਰਬਾਬੀ ਸਤਾ ਤੇ ਬਲਵੰਡ ਪ੍ਰਸਿੱਧ ਕੀਰਤਨੀਏ ਹੋਏ ਹਨ। ਇਨ੍ਹਾਂ ਦੀ 'ਵਾਰ' ਵੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹੈ। ਬਾਬਕ ਜੀ, ਅਬਦੁਲਾ ਤੇ ਨੱਥ ਮੱਲ ਨੇ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਸਮੇਂ ਬਹੁਤ ਸਨਮਾਨ ਪਾਇਆ ਹੈ। ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ਵੀ ਕੀਰਤਨ ਦਾ ਪਹਿਲੇ ਸਤਿਗੁਰਾਂ ਦੇ ਸਮਿਆਂ ਵਾਂਗ ਸਤਿਕਾਰ ਕੀਤਾ ਜਾਂਦਾ ਰਿਹਾ ਹੈ। ਦਸ਼ਮੇਸ਼ ਪਿਤਾ ਆਪੂੰ ਮ੍ਰਿਦੰਗ, ਜੋੜੀ ਤੇ ਸਿਰੰਦਾ ਬਹੁਤ ਸੋਹਣਾ ਵਜਾਉਂਦੇ ਸਨ। ਰਵਾਲਸਰ ਵਿਖੇ ਗੁਰੂ ਜੀ ਦਾ ਸਿਰੰਦਾ ਤੇ ਕਿਰਪਾਨ ਇਕੱਠੇ ਪਏ ਹਨ।

ਜਦ ਰਾਜ-ਕੇਂਦਰਾਂ ਵਿਚ ਰਾਗ ਸੁਣਨ ਤੇ ਗਾਉਣ ਦੀ ਮਨਾਹੀ ਹੋ ਗਈ ਤਾਂ ਕਈ ਰਾਗੀ ਅਨੰਦਪੁਰ ਵੱਲ ਚਲ ਪਏ। ਇੰਞ ਅਨੰਦਪੁਰ ਇਲਾਹੀ ਸੰਗੀਤ ਦਾ ਇਕ ਕੇਂਦਰ ਬਣ ਗਿਆ।

ਗੁਰੂ ਗੋਬਿੰਦ ਸਿੰਘ ਜੀ ਜਿੱਥੇ ਸ਼ਸਤਰ ਵਿੱਦਿਆ ਵਿਚ ਮਾਹਿਰ ਸਨ, ਕੀਰਤਨ ਦੇ ਆਸ਼ਕ ਸਨ, ਉਥੇ ਸਾਹਿਤਿਕ ਰੁਚੀਆਂ ਦੇ ਵੀ ਧਾਰਨੀ ਸਨ। ਜਿਵੇਂ ਕਿ ਪੁਸਤਕ ਦੇ ਪਹਿਲੇ ਅਧਿਆਇ ਵਿਚ ਦੱਸਿਆ ਜਾ ਚੁੱਕਾ ਹੈ, ਆਪ ਸੰਸਕ੍ਰਿਤ, ਹਿੰਦੀ, ਅਰਬੀ, ਫ਼ਾਰਸੀ ਦੇ ਉੱਚ ਕੋਟੀ ਦੇ ਵਿਦਵਾਨ ਸਨ। ਉਨ੍ਹਾਂ ਨੇ ਲੋਕਾਂ ਅੰਦਰ ਬੀਰ-ਰਸ ਦਾ ਸੰਚਾਰ ਕਰਨ ਲਈ ਸਾਹਿਤ ਨੂੰ ਇਕ ਸਾਧਨ ਵਜੋਂ ਵਰਤਿਆ। ਜਿੱਥੇ ਉਨ੍ਹਾਂ ਨੇ ਆਪ ਬਾਣੀ ਦੀ ਰਚਨਾ ਕੀਤੀ, ਉਥੇ ਦਰਬਾਰ ਵਿਚ ਸਮੇਂ ਦੇ ਪ੍ਰਸਿੱਧ ਸਾਹਿਤਕਾਰਾਂ (ਕਵੀਆਂ) ਨੂੰ ਬੁਲਾਇਆ, ਤਾਂ ਜੁ ਉਹ ਵੀ ਲੋਕ ਜਾਗ੍ਰਿਤੀ ਲਿਆਉਣ ਵਿਚ ਆਪਣਾ ਹਿੱਸਾ ਪਾਉਣ। ਇਸ ਸੰਬੰਧ ਵਿਚ 'ਮਹਿਮਾ ਪ੍ਰਕਾਸ਼' ਵਿਚ ਇਸ ਤਰ੍ਹਾਂ ਦਾ ਜ਼ਿਕਰ ਆਇਆ ਹੈ :

> ਆਗਿਆ ਕੀਨੀ ਸਤਿਗੁਰ ਦਿਆਲ। ਬਿਦਿਆਵਾਨ ਪੰਡਿਤ ਲੇਹੁ ਭਾਲ।
> ਜੋ ਜਿਸ ਬਿਦਿਆ ਗਿਆਤਾ ਹੋਈ। ਵਹੀ ਪੁਰਾਨ ਸੰਗ ਲਿਆਵੈ ਸੋਈ।੨।
> ਦੇਸ ਦੇਸ ਕੋ ਸਿਖ ਚਲਾਏ। ਪੰਡਿਤ ਪੁਰਾਨ ਸੰਗਤਿ ਲਿਆਏ।
> ਬਾਨਾਰਸ ਆਦਿ ਜੋ ਬਿਦਿਆ ਠੋਰ। ਪੰਡਿਤ ਸਭ ਬਿਦਿਆ ਸਿਰਮੋਰ। ੩।
> ਸਤਗੁਰੁ ਕੇ ਆਇ ਇਕਤ੍ਰ ਸਭ ਭਏ। ਬਹੁ ਆਦਰ ਸਤਗੁਰੁ ਜੋ ਦਏ।
> ਮਿਰਜਾਦਾ ਬਾਂਧ ਖਰਚ ਨੋ ਦਇਆ। ਭੇਦ ਬਿਭੇਦ ਕਾਹੂ ਨਹੀਂ ਭਇਆ। ੪।

ਜਦ 1680 ਈ: ਵਿਚ ਸ਼ਾਹੀ ਫ਼ੁਰਮਾਨ ਨਾਲ ਸੰਸਕ੍ਰਿਤ ਪੜ੍ਹਨ ਪੜ੍ਹਾਉਣ ਦੇ ਸਭ ਕੇਂਦਰ ਬੰਦ ਕਰ ਦਿੱਤੇ ਗਏ, ਤਾਂ ਕਈ ਸੰਸਕ੍ਰਿਤ ਦੇ ਵਿਦਵਾਨਾਂ ਨੇ ਅਨੰਦਪੁਰ ਆ ਸ਼ਰਨ ਲਈ। ਸਤਿਗੁਰੂ ਜੀ ਨੇ ਇਨ੍ਹਾਂ ਕਵੀਆਂ ਦੀ ਆਜੀਵਿਕਾ ਦੀ ਸਾਰੀ ਜ਼ਿੰਮੇਵਾਰੀ ਆਪਣੇ ਸਿਰ ਲਈ ਹੋਈ ਸੀ। ਜਦੋਂ ਕਿਸੇ ਕਵੀ ਦੀ ਰਚਨਾ ਉਤੇ ਪ੍ਰਸੰਨ ਹੋ ਜਾਂਦੇ ਤਾਂ ਉਸ ਨੂੰ ਇਨਾਮ ਵਜੋਂ ਧਨ ਦੇ ਖੁਲ੍ਹੇ ਗੱਫੇ ਬਖ਼ਸ਼ਦੇ। ਇਹ ਗੱਲ ਪ੍ਰਸਿੱਧ ਹੈ ਕਿ ਆਪ ਦੇ ਦਰਬਾਰ ਵਿਚ 52 ਕਵੀ ਹੁੰਦੇ ਸਨ। ਇਨ੍ਹਾਂ ਵਿਚ ਜਿੱਥੇ ਸਿੱਖ ਤੇ ਹਿੰਦੂ ਕਵੀ ਸਨ, ਉੱਥੇ ਮੁਸਲਮਾਨ ਕਵੀ ਵੀ ਸਨ। ਭਾਈ ਕਾਨ੍ਹ ਸਿੰਘ ਜੀ ਨਾਭਾ ਨੇ 'ਮਹਾਨ ਕੋਸ਼' ਵਿਚ 52 ਕਵੀਆਂ ਦੇ ਨਾਮ ਇਸ ਪ੍ਰਕਾਰ ਦਿੱਤੇ ਹਨ :

ਉਦੇ ਰਾਇ, ਅਣੀ ਰਾਇ, ਅੰਮ੍ਰਿਤ ਰਾਇ, ਅੱਲੂ, ਆਸਾ ਸਿੰਘ, ਆਲਮ, ਈਸ਼ਰ ਦਾਸ, ਸੁਖਦੇਵ, ਸੁਖਾ ਸਿੰਘ, ਸੁਖੀਆ, ਸੁਦਾਮਾ, ਸੈਨਾਪਤੀ, ਸ਼ਿਆਮ, ਹੀਰ, ਹੁਸੈਨ ਅਲੀ, ਹੰਸ ਰਾਮ, ਕੱਲੂ, ਕੁਵਰੇਸ਼, ਖ਼ਾਨ ਚੰਦ, ਗੁਣੀਆ, ਗੁਰਦਾਸ, ਗੋਪਾਲ, ਚੰਦਨ, ਚੰਦਾ, ਜਮਾਲ, ਟਹਿਕਨ, ਧਰਮ ਸਿੰਘ, ਧੰਨਾ ਸਿੰਘ, ਧਿਆਨ ਸਿੰਘ, ਨਾਨੂ, ਨਿਸ਼ਚਲ ਦਾਸ, ਨਿਹਾਲ ਚੰਦ, ਨੰਦ ਸਿੰਘ, ਨੰਦ ਲਾਲ, ਪਿੰਡੀ ਦਾਸ, ਬੱਲਭ, ਬੱਲੂ, ਬਿਧੀ ਚੰਦ, ਬੁਲੰਦ, ਬ੍ਰਿਖ, ਬ੍ਰਿਜ ਲਾਲ, ਮਥਰਾ, ਮਦਨ ਸਿੰਘ, ਮਦਨਗਿਰਿ, ਮੱਲੂ, ਮਾਨਦਾਸ, ਮਾਲਾ ਸਿੰਘ, ਮੰਗਲ, ਰਾਮ, ਰਾਵਲ, ਰੋਸ਼ਨ ਸਿੰਘ, ਲੱਖਾ।

### *ਭਾਈ ਨੰਦ ਲਾਲ ਜੀ ਦਾ ਆਉਣਾ*

ਭਾਈ ਨੰਦ ਲਾਲ ਜੀ, ਪ੍ਰਿੰਸੀਪਲ ਸਾਹਿਬ ਸਿੰਘ ਜੀ ਦੇ ਲਿਖੇ ਅਨੁਸਾਰ, ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ ਦੇ ਮਗਰੋਂ ਮੁਲਤਾਨ ਦੀ ਸੰਗਤ ਦੇ ਨਾਲ ਅਨੰਦਪੁਰ ਆਏ ਸਨ ਅਤੇ ਦਰਸ਼ਨ ਕਰਕੇ ਸੰਗਤ ਦੇ ਨਾਲ ਵਾਪਸ ਚਲੇ ਗਏ ਸਨ। ਇਸ ਤੋਂ ਬਾਅਦ ਦੁਬਾਰਾ ਆਪ ਪੱਕੇ ਤੌਰ ਤੇ 1695 ਈ: ਵਿਚ ਗੁਰ ਦਰਬਾਰ ਵਿਚ ਆਏ ਸਨ। ਆਪ ਜੀ ਦੀ ਜੀਵਨੀ ਅਤੇ ਸੇਵਾਵਾਂ ਦਾ ਜ਼ਿਕਰ ਇਸੇ ਪੁਸਤਕ ਵਿਚ ਅੱਗੇ ਜਾ ਕੇ ਕੀਤਾ ਜਾਵੇਗਾ।

### *ਵਿਆਹ*

ਗੁਰੂ ਜੀ ਦਾ ਵਿਆਹ ਸੰਨ 1684 ਦੇ ਵੈਸਾਖ ਮਹੀਨੇ ਵਿਚ ਲਾਹੌਰ ਨਿਵਾਸੀ ਸ੍ਰੀ ਰਾਮਸ਼ਰਨ ਜੀ ਦੀ ਸਪੁੱਤਰੀ ਬੀਬੀ ਸੁੰਦਰੀ ਜੀ ਨਾਲ ਹੋਇਆ। ਗੁਰੂ ਜੀ ਰੁਝੇਵਿਆਂ ਕਾਰਨ ਲਾਹੌਰ ਨਹੀਂ ਸਨ ਜਾ ਸਕਦੇ। ਇਸ ਲਈ ਇਹ ਵਿਆਹ ਅਨੰਦਪੁਰ ਸਾਹਿਬ ਦੇ ਨੇੜੇ 'ਗੁਰੂ ਕੇ ਲਾਹੌਰ' ਵਿਖੇ ਕੀਤਾ ਗਿਆ। ਕਈ ਇਤਿਹਾਸਕਾਰਾਂ ਦਾ ਖ਼ਿਆਲ ਹੈ ਕਿ ਇਹ ਗੁਰੂ ਗੋਬਿੰਦ ਸਿੰਘ ਜੀ ਦੀ ਦੂਜੀ ਸ਼ਾਦੀ ਸੀ, ਪਰ ਬਹੁਤੇ ਵਿਦਵਾਨ ਇਸ ਗੱਲ ਤੇ ਸਹਿਮਤ ਹਨ ਕਿ ਮਾਤਾ ਸੁੰਦਰੀ ਜੀ ਦਾ ਪੇਕਾ ਨਾਮ ਹੀ 'ਜੀਤੋ' ਜੀ ਸੀ ਅਤੇ ਵਿਆਹ ਤੋਂ ਮਗਰੋਂ (ਮਾਤਾ) 'ਸੁੰਦਰੀ ਜੀ' ਰੱਖ ਦਿੱਤਾ ਗਿਆ। ਪੰਜਾਬ ਵਿਚ ਅਜੇ ਤੱਕ ਵੀ ਇਹ ਵਿਆਹ ਮਗਰੋਂ ਨਾਮ ਬਦਲਣ ਦੀ ਰੀਤ ਕਿਤੇ-ਕਿਤੇ ਪ੍ਰਚੱਲਿਤ ਹੈ।

# ਸਿੱਖੀ ਦਾ ਨਵਾਂ ਕੇਂਦਰ ਪਾਉਂਟਾ ਸਾਹਿਬ

ਸ੍ਰੀ ਗੁਰੂ ਨਾਨਕ ਦੇਵ ਜੀ ਅਤੇ ਹੋਰ ਸਾਰੇ ਗੁਰੂ ਸਾਹਿਬਾਨ ਨੇ ਇਕ ਮਿਥੀ ਵਿਉਂਤ ਅਨੁਸਾਰ ਖ਼ਾਸ-ਖ਼ਾਸ ਇਲਾਕਿਆਂ ਵਿਚ ਸਿੱਖੀ ਦਾ ਪ੍ਰਚਾਰ ਕੀਤਾ ਸੀ ਅਤੇ ਸਿੱਖ ਵੱਸੋਂ ਵਾਲੇ ਸ਼ਹਿਰ ਵਸਾਏ ਸਨ। ਗੁਰੂ ਨਾਨਕ ਪਾਤਸ਼ਾਹ ਨੇ ਕਰਤਾਰਪੁਰ (ਹੁਣ ਪਾਕਿਸਤਾਨ ਵਿਚ) ਵਸਾਇਆ। ਗੁਰੂ ਅੰਗਦ ਦੇਵ ਜੀ ਨੇ ਖਡੂਰ ਸਾਹਿਬ ਨੂੰ ਸਿੱਖੀ ਪ੍ਰਚਾਰ ਦਾ ਕੇਂਦਰ ਬਣਾਇਆ ਅਤੇ ਉਨ੍ਹਾਂ ਦੇ ਕਹਿਣ 'ਤੇ (ਗੁਰੂ) ਅਮਰਦਾਸ ਜੀ ਨੇ ਗੋਇੰਦਵਾਲ ਸਾਹਿਬ ਵਸਾਇਆ। ਗੁਰੂ ਰਾਮਦਾਸ ਜੀ ਨੇ ਸ੍ਰੀ ਅੰਮ੍ਰਿਤਸਰ ਦੀ ਨੀਂਹ ਰੱਖੀ, ਗੁਰੂ ਅਰਜਨ ਦੇਵ ਪਾਤਸ਼ਾਹ ਜੀ ਨੇ ਇਸ ਸ਼ਹਿਰ ਨੂੰ ਵਸਾਇਆ ਅਤੇ ਸਿੱਖੀ ਦੇ ਕੇਂਦਰ ਵਜੋਂ ਵਿਕਸਿਤ ਕੀਤਾ ਅਤੇ ਕਰਤਾਰਪੁਰ (ਜ਼ਿਲ੍ਹਾ ਜਲੰਧਰ), ਤਰਨਤਾਰਨ ਸਾਹਿਬ, ਛਿਹਰਟਾ ਸਾਹਿਬ ਆਦਿ ਸਿੱਖ-ਪ੍ਰਭਾਵੀ ਨਗਰ ਵਸਾਏ। ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਕੀਰਤਪੁਰ ਸਾਹਿਬ ਤੇ ਸ੍ਰੀ ਹਰਗੋਬਿੰਦਪੁਰ ਨਗਰਾਂ ਦੀ ਰਚਨਾ ਕੀਤੀ। ਆਪ ਨੇ ਮਾਲਵੇ ਅਤੇ ਪੰਜਾਬ ਦੀਆਂ ਪਹਾੜੀ ਰਿਆਸਤਾਂ ਵਿਚ ਸਿੱਖੀ ਦਾ ਪ੍ਰਚਾਰ ਕੀਤਾ। ਗੁਰੂ ਹਰਿ ਰਾਇ ਸਾਹਿਬ ਵੀ ਇਸੇ ਇਲਾਕੇ ਵਿਚ ਵਿਚਰਦੇ ਰਹੇ। ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਦੀ ਗੁਰਿਆਈ ਦਾ ਸਮਾਂ ਹੀ ਥੋੜ੍ਹਾ ਜਿਹਾ ਸੀ। ਗੁਰੂ ਤੇਗ ਬਹਾਦਰ ਸਾਹਿਬ ਦੇਸ਼ ਦੇ ਰਾਜਸੀ ਹਾਲਾਤ ਕਾਰਨ ਬਹੁਤਾ ਸਮਾਂ ਪੂਰਬ ਵੱਲ ਰਹੇ। ਉਨ੍ਹਾਂ ਨੇ ਆਉਣ ਵਾਲੇ ਸਮੇਂ ਨੂੰ ਧਿਆਨ ਵਿਚ ਰੱਖ ਕੇ ਸ੍ਰੀ ਅਨੰਦਪੁਰ ਸਾਹਿਬ ਵਸਾਇਆ। ਗੁਰੂ ਗੋਬਿੰਦ ਸਿੰਘ ਜੀ ਨੇ ਪਹਾੜ ਦੀ ਕੰਢੀ ਦੇ ਨਾਲ-ਨਾਲ ਜਮਨਾ ਤੱਕ ਸਿੱਖ ਧਰਮ ਦੀ ਖੁਸ਼ਬੋ ਫੈਲਾਈ। ਗੁਰਬਾਣੀ ਦੇ ਪ੍ਰਚਾਰ ਦੇ ਨਾਲ ਨਾਲ ਲੰਗਰ ਦੀ ਮਰਯਾਦਾ ਜਾਰੀ ਰੱਖੀ, ਜਿਸ ਕਰਕੇ ਪੰਮੇ ਪਰੋਹਿਤ ਵਰਗੇ ਬ੍ਰਾਹਮਣ ਗੁਰੂ-ਘਰ ਨਾਲ ਈਰਖਾ ਕਰਨ ਲਗ ਪਏ ਸਨ।

ਪਹਾੜ ਦੀ ਕੰਢੀ ਦੇ ਨਾਲ-ਨਾਲ ਹਿੰਦੂ ਰਾਜਿਆਂ ਦੀਆਂ ਕਈ ਨਿੱਕੀਆਂ-ਨਿੱਕੀਆਂ ਰਿਆਸਤਾਂ ਸਨ। ਇਹ ਰਾਜੇ ਆਪਸ ਵਿਚ ਲੜਦੇ ਰਹਿੰਦੇ ਸਨ। ਗੁਰੂ ਗੋਬਿੰਦ ਸਿੰਘ ਜੀ ਜਿੱਥੇ ਹਿੰਦੂ ਜਨਤਾ ਨੂੰ ਵਰਣ-ਵੰਡ ਦੇ ਜੂਲੇ ਹੇਠੋਂ ਕੱਢਣ ਦੇ ਯਤਨ ਕਰ ਰਹੇ ਸਨ, ਉੱਥੇ ਰਾਜਿਆਂ ਨੂੰ ਵੀ ਸਮਝਾਂਦੇ ਸਨ ਕਿ ਉਹ ਮੱਲਾਂ ਮੱਲਣ ਦੇ ਸੁਆਰਥ ਦੀ ਖ਼ਾਤਰ ਹਿੰਦੂਆਂ ਨੂੰ ਹੀ ਹਿੰਦੂਆਂ ਨਾਲ ਨਾ ਲੜਾਉਣ।

### *ਨਾਹਨ ਪ੍ਰਵੇਸ਼*

ਪਹਾੜੀ ਰਿਆਸਤਾਂ ਦੇ ਧੁਰ ਪੂਰਬ ਵਿਚ ਸਰਮੌਰ ਨਾਂ ਦੀ ਰਿਆਸਤ ਹੈ, ਜਿਸਦੀ ਰਾਜਧਾਨੀ ਨਾਹਨ ਸੀ। ਨਾਹਨ ਅਨੰਦਪੁਰ ਤੋਂ ਪੂਰਬ-ਦੱਖਣ ਵੱਲ ਸੌ ਕੁ ਮੀਲਾਂ ਦੀ ਵਿੱਥ ਤੇ ਹੈ। ਇੱਥੇ ਮੇਦਨੀ ਪ੍ਰਕਾਸ਼ ਨਾਂ ਦਾ ਰਾਜਾ ਰਾਜ ਕਰਦਾ ਸੀ। ਸਰਮੌਰ ਦੀ ਪੂਰਬੀ ਸਰਹੱਦ ਉੱਤੇ ਜਮਨਾ ਨਦੀ ਵਗਦੀ ਹੈ। ਜਮਨਾ ਦੇ ਪਰਲੇ ਪਾਸੇ ਰਿਆਸਤ ਗੜ੍ਹਵਾਲ ਹੈ, ਜਿੱਥੇ ਫ਼ਤਹਿ ਸ਼ਾਹ ਰਾਜ ਕਰਦਾ ਸੀ। ਇਨ੍ਹਾਂ ਦੋਹਾਂ ਰਾਜਿਆਂ ਵਿਚ ਇੱਟ-ਖੜੱਕਾ

ਲਗਿਆ ਰਹਿੰਦਾ ਸੀ। ਫ਼ਤਹਿ ਸ਼ਾਹ ਨੇ ਸਰਮੌਰ ਦਾ ਕੁਝ ਇਲਾਕਾ ਮੱਲ ਲਿਆ ਸੀ। ਜਦੋਂ ਇਸ ਦੀ ਧੀ ਦੀ ਕੁੜਮਾਈ ਕਹਿਲੂਰ ਦੇ ਰਾਜੇ ਭੀਮ ਚੰਦ ਦੇ ਪੁੱਤਰ ਨਾਲ ਹੋ ਗਈ ਤਾਂ ਇਹ ਹੋਰ ਮੱਛਰ ਪਿਆ। ਜਦੋਂ ਮੇਦਨੀ ਪ੍ਰਕਾਸ਼ ਨੂੰ ਇਹ ਪਤਾ ਲੱਗਾ ਕਿ ਗੁਰੂ ਗੋਬਿੰਦ ਸਿੰਘ ਜੀ ਰਾਜਿਆਂ ਨੂੰ ਸੁਲਾਹ-ਸਫ਼ਾਈ ਨਾਲ ਰਹਿਣ ਦੀ ਪ੍ਰੇਰਨਾ ਦੇ ਰਹੇ ਹਨ, ਤਾਂ ਉਸ ਨੇ ਸਤਿਗੁਰਾਂ ਨੂੰ ਬੇਨਤੀ ਕਰ ਭੇਜੀ ਕਿ ਉਹ ਫ਼ਤਹਿ ਸ਼ਾਹ ਨਾਲ ਸਮਝੌਤਾ ਕਰਾਉਣ ਦੀ ਕ੍ਰਿਪਾਲਤਾ ਕਰਨ ਤਾਂ ਕਿ ਨਿਤ ਦੀ ਕਲਹ ਮੁੱਕ ਸਕੇ।

ਸਤਿਗੁਰੂ ਜੀ ਸੰਨ 1685 ਦੇ ਅਰੰਭ ਵਿਚ ਅਨੰਦਪੁਰ ਤੋਂ ਨਾਹਨ ਲਈ ਚਲ ਪਏ। ਜਿਹੜੇ ਵਿਦਵਾਨ ਕਵੀ ਅਨੰਦਪੁਰ ਆ ਟਿਕੇ ਸਨ, ਉਨ੍ਹਾਂ ਨੂੰ ਵੀ ਨਾਲ ਲੈ ਲਿਆ। ਲਗਪਗ ਪੰਜ-ਸੌ ਸ਼ਸਤਰਧਾਰੀ ਸਿੰਘਾਂ ਦਾ ਜਥਾ ਵੀ ਆਪਣੇ ਨਾਲ ਤੋਰ ਲਿਆ।

ਅਨੰਦਪੁਰ ਤੋਂ ਕੀਰਤਪੁਰ, ਰੋਪੜ, ਖਰੜ, ਮਨੀਮਾਜਰਾ, ਰਾਮਗੜ੍ਹ, ਰਾਇਪੁਰ ਰਾਣੀ ਬੂਰੇਵਾਲ, ਟੋਕਾ ਆਦਿ ਥਾਵਾਂ ਤੋਂ ਹੁੰਦੇ ਹੋਏ ਅਪ੍ਰੈਲ 1685 ਵਿਚ ਨਾਹਨ ਪੁੱਜੇ। ਨਾਹਨ ਪੁੱਜ ਕੇ ਸਤਿਗੁਰਾਂ ਨੇ ਆਪਣੇ ਅਸਰ ਰਸੂਖ਼ ਨਾਲ ਰਾਜਾ ਫ਼ਤਹਿ ਸ਼ਾਹ ਤੇ ਮੇਦਨੀ ਪ੍ਰਕਾਸ਼ ਵਿਚ ਸੁਲਾਹ ਕਰਵਾ ਦਿੱਤੀ। ਫ਼ਤਹਿ ਸ਼ਾਹ ਨੇ ਮੇਦਨੀ ਪ੍ਰਕਾਸ਼ ਦਾ ਖੋਹਿਆ ਹੋਇਆ ਇਲਾਕਾ ਵਾਪਸ ਕਰ ਦਿੱਤਾ।

### *ਪਾਉਂਟਾ ਸਾਹਿਬ ਦੀ ਸਥਾਪਨਾ*

ਜਮਨਾ ਕਿਨਾਰੇ ਰਮਣੀਕ ਅਤੇ ਰਣਨੀਤੀ ਦੀ ਦ੍ਰਿਸ਼ਟੀ ਤੋਂ ਸੁਚੱਜਾ ਅਸਥਾਨ ਦੇਖ ਕੇ ਆਪ ਜੀ ਨੇ ਸੰਨ 1685 ਵਿਚ ਪਹਿਲਾਂ ਕੁਝ ਮਕਾਨ ਬਣਵਾਏ ਤੇ ਪਿਛੋਂ ਗੁਰਦੁਆਰਾ ਬਣਾਇਆ, ਫਿਰ ਉਸ ਨੂੰ ਕਿਲ੍ਹੇ ਦੀ ਸ਼ਕਲ ਦੇ ਦਿੱਤੀ। ਸਤਿਗੁਰਾਂ ਦੇ ਆਉਣ; ਭਾਵ, ਪੈਰ ਰੱਖਣ ਦੀ ਯਾਦ ਵਿਚ ਇਸ ਥਾਂ ਦਾ ਨਾਮ ਪਾਉਂਟਾ ਸਾਹਿਬ ਰੱਖਿਆ ਗਿਆ।

ਗੁਰਦੁਆਰਾ ਸਾਹਿਬ ਵਿਚ ਜਿੱਥੇ ਰੋਜ਼ ਦੋ ਵੇਲੇ ਸਤਿਸੰਗ ਹੁੰਦਾ ਸੀ, ਉੱਥੇ ਜਨਤਾ ਦੀਆਂ ਰਗਾਂ ਵਿਚ ਜੋਸ਼ ਭਰਨ ਲਈ ਸਤਿਗੁਰੂ ਜੀ ਕਵੀ-ਦਰਬਾਰ ਵੀ ਕਰਾਉਂਦੇ ਸਨ। ਇੱਥੇ ਸ਼ਾਂਤ ਵਾਤਾਵਰਣ ਵਿਚ ਕਵੀਆਂ ਨੇ ਅਨੇਕ ਪ੍ਰਾਚੀਨ ਗ੍ਰੰਥਾਂ ਦਾ ਉਲਥਾ ਕੀਤਾ ਅਤੇ ਬੀਰ-ਰਸੀ ਕਾਵਿ ਰਚਿਆ।

### *ਦਸਮ ਬਾਣੀ ਦੀ ਰਚਨਾ*

ਪਾਉਂਟਾ ਸਾਹਿਬ ਵਿਖੇ ਸਤਿਗੁਰੂ ਜੀ ਵਧੇਰੇ ਸਮਾਂ ਪ੍ਰਭੂ-ਭਗਤੀ ਵਿਚ ਹੀ ਬਿਤਾਉਂਦੇ ਸਨ। ਇੱਥੇ ਆਪ ਜੀ ਨੂੰ ਪ੍ਰਭੂ ਵਲੋਂ ਜੋ 'ਸ਼ਬਦ' ਪ੍ਰਾਪਤ ਹੋਇਆ, ਉਸ ਨੂੰ ਆਪ ਜੀ ਨੇ ਕਲਮ-ਬੰਦ ਕੀਤਾ। ਆਪ ਨੇ ਜਾਪੁ ਸਾਹਿਬ, ਅਕਾਲ ਉਸਤਤਿ, ੩੩ ਸਵੱਈਏ ਆਦਿਕ ਬਾਣੀਆਂ ਦੀ ਰਚਨਾ ਕੀਤੀ।

### *ਸ਼ਿਕਾਰ ਖੇਡਣਾ*

ਜਿੱਥੇ ਇਕ ਪਾਸੇ ਸਤਿਗੁਰੂ ਜੀ ਗੁਰਬਾਣੀ ਦੁਆਰਾ ਸਿੱਖਾਂ ਦੇ ਮਨਾਂ ਨੂੰ ਤਕੜਾ ਕਰ ਰਹੇ ਸਨ ਅਤੇ ਕਵੀਆਂ ਦੀਆਂ ਕਵਿਤਾਵਾਂ ਦੁਆਰਾਂ ਉਨ੍ਹਾਂ ਅੰਦਰ ਬੀਰ-ਰਸ ਭਰ

ਰਹੇ ਸਨ, ਉਥੇ ਸਿੱਖਾਂ ਨੂੰ ਬੀਰਤਾ ਦੇ ਕਾਰਨਾਮੇ ਕਰਨ ਦੇ ਯੋਗ ਬਣਾਉਣ ਲਈ ਰੋਜ਼ ਸ਼ਿਕਾਰ ਖੇਡਣ ਲਈ ਵੀ ਜਾਂਦੇ ਸਨ। ਗੁਰੂ ਜੀ ਅਤੇ ਸਿੰਘਾਂ ਨੇ ਜੰਗਲੀ ਜਾਨਵਰਾਂ ਦਾ ਚੁਣ-ਚੁਣ ਕੇ ਸ਼ਿਕਾਰ ਕੀਤਾ। ਸ਼ੇਰ, ਚੀਤੇ, ਬਘਿਆੜ, ਰਿਛ, ਸੂਰ ਅਤੇ ਨੀਲ ਗਾਈਆਂ ਆਦਿਕ ਬਣਾਂ ਵਿਚੋਂ ਨਿਕਲ ਕੇ ਲੋਕਾਂ ਨੂੰ ਅਤੇ ਉਨ੍ਹਾਂ ਦਾ ਮਾਲ-ਡੰਗਰ ਚੁੱਕ ਕੇ ਲੈ ਜਾਂਦੇ ਸਨ। ਅਜਿਹੇ ਮਾਸ-ਖੋਰੇ ਜਾਨਵਰਾਂ ਦੇ ਸ਼ਿਕਾਰ ਕਰਨ ਨਾਲ ਆਮ ਲੋਕਾਂ ਨੂੰ ਵੀ ਸੁਖ ਦਾ ਸਾਹ ਆਇਆ। ਜਦੋਂ ਗੁਰੂ ਜੀ ਸਿੰਘਾਂ ਸਮੇਤ ਸ਼ਿਕਾਰ ਤੇ ਚੜ੍ਹਦੇ ਤਾਂ ਨਗਾਰੇ ਵਜਾਏ ਜਾਂਦੇ, ਜਿਨ੍ਹਾਂ ਦੀਆਂ ਗੂੰਜਾਂ ਦੂਰ-ਦੂਰ ਤੱਕ ਸੁਣਾਈ ਦਿੰਦੀਆਂ। ਪਹਾੜੀ ਰਾਜੇ ਤਾਂ ਪਹਿਲਾਂ ਹੀ ਖਿਝੇ ਹੋਏ ਸਨ, ਨਗਾਰਿਆਂ ਦੀਆਂ ਗੂੰਜਾਂ ਸੁਣ-ਸੁਣ ਕੇ ਉਹ ਈਰਖਾ ਦੀ ਅੱਗ ਵਿਚ ਹੋਰ ਸੜਨ ਲੱਗ ਪੈਂਦੇ।

ਥੋੜ੍ਹੇ ਹੀ ਸਮੇਂ ਵਿਚ ਸਤਿਗੁਰਾਂ ਨੇ ਸਾਰੇ ਮਾਸਖੋਰੇ ਜਾਨਵਰ ਮੁਕਾ ਦਿੱਤੇ।

### *ਬਾਬਾ ਰਾਮ ਰਾਇ ਨਾਲ ਮੇਲ*

ਗੁਰੂ ਹਰਿ ਰਾਇ ਸਾਹਿਬ ਜੀ ਦੇ ਵੱਡੇ ਸਪੁੱਤਰ ਬਾਬਾ ਰਾਮ ਰਾਇ ਨੇ ਔਰੰਗਜ਼ੇਬ ਨਾਲ ਰਸੂਖ ਕਾਇਮ ਕਰਨ ਲਈ ਗੁਰਬਾਣੀ ਵਿਚ ਤਬਦੀਲੀ ਕਰਨ * ਦੀ ਵੱਡੀ ਭਾਰੀ ਗ਼ਲਤੀ ਕੀਤੀ ਸੀ, ਏਸੇ ਕਰਕੇ ਉਹ ਗੁਰੂ-ਘਰ ਵਿਚੋਂ ਛੇਕ ਦਿੱਤੇ ਗਏ ਸਨ। ਮੌਕੇ ਦਾ ਫ਼ਾਇਦਾ ਉਠਾ ਕੇ ਸਿੱਖ-ਕੌਮ ਵਿਚ ਫੁੱਟ ਪਾਉਣ ਦੀ ਨੀਅਤ ਨਾਲ ਸਰਕਾਰ ਨੇ ਉਨ੍ਹਾਂ ਨੂੰ ਦੂਨ ਦੇ ਇਲਾਕੇ ਵਿਚ ਜਾਗੀਰ ਦਿੱਤੀ ਸੀ। ਗੜ੍ਹਵਾਲ ਦੇ ਰਾਜੇ ਨੇ ਵੀ ਪੰਜ ਪਿੰਡਾਂ ਦੀ ਜਾਗੀਰ ਭੇਟਾ ਕੀਤੀ ਹੋਈ ਸੀ। ਬਾਬਾ ਜੀ ਉਸ ਦੂਨ ਵਿਚ ਡੇਰਾ ਬਣਾ ਕੇ ਟਿਕੇ ਹੋਏ ਸਨ। ਇਹ ਜਗ੍ਹਾ ਪਾਉਂਟਾ ਸਾਹਿਬ ਤੋਂ 50 ਕੁ ਕਿਲੋਮੀਟਰ ਦੀ ਵਿੱਥ ਉੱਤੇ ਹੈ।

ਜਦੋਂ ਰਾਮ ਰਾਇ ਨੂੰ ਗੁਰੂ ਗੋਬਿੰਦ ਸਿੰਘ ਜੀ ਦੇ ਨਾਹਨ ਵਿਚ ਆਉਣ ਅਤੇ ਪਾਉਂਟਾ ਸਾਹਿਬ ਵਸਾਉਣ ਦੀ ਖ਼ਬਰ ਮਿਲੀ, ਤਾਂ ਉਨ੍ਹਾਂ ਦੇ ਮਨ ਵਿਚ ਗੁਰੂ ਜੀ ਨੂੰ ਮਿਲਣ ਦੀ ਖਿੱਚ ਪੈਦਾ ਹੋਈ। ਅਸਲ ਵਿਚ ਉਹ ਮਸੰਦਾਂ ਕੋਲੋਂ ਤੰਗ ਆਏ ਹੋਏ ਸਨ। ਜਿਨ੍ਹਾਂ ਮਸੰਦਾਂ ਦੀ ਸਹਾਇਤਾ ਨਾਲ ਉਨ੍ਹਾਂ ਨੇ ਆਪਣਾ ਗੁਰੂਡੰਮ੍ਹ ਚਲਾਇਆ ਹੋਇਆ ਸੀ, ਉਹ ਹੀ ਹੁਣ ਉਨ੍ਹਾਂ ਦੀ ਜਾਨ ਦੇ ਵੈਰੀ ਬਣੇ ਪਏ ਸਨ। ਮਾਇਆ ਕਾਰਨ ਮਸੰਦ ਆਚਰਨ ਪੱਖੋਂ ਡਿਗਦੇ ਜਾ ਰਹੇ ਸਨ ਅਤੇ ਉਹ ਆਪਣੇ ਆਪ ਨੂੰ ਡੇਰੇ ਦੇ ਮਾਲਕ ਸਮਝਣ ਲੱਗ ਪਏ ਸਨ। ਬਾਬਾ ਜੀ ਨੇ ਗੁਰੂ ਸਾਹਿਬ ਨੂੰ ਸੁਨੇਹਾ ਭੇਜਿਆ ਕਿ ਉਨ੍ਹਾਂ ਨੇ ਮਸੰਦਾਂ ਬਾਰੇ ਗੱਲਬਾਤ ਕਰਨੀ ਹੈ, ਇਸ ਲਈ ਜਮਨਾ ਨਦੀ ਦੇ ਵਿਚ ਇੱਕਲੇ ਹੀ ਮਿਲਣਾ ਚਾਹੁੰਦੇ ਹਨ।

ਬਾਬਾ ਰਾਮ ਰਾਇ ਦੀ ਇੱਛਾ ਮੁਤਾਬਿਕ ਸਤਿਗੁਰੂ ਜੀ ਨੇ ਉਨ੍ਹਾਂ ਨਾਲ ਜਮਨਾ ਨਦੀ ਦੇ ਵਿਚਕਾਰ ਬੇੜੀ ਵਿਚ ਮੁਲਾਕਾਤ ਕੀਤੀ। ਭਾਵੇਂ ਬਾਬਾ ਰਾਮ ਰਾਇ ਗੁਰੂ ਸਾਹਿਬ

---

*ਬਾਬਾ ਰਾਮ ਰਾਇ ਨੇ ਔਰੰਗਜ਼ੇਬ ਦੇ ਦਰਬਾਰ ਵਿਚ "ਮਿਟੀ ਮੁਸਲਮਾਨ ਕੀ, ਪੇੜੈ ਪਈ ਕੁਮ੍ਹਿਆਰ॥ ਘੜਿ ਭਾਂਡੇ ਇਟਾ ਕੀਆ, ਜਲਦੀ ਕਰੇ ਪੁਕਾਰ।" ਵਿਚ 'ਮਿਟੀ ਮੁਸਲਮਾਨ ਕੀ' ਨੂੰ 'ਮਿਟੀ ਬੇਈਮਾਨ ਕੀ' ਕਰਕੇ ਪੜ੍ਹਨ ਦੀ ਗ਼ਲਤੀ ਕੀਤੀ ਸੀ।

ਤੋਂ ਵਡੇਰੀ ਉਮਰ ਦੇ ਸਨ, ਪਰ ਮਿਲਣੀ ਸਮੇਂ ਉਨ੍ਹਾਂ ਨੇ ਸੀਸ ਨਿਵਾ ਕੇ ਗੁਰੂ ਪਾਤਸ਼ਾਹ ਦਾ ਸਤਿਕਾਰ ਕੀਤਾ ਅਤੇ ਬੇਨਤੀ ਕੀਤੀ ਕਿ ਮੌਤ ਮਗਰੋਂ ਉਨ੍ਹਾਂ ਦੇ ਪਰਿਵਾਰ ਦੀ ਰੱਖਿਆ ਕੀਤੀ ਜਾਵੇ।

## ਪੀਰ ਬੁੱਧੂ ਸ਼ਾਹ ਜੀ ਦਰਸ਼ਨ ਨੂੰ ਆਏ

ਪਾਉਂਟਾ ਸਾਹਿਬ ਤੋਂ ਪੱਛਮ ਵੱਲ 43 ਕਿਲੋਮੀਟਰ ਦੀ ਵਿੱਥ ਉੱਤੇ ਸਢੌਰਾ ਨਾਮ ਦਾ ਕਸਬਾ ਹੈ। ਇਹ ਅੰਬਾਲੇ ਤੋਂ 33 ਕਿਲੋਮੀਟਰ ਦੀ ਵਿੱਥ ਦੇ ਉੱਤੇ ਹੈ। ਇੱਥੋਂ ਦੇ ਸੂਫ਼ੀ ਸੰਤ ਪੀਰ ਬੁੱਧੂ ਸ਼ਾਹ ਜੀ ਦੀ ਇਲਾਕੇ ਵਿਚ ਕਾਫ਼ੀ ਮਾਨਤਾ ਸੀ। ਉਨ੍ਹਾਂ ਦਾ ਅਸਲ ਨਾਮ 'ਸ਼ੇਖ-ਬਦਰ-ਉਦ-ਦੀਨ' ਸੀ। ਉਦਾਰਵਾਦੀ ਖ਼ਿਆਲਾਂ ਦੇ ਹੋਣ ਕਰਕੇ ਜਿੱਥੇ ਉਨ੍ਹਾਂ ਦੇ ਹਜ਼ਾਰਾਂ ਮੁਸਲਮਾਨ ਮੁਰੀਦ ਸਨ, ਉੱਥੇ ਇਲਾਕੇ ਦੇ ਹਿੰਦੂ ਵੀ ਉਨ੍ਹਾਂ ਦਾ ਸਤਿਕਾਰ ਕਰਦੇ ਸਨ।

ਜਿਨ੍ਹਾਂ ਦਿਨਾਂ ਵਿਚ ਦਸਮ ਗੁਰੂ ਜੀ ਪਾਉਂਟਾ ਸਾਹਿਬ ਵਿਖੇ ਰਹਿ ਰਹੇ ਸਨ, ਪੀਰ ਬੁੱਧੂ ਸ਼ਾਹ ਜੀ ਉੱਥੇ ਉਨ੍ਹਾਂ ਨੂੰ ਮਿਲਣ ਆਉਂਦੇ ਰਹਿੰਦੇ ਸਨ। ਪੀਰ ਜੀ ਦੇ ਕਹਿਣ ਉੱਤੇ ਹੀ ਗੁਰੂ ਜੀ ਨੇ ਉਨ੍ਹਾਂ ਪੰਜ ਪਠਾਣ ਸਰਦਾਰਾਂ ਨੂੰ ਅਤੇ 500 ਪਠਾਣ ਸਿਪਾਹੀਆਂ ਨੂੰ ਆਪਣੀ ਫ਼ੌਜ ਵਿਚ ਨੌਕਰ ਰੱਖ ਲਿਆ ਸੀ, ਜਿਨ੍ਹਾਂ ਨੂੰ ਔਰੰਗਜ਼ੇਬ ਨੇ ਕਿਸੇ ਗੱਲੋਂ ਗੁੱਸੇ ਹੋ ਕੇ ਆਪਣੀ ਫ਼ੌਜ ਵਿਚੋਂ ਕੱਢ ਦਿੱਤਾ ਸੀ। ਇਨ੍ਹਾਂ ਪੰਜ ਸਰਦਾਰਾਂ ਦੇ ਨਾਮ ਸਨ—ਕਾਲਾ ਖ਼ਾਨ, ਭੀਖਨ ਖ਼ਾਨ, ਨਜ਼ਾਬਤ ਖ਼ਾਨ, ਹਯਾਤ ਖ਼ਾਨ ਅਤੇ ਉਮਰ ਖ਼ਾਨ।

## ਨਿਰਮਲਾ ਸੰਪ੍ਰਦਾਇ

ਭਾਰਤੀ ਸਮਾਜ ਵਿਚ ਪੜ੍ਹਨ-ਪੜ੍ਹਾਉਣ ਦਾ ਕੰਮ ਬ੍ਰਾਹਮਣਾਂ ਨੇ ਆਪਣੇ ਜ਼ਿੰਮੇ ਲਿਆ ਹੋਇਆ ਸੀ। ਬ੍ਰਾਹਮਣ ਸੰਸਕ੍ਰਿਤ ਭਾਸ਼ਾ ਨੂੰ ਦੇਵ-ਬਾਣੀ ਆਖਦੇ ਸਨ ਅਤੇ ਹੋਰ ਕਿਸੇ ਨੂੰ ਇਹ ਭਾਸ਼ਾ ਪੜ੍ਹਨ ਦੀ ਇਜਾਜ਼ਤ ਨਹੀਂ ਸਨ ਦਿੰਦੇ। ਸਤਿਗੁਰੂ ਜੀ ਨੇ ਫ਼ੈਸਲਾ ਕਰ ਲਿਆ ਕਿ ਬ੍ਰਾਹਮਣ ਦੇ ਇਸ ਅਧਿਕਾਰ ਨੂੰ ਖ਼ਤਮ ਕਰਨਾ ਜ਼ਰੂਰੀ ਹੈ ਅਤੇ ਸਾਰੇ ਭਾਰਤੀਆਂ ਤੇ ਵਿਸ਼ੇਸ਼ ਕਰਕੇ ਸਿੱਖਾਂ ਨੂੰ ਸੰਸਕ੍ਰਿਤ ਤੇ ਹੋਰ ਭਾਸ਼ਾਵਾ ਪੜ੍ਹਨ ਦੀ ਖੁਲ੍ਹ ਦੁਆਉਣੀ ਜ਼ਰੂਰੀ ਹੈ। ਇਨ੍ਹਾਂ ਦਿਨਾਂ ਵਿਚ ਹੀ ਇਕ ਹੋਰ ਘਟਨਾ ਹੋਈ, ਜਿਸ ਕਰਕੇ ਗੁਰੂ ਪਾਤਸ਼ਾਹ ਨੇ ਆਪਣੇ ਇਸ ਫ਼ੈਸਲੇ ਨੂੰ ਜਲਦੀ ਹੀ ਅਮਲੀ ਸ਼ਕਲ ਦੇ ਦਿੱਤੀ।

ਪਾਉਂਟਾ ਸਾਹਿਬ ਵਿਚ ਸੰਸਕ੍ਰਿਤ ਦੇ ਕਈ ਬ੍ਰਾਹਮਣ-ਵਿਦਵਾਨਾਂ ਨੇ ਓਟ ਲਈ ਹੋਈ ਸੀ। ਉਨ੍ਹਾਂ ਵਿਚ ਇਕ ਪੰਡਿਤ ਰਘੂਨਾਥ ਵੀ ਸੀ। ਸਤਿਗੁਰਾਂ ਨੇ ਉਸ ਨੂੰ ਆਖਿਆ ਕਿ ਉਹ ਸਿੱਖਾਂ ਨੂੰ ਸੰਸਕ੍ਰਿਤ ਪੜ੍ਹਾਵੇ। ਉਸ ਨੇ ਅਜਿਹਾ ਕਰਨ ਤੋਂ ਸਾਫ਼ ਇਨਕਾਰ ਕਰ ਦਿੱਤਾ। ਉਹ ਸਿੱਖਾਂ ਦੇ ਸੰਸਕ੍ਰਿਤ ਪੜ੍ਹਨ ਨੂੰ ਬ੍ਰਾਹਮਣਾਂ ਦੇ ਹੱਕਾਂ ਉੱਤੇ ਛਾਪਾ ਸਮਝਦਾ ਸੀ। ਸਤਿਗੁਰਾਂ ਨੇ ਉਸ ਨੂੰ ਤਾਂ ਕੁਝ ਨਾ ਕਿਹਾ, ਪਰ ਆਪਣੇ ਪੰਜ ਸਿੱਖਾਂ ਨੂੰ ਗੇਰੂਏ ਬਸਤਰ ਪਹਿਨਾ ਕੇ ਬਨਾਰਸ ਭੇਜ ਦਿੱਤਾ। ਬਨਾਰਸ ਵਿਚ ਉਹ ਕਈ ਸਾਲ ਸੰਸਕ੍ਰਿਤ ਪੜ੍ਹਦੇ ਰਹੇ ਅਤੇ ਨਿਰਮਲੇ ਸੰਤ ਅਖਵਾਉਂਦੇ ਰਹੇ। ਜਿੱਥੇ ਉਨ੍ਹਾਂ ਸਿੱਖਾਂ ਨੇ ਵਿੱਦਿਆ ਪ੍ਰਾਪਤ ਕੀਤੀ ਸੀ, ਉੱਥੇ ਹੁਣ 'ਚੇਤਨ ਮੱਠ' ਗੁਰੂ ਕੀ ਸੰਗਤ ਹੈ। ਬਨਾਰਸ ਤੋਂ ਵਾਪਸ ਆ ਕੇ

ਇਨ੍ਹਾਂ ਨੇ ਅੰਮ੍ਰਿਤ ਛਕ ਲਿਆ ਅਤੇ ਇਤਿਹਾਸ ਵਿਚ ਇਨ੍ਹਾਂ ਦੇ ਨਾਮ ਇਸ ਪ੍ਰਕਾਰ ਆਏ ਹਨ— ਰਾਮ ਸਿੰਘ, ਕਰਮ ਸਿੰਘ, ਗੰਡਾ ਸਿੰਘ, ਵੀਰ ਸਿੰਘ ਤੇ ਸ਼ੋਭਾ ਸਿੰਘ। ਇਨ੍ਹਾਂ ਸਿੰਘਾਂ ਤੋਂ ਹੀ ਨਿਰਮਲਾ ਸੰਪ੍ਰਦਾਇ ਚਲੀ, ਜਿਸ ਨੇ ਸਿੱਖਾਂ ਵਿਚ ਵਿੱਦਿਆ ਦਾ ਪ੍ਰਚਾਰ ਕੀਤਾ ਅਤੇ ਗੁਰਮਤਿ-ਦਰਸ਼ਨ ਸੰਬੰਧੀ ਕਈ ਪੁਸਤਕਾਂ ਰਚੀਆਂ।

### *ਸਾਹਿਬਜ਼ਾਦਾ ਅਜੀਤ ਸਿੰਘ ਦਾ ਜਨਮ*

ਪਾਉਂਟਾ ਸਾਹਿਬ ਹੀ ਜਨਵਰੀ, ਸੰਨ 1687 (23 ਮਾਘ, ਸੰਮਤ 1743) ਨੂੰ ਗੁਰੂ ਗੋਬਿੰਦ ਸਿੰਘ ਜੀ ਦੇ ਪਹਿਲੇ ਸਪੁੱਤਰ ਬਾਬਾ ਅਜੀਤ ਸਿੰਘ ਜੀ ਦਾ ਜਨਮ, ਮਾਤਾ ਸੁੰਦਰੀ ਜੀ ਦੀ ਕੁਖੋਂ ਹੋਇਆ।

# ਭੰਗਾਣੀ ਦਾ ਯੁੱਧ

ਗੁਰੂ ਜੀ ਦੇ ਦਿਨੋਂ ਦਿਨ ਵਧ ਰਹੇ ਤੇਜ-ਪ੍ਰਤਾਪ ਤੋਂ ਪਹਾੜੀ ਰਾਜੇ ਬਹੁਤ ਦੁਖੀ ਸਨ। ਕਹਿਲੂਰ ਦਾ ਭੀਮ ਚੰਦ ਤਾਂ ਸਭ ਤੋਂ ਵੱਧ ਔਖਾ ਹੋ ਰਿਹਾ ਸੀ। ਇਹ ਰਾਜੇ ਆਪਣੇ ਆਪ ਨੂੰ ਬ੍ਰਾਹਮਣਾਂ ਦੇ ਸਰਪ੍ਰਸਤ ਅਤੇ ਸਨਾਤਨੀ ਧਰਮ ਦੇ ਰਾਖੇ ਅਖਵਾਉਂਦੇ ਸਨ। ਉਨ੍ਹਾਂ ਨੂੰ ਦਸਮ-ਪਿਤਾ ਜੀ ਦਾ ਜਾਤੀ-ਰਹਿਤ ਪ੍ਰਚਾਰ, ਲੰਗਰ, ਨਗਾਰਾ, ਕਿਲ੍ਹੇ ਅਤੇ ਝੰਡਾ ਚੁੱਭਦਾ ਸੀ। ਕੁਝ ਕੁ ਨੂੰ ਛੱਡ ਕੇ ਬਾਕੀ ਰਾਜੇ ਇਸ ਭਾਲ ਵਿਚ ਸਨ ਕਿ ਗੁਰੂ ਜੀ ਦੀ ਹੇਠੀ ਕੀਤੀ ਜਾਏ ਅਤੇ ਉਨ੍ਹਾਂ ਤੋਂ ਈਨ ਮਨਵਾਈ ਜਾਏ।

ਜਿਨ੍ਹਾਂ ਦਿਨਾਂ ਵਿਚ ਗੁਰੂ ਜੀ ਪਾਉਂਟੇ ਰਹਿ ਰਹੇ ਸਨ, ਉਨ੍ਹੀਂ ਦਿਨੀਂ ਹੀ ਭੀਮ ਚੰਦ ਦੇ ਲੜਕੇ ਅਜਮੇਰ ਚੰਦ ਦਾ ਵਿਆਹ ਨੇੜੇ ਆ ਗਿਆ। ਜੰਞ ਸ੍ਰੀਨਗਰ (ਗੜ੍ਹਵਾਲ) ਦੇ ਰਾਜੇ ਫ਼ਤਹਿ ਸ਼ਾਹ ਦੇ ਘਰ ਜਾਣੀ ਸੀ। ਭੀਮ ਚੰਦ ਨੇ ਸੋਚਿਆ ਕਿ ਗੁਰੂ ਜੀ ਪਾਸੋਂ ਉਹ ਕੀਮਤੀ ਵਸਤੂਆਂ ਜੋ ਆਸਾਮ ਅਤੇ ਕਾਬਲ ਤੋਂ ਆਈਆਂ ਸਨ, ਵਿਆਹ ਸਮੇਂ ਵਰਤਣ ਦੇ ਬਹਾਨੇ ਮੰਗ ਲਈਆਂ ਜਾਣ ਤੇ ਮਗਰੋਂ ਵਾਪਸ ਨਾ ਕੀਤੀਆਂ ਜਾਣ ਅਤੇ ਗੁਰੂ ਜੀ ਇਹ ਵਸਤਾਂ ਤਾਕਤ ਦੇ ਜ਼ੋਰ ਨਾਲ ਵਾਪਸ ਮੰਗਣ ਤਾਂ ਅਨੰਦਪੁਰ ਅਤੇ ਪਾਉਂਟਾ ਸਾਹਿਬ ਉੱਤੇ ਹੱਲਾ ਬੋਲ ਦਿੱਤਾ ਜਾਏ। ਜਾਣੀ-ਜਾਣ ਸਤਿਗੁਰੂ ਉਸ ਦੀ ਨੀਅਤ ਤਾੜ ਗਏ ਅਤੇ ਵਸਤਾਂ ਦੇਣ ਤੋਂ ਇਨਕਾਰ ਕਰ ਦਿੱਤਾ। ਭੀਮ ਚੰਦ ਬੜਾ ਤੜਫ਼ਿਆ ਪਰ ਲੜਕੇ ਦੇ ਵਿਆਹ ਨੂੰ ਧਿਆਨ ਵਿਚ ਰੱਖ ਕੇ ਚੁੱਪ ਕਰ ਗਿਆ। ਉਸ ਨੇ ਜੰਞ ਨੂੰ ਪਾਉਂਟਾ ਸਾਹਿਬ ਤੋਂ ਲੰਘਾਉਣ ਦੀ ਆਗਿਆ ਮੰਗੀ। ਉਸ ਦੀ ਚਾਲ ਸੀ ਕਿ ਪਾਉਂਟਾ ਸਾਹਿਬ ਤੋਂ ਲੰਘਣ ਵੇਲੇ ਨਗਰ ਉਜਾੜ ਦਿੱਤਾ ਜਾਏ। ਗੁਰੂ ਜੀ ਨੇ ਜੰਞ ਨੂੰ ਪਾਉਂਟਾ ਸਾਹਿਬ ਤੋਂ ਲੰਘਣ ਦੀ ਇਜਾਜ਼ਤ ਨਾ ਦਿੱਤੀ। ਹਾਂ, ਲਾੜੇ ਅਤੇ ਉਸ ਦੇ ਕੁਝ ਸਾਥੀਆਂ ਨੂੰ ਜਮਨਾ ਪਾਰ ਕਰਨ ਦੀ ਇਜਾਜ਼ਤ ਦੇ ਦਿੱਤੀ। ਬਾਕੀ ਜੰਞ ਚੋਖਾ ਵਲਾ ਮਾਰ ਕੇ ਸ੍ਰੀਨਗਰ ਪੁੱਜੀ।

ਰਾਜਾ ਫ਼ਤਹਿ ਸ਼ਾਹ ਗੁਰੂ ਘਰ ਦਾ ਪ੍ਰੇਮੀ ਸੀ। ਉਹ ਪਾਉਂਟਾ ਸਾਹਿਬ ਵਿਚ ਕਈ ਵਾਰ ਗੁਰੂ-ਦਰਬਾਰ ਦੀ ਹਾਜ਼ਰੀ ਭਰ ਚੁੱਕਾ ਸੀ। ਵਿਆਹ ਦੇ ਸਮੇਂ ਤੇ ਸਤਿਗੁਰੂ ਜੀ ਨੇ ਕੁਝ ਚੋਣਵੇਂ ਸੂਰਬੀਰ ਸਿੱਖਾਂ ਦੀ ਰਾਖੀ ਵਿਚ ਦਇਆ ਰਾਮ ਪ੍ਰੋਹਿਤ ਅਤੇ ਦੀਵਾਨ ਨੰਦ ਚੰਦ ਆਦਿਕ ਸਿਦਕੀ ਸਿੱਖਾਂ ਦੇ ਹੱਥ ਕੀਮਤੀ ਤੰਬੋਲ (ਵਿਆਹ ਦੀਆਂ ਸੁਗਾਤਾਂ) ਭੇਜ ਦਿੱਤਾ। ਰਾਜਾ ਫ਼ਤਹਿ ਸ਼ਾਹ ਨੇ ਆਏ ਸਿੱਖਾਂ ਨੂੰ ਸਤਿਕਾਰ ਨਾਲ ਨਗਰ ਤੋਂ ਬਾਹਰ ਚੰਗਾ ਥਾਂ ਟਿਕਾਣਾ ਦਿੱਤਾ।

ਜਦ ਰਾਜਿਆਂ ਨੂੰ ਕੀਮਤੀ ਸੁਗਾਤਾਂ ਦਾ ਪਤਾ ਲੱਗਾ ਤਾਂ ਉਹ ਸੜ ਬਲ ਗਏ। ਭੀਮ ਚੰਦ ਨੇ ਆਪਣੇ ਕੁੜਮ ਫ਼ਤਹਿ ਸ਼ਾਹ ਨੂੰ ਕਿਹਾ ਕਿ ਗੁਰੂ ਗੋਬਿੰਦ ਸਿੰਘ ਮੇਰਾ ਵੈਰੀ ਹੈ, ਉਸ ਨਾਲ ਤੇਰੀ ਮਿੱਤਰਤਾ ਮੈਨੂੰ ਪਸੰਦ ਨਹੀਂ। ਉਨ੍ਹਾਂ ਦਾ ਭੇਜਿਆ ਤੰਬੋਲ ਅਸਾਂ ਸੁਲਾਹ-ਸਫ਼ਾਈ ਨਾਲ ਨਹੀਂ ਲੈਣਾ, ਸਗੋਂ ਲੁੱਟਣਾ ਹੈ। ਫ਼ਤਹਿ ਸ਼ਾਹ ਨੇ ਸਮਝਾਉਣ ਦੇ

ਯਤਨ ਕੀਤੇ ਪਰ ਪੰਮਾ ਪਰੋਹਿਤ ਕਿੱਥੇ ਪੇਸ਼ ਜਾਣ ਦਿੰਦਾ ਸੀ ? ਆਖ਼ਰ ਜਦੋਂ ਭੀਮ ਚੰਦ ਨੇ ਵਿਆਹੀ ਨੂੰਹ ਨੂੰ ਭੀ ਛੱਡ ਜਾਣ ਦਾ ਡਰਾਵਾ ਦਿੱਤਾ ਤਾਂ ਫ਼ਤਹਿ ਸ਼ਾਹ ਵੀ ਗੁਰੂ ਜੀ ਦਾ ਭੇਜਿਆ ਤੰਬੋਲ ਲੁੱਟਣ ਲਈ ਰਾਜ਼ੀ ਹੋ ਗਿਆ। ਦੀਵਾਨ ਚੰਦ ਆਦਿਕ ਸਿੱਖਾਂ ਨੂੰ ਵੀ ਰਾਜਿਆਂ ਦੀ ਖੋਟੀ ਮੱਤ ਦੀ ਸੂਹ ਮਿਲ ਗਈ ਅਤੇ ਉਹ ਉਸ ਸਮੇਂ ਪਾਉਂਟਾ ਸਾਹਿਬ ਵੱਲ ਚੱਲ ਪਏ। ਭੀਮ ਚੰਦ ਦੇ ਆਦਮੀਆਂ ਨੇ ਹਮਲਾ ਕੀਤਾ ਪਰ ਸਿੱਖਾਂ ਨੇ ਐਸੇ ਕਰਾਰੇ ਹੱਥ ਵਿਖਾਏ ਕਿ ਪਹਾੜੀਏ ਮਸਾਂ ਜਾਨ ਬਚਾ ਕੇ ਨੱਸੇ। ਪਾਉਂਟਾ ਸਾਹਿਬ ਪੁੱਜ ਕੇ ਉਨ੍ਹਾਂ ਸਿੱਖਾਂ ਨੇ ਗੁਰੂ ਜੀ ਨੂੰ ਸਾਰੀ ਗੱਲ ਦੱਸੀ ਅਤੇ ਕਿਹਾ ਕਿ ਭੀਮ ਚੰਦ ਪਹਾੜੀ ਰਾਜਿਆਂ ਨੂੰ ਨਾਲ ਲੈ ਕੇ ਪਾਉਂਟਾ ਸਾਹਿਬ ਉੱਤੇ ਹੱਲਾ ਕਰਨ ਦੀਆਂ ਸੋਚਾਂ ਸੋਚ ਰਿਹਾ ਹੈ।

ਉੱਧਰ ਫ਼ਤਹਿ ਸ਼ਾਹ ਦੀ ਧੀ ਦਾ ਵਿਆਹ ਹੋ ਜਾਣ ਉਪਰੰਤ ਸਾਰੇ ਪਹਾੜੀ ਰਾਜਿਆਂ ਨੇ, ਜਿਨ੍ਹਾਂ ਵਿਚ ਵਿਸ਼ੇਸ਼ ਕਰਕੇ ਚੰਬਾ, ਸੁਕੇਤ, ਮੰਡੀ, ਜਸਵਾਲ, ਹੰਡੂਰ, ਭੰਬੋਰ, ਕੁਟਲੈੜ, ਨੂਰਪੁਰ, ਕਿਸ਼ਤਵਾਰ, ਨਦੌਣ, ਕਹਿਲੂਰ, ਗੜ੍ਹਵਾਲ, ਢਡਵਾਲ, ਚੰਦੇਰ ਉੱਘੇ ਸਨ, ਇਕੱਠ ਕੀਤਾ ਤੇ ਇਹ ਮਤਾ ਪਕਾ ਕੇ ਗੁਰੂ ਜੀ ਨੂੰ ਭੇਜਿਆ ਕਿ ਉਹ ਈਨ ਮੰਨ ਲੈਣ। ਰਾਜਿਆਂ ਨੇ ਇਸ ਭਾਂਤ ਦੀ ਇਕ ਚਿੱਠੀ ਵੀ ਗੁਰੂ ਗੋਬਿੰਦ ਸਿੰਘ ਜੀ ਨੂੰ ਲਿਖ ਭੇਜੀ, "ਅਸਾਂ ਹੁਣ ਤੱਕ ਆਪ ਨੂੰ ਕੁਝ ਕਹਿਣਾ ਠੀਕ ਨਹੀਂ ਸਮਝਿਆ ਕਿਉਂਕਿ ਤੁਸੀਂ ਗੁਰੂ ਜੀ ਦੀ ਗੱਦੀ ਤੇ ਬਿਰਾਜਮਾਨ ਹੋ ਪਰ ਤੁਸਾਂ ਸਭ ਤੌਰ ਤਰੀਕੇ ਬਦਲ ਦਿੱਤੇ ਹਨ ਤੇ ਸਾਡੇ ਲਈ ਹੋਰ ਸਹਿਣਾ ਮੁਸ਼ਕਿਲ ਹੋ ਗਿਆ ਹੈ। ਜੇ ਤੁਸੀਂ ਸੁਖੀ ਵਸਣਾ ਚਾਹੁੰਦੇ ਹੋ, ਤਾਂ ਵਫ਼ਾਦਾਰ ਪਰਜਾ ਦੀ ਤਰ੍ਹਾਂ ਰਹੋ। ਪਿਛਲੇ ਕੰਮਾਂ ਦੀ ਖਿਮਾਂ ਮੰਗੋ ਤੇ ਅੱਗੋਂ ਹੁਕਮ ਪਾਲਣ ਦਾ ਪ੍ਰਣ ਕਰੋ। ਜੇ ਐਸਾ ਨਹੀਂ ਕਰਨਾ ਤਾਂ ਅਨੰਦਪੁਰ ਛੱਡ ਜਾਓ। ਜੇ ਥਾਂ ਛੱਡਣ ਲਈ ਤਿਆਰ ਨਹੀਂ, ਤਾਂ ਜੰਗ ਕਰਕੇ ਛੁਡਵਾ ਲਈ ਜਾਵੇਗੀ।"

ਇਸ ਪੱਤਰ ਦੇ ਉੱਤਰ ਵਿੱਚ ਗੁਰੂ ਜੀ ਨੇ ਪਹਾੜੀਆਂ ਨੂੰ ਲਿਖਿਆ, "ਮੈਂ ਕਿਸੇ ਦੀ ਥਾਂ ਵਿਚ ਨਹੀਂ ਰਹਿੰਦਾ। ਪਿਤਾ ਜੀ (ਗੁਰੂ ਤੇਗ ਬਹਾਦਰ ਜੀ) ਨੇ ਮੁੱਲ ਦੇ ਕੇ ਖ਼ਰੀਦੀ ਹੈ। ਮੈਂ ਕਿਸੇ ਦੀ ਪਰਜਾ ਨਹੀਂ। ਜੰਗ ਦੀਆਂ ਧਮਕੀਆਂ ਫ਼ਜ਼ੂਲ ਹਨ। ਜੇ ਤੁਹਾਨੂੰ ਜੰਗ ਦਾ ਬਹੁਤਾ ਹੀ ਸ਼ੌਕ ਹੈ, ਤਾਂ ਅਸੀਂ ਵੀ ਜੰਗ ਲਈ ਤਿਆਰ ਹਾਂ।"

ਸਾਰੇ ਹਾਲਾਤ ਨੂੰ ਧਿਆਨ ਵਿਚ ਰੱਖਦਿਆਂ ਹੋਇਆਂ ਸਤਿਗੁਰਾਂ ਨੇ ਜੰਗ ਲਈ ਤਿਆਰੀਆਂ ਅਰੰਭ ਕਰ ਦਿੱਤੀਆਂ। ਰਣਨੀਤੀ ਨੂੰ ਮੁੱਖ ਰੱਖਦਿਆਂ ਹੋਇਆਂ ਉਨ੍ਹਾਂ ਨੇ ਪਾਉਂਟਾ ਸਾਹਿਬ ਤੋਂ 11 ਕਿਲੋਮੀਟਰ ਬਾਹਰ ਭੰਗਾਣੀ ਦਾ ਮੈਦਾਨ ਜਾ ਮੱਲਿਆ। ਭੰਗਾਣੀ ਜਮਨਾ ਤੋਂ ਉਰਲੇ ਪਾਸੇ (ਪਾਉਂਟਾ ਸਾਹਿਬ) ਵੱਲ ਹੈ ਅਤੇ ਪਰਲੇ ਪਾਸੇ ਚੂੜ੍ਹਪੁਰ ਪਿੰਡ ਹੈ। ਉੱਥੇ ਹੀ ਪੱਤਣ ਤੋਂ ਪਹਾੜੀ ਫ਼ੌਜਾਂ ਨੇ ਜਮਨਾ ਪਾਰ ਕਰਕੇ ਸਿੱਖਾਂ ਉੱਤੇ ਹਮਲਾ ਬੋਲਣਾ ਸੀ। ਜਮਨਾ ਕਿਨਾਰੇ ਖੁਲ੍ਹਾ ਮੈਦਾਨ ਹੈ, ਫਿਰ ਕੁਝ ਚੜ੍ਹਾਈ ਹੈ। ਪਹਾੜੀ ਫ਼ੌਜਾਂ ਇਹ ਚੜ੍ਹਾਈ ਪਾਰ ਕੇ ਹੀ ਪਾਉਂਟਾ ਸਾਹਿਬ ਪੁੱਜ ਸਕਦੀਆਂ ਸਨ। ਸੋ, ਗੁਰੂ ਜੀ ਨੇ ਕੁਝ ਸਿੱਖ ਪਹਾੜੀ-ਚੋਟੀਆਂ ਮੱਲਣ ਲਈ ਭੇਜ ਦਿੱਤੇ। ਉਨ੍ਹਾਂ ਘਾਟਾਂ (ਢਲਾਨਾਂ) ਬਣਾ ਲਈਆਂ ਅਤੇ ਹਮਲੇ ਦੀ ਉਡੀਕ ਕਰਨ ਲੱਗੇ।

### *ਪਠਾਣਾਂ ਦੀ ਬੇਵਫ਼ਾਈ*

ਰਾਜਾ ਭੀਮ ਚੰਦ ਅਤੇ ਫ਼ਤਹਿ ਸ਼ਾਹ ਦੇ ਵਜ਼ੀਰਾਂ ਨੇ ਲਾਲਚ ਦੇ ਕੇ ਉਨ੍ਹਾਂ ਫ਼ੌਜੀ ਪਠਾਣਾਂ ਨੂੰ ਆਪਣੇ ਨਾਲ ਰਲਾ ਲਿਆ, ਜਿਨ੍ਹਾਂ ਨੂੰ ਪੀਰ ਬੁੱਧੂ ਸ਼ਾਹ ਜੀ ਨੇ ਆਪਣੀ ਜ਼ਾਮਨੀ ਤੇ ਸਤਿਗੁਰਾਂ ਪਾਸ ਨੌਕਰ ਰਖਾਇਆ ਸੀ। ਘਰੀਂ ਛੁੱਟੀ ਜਾਣ ਦੇ ਬਹਾਨੇ ਆਪਣੀਆਂ ਤਨਖ਼ਾਹਾਂ ਦਾ ਲੇਖਾ ਮੁਕਾ ਕੇ ਚਾਰ ਸੌ ਪਠਾਣ ਰਾਜਿਆਂ ਦੇ ਦਲ ਵਿਚ ਜਾ ਰਲੇ। ਕਾਲਾ ਖ਼ਾਨ ਆਪਣੇ ਸੌ ਸਾਥੀਆਂ ਸਮੇਤ ਗੁਰੂ ਜੀ ਪਾਸ ਟਿਕਿਆ ਰਿਹਾ।

### *ਉਦਾਸੀ ਡਰ ਕੇ ਭੱਜ ਗਏ*

ਲਗਪਗ 500 ਉਦਾਸੀ ਸਾਧ ਵੀ ਪਾਉਂਟਾ ਸਾਹਿਬ ਵਿਚ ਟਿਕੇ ਹੋਏ ਸਨ। ਉਹ ਸਾਧੂ ਨਿਰੀ ਧਰਮ-ਚਰਚਾ ਕਰਨੀ ਅਤੇ ਧਰਮ-ਉਪਦੇਸ਼ ਦੇਣਾ ਹੀ ਜਾਣਦੇ ਸਨ। ਉਨ੍ਹਾਂ ਨੂੰ ਤਲਵਾਰ ਦੀ ਲਿਸ਼ਕਾਰ ਝੱਲਣ ਦੀ ਆਦਤ ਨਹੀਂ ਸੀ। ਜਦੋਂ ਉਨ੍ਹਾਂ ਨੇ ਜੰਗ ਦੀਆਂ ਤਿਆਰੀਆਂ ਵੇਖੀਆਂ-ਸੁਣੀਆਂ, ਉਹ ਸਹਿਮ ਗਏ ਅਤੇ ਉਥੋਂ ਖਿਸਕਣੇ ਸ਼ੁਰੂ ਹੋ ਗਏ। ਰਾਤੋ-ਰਾਤ ਸਾਰੇ ਉਦਾਸੀ ਪਾਉਂਟਾ ਸਾਹਿਬ ਤੋਂ ਚਲੇ ਗਏ। ਕੇਵਲ ਮਹੰਤ ਕਿਰਪਾਲ ਦਾਸ ਹੀ ਟਿਕਿਆ ਰਿਹਾ। ਮਹੰਤ ਕਿਰਪਾਲ ਦਾਸ ਜ਼ਿਲ੍ਹਾ ਲੁਧਿਆਣਾ ਦੀ ਤਹਿਸੀਲ ਜਗਰਾਉਂ ਦੇ ਕਸਬਾ ਹੇਅਰਾਂ ਦਾ ਰਹਿਣ ਵਾਲਾ ਸੀ।

### *ਪੀਰ ਬੁੱਧੂ ਸ਼ਾਹ ਜੀ ਆਏ*

ਪਾਉਂਟਾ ਸਾਹਿਬ ਤੋਂ ਸਢੌਰਾ ਬਹੁਤ ਦੂਰ ਨਹੀਂ ਸੀ। ਚਾਰ ਸੌ ਪਠਾਣਾਂ ਦੀ ਬੇਵਫ਼ਾਈ ਦੀ ਖ਼ਬਰ ਤੁਰੰਤ ਪੀਰ ਬੁੱਧੂ ਸ਼ਾਹ ਜੀ ਨੂੰ ਜਾ ਪਹੁੰਚੀ। ਪੀਰ ਜੀ ਆਪਣੇ ਚਾਰੇ ਪੁੱਤਰ, ਦੋ ਭਰਾ ਅਤੇ ਸੱਤ ਸੌ ਮੁਰੀਦ ਲੈ ਕੇ ਮੱਚੇ ਜੰਗ ਵਿਚ ਭੰਗਾਣੀ ਪੁੱਜ ਗਏ।

### *ਜੰਗ ਮਚ ਪਿਆ*

ਆਖ਼ਰ ਪਹਾੜੀਆਂ ਦਾ ਟਿੱਡੀ ਦਲ ਭੰਗਾਣੀ ਦੇ ਮੈਦਾਨ ਵਿਚ ਆ ਪੁੱਜਾ। ਭੀਮ ਚੰਦ, ਕਿਰਪਾਲ ਚੰਦ ਕਟੋਚ, ਕੇਸਰੀ ਚੰਦ, ਜੈਸਵਾਲ, ਸੁਖਦਿਆਲ ਜਸਰੋਟਾ, ਹਰੀ ਚੰਦ ਨਾਲਾਗੜ੍ਹ, ਪ੍ਰਿਥੀ ਚੰਦ ਢਢਵਾਲ, ਭੂਪਾਲ ਚੰਦ ਗੁਲੇਰ ਆਦਿਕ ਪਹਾੜੀ ਰਾਜੇ 10,000 ਦੀ ਫ਼ੌਜ ਲੈ ਕੇ ਆਏ। ਸਤੰਬਰ, ਸੰਨ 1688 ਨੂੰ[7] ਦੋਹਾਂ ਦਾ ਫ਼ੌਜਾਂ ਟਾਕਰਾ ਹੋਇਆ। ਸਿੱਖ ਜਥਿਆਂ ਦੀ ਅਗਵਾਈ ਗੁਰੂ ਜੀ ਦੀ ਭੂਆ ਬੀਬੀ ਵੀਰੋ ਜੀ ਦੇ ਪੰਜੇ ਸਪੁੱਤਰ ਭਾਈ ਸੰਗੋ ਸ਼ਾਹ, ਜੀਤ ਮੱਲ, ਮੋਹਰੀ ਚੰਦ, ਗੁਲਾਬ ਰਾਇ ਅਤੇ ਗੰਗਾ ਰਾਮ ਕਰ ਰਹੇ ਸਨ। ਗੁਰੂ ਜੀ ਦੇ ਮਾਮਾ ਕਿਰਪਾਲ ਚੰਦ ਜੀ ਨੇ ਵੀ ਜੰਗ ਵਿਚ ਹਿੱਸਾ ਲਿਆ। ਦੀਵਾਨ ਨੰਦ ਚੰਦ, ਪ੍ਰੋਹਿਤ ਦਇਆ ਰਾਮ ਅਤੇ ਹੋਰ ਅਨੇਕਾਂ ਸਿੱਖ ਗੱਭਰੂ ਆਪਣੇ ਗੁਰੂ ਪਾਤਸ਼ਾਹ ਦੇ ਚਰਨਾਂ ਤੋਂ ਕੁਰਬਾਨ ਹੋਣ ਲਈ ਇਕੱਠੇ ਹੋ ਗਏ ਸਨ। ਰਾਜਾ ਮੇਦਨੀ ਪ੍ਰਕਾਸ਼ ਨੇ ਆਪਣੇ ਚੋਣਵੇਂ ਸਿਪਾਹੀ ਗੁਰੂ ਜੀ ਦੀ ਫ਼ੌਜ ਵਿਚ ਭੇਜ ਦਿੱਤੇ ਸਨ। ਇੰਝ ਸਿੱਖ ਫ਼ੌਜ ਦੀ ਗਿਣਤੀ 2000 ਤੋਂ ਉੱਪਰ ਹੋ ਗਈ ਸੀ।

---

7. ਹਰਜਿੰਦਰ ਸਿੰਘ ਦਿਲਗੀਰ, ਪੰਨਾ 106; Prof. Harbans Singh, The Heritage of the Sikhs (1983), p. 93: ਡਾ: ਹਰੀ ਰਾਮ ਗੁਪਤਾ, ਪੰਨਾ 234

ਦੋਹਾਂ ਪਾਸਿਆਂ ਤੋਂ ਬੜਾ ਜ਼ੋਰਦਾਰ ਹਮਲਾ ਕੀਤਾ ਗਿਆ। ਮੁਕਾਬਲਾ ਬਹੁਤ ਸਖ਼ਤ ਸੀ। ਜਿੱਥੇ ਪਹਾੜੀਏ ਆਪਣਾ ਦਬਦਬਾ ਕਾਇਮ ਰੱਖਣ ਅਤੇ ਗੁਰੂ ਜੀ ਤੋਂ ਈਨ ਮੰਨਵਾਉਣ ਲਈ ਅੱਡੀ ਚੋਟੀ ਦਾ ਜ਼ੋਰ ਲਾ ਕੇ ਲੜ ਰਹੇ ਸਨ, ਉੱਧਰ ਗੁਰੂ ਗੋਬਿੰਦ ਸਿੰਘ ਜੀ ਵੀ ਇਹ ਪਹਿਲੀ ਲੜਾਈ ਹਰ ਹਾਲਤ ਵਿਚ ਜਿੱਤਣਾ ਚਾਹੁੰਦੇ ਸਨ ਤਾਂ ਜੁ ਸਿੱਖਾਂ ਦਾ ਹੌਂਸਲਾ ਬੁਲੰਦ ਹੋਵੇ ਅਤੇ ਉਹ ਮਗਰੋਂ ਹੋਣ ਵਾਲੀਆਂ ਜੰਗਾਂ ਲਈ ਦ੍ਰਿੜ ਇਰਾਦੇ ਨਾਲ ਤਿਆਰ ਰਹਿਣ। ਗੁਰੂ ਪਾਤਸ਼ਾਹ ਆਪ ਘੋੜੇ ਤੇ ਸਵਾਰ ਹੋ ਕੇ, ਸਿੱਖ ਫ਼ੌਜਾਂ ਵਿਚ ਘੁੰਮ ਰਹੇ ਸਨ। ਗੁਰੂ ਜੀ ਨੂੰ ਆਪਣੇ ਵਿਚਕਾਰ ਵੇਖ ਕੇ ਸੂਰਮਿਆਂ ਨੂੰ ਲਾਲੀ ਚੜ੍ਹ ਗਈ। ਕਵੀ ਸੈਨਾਪਤਿ ਲਿਖਦਾ ਹੈ।

**ਭਏ ਅਸਵਾਰ ਸੰਗ੍ਰਾਮ ਕੋ ਆਪ ਹੀ, ਸਿੰਘ ਗੋਬਿੰਦ ਤਿਹ ਠਉਰ ਆਏ।**
**ਡੰਕ ਕੀ ਘੋਰ ਜੈਸ ਭਈ ਠਉਰ ਤਹ, ਬਜਤ ਨਿਸ਼ਾਨ ਮੁਹਰੇ ਸੁਹਾਏ।**
**ਆਨ ਕੇ ਖੇਤ ਪੈ ਦੇਖ ਚਤੁਰੰਗ ਸਬ, ਮੋਰਚੇ ਬਾਂਟਿ ਮਿਸਲ ਲਾਏ।**
**ਬਜੀ ਹੈ ਭੇਰ ਕਰਨਾਇ ਸਰਨਾਇ ਸਬ, ਸੁਨੇ ਤੇ ਸੂਰ ਹੋਇ ਲਾਲ ਆਏ। ੫੨।**

ਉਹ ਸਿੱਖ ਵੀ ਜਿਨ੍ਹਾਂ ਨੇ ਕਦੇ ਸ਼ਸਤਰ ਅਭਿਆਸ ਨਹੀਂ ਸੀ ਕੀਤਾ, ਇਸ ਲੜਾਈ ਵਿਚ ਕੁੱਦ ਪਏ। ਮਹੰਤ ਕਿਰਪਾਲ ਦਾਸ ਉਦਾਸੀ ਮੋਟਾ ਸੋਟਾ (ਕੁਤਕ) ਚੁੱਕੀ ਮੈਦਾਨ ਵਿਚ ਆ ਗੱਜਿਆ। ਇਸ ਸੋਟੇ ਨਾਲ ਹੀ ਉਸ ਨੇ ਹਯਾਤ ਖ਼ਾਨ ਦਾ ਸਿਰ ਫੇਹ ਦਿੱਤਾ। ਕਵੀ ਸੈਨਾਪਤੀ ਦੇ ਲਿਖੇ ਅਨੁਸਾਰ ਲਾਲ ਚੰਦ ਮਾਹੀ (ਮੱਝਾਂ ਚਰਾਉਣ ਵਾਲਾ) ਯੁੱਧ ਵਿਚ ਆ ਕੇ ਤੀਰਾਂ ਦੀ ਵਰਖਾ ਕਰਨ ਲੱਗ ਪਿਆ :

**ਲਾਲ ਚੰਦ ਆਨਿ ਕੈ। ਕਮਾਨ ਬਾਨ ਤਾਨਿ ਕੈ।**
**ਕਿਯੋ ਸੁ ਜੁਧ ਜਾਨ ਕੈ। ਭਲੀ ਭਈ ਭਲੀ ਭਈ। ੬੧।...**
**ਕੀਓ ਸੁ ਲੋਹ ਲੋਹਈ। ਨ ਜੀਵ ਰਖ ਧੋਹਈ।**
**ਸੁ ਚਾਲ ਸੂਰ ਸੋਹਈ। ਬਿਮੋਹਈ ਬਿਮੋਹਈ। ੬੪।**

ਮਾਹੀ ਲਾਲ ਚੰਦ ਨੂੰ ਲੜਦਿਆਂ ਵੇਖ ਕੇ ਇਕ ਹੋਰ ਲਾਲ ਚੰਦ ਹਲਵਾਈ ਵੀ ਸ਼ਸਤਰ ਲੈ ਕੇ ਜੰਗ ਵਿਚ ਕੁੱਦ ਪਿਆ। ਇਹ ਸਤਿਗੁਰਾਂ ਦਾ ਕੌਤਕ ਹੀ ਤਾਂ ਸੀ ਕਿ ਇਕ ਮਾਹੀ ਤੇ ਦੂਜਾ ਹਲਵਾਈ ਜੰਗ ਦੇ ਮੈਦਾਨ ਵਿਚ ਬੀਰਤਾ ਦੇ ਜੌਹਰ ਵਿਖਾ ਰਹੇ ਸਨ। ਪੀਰ ਬੁੱਧੂ ਸ਼ਾਹ ਜੀ ਦੇ ਪੁੱਤਰ ਅਤੇ ਮੁਰੀਦ ਵੀ ਜਾਨਾਂ ਹੂਲ ਕੇ ਲੜ ਰਹੇ ਸਨ। ਜੰਗ ਦੇ ਸਮੇਂ ਹੀ ਕਾਂਸ਼ੀ (ਬਨਾਰਸ) ਵੱਲ ਦਾ ਇਕ ਤਰਖਾਣ ਸਿੱਖ, ਭਾਈ ਰਾਮਾ, ਲੱਕੜ ਦੀਆਂ ਦੋ ਤੋਪਾਂ ਗੱਡੇ ਉੱਤੇ ਲੱਦ ਕੇ ਲੈ ਪਹੁੰਚਿਆ। ਇਨ੍ਹਾਂ ਤੋਪਾਂ ਦੇ ਵਰਤਣ ਨਾਲ ਵੀ ਪਹਾੜੀਆਂ ਵਿਚ ਬੜੀ ਘਬਰਾਹਟ ਮੱਚੀ।

ਪਹਾੜੀਆਂ ਵਲੋਂ ਭੀਖਨ ਖ਼ਾਨ, ਹਰੀ ਚੰਦ, ਗੁਪਾਲ, ਫ਼ਤਹਿ ਸ਼ਾਹ, ਹਰੀ ਚੰਦ ਹੰਡੂਰੀਆ ਵੀ ਬੜੀ ਬਹਾਦਰੀ ਨਾਲ ਲੜ ਰਹੇ ਸਨ। ਸਤਿਗੁਰਾਂ ਨੇ ਆਪ ਕਮਾਨ ਸੰਭਾਲੀ ਅਤੇ ਤੀਰਾਂ ਦੀ ਵਰਖਾ ਕਰਨ ਲੱਗੇ। ਉਨ੍ਹਾਂ ਦਾ ਜੰਗ ਵਿਚ ਹਿੱਸਾ ਲੈਣਾ ਹੀ ਸੀ ਕਿ ਪਹਾੜੀਆਂ ਨੂੰ ਭਾਜੜਾਂ ਪੈ ਗਈਆਂ। ਇਸੇ ਸਮੇਂ ਹਰੀ ਚੰਦ ਹੰਡੂਰੀਏ ਦੇ ਤੀਰ ਨਾਲ ਜੀਤ ਮੱਲ ਜੀ ਸ਼ਹੀਦ ਹੋ ਗਏ। ਜੀਤ ਮੱਲ ਜੀ ਦੇ ਤੀਰ ਨਾਲ ਹਰੀ ਚੰਦ ਵੀ ਬੇਹੋਸ਼

ਹੋ ਗਿਆ। ਦੋਹਾਂ ਨੇ ਇਕੋਂ ਸਮੇਂ ਤੀਰ ਚਲਾਏ ਸਨ।

ਗੁਰੂ ਜੀ ਅਤੇ ਹੋਰ ਸਿੱਖਾਂ ਦੇ ਕਹਿਰੀ ਹਮਲੇ ਦੀ ਤਾਬ ਨਾ ਝਲਦਿਆਂ ਹੋਇਆਂ ਫ਼ਤਹਿ ਸ਼ਾਹ, ਮਧੁਕਰ ਡਡਵਾਲੀਆ ਅਤੇ ਜਸਵਾਲੀਆ ਦਰਿਆ ਪਾਰ ਕਰ ਕੇ ਨੱਸ ਗਏ। ਇਸ ਸਮੇਂ ਹਰੀ ਚੰਦ ਨੂੰ ਹੋਸ਼ ਆਈ। ਉਸ ਨੇ ਗਾਜ਼ੀ ਚੰਦ ਅਤੇ ਪਠਾਣਾਂ ਨੂੰ ਨਾਲ ਲੈ ਕੇ ਡਟਵਾਂ ਹਮਲਾ ਕੀਤਾ। ਗਾਜ਼ੀ ਚੰਦ ਤਾਂ ਉਸੇ ਸਮੇਂ ਹੀ ਮਾਰਿਆ ਗਿਆ। ਫਿਰ ਨਜ਼ਾਬਤ ਖ਼ਾਨ ਤੇ ਸੰਗੋ ਸ਼ਾਹ ਆਪਸ ਵਿਚ ਭਿੜ ਪਏ। ਨਜ਼ਾਬਤ ਖ਼ਾਨ ਨੇ ਐਸਾ ਵਾਰ ਕੀਤਾ ਕਿ ਸੰਗੋ ਸ਼ਾਹ ਡਿੱਗ ਪਏ ਪਰ ਸ਼ਹੀਦ ਹੁੰਦੇ-ਹੁੰਦੇ ਉਨ੍ਹਾਂ ਨੇ ਵੀ ਐਸਾ ਵਾਰ ਕੀਤਾ ਕਿ ਨਜ਼ਾਬਤ ਖ਼ਾਨ ਵੀ ਉਥੇ ਹੀ ਢੇਰੀ ਹੋ ਗਿਆ।

ਹਰੀ ਚੰਦ ਹੰਡੂਰੀਆ ਕਮਾਨ ਚੁੱਕੀ ਸਤਿਗੁਰਾਂ ਦੇ ਸਾਹਮਣੇ ਆ ਗਿਆ। ਉਹ ਕਮਾਲ ਦਾ ਨਿਸ਼ਾਨਚੀ ਸੀ। ਉਸ ਨੇ ਗੁਰੂ ਜੀ ਨੂੰ ਨਿਸ਼ਾਨਾ ਬਣਾ ਕੇ ਤੀਰ ਚਲਾਉਣੇ ਅਰੰਭ ਕਰ ਦਿੱਤੇ। ਉਸ ਦਾ ਪਹਿਲਾ ਤੀਰ ਗੁਰੂ ਜੀ ਦੇ ਘੋੜੇ ਨੂੰ ਲੱਗਾ, ਦੂਜਾ ਗੁਰੂ ਜੀ ਦੇ ਕੰਨ ਨੂੰ ਛੂੰਹਦਾ ਹੋਇਆ ਨਿਕਲ ਗਿਆ ਅਤੇ ਤੀਜਾ ਲੱਕ ਉੱਤੇ ਬੱਧੀ ਪੇਟੀ ਤੇ ਆ ਵੱਜਾ। ਪੇਟੀ ਚੀਰ ਕੇ ਧੁੰਨੀ ਤੱਕ ਪਹੁੰਚ ਗਿਆ, ਮਾਮੂਲੀ ਜਿਹਾ ਜ਼ਖ਼ਮ ਹੋਇਆ। ਫਿਰ ਸਤਿਗੁਰਾਂ ਨੇ ਹਰੀ ਚੰਦ ਦਾ ਨਿਸ਼ਾਨਾ ਬੰਨ੍ਹ ਕੇ ਤੀਰ ਚਲਾਇਆ। ਇਕੋ ਤੀਰ ਨਾਲ ਹੀ ਉਹ ਡਿਗ ਪਿਆ ਤੇ ਉਸ ਦੇ ਸਵਾਸ ਨਿਕਲ ਗਏ। ਹਰੀ ਚੰਦ ਦਾ ਮਰਨਾ ਹੀ ਸੀ ਕਿ ਸਾਰੇ ਪਹਾੜੀਏ ਮੈਦਾਨ ਛੱਡ ਕੇ ਨੱਸ ਗਏ। ਸਤਿਗੁਰੂ ਜੀ ਅਤੇ ਸਿੱਖਾਂ ਦੀ ਜਿੱਤ ਹੋਈ।

ਇਸ ਜੰਗ ਵਿਚ ਜਿੱਥੇ ਸੰਗੋ ਸ਼ਾਹ ਜੀ ਤੇ ਜੀਤ ਮੱਲ ਜੀ ਸ਼ਹੀਦ ਹੋਏ ਉੱਥੇ ਪੀਰ ਬੁੱਧੂ ਸ਼ਾਹ ਜੀ ਦੇ ਦੋ ਪੁੱਤਰ ਅਤੇ ਇਕ ਭਰਾ ਵੀ ਸ਼ਹੀਦ ਹੋਇਆ। ਜੰਗ ਜਿੱਤਣ ਮਗਰੋਂ ਗੁਰੂ ਪਾਤਸ਼ਾਹ ਜੀ ਤੇ ਸਿੱਖ ਫ਼ੌਜਾਂ ਪਾਉਂਟਾ ਸਾਹਿਬ ਆ ਗਈਆਂ। ਸਭ ਨੇ ਖੁਸ਼ੀ ਮਨਾਈ।

ਭੰਗਾਣੀ ਦੀ ਲੜਾਈ ਤੋਂ ਅਗਲੇ ਦਿਨ ਗੁਰੂ ਗੋਬਿੰਦ ਸਿੰਘ ਜੀ ਕੇਸਾਂ ਨੂੰ ਕੰਘਾ ਕਰ ਰਹੇ ਸਨ ਕਿ ਉਸ ਵੇਲੇ ਪੀਰ ਬੁੱਧੂ ਸ਼ਾਹ ਸਤਿਗੁਰਾਂ ਤੋਂ ਵਿਦਾ ਹੋਣ ਦੀ ਆਗਿਆ ਲੈਣ ਲਈ ਆਇਆ। ਮਹੰਤ ਕਿਰਪਾਲ ਦਾਸ ਵੀ ਹਾਜ਼ਰ ਹੋਇਆ। ਸਤਿਗੁਰਾਂ ਨੇ ਪੀਰ ਜੀ ਦੇ ਸ਼ਹੀਦ ਹੋਏ ਭਰਾ ਅਤੇ ਪੁੱਤਰਾਂ ਦੇ ਸਦੀਵੀ ਵਿਛੋੜੇ ਵਿਚ ਉਨ੍ਹਾਂ ਨਾਲ ਹਮਦਰਦੀ ਕੀਤੀ ਤੇ ਉਹਨਾਂ ਦੀ ਬਹਾਦਰੀ ਨੂੰ ਸਲਾਹਿਆ। ਪਿਆਰ ਦੀ ਸਾਂਝ ਸਦਾ ਕਾਇਮ ਰੱਖਣ ਲਈ ਸਤਿਗੁਰਾਂ ਨੇ ਪੀਰ ਬੁੱਧੂ ਸ਼ਾਹ ਜੀ ਨੂੰ ਇਕ ਕਟਾਰ, ਇਕ ਸੁੰਦਰ ਪੁਸ਼ਾਕ ਅਤੇ ਆਪਣੇ ਹੱਥੀਂ ਲਿਖਿਆ ਇਕ ਹੁਕਮਨਾਮਾ ਬਖਸ਼ਿਆ। ਆਪਣੀ ਅੱਧੀ ਦਸਤਾਰ (ਪੱਗ) ਵੀ ਦੇ ਦਿੱਤੀ। ਪੀਰ ਜੀ ਨੇ ਉਹ ਕੰਘਾ ਆਪ ਮੰਗ ਲਿਆ, ਜੋ ਸਤਿਗੁਰੂ ਜੀ ਉਸ ਸਮੇਂ ਵਰਤ ਕੇ ਹਟੇ ਸਨ ਅਤੇ ਜਿਸ ਵਿਚ ਕੁਝ ਕੇਸ ਅੜੇ ਹੋਏ ਸਨ। ਬਾਕੀ ਦੀ ਅੱਧੀ ਦਸਤਾਰ ਸਤਿਗੁਰੂ ਜੀ ਨੇ ਮਹੰਤ ਕਿਰਪਾਲ ਦਾਸ ਨੂੰ ਬਖਸ਼ ਦਿੱਤੀ।

## ਇਸ ਜੰਗ ਦੇ ਕਾਰਨ

### *(ੳ) ਜਾਤ-ਅਭਿਮਾਨੀ ਬ੍ਰਾਹਮਣ*

ਇਸ ਜੰਗ ਦਾ ਪਹਿਲਾ ਕਾਰਨ ਤਾਂ ਪਹਾੜੀ ਰਾਜਿਆਂ ਦੀ ਈਰਖਾ ਸੀ। ਉਹ ਗੁਰੂ

ਜੀ ਦਾ ਵਧ ਰਿਹਾ ਤੇਜ-ਪ੍ਰਤਾਪ ਨਹੀਂ ਸਨ ਝੱਲ ਸਕਦੇ। ਗੁਰੂ ਜੀ ਦੇ ਅਨੰਦਪੁਰ ਅਤੇ ਪਾਉਂਟਾ ਵਿਖੇ ਸਿੱਖਾਂ ਨੂੰ ਫ਼ੌਜੀ ਟ੍ਰੇਨਿੰਗ ਦੇਣਾ, ਸ਼ਿਕਾਰ ਖੇਡਣਾ ਅਤੇ ਨਗਾਰੇ ਵਜਾਉਣਾ ਆਦਿ ਨੂੰ ਪਹਾੜੀ ਰਾਜੇ ਆਪਣੇ ਲਈ ਚੈਲਿੰਜ ਸਮਝਦੇ ਸਨ। ਇਨ੍ਹਾਂ ਰਾਜਿਆਂ ਨੂੰ ਚੁੱਕਣ ਵਾਲੇ ਪੰਮੇ ਪ੍ਰੋਹਿਤ ਵਰਗੇ ਅਨੇਕਾਂ ਹੀ ਬ੍ਰਾਹਮਣ ਸਨ। ਸਿੱਖ-ਲਹਿਰ ਦੁਆਰਾ ਊਚ-ਨੀਚ ਨੂੰ ਖ਼ਤਮ ਕਰਨ, ਛੂਤ-ਛਾਤ ਨੂੰ ਮਿਟਾਉਣ ਅਤੇ ਜਾਤ-ਪਾਤ ਖ਼ਤਮ ਕਰਨ ਲਈ 'ਵਰਣ-ਵੰਡ' ਵਿਰੁੱਧ ਜਹਾਦ ਖੜ੍ਹਾ ਕਰਨ ਨੂੰ ਬ੍ਰਾਹਮਣ ਸਨਾਤਨ ਧਰਮ ਲਈ ਖ਼ਤਰਾ ਸਮਝਦੇ ਸਨ। ਸਿੱਖੀ ਨੇ ਦੇਵੀ ਦੇਵਤਿਆਂ ਦੀ ਪੂਜਾ, ਮੂਰਤੀ ਪੂਜਾ, ਯੱਗ ਕਰਾਉਣ, ਪੁਜਾਰੀਆਂ ਨੂੰ ਦਾਨ ਦੇਣ, ਤੀਰਥ ਯਾਤਰਾ ਕਰਨ, ਵਰਤ ਰੱਖਣ ਆਦਿ ਦਾ ਘੋਰ ਵਿਰੋਧ ਕੀਤਾ ਸੀ। ਇਹ ਗੱਲ ਬ੍ਰਾਹਮਣ ਵਰਗ ਦੇ ਹਿਤ ਵਿਚ ਨਹੀਂ ਸੀ। ਸੋ ਇਨ੍ਹਾਂ ਨੇ ਸਿੱਖੀ ਦੀ ਲਹਿਰ ਨੂੰ ਦਬਾਉਣ ਦੇ ਇਰਾਦੇ ਨਾਲ ਪਹਾੜੀ ਰਾਜਿਆਂ ਨੂੰ ਭੜਕਾਇਆ, ਉਪਰੋਂ-ਉਪਰੋਂ ਭਾਵੇਂ ਰਾਜਿਆਂ ਨੂੰ ਇਹੀ ਕਿਹਾ ਕਿ ਗੁਰੂ ਜੀ ਫ਼ੌਜਾਂ ਦੀ ਸਹਾਇਤਾ ਨਾਲ ਤੁਹਾਡੇ ਇਲਾਕੇ ਮੱਲ ਲੈਣਗੇ। ਇਹ ਬੜੀ ਅਸਚਰਜ ਵਾਲੀ ਗੱਲ ਹੈ ਕਿ ਜਿਨ੍ਹਾਂ ਬ੍ਰਾਹਮਣਾਂ ਦੇ ਕਹਿਣ ਉਤੇ ਹਿੰਦੂ ਧਰਮ ਦੀ ਖ਼ਾਤਰ 13 ਸਾਲ ਪਹਿਲਾਂ ਗੁਰੂ ਤੇਗ ਬਹਾਦਰ ਜੀ ਨੇ ਦਿੱਲੀ ਵਿਚ ਸ਼ਹੀਦੀ ਦਿੱਤੀ ਸੀ, ਅੱਜ ਉਨ੍ਹਾਂ ਹੀ ਬ੍ਰਾਹਮਣਾਂ ਦੇ ਸਿਖਾਏ ਹੋਏ ਅਤੇ ਹਿੰਦੂ ਧਰਮ ਨੂੰ ਮੰਨਣ ਵਾਲੇ ਰਾਜੇ ਗੁਰੂ ਜੀ ਨੂੰ ਈਨ ਮਨਾਉਣ ਲਈ ਫ਼ੌਜਾਂ ਲੈ ਕੇ ਜੰਗ ਦੇ ਮੈਦਾਨ ਵਿਚ ਆ ਗਏ। ਪਹਾੜੀ ਰਾਜਿਆਂ ਦੀ ਨੀਚਤਾ ਬਾਰੇ ਮੈਲਕਮ ਲਿਖਦਾ ਹੈ, "ਉਸ ਮਹਾਨ ਪੁਰਸ਼ ਦਾ ਨਿਸ਼ਾਨਾ ਸੀ ਕਿ ਕੌਮ ਨੂੰ ਨਿੱਘਰੀ ਹੋਈ ਅਵਸਥਾ ਵਿਚੋਂ ਕੱਢਿਆ ਜਾਏ ਅਤੇ ਐਸੇ ਢੰਗ ਅਪਨਾਏ ਜਾਣ ਜਿਨ੍ਹਾਂ ਦਾ ਪ੍ਰਭਾਵ ਪੂਰਾ ਤੇ ਦੂਰ-ਰਸੀ ਹੋਵੇ। ਪਹਾੜੀ ਰਾਜੇ ਗੁਰੂ ਗੋਬਿੰਦ ਸਿੰਘ ਜੀ ਦੇ ਨੀਵਿਆਂ ਨਾਲ ਪਿਆਰ ਕਰਨ ਨੂੰ ਮਾੜਾ ਸਮਝਦੇ ਸਨ। ਗੁਰੂ ਜੀ ਦੇ ਸਿੱਖਾਂ ਨੂੰ (ਉਹ ਪਹਾੜੀ ਰਾਜੇ) ਅਭਿਮਾਨ ਵਿਚ ਤੁੱਛ ਕਹਿੰਦੇ ਸਨ।" ਇੰਦੂ ਭੂਸ਼ਣ ਬੈਨਰਜੀ ਲਿਖਦਾ ਹੈ, "ਰਾਜਨੀਤਿਕ ਵਿਸ਼ੇਸ਼ਤਾ, ਸਮਾਜਿਕ ਉੱਚਤਾ ਅਤੇ ਕੌਮੀ ਹੈਂਕੜ ਪਹਾੜੀ ਰਾਜਿਆਂ ਨੂੰ ਮਜਬੂਰ ਕਰ ਰਹੀ ਸੀ ਕਿ ਉਹ ਗੁਰੂ ਜੀ ਨਾਲ ਲੋਹਾ ਲੈਣ।" ਸੀ. ਐਚ. ਪੇਨ ਨੇ ਲਿਖਿਆ ਹੈ, "ਗੁਰੂ ਜੀ ਨੇ ਸਭ ਜਾਤਾਂ ਵਾਲਿਆਂ ਨੂੰ ਆਪਣੇ ਲਾਗੇ ਲਿਆ ਕੇ ਪਹਾੜੀ ਰਾਜਿਆਂ ਨੂੰ ਗੁੱਸੇ ਕਰ ਲਿਆ। ... ਉਨ੍ਹਾਂ ਜਾਤ-ਪਾਤ ਦੇ ਦੈਂਤ ਨੂੰ ਸਿੰਗਾਂ ਤੋਂ ਫੜ ਕੇ ਕਾਬੂ ਕਰ ਲਿਆ। ਵਾਹਿਗੁਰੂ ਦੀ ਦ੍ਰਿਸ਼ਟੀ ਵਿਚ ਸਭ ਇਕ ਸਮਾਨ ਹਨ — ਉਨ੍ਹਾਂ ਇਸ ਵਿਚਾਰ ਤੇ ਮੋਹਰ ਲਾਈ। ਸਿੱਖਾਂ ਵਿਚ ਜਾਤਾਂ ਦੇ ਵਿਖੇਵੇਂ ਬਿਲਕੁਲ ਮੁਕਾ ਦਿੱਤੇ। ਇਸ ਕਦਮ ਨੇ ਉਨ੍ਹਾਂ ਲੋਕਾਂ ਨੂੰ ਦੁਖੀ ਕਰ ਦਿੱਤਾ, ਜੋ ਜਾਤ-ਅਭਿਮਾਨ ਵਿਚ ਰਹਿੰਦੇ ਸਨ।" ਲਤੀਫ਼ ਵੀ ਇਸੇ ਤਰ੍ਹਾਂ ਹੀ ਕਹਿੰਦਾ ਹੈ ਕਿ "ਸਾਰੇ ਸਿੱਖਾਂ ਨੂੰ ਇਕੋ ਜਿਹਾ ਸਨਮਾਨ ਦੇਣ ਦੇ ਕਾਰਨ ਕਈ ਬ੍ਰਾਹਮਣ ਅਤੇ ਪਹਾੜੀ ਕਸ਼ੱਤਰੀ ਰਾਜੇ ਵਿਰੋਧੀ ਬਣ ਗਏ ਅਤੇ ਉਨ੍ਹਾਂ ਗੁਰੂ ਜੀ ਦੀ ਆਵਾਜ਼ ਦਬਾਉਣ ਦੀ ਕੋਸ਼ਿਸ਼ ਕੀਤੀ।"

### *(ਅ) ਔਰੰਗਜ਼ੇਬ ਦੀ ਪਹਾੜੀਆਂ ਨੂੰ ਹੱਲਾਸ਼ੇਰੀ*

ਔਰੰਗਜ਼ੇਬ ਨੇ ਇਹ ਵੇਖ ਲਿਆ ਸੀ ਕਿ ਸਿੱਖ ਗੁਰੂ ਹੀ ਲਿਤਾੜੇ ਜਾ ਰਹੇ ਲੋਕਾਂ ਦੀ ਬਾਂਹ ਫੜਦੇ ਹਨ ਅਤੇ ਰਾਜ-ਸ਼ਕਤੀ ਨਾਲ ਟਾਕਰਾ ਕਰਦੇ ਹਨ। ਗੁਰੂ ਅਰਜਨ ਦੇਵ ਜੀ

ਅਤੇ ਗੁਰੂ ਤੇਗ ਬਹਾਦਰ ਜੀ ਦੀਆਂ ਸ਼ਹੀਦੀਆਂ ਅਤੇ ਗੁਰੂ ਹਰਿਗੋਬਿੰਦ ਸਾਹਿਬ ਜੀ ਦੀਆਂ ਹਾਕਮਾਂ ਨਾਲ ਲੜਾਈਆਂ, ਉਸ ਦੇ ਇਸ ਵਿਚਾਰ ਨੂੰ ਪੱਕਾ ਕਰਦੀਆਂ ਸਨ। ਉਹ ਨਹੀਂ ਸੀ ਚਾਹੁੰਦਾ ਕਿ ਸਿੱਖੀ ਦੀ ਲਹਿਰ ਵਧੇ-ਫੁੱਲੇ। ਉਸ ਨੂੰ ਗੁਰੂ ਗੋਬਿੰਦ ਸਿੰਘ ਜੀ ਦੁਆਰਾ ਫ਼ੌਜ ਇਕੱਠੀ ਕਰਨ ਦੀਆਂ ਖ਼ਬਰਾਂ ਪੁੱਜ ਰਹੀਆਂ ਸਨ। ਉਸ ਨੂੰ ਇਹ ਵੀ ਪਤਾ ਲਗ ਚੁੱਕਾ ਸੀ ਕਿ ਗੁਰੂ ਜੀ ਨੇ ਉਸ ਦੇ ਕੱਢੇ ਹੋਏ 500 ਪਠਾਣਾਂ ਨੂੰ ਆਪਣੀ ਫ਼ੌਜ ਵਿਚ ਭਰਤੀ ਕਰ ਲਿਆ ਹੈ। ਉਹ ਪੀਰ ਬੁੱਧੂ ਸ਼ਾਹ ਨੂੰ ਵੀ ਆਪਣੀ ਧਾਰਮਿਕ ਨੀਤੀ ਵਿਚ ਰੁਕਾਵਟ ਸਮਝਦਾ ਸੀ। ਆਪ ਉਹ ਦੱਖਣ ਵਿਚ ਰੁੱਝਿਆ ਹੋਣ ਕਰਕੇ ਪੰਜਾਬ ਵੱਲ ਬਹੁਤਾ ਧਿਆਨ ਨਹੀਂ ਸੀ ਦੇ ਸਕਦਾ। ਇਸ ਲਈ ਉਸ ਨੇ ਪਹਾੜੀ ਰਾਜਿਆਂ ਨੂੰ ਗੁਰੂ ਗੋਬਿੰਦ ਸਿੰਘ ਜੀ ਦੇ ਵਿਰੁੱਧ ਹਰ ਤਰ੍ਹਾਂ ਦੀ ਸਹਾਇਤਾ ਦੇਣ ਦਾ ਭਰੋਸਾ ਦਿੱਤਾ। ਪਹਾੜੀ ਰਾਜੇ ਵੀ ਇਹ ਸਮਝਦੇ ਸਨ ਕਿ ਜੇ ਉਹ ਗੁਰੂ ਗੋਬਿੰਦ ਸਿੰਘ ਜੀ ਦੀਆਂ ਸਰਗਰਮੀਆਂ ਨੂੰ ਬੰਦ ਕਰਨ ਵਿਚ ਸਫ਼ਲ ਹੋ ਜਾਣਗੇ ਤਾਂ ਔਰੰਗਜ਼ੇਬ ਉਨ੍ਹਾਂ ਉੱਤੇ ਆਪਣੀ ਕਿਰਪਾ-ਭਰੀ ਨਜ਼ਰ ਰੱਖੇਗਾ।

### *ਭੰਗਾਣੀ ਦੇ ਜੰਗ ਦਾ ਪ੍ਰਭਾਵ*

(1) ਭੰਗਾਣੀ ਦੇ ਜੰਗ ਵਿਚ ਥੋੜ੍ਹੇ ਜਿਹੇ ਸਿੱਖਾਂ ਨੇ ਪਹਾੜੀ ਰਾਜਿਆਂ ਦੀ ਮਿਲਵੀਂ ਫ਼ੌਜ ਨੂੰ ਲੱਕ ਤੋੜਵੀਂ ਹਾਰ ਦਿੱਤੀ ਸੀ। ਇਸ ਨਾਲ ਜਿੱਥੇ ਸਿੱਖਾਂ ਦੇ ਹੌਸਲੇ ਬੁਲੰਦ ਹੋਏ, ਉੱਥੇ ਪਹਾੜੀ ਰਾਜਿਆਂ ਨੂੰ ਵੀ ਵਿਸ਼ਵਾਸ ਹੋ ਗਿਆ ਕਿ ਉਹ ਮੁਸਲਮਾਨ ਹਾਕਮਾਂ ਦੀ ਸਹਾਇਤਾ ਦੇ ਬਿਨਾਂ ਗੁਰੂ ਗੋਬਿੰਦ ਸਿੰਘ ਜੀ ਨਾਲ ਟੱਕਰ ਨਹੀਂ ਲੈ ਸਕਦੇ।

(2) ਭੰਗਾਣੀ ਸਰਹੰਦ ਤੋਂ ਲਗਪਗ 135 ਕਿਲੋਮੀਟਰ ਚੜ੍ਹਦੇ ਵੱਲ ਅਤੇ ਦਿੱਲੀ ਤੋਂ 225 ਕਿਲੋਮੀਟਰ ਉੱਤਰ ਵੱਲ ਹੈ। ਸਰਹੰਦ ਪੰਜਾਬ ਦਾ ਇਕ ਸਿਰ-ਕੱਢ ਸੂਬਾ ਸੀ ਅਤੇ ਦਿੱਲੀ ਮੁਗ਼ਲ-ਹਕੂਮਤ ਦੀ ਕੇਂਦਰੀ ਰਾਜਧਾਨੀ ਸੀ। ਇਸ ਜੰਗ ਦੀਆਂ ਖ਼ਬਰਾਂ ਨੇ ਸਰਹੰਦ ਅਤੇ ਦਿੱਲੀ ਦੇ ਸਰਕਾਰੀ ਹਲਕਿਆਂ ਵਿਚ ਕਾਫ਼ੀ ਹਿਲਜੁਲ ਪੈਦਾ ਕਰ ਦਿੱਤੀ। ਸਦੀਆਂ ਤੋਂ ਗ਼ੁਲਾਮ ਰਹਿ ਰਹੇ ਲੋਕਾਂ ਨੇ ਸਿੱਖ ਧਰਮ ਅਪਣਾ ਕੇ ਨਿਡਰਤਾ ਦਾ ਸਬਕ ਸਿੱਖ ਲਿਆ ਅਤੇ ਜੰਗ ਵਿਚ ਬੀਰਤਾ ਦੇ ਜੌਹਰ ਵਿਖਾਏ। ਕਲ੍ਹ ਤੱਕ ਬ੍ਰਾਹਮਣ ਜਿਨ੍ਹਾਂ ਨੂੰ ਨੀਚ ਆਖ-ਆਖ ਕੇ ਦੁਰਕਾਰਦੇ ਆਏ ਸਨ, ਅੱਜ ਉਨ੍ਹਾਂ ਨੇ ਬ੍ਰਾਹਮਣਾਂ ਦੇ ਰੱਖਿਅਕ ਹਿੰਦੂ-ਰਜਵਾੜਿਆਂ ਦੇ ਛੱਕੇ ਛੁਡਾ ਦਿੱਤੇ ਸਨ। ਜਨਤਾ ਦਾ ਇਉਂ ਜਾਗ ਪੈਣਾ ਮੁਗ਼ਲ ਹਕੂਮਤ ਨੂੰ ਸੁਖਾਅ ਨਹੀਂ ਸੀ ਸਕਦਾ। ਸੋ, ਇਸ ਜੰਗ ਵਿਚ ਸਿੱਖਾਂ ਦੀ ਜਿੱਤ ਦੀਆਂ ਖ਼ਬਰਾਂ ਔਰੰਗਜ਼ੇਬ ਨੂੰ ਦੱਖਣ ਵਿਚ ਭੇਜੀਆਂ ਗਈਆਂ।

ਰਿਆਸਤ ਸਰਮੌਰ ਵਿਚ ਤਾਂ ਦਸਮ-ਪਿਤਾ ਥੋੜ੍ਹੇ ਸਮੇਂ ਲਈ ਹੀ ਆਏ ਸਨ, ਸਿੱਖ ਕੌਮ ਦਾ ਨਵਾਂ ਕੇਂਦਰ ਤਾਂ ਅਨੰਦਪੁਰ ਹੀ ਸੀ। ਅਨੰਦਪੁਰ ਸਰਹੰਦ ਤੋਂ ਲਗਪਗ 70 ਕਿਲੋਮੀਟਰ ਉੱਤਰ ਵੱਲ ਹੈ। ਔਰੰਗਜ਼ੇਬ ਨੇ ਦੱਖਣ ਤੋਂ ਮੁਰਾਸਲਾ (ਬਾਦਸ਼ਾਹੀ ਚਿੱਠੀ) ਭੇਜ ਕੇ ਸਰਹੰਦ ਦੇ ਸੂਬੇਦਾਰ ਨੂੰ ਖ਼ਬਰਦਾਰ ਕੀਤਾ ਕਿ ਅਨੰਦਪੁਰ ਵੱਲ ਪੂਰਾ ਧਿਆਨ ਰੱਖੇ। ਉਚੇਚੇ ਸਰਕਾਰੀ ਸੂਹੀਏ ਵੀ ਮੁਕੱਰਰ ਕਰ ਦਿੱਤੇ ਗਏ।

# ਪਾਉਂਟਾ ਸਾਹਿਬ ਤੋਂ ਅਨੰਦਪੁਰ ਸਾਹਿਬ

ਭੰਗਾਣੀ ਦਾ ਯੁੱਧ ਜਿੱਤਣ ਦੇ ਕੁਝ ਸਮਾਂ ਮਗਰੋਂ ਦਸਮ-ਪਿਤਾ ਜੀ ਪਾਉਂਟਾ ਸਾਹਿਬ ਤੋਂ ਅਨੰਦਪੁਰ ਨੂੰ ਤੁਰ ਪਏ।

### *ਕਪਾਲ ਮੋਚਨ*

ਮਹਾਂਕੋਸ਼ ਅਨੁਸਾਰ ਸਰਸ੍ਵਤੀ (ਜੋ ਪਹਿਲਾਂ ਇਥੇ ਵਗਦੀ ਸੀ) ਦੇ ਕੰਢੇ 'ਔਸ਼ਨਸ' ਤੀਰਥ ਦਾ ਨਾਮ 'ਕਪਾਲ ਮੋਚਨ' ਹੈ। ਇਸ ਬਾਰੇ ਕਥਾ ਪ੍ਰਚੱਲਿਤ ਹੈ ਕਿ ਸ੍ਰੀ ਰਾਮ ਚੰਦਰ ਜੀ ਨੇ ਇਕ ਦੈਂਤ ਦਾ ਸਿਰ ਵੱਢਿਆ, ਉਹ ਸਿਰ ਮਹੋਦਰ ਰਿਸ਼ੀ ਦੀ ਲੱਤ ਨਾਲ ਚੰਬੜ ਗਿਆ। ਮਹੋਦਰ ਰਿਸ਼ੀ ਨੇ ਕਈ ਤੀਰਥਾਂ ਤੇ ਜਾ ਕੇ ਇਸ਼ਨਾਨ ਕੀਤਾ, ਪਰ ਦੈਂਤ ਦਾ ਸਿਰ ਉਸ ਦੀ ਲੱਤ ਨਾਲੋਂ ਨਾ ਲੱਥਾ। ਜਦ ਉਸ ਨੇ ਇਸ ਤੀਰਥ ਤੇ ਆ ਕੇ ਇਸ਼ਨਾਨ ਕੀਤਾ ਤਾਂ ਕਿਧਰੇ ਸਿਰ ਉਸ ਦੀ ਲੱਤ ਨਾਲੋਂ ਜੁਦਾ ਹੋਇਆ। ਇਹ ਥਾਂ ਜਗਾਧਰੀ ਤੋਂ 13 ਕਿਲੋਮੀਟਰ ਉੱਤਰ ਵੱਲ ਹੈ ਅਤੇ ਸਢੌਰੇ ਦੇ ਨੇੜੇ ਹੈ। ਇੱਥੇ ਹਰ ਸਾਲ ਕੱਤਕ ਦੀ ਪੂਰਨਮਾਸ਼ੀ ਵਾਲੇ ਦਿਨ ਭਾਰੀ ਮੇਲਾ ਲਗਦਾ ਹੈ। ਗੁਰੂ ਜੀ ਇਸ ਮੇਲੇ 'ਤੇ ਗੁਰਮਤਿ ਦਾ ਸੁਨੇਹਾ ਦੇਣ ਆਏ ਸਨ। ਆਪ ਨੇ ਲੋਕਾਂ ਨੂੰ ਦੇਵਤੇ ਦੈਂਤਾਂ ਅਤੇ ਪੁੰਨਿਆਂ, ਮੱਸਿਆ, ਸੰਗਰਾਂਦ ਆਦਿ ਦੇ ਭਰਮ-ਜਾਲ ਵਿਚੋਂ ਨਿਕਲਣ ਅਤੇ ਇਕ ਅਕਾਲ ਪੁਰਖ ਦੇ ਲੜ ਲੱਗਣ ਦਾ ਉਪਦੇਸ਼ ਦਿੱਤਾ। ਆਪ ਨੇ ਸਮਝਾਇਆ ਕਿ ਅਸਲ ਦੈਂਤ ਤਾਂ ਗ਼ੁਲਾਮੀ ਹੈ, ਜਿਸ ਤੋਂ ਛੁਟਕਾਰਾ ਪਾਉਣ ਲਈ ਹਰ ਹੀਲਾ ਕਰਨਾ ਚਾਹੀਦਾ ਹੈ। ਇੱਥੇ ਗੁਰੂ ਜੀ ਦੀ ਯਾਦ ਵਿਚ ਗੁਰਦੁਆਰਾ ਬਣਿਆ ਹੋਇਆ ਹੈ।

ਕਪਾਲ ਮੋਚਨ ਤੋਂ ਸਢੌਰੇ ਆਏ ਤੇ ਉਥੋਂ ਹੁੰਦੇ ਹੋਏ ਲਾਹੜਪੁਰ ਪੁੱਜੇ। ਇਥੇ ਆਪ ਨੇ 13 ਦਿਨ ਡੇਰਾ ਕੀਤਾ ਅਤੇ ਸ਼ਿਕਾਰ ਦਾ ਸ਼ੁਗਲ ਮਾਣਿਆ। ਇੱਥੋਂ ਮਾਣਿਕ ਟਾਬਰਾਂ ਤੇ ਰਾਇਪੁਰ ਗਏ। ਰਾਇਪੁਰ ਦੀ ਰਾਣੀ ਨੇ ਚੰਗੀ ਆਓ-ਭਗਤ ਕੀਤੀ ਤੇ ਹੱਥੀਂ ਪ੍ਰਸ਼ਾਦ ਛਕਾਇਆ। ਉਥੋਂ ਟੋਡਾ, ਨਾਡਾ ਆਦਿ ਪਿੰਡਾਂ ਵਿਚੋਂ ਹੁੰਦੇ ਹੋਏ ਆਪ ਢਕੋਲੀ ਪੁੱਜੇ। ਉੱਥੇ ਪਾਣੀ ਦੀ ਤੰਗੀ ਸੀ, ਆਪ ਨੇ ਬਾਉਲੀ ਲਗਵਾਈ। ਫਿਰ ਕੋਟਲਾ ਨਿਹੰਗ ਆਏ। ਇਥੋਂ ਦੇ ਪਠਾਣਾਂ ਨੇ ਪ੍ਰੇਮ ਨਾਲ ਸੇਵਾ ਕੀਤੀ। ਗੁਰੂ ਜੀ ਨੇ ਉਨ੍ਹਾਂ ਨੂੰ ਇਕ ਤਲਵਾਰ ਬਖ਼ਸ਼ੀ ਜਿਹੜੀ ਉਨ੍ਹਾਂ ਤੇ ਉਨ੍ਹਾਂ ਦੀ ਔਲਾਦ ਨੇ ਬੜੇ ਸਤਿਕਾਰ ਨਾਲ ਸੰਭਾਲ ਕੇ ਰੱਖੀ। ਕੋਟਲਾ ਤੋਂ ਰੋਪੜ, ਘਨੌਲੀ, ਬੂੰਗਾ ਹੁੰਦੇ ਹੋਏ ਕੀਰਤਪੁਰ ਆਏ। ਕੀਰਤਪੁਰੋਂ ਅਨੰਦਪੁਰ ਸਾਹਿਬ 1688 ਦੇ ਅੰਤ ਵਿਚ ਪੁੱਜੇ।

### *ਕਿਲ੍ਹਿਆਂ ਦੀ ਉਸਾਰੀ*

ਸਤਿਗੁਰੂ ਜੀ ਅਨੰਦਪੁਰ ਲਗਪਗ ਚਾਰ ਸਾਲਾਂ ਮਗਰੋਂ ਪਰਤੇ ਸਨ। ਇਸ ਸਮੇਂ ਵਿਚ ਅਨੰਦਪੁਰ ਬੇਰੌਣਕਾ ਜਿਹਾ ਹੋ ਗਿਆ ਸੀ। ਹਾਕਮਾਂ ਕੋਲੋਂ ਡਰਦੇ ਹੋਏ ਕਈ ਲੋਕੀਂ ਅਨੰਦਪੁਰ

ਛੱਡ ਗਏ ਸਨ। ਇੰਝ ਲਗਦਾ ਹੈ, ਜਿਵੇਂ ਪਹਾੜੀਆਂ ਨੇ ਨਿਹੱਥੇ ਸ਼ਹਿਰੀਆਂ ਨੂੰ ਡਰਾਇਆ ਧਮਕਾਇਆ ਹੋਵੇ।

ਗੁਰੂ ਗੋਬਿੰਦ ਸਿੰਘ ਜੀ ਦੇ ਮੁੜ ਆਉਣ ਨਾਲ ਅਨੰਦਪੁਰ ਵਿਚ ਇਕ ਵਾਰ ਫੇਰ ਚਹਿਲ-ਪਹਿਲ ਹੋਈ, ਨਵੇਂ ਮਕਾਨਾਂ ਦੀ ਉਸਾਰੀ ਹੋਈ ਤੇ ਵਸੋਂ ਵਿਚ ਵਾਧਾ ਹੋਇਆ। ਸਤਿਗੁਰੂ ਜੀ ਦੀ ਲੰਮੀ ਨਦਰ ਨੇ ਵੇਖ ਲਿਆ ਸੀ ਕਿ ਹੁਣ ਜੰਗ ਦਾ ਮੈਦਾਨ ਅਨੰਦਪੁਰ ਹੀ ਬਣਨਾ ਹੈ। ਅਨੰਦਪੁਰ ਸ਼ਹਿਰ ਨੂੰ ਹੋਣ ਵਾਲੇ ਹਮਲਿਆਂ ਦੀ ਮਾਰ ਤੋਂ ਬਚਾਉਣ ਲਈ ਸਤਿਗੁਰਾਂ ਨੇ ਸਤਲੁਜ ਨਦੀ ਦੇ ਕਿਨਾਰੇ 'ਨਿਰਮੋਹ ਗੜ੍ਹ', 'ਹੋਲ ਗੜ੍ਹ' ਅਤੇ 'ਲੋਹਗੜ੍ਹ' ਕਿਲ੍ਹੇ ਬਣਾਏ। ਚਰਨ ਗੰਗਾ ਦੇ ਕਿਨਾਰੇ 'ਫ਼ਤਹਿ ਗੜ੍ਹ' ਅਤੇ ਉਸ ਤੋਂ ਕੁਝ ਦੂਰ 'ਕੇਸ ਗੜ੍ਹ' ਅਤੇ ਫਿਰ ਸਭ ਤੋਂ ਉੱਚੀ ਥਾਂ ਉੱਤੇ 'ਅਨੰਦ ਗੜ੍ਹ' ਨਾਮ ਦੇ ਕਿਲ੍ਹੇ ਬਣਾਏ। ਅਨੰਦਪੁਰ ਵਿਚ ਹਥਿਆਰ ਬਣਾਉਣ ਦਾ ਕਾਰਖਾਨਾ ਤਾਂ ਪਹਿਲਾਂ ਹੀ ਲਾ ਦਿੱਤਾ ਸੀ, ਹੁਣ ਉਸ ਵਿਚ ਫਿਰ ਜ਼ੋਰ-ਸ਼ੋਰ ਨਾਲ ਕੰਮ ਸ਼ੁਰੂ ਹੋ ਗਿਆ। ਬੰਦੂਕਾਂ ਅਤੇ ਤੋਪਾਂ ਭਾਰੀ ਗਿਣਤੀ ਵਿਚ ਬਣਾਈਆਂ ਗਈਆਂ। ਕਿਲ੍ਹਿਆਂ ਦੀ ਉਸਾਰੀ ਇਸ ਢੰਗ ਨਾਲ ਕੀਤੀ ਗਈ ਸੀ ਕਿ ਵੈਰੀ ਦੀਆਂ ਫ਼ੌਜਾਂ ਅਨੰਦਪੁਰ ਪੁੱਜ ਨਾ ਸਕਣ। ਇਕ ਤੋਂ ਬਾਅਦ ਦੂਜਾ ਕਿਲ੍ਹਾ ਵੈਰੀ ਨੂੰ ਰੋਕਣ ਲਈ ਖਲੋਤਾ ਸੀ। ਪਹਿਲਾਂ ਸਤਲੁਜ ਤੇ ਫਿਰ ਚਰਨਗੰਗਾ ਪਾਰ ਕਰਨਾ ਕਿਸੇ ਫ਼ੌਜ ਲਈ ਮੁਸ਼ਕਿਲ ਭਰਿਆ ਕੰਮ ਸੀ।

### *ਹੋਲੀ ਤੋਂ ਹੋਲਾ ਮਹੱਲਾ*

ਹੋਲੀ ਭਾਰਤ ਦਾ ਮੌਸਮੀ ਤਿਉਹਾਰ ਹੈ। ਇਸ ਦੇ ਤਿੰਨ ਨਾਮ ਹਨ – ਹੋਲੀ, ਹੋਲਿਕਾ ਤੇ ਹੋਲਾਕਾ। ਬਸੰਤ ਰੁੱਤ ਤੋਂ ਪਹਿਲਾਂ ਪਤਝੜ ਵਿਚ ਕੁਝ ਉਦਾਸੀ ਜਿਹੀ ਦਾ ਪ੍ਰਭਾਵ ਪਿਆ ਰਹਿੰਦਾ ਹੈ। ਬਸੰਤ ਦੀ ਖਿੜੀ ਬਹਾਰ ਵਿਚ ਪਸ਼ੂ, ਪੰਛੀ ਤੇ ਮਨੁੱਖ ਸਭਨਾਂ ਦੇ ਚਿੱਤ ਖਿੜ ਜਾਂਦੇ ਹਨ। ਇਕ ਦੂਜੇ ਉਤੇ ਰੰਗ ਸੁੱਟ ਕੇ ਲੋਕੀਂ ਇਹ ਤਿਉਹਾਰ ਮਨਾਉਂਦੇ ਹਨ। ਪਰ ਵਿੱਤ ਵਿਚ ਰਹਿਣਾ ਬੜੀ ਔਖੀ ਖੇਡ ਹੈ। ਇਸ ਤਿਉਹਾਰ ਦੀਆਂ ਰੰਗ ਰਲੀਆਂ ਵਧਦੀਆਂ-ਵਧਦੀਆਂ ਵਿਕਾਰ ਅਤੇ ਗੰਦ ਵੱਲ ਰੁਚੀ ਫੜ ਗਈਆਂ। ਰੰਗਾਂ ਅਤੇ ਗੰਦ ਨਾਲ ਲਿਬੜੇ ਹੋਏ ਮਨੁੱਖ ਹੋਲੀ ਵਾਲੇ ਦਿਨ ਭੂਤਨਿਆਂ ਦੀ ਤਰ੍ਹਾਂ ਲਗਦੇ ਹਨ। ਕਈ ਤਾਂ ਸ਼ਰਾਬਾਂ ਪੀ ਕੇ ਡਾਂਗੋ-ਡਾਂਗੀ ਵੀ ਹੋ ਜਾਂਦੇ ਹਨ।

ਹੋਲੀ ਨੂੰ ਹਿੰਦੂਆਂ ਦਾ ਤਿਉਹਾਰ ਵੀ ਆਖਿਆ ਜਾਂਦਾ ਹੈ। ਇਕ ਪੁਰਾਣਿਕ ਕਥਾ ਅਨੁਸਾਰ ਪ੍ਰਹਿਲਾਦ ਭਗਤ ਦੀ ਭੂਆ 'ਢੂੰਡਾ', ਜਿਸ ਨੂੰ ਹੋਲਿਕਾ ਵੀ ਕਿਹਾ ਜਾਂਦਾ ਹੈ, ਸ਼ਿਵ ਦੇ ਵਰਦਾਨ ਕਰਕੇ ਅੱਗ ਵਿਚ ਭਸਮ ਨਹੀਂ ਸੀ ਹੋ ਸਕਦੀ। ਹਿਰਨਯਕਸ਼ਪ (ਹਰਨਾਖਸ਼) ਪ੍ਰਭੂ ਦੀ ਥਾਂ 'ਤੇ ਆਪਣੇ ਆਪ ਨੂੰ ਸਰਬ-ਸ਼ਕਤੀਮਾਨ ਸਮਝਦਾ ਤੇ ਰਾਜ-ਸ਼ਕਤੀ ਦੇ ਜ਼ੋਰ ਨਾਲ ਲੋਕਾਂ ਤੋਂ ਇਹ ਗੱਲ ਮਨਵਾਉਂਦਾ ਸੀ। ਉਸ ਦਾ ਪੁੱਤਰ ਪ੍ਰਹਿਲਾਦ ਪ੍ਰਭੂ ਦਾ ਭਗਤ ਸੀ ਤੇ ਹਿਰਨਯਕਸ਼ਪ ਨੂੰ ਸਰਬ-ਸ਼ਕਤੀਮਾਨ ਮੰਨਣ ਲਈ ਤਿਆਰ ਨਹੀਂ ਸੀ। ਜਦ ਹਿਰਨਯਕਸ਼ਪ ਦੇ ਉਪਦੇਸ਼ਾਂ ਤੇ ਧਮਕੀਆਂ ਦਾ ਪ੍ਰਹਿਲਾਦ ਤੇ ਕੋਈ ਅਸਰ ਨਾ ਹੋਇਆ ਤਾਂ ਉਸ ਨੇ ਆਪਣੇ ਪੁੱਤਰ ਨੂੰ ਦੰਡ ਦੇਣ ਦੀ ਸੋਚੀ। ਉਸ ਦੇ ਹੁਕਮ ਅਨੁਸਾਰ

ਪ੍ਰਹਲਾਦ ਨੂੰ ਢੁੰਡਾ ਦੀ ਗੋਦੀ ਵਿਚ ਬਿਠਾ ਕੇ ਲਕੜੀਆਂ ਦੇ ਢੇਰ ਨੂੰ ਅੱਗ ਲਾ ਦਿੱਤੀ ਗਈ। ਪਰਮਾਤਮਾ ਦੀ ਕਿਰਪਾ ਨਾਲ ਪ੍ਰਹਿਲਾਦ ਤਾਂ ਬਚ ਗਿਆ ਪਰ ਢੁੰਡਾ ਸੜ ਗਈ। ਹਿੰਦੂ ਫੱਗਣ ਮਹੀਨੇ ਦੀ ਪੂਰਨਮਾਸ਼ੀ ਵਾਲੇ ਦਿਨ ਦੁਸ਼ਟ-ਆਤਮਾ ਢੁੰਡਾ ਦੀ ਚਿਤਾ ਦੀ ਨਕਲ ਬਣਾ ਕੇ ਸਾੜਦੇ ਹਨ ਅਤੇ ਉਸ ਦੀ ਸੁਆਹ ਉਡਾਉਂਦੇ ਹਨ।

ਗੁਰੂ ਗੋਬਿੰਦ ਸਿੰਘ ਜੀ ਨੇ ਸਿੱਖਾਂ ਨੂੰ ਹੋਲੀ ਮਨਾਉਣ ਤੋਂ ਮਨ੍ਹਾਂ ਕਰ ਦਿੱਤਾ ਅਤੇ ਹੋਲੀ ਦੀ ਥਾਂ 'ਹੋਲਾ ਮਹੱਲਾ' ਮਨਾਉਣ ਦੀ ਰੀਤ ਚਲਾਈ। 'ਹੋਲਾ' ਦੇ ਅਰਥ ਹਨ 'ਹਮਲਾ' ਅਤੇ 'ਮਹੱਲਾ' ਦੇ ਅਰਥ ਹਨ 'ਹਮਲੇ ਦੀ ਥਾਂ' (ਜਾਇ ਹਮਲਾ)।

ਸਤਿਗੁਰਾਂ ਨੇ ਇਹ ਰੀਤ ਸਿੱਖਾਂ ਵਿਚ ਬੀਰ-ਰਸ ਭਰਨ ਲਈ ਤੇ ਉਨ੍ਹਾਂ ਨੂੰ ਸ਼ਸਤਰ ਅਤੇ ਯੁੱਧ-ਵਿੱਦਿਆ ਵਿਚ ਨਿਪੁੰਨ ਬਣਾਉਣ ਲਈ ਚਲਾਈ ਸੀ। ਆਪ ਹੋਲੇ ਵਾਲੇ ਦਿਨ ਮੁਖੀ ਸਿੰਘਾਂ ਦੀ ਸਿਰਦਾਰੀ ਵਿਚ ਸਿੰਘਾਂ ਦੇ ਦੋ ਦਲ ਬਣਾ ਕੇ ਇਕ ਖ਼ਾਸ ਜਗ੍ਹਾ ਤੇ ਕਬਜ਼ਾ ਕਰਨ ਲਈ ਆਖਦੇ ਸਨ। ਸਤਿਗੁਰੂ ਜੀ ਆਪ ਸਿੰਘਾਂ ਦੇ ਫ਼ੌਜੀ ਕਰਤਬ ਦੇਖਦੇ ਸਨ ਅਤੇ ਜੇਤੂ ਦਲ ਨੂੰ ਸਿਰੋਪਾ ਬਖਸ਼ਦੇ ਸਨ। ਅਨੰਦਪੁਰ ਸਾਹਿਬ ਵਿਖੇ ਅੱਜ ਵੀ ਹੋਲਾ-ਮਹੱਲਾ ਬੜੇ ਉਤਸ਼ਾਹ ਅਤੇ ਜੋਸ਼ ਨਾਲ ਮਨਾਇਆ ਜਾਂਦਾ ਹੈ।

# ਨਦੌਣ ਯੁੱਧ, ਹੁਸੈਨੀ ਯੁੱਧ, ਸ਼ਹਿਜ਼ਾਦਾ ਮੁਅੱਜ਼ਮ

### *ਔਰੰਗਜ਼ੇਬ ਦੀਆਂ ਪ੍ਰੇਸ਼ਾਨੀਆਂ*[8]

ਔਰੰਗਜ਼ੇਬ ਦੇ ਛੋਟੇ ਪੁੱਤਰ ਅਕਬਰ ਨੇ ਮਾਰਵਾੜ ਦੇ ਰਾਠੌਰਾਂ ਨਾਲ ਮਿਲ ਕੇ ਜਨਵਰੀ, 1681 ਵਿਚ ਬਗ਼ਾਵਤ ਕਰ ਦਿੱਤੀ, ਪਰ ਆਪਣੇ ਮਨੋਰਥ ਵਿਚ ਅਸਫ਼ਲ ਹੋਣ ਕਰਕੇ ਉਸ ਨੂੰ ਸ਼ਿਵਾ ਜੀ ਦੇ ਪੁੱਤਰ ਸ਼ੰਭੂ ਜੀ ਦੀ ਸ਼ਰਨ ਲੈਣੀ ਪਈ। ਔਰੰਗਜ਼ੇਬ ਨੇ ਮੇਵਾੜ ਦੇ ਰਾਜਪੂਤਾਂ ਨਾਲ ਸੁਲਾਹ ਕਰਕੇ ਅਕਬਰ ਦਾ ਪਿੱਛਾ ਕੀਤਾ। ਉਹ ਸਤੰਬਰ 1681 ਨੂੰ ਦਿੱਲੀਓਂ ਦੱਖਣ ਵੱਲ ਚੱਲ ਪਿਆ ਸੀ ਅਤੇ ਮਾਰਚ 1682 ਨੂੰ ਔਰੰਗਾਬਾਦ ਪੁੱਜ ਕੇ ਅਗਲੇ 25 ਸਾਲ ਉਹ ਦੱਖਣ ਵਿਚ ਹੀ ਰੁੱਝਾ ਰਿਹਾ ਤੇ ਉੱਥੇ ਹੀ ਉਸ ਦੀ ਮੌਤ ਹੋਈ। ਔਰੰਗਜ਼ੇਬ ਦਾ ਮਨੋਰਥ ਅਕਬਰ ਦੀ ਬਗ਼ਾਵਤ ਨੂੰ ਦਬਾਉਣ ਦੇ ਨਾਲ-ਨਾਲ ਦੱਖਣ ਵਿਚ ਆਪਣਾ ਦਬਦਬਾ ਕਾਇਮ ਕਰਨਾ ਵੀ ਸੀ। ਅਕਬਰ ਤਾਂ ਫ਼ਰਵਰੀ, 1687 ਵਿਚ, ਈਰਾਨ ਨੂੰ ਚਲਾ ਗਿਆ ਅਤੇ ਉੱਥੇ ਹੀ ਹਿੰਦ ਦੀ ਬਾਦਸ਼ਾਹਤ ਦੇ ਸੁਪਨੇ ਲੈਂਦਾ ਹੋਇਆ ਸੰਨ 1704 ਵਿਚ ਅੱਲਾਹ ਨੂੰ ਪਿਆਰਾ ਹੋ ਗਿਆ।

ਇੱਧਰ ਔਰੰਗਜ਼ੇਬ ਨੇ 12 ਸਤੰਬਰ 1686 ਨੂੰ ਬੀਜਾਪੁਰ ਉੱਤੇ ਜਿੱਤ ਪ੍ਰਾਪਤ ਕਰ ਲਈ ਅਤੇ 21 ਸਤੰਬਰ, 1687 ਨੂੰ ਗੋਲਕੰਡਾ ਫ਼ਤਹਿ ਕਰ ਲਿਆ। ਉਸ ਮਗਰੋਂ 1689 ਵਿਚ ਉਸ ਨੇ ਸ਼ੰਭੂ ਜੀ ਨੂੰ ਕੈਦ ਕਰ ਲਿਆ ਅਤੇ 11 ਮਾਰਚ ਵਾਲੇ ਦਿਨ ਤਸੀਹੇ ਦੇ ਕੇ ਕਤਲ ਕਰ ਦਿੱਤਾ।

ਇਨ੍ਹਾਂ ਸੱਤ-ਅੱਠ ਸਾਲਾਂ ਦੀਆਂ ਲੜਾਈਆਂ ਨੇ ਸਾਰੇ ਦੱਖਣ ਨੂੰ ਤਬਾਹ ਕਰ ਦਿੱਤਾ। ਫ਼ਸਲਾਂ ਦੀ ਤਬਾਹੀ, ਨਿੱਤ ਦੀ ਲੁੱਟ ਦੇ ਨਾਲ-ਨਾਲ ਕਈ ਵਾਰ ਔੜ ਨੇ ਵੀ ਹਿੱਸਾ ਪਾਇਆ। ਦੱਖਣ ਵਿਚ ਅੰਤ ਦਾ ਕਾਲ ਪੈ ਗਿਆ। ਗਿਲਟੀ ਤਾਪ ਆਦਿਕ ਬਿਮਾਰੀਆਂ ਨੇ ਵੀ ਲੋਕਾਂ ਨੂੰ ਆ ਭੰਨਿਆ। ਅਹਿਮਦ ਨਗਰ, ਬੀਜਾਪੁਰ ਆਦਿਕ ਸ਼ਹਿਰਾਂ ਵਿਚ ਹਜ਼ਾਰਾਂ ਬੰਦੇ ਮੌਤ ਦਾ ਸ਼ਿਕਾਰ ਹੁੰਦੇ ਗਏ। ਔਰੰਗਜ਼ੇਬ ਦੀਆਂ ਫ਼ੌਜਾਂ ਵਿਚ ਵੀ ਬੀਮਾਰੀ ਪੈ ਗਈ। ਜਦੋਂ ਸੰਨ 1688 ਵਿਚ ਬੀਜਾਪੁਰ ਕੋਲ ਪਲੇਗ ਪਈ ਤਾਂ ਅਨੇਕਾਂ ਰਾਜਪੂਤ ਅਤੇ ਮੁਗ਼ਲ ਮਰ ਗਏ। ਔਰੰਗਜ਼ੇਬ ਦਾ ਇਕ ਵੱਡਾ ਜਰਨੈਲ ਫ਼ੀਰੋਜ਼ ਜੰਗ ਤਾਂ ਅੰਨ੍ਹਾ ਹੋ ਗਿਆ।

ਦੱਖਣ ਵਿਚ ਅੰਨ ਦਾ ਕਾਲ ਪੈਣ ਕਰਕੇ ਸ਼ਾਹੀ ਫ਼ੌਜਾਂ ਲਈ ਵੀ ਅੰਨ ਦੀ ਤੰਗੀ

---

8. ਪ੍ਰੋ: ਸਾਹਿਬ ਸਿੰਘ, ਜੀਵਨ ਬ੍ਰਿਤਾਂਤ ਗੁਰੂ ਗੋਬਿੰਦ ਸਿੰਘ ਜੀ, ਜੁਲਾਈ 1978, ਪੰਨਾ 94 ਤੋਂ 99 ਦਾ ਸੰਖੇਪ।

ਹੋ ਗਈ। ਫ਼ੌਜ ਦੀਆਂ ਤਨਖ਼ਾਹਾਂ ਲਈ ਧਨ ਵੀ ਦੱਖਣ ਵਿਚੋਂ ਨਹੀਂ ਸੀ ਮਿਲਦਾ। ਔਰੰਗਜ਼ੇਬ ਨੇ ਅੰਨ ਤੇ ਧਨ ਦੀ ਘਾਟ ਬੰਗਾਲ, ਬਿਹਾਰ, ਉੱਤਰ ਪ੍ਰਦੇਸ਼ ਅਤੇ ਪੰਜਾਬ ਤੋਂ ਪੂਰੀ ਕੀਤੀ। ਉਂਝ ਲੜਨ ਲਈ ਜੁਆਨ ਵੀ ਇਨ੍ਹਾਂ ਪ੍ਰਾਂਤਾਂ ਵਿਚੋਂ ਹੀ ਭਰਤੀ ਕੀਤੇ ਜਾਂਦੇ ਸਨ।

ਇਨ੍ਹਾਂ ਦਿਨਾਂ (ਸੰਨ 1685) ਵਿਚ ਹੀ ਆਗਰਾ, ਮਥੁਰਾ, ਅਲੀਗੜ੍ਹ ਅਤੇ ਭਰਤਪੁਰ ਦੇ ਜਾਟਾਂ ਨੇ ਬਗ਼ਾਵਤ ਕਰ ਦਿੱਤੀ। ਉਹ ਦੱਖਣ ਨੂੰ ਜਾਂਦਾ ਖ਼ਜ਼ਾਨਾ ਲੁੱਟਣ ਲੱਗ ਪਏ। ਜਾਟਾਂ ਦੀ ਅਗੇਵਾਈ ਭਰਤਪੁਰ (ਰਾਜਸਥਾਨ) ਦੇ ਇਕ ਜਾਟ ਰਾਜਾ ਰਾਮ ਨੇ ਕੀਤੀ।

ਮੌਕੇ ਦਾ ਲਾਭ ਉਠਾਉਂਦਿਆਂ ਹੋਇਆਂ ਸ਼ਹਿਜ਼ਾਦਾ ਮੁਅੱਜ਼ਮ ਨੇ ਦੱਖਣ ਦੀਆਂ ਸ਼ੀਆ ਰਿਆਸਤਾਂ ਨਾਲ ਸਾਜ਼ਬਾਜ਼ ਆਰੰਭ ਕਰ ਦਿੱਤੀ। ਉਹ ਆਪਣੇ ਪਿਓ ਪਾਸੋਂ ਰਾਜ ਖੋਹਣਾ ਚਾਹੁੰਦਾ ਸੀ। ਪਰ ਸਾਜ਼ਿਸ਼ ਦਾ ਔਰੰਗਜ਼ੇਬ ਨੂੰ ਪਤਾ ਲੱਗ ਗਿਆ ਤੇ ਉਸ ਨੇ ਮੁਅੱਜ਼ਮ ਨੂੰ 21 ਫਰਵਰੀ, 1688 ਨੂੰ ਉਸ ਦੇ ਚੌਹਾਂ ਪੁੱਤਰਾਂ ਸਮੇਤ ਗ੍ਰਿਫ਼ਤਾਰ ਕਰ ਲਿਆ ਤੇ ਸ਼ਹਿਜ਼ਾਦਾ ਆਜ਼ਮ ਨੂੰ ਪੰਜਾਬ ਤੇ ਕਾਬਲ ਦਾ ਗਵਰਨਰ ਬਣਾ ਕੇ ਭੇਜ ਦਿੱਤਾ। ਜਾਟਾਂ ਦੀ ਬਗ਼ਾਵਤ ਨੂੰ ਇਸੇ ਸਾਲ ਜਰਨੈਲ ਇਬਰਾਹੀਮ ਨੇ ਦਬਾ ਦਿੱਤਾ ਤੇ ਆਵਾਜਾਈ ਖੁਲ੍ਹ ਗਈ। ਔਰੰਗਜ਼ੇਬ ਨੇ ਪੰਜਾਬ ਦੇ ਮੁਗ਼ਲ ਹਾਕਮਾਂ ਨੂੰ ਲਿਖਿਆ ਕਿ ਉਹ ਪਹਾੜੀ ਰਾਜਿਆਂ ਕੋਲੋਂ ਖਿਰਾਜ (ਮਾਲੀਆ, ਟੈਕਸ) ਦਾ ਧਨ-ਮਾਲ ਉਗਰਾਹ ਕੇ ਭਿਜਵਾਉਣ ਜੋ ਕਿ ਪਹਾੜੀ ਰਾਜਿਆਂ ਨੇ ਕਈ ਸਾਲਾਂ ਤੋਂ ਨਹੀਂ ਸੀ ਦਿੱਤਾ। ਆਜ਼ਮ ਨੇ ਕਸ਼ਮੀਰ ਦੇ ਗਵਰਨਰ ਇਬਰਾਹੀਮ ਨੂੰ ਲਿਖਿਆ ਕਿ ਉਹ ਇਸ ਕੰਮ ਵਿਚ ਉਸ ਦੀ ਸਹਾਇਤਾ ਕਰੇ। ਇੰਝ ਪਹਾੜੀ ਰਾਜਿਆਂ ਉੱਤੇ ਬਿਪਤਾ ਆ ਬਣੀ। ਉਨ੍ਹਾਂ ਬਥੇਰਾ ਕਿਹਾ ਕਿ ਗੁਰੂ ਗੋਬਿੰਦ ਸਿੰਘ ਜੀ ਨਾਲ ਲੜਾਈ ਸਮੇਂ ਬਹੁਤਾ ਖ਼ਰਚਾ ਹੋ ਗਿਆ ਹੈ, ਇਸ ਲਈ ਮਾਲੀਆ ਤਾਰਨਾ ਮੁਸ਼ਕਿਲ ਹੈ, ਪਰ ਦੋਹਾਂ ਸੂਬੇਦਾਰਾਂ ਨੇ ਉਨ੍ਹਾਂ ਦੀ ਇਕ ਨਾ ਸੁਣੀ। ਨਿਰਾਸ਼ਤਾ ਦੀ ਹਾਲਤ ਵਿਚ ਉਨ੍ਹਾਂ ਗੁਰੂ ਗੋਬਿੰਦ ਸਿੰਘ ਜੀ ਨਾਲ ਸੁਲਾਹ ਕਰਨ ਦੀ ਸੋਚੀ। ਇੰਝ ਨਦੌਣ ਦੇ ਜੰਗ ਦਾ ਮੁੱਢ ਬੱਝਾ।

### *ਨਦੌਣ ਦਾ ਯੁੱਧ*

ਬਿਪਤਾ ਵਿਚ ਫਸੇ ਹੋਏ ਪਹਾੜੀ ਰਾਜੇ ਦਸਮੇਸ਼ ਜੀ ਦੀ ਸ਼ਰਨ ਵਿਚ ਆਏ। ਸਤਿਗੁਰਾਂ ਨੇ ਪਹਾੜੀ ਰਾਜਿਆਂ ਨੂੰ ਔਰੰਗਜ਼ੇਬ ਦੇ ਜਾਲ ਵਿਚੋਂ ਕੱਢਣ ਦੇ ਖ਼ਿਆਲ ਨਾਲ ਉਨ੍ਹਾਂ ਦੀ ਸਹਾਇਤਾ ਕਰਨਾ ਮੰਨ ਲਿਆ।

ਕਸ਼ਮੀਰ ਦੇ ਗਵਰਨਰ ਇਬਰਾਹੀਮ ਨੇ ਮੀਆਂ ਖ਼ਾਨ ਨੂੰ ਫ਼ੌਜਾਂ ਦੇ ਕੇ ਮਾਲੀਆ ਉਗਰਾਹੁਣ ਲਈ ਜੰਮੂ ਭੇਜਿਆ। ਮੀਆਂ ਖ਼ਾਨ ਆਪ ਜੰਮੂ ਦੇ ਇਲਾਕੇ ਵਿਚ ਯਤਨ ਕਰਦਾ ਰਿਹਾ ਤੇ ਉਥੋਂ ਉਸ ਨੇ ਆਪਣੇ ਇਕ ਸਰਦਾਰ ਅਲਫ਼ ਖ਼ਾਨ ਨੂੰ ਕਾਂਗੜੇ ਭੇਜਿਆ। ਕਾਂਗੜੇ ਦੇ ਕਿਰਪਾਲ ਚੰਦ ਨੇ ਸਲਾਹ ਦਿੱਤੀ ਕਿ ਜੇ ਪਹਿਲਾਂ ਕਹਿਲੂਰ ਦੇ ਰਾਜੇ ਭੀਮ ਚੰਦ ਤੋਂ ਮਾਲੀਆ ਉਗਰਾਹ ਲਿਆ ਜਾਵੇ ਤਾਂ ਬਾਕੀ ਰਾਜੇ ਆਪੇ ਹੀ ਦੇ ਦੇਣਗੇ। ਸੋ

ਦੋਵੇਂ ਚੱਲ ਕੇ ਕਹਿਲੂਰ ਵੱਲ ਵਧੇ ਅਤੇ ਨਦੌਣ ਜਾ ਡੇਰਾ ਲਾਇਆ। ਇਥੋਂ ਬਿਆਸ ਦਰਿਆ ਪਾਰ ਕਰਕੇ ਭੀਮ ਚੰਦ ਦੇ ਇਲਾਕੇ ਵਿਚ ਆਉਣਾ ਸੀ। ਪਹਾੜੀ ਰਾਜੇ ਭੀਮ ਚੰਦ ਦੀ ਸਰਦਾਰੀ ਹੇਠ ਟਾਕਰੇ ਲਈ ਤਿਆਰ ਹੋ ਗਏ। ਇਨ੍ਹਾਂ ਵਿਚ ਗੁਲੇਰ ਦਾ ਗੋਪਾਲ, ਜਸਵਾਲ ਦਾ ਰਾਮ ਸਿੰਘ, ਪ੍ਰਿਥਵੀ ਚੰਦ ਢਡਵਾਲੀਆ, ਕੇਸਰੀ ਚੰਦ ਜਸਵਾਲੀਆ ਅਤੇ ਜਸਰੋਟੇ ਦਾ ਸੁਖਦੇਵ ਆਦਿਕ ਸ਼ਾਮਿਲ ਸਨ।

ਅਲਫ਼ ਖ਼ਾਨ ਨੇ ਨਦੌਣ ਤੋਂ ਭੀਮ ਚੰਦ ਨੂੰ ਮਾਲੀਆ ਤਾਰਨ ਦਾ ਹੁਕਮ ਭੇਜਿਆ। ਭੀਮ ਚੰਦ ਨੇ ਮਾਲੀਆ ਤਾਰਨ ਤੋਂ ਇਨਕਾਰ ਕਰ ਦਿੱਤਾ ਅਤੇ ਹੋਰ ਪਹਾੜੀ ਰਾਜਿਆਂ ਸਮੇਤ ਟਾਕਰਾ ਕਰਨ ਲਈ ਨਦੌਣ ਕੋਲ ਆ ਪੁੱਜਾ। ਕੀਤੇ ਇਕਰਾਰ ਅਨੁਸਾਰ, ਗੁਰੂ ਗੋਬਿੰਦ ਸਿੰਘ ਜੀ ਵੀ ਸਿੱਖ-ਫ਼ੌਜਾਂ ਸਮੇਤ ਆ ਪੁੱਜੇ। ਆਲਫ਼ ਖ਼ਾਨ ਨੇ ਜਦ ਗੁਰੂ ਗੋਬਿੰਦ ਸਿੰਘ ਜੀ ਤੇ ਪਹਾੜੀ ਰਾਜਿਆਂ ਦਾ ਇਕੱਠ ਵੇਖਿਆ ਤਾਂ ਉਹ ਬਹੁਤ ਹੈਰਾਨ ਹੋਇਆ। ਉਹ ਤਾਂ ਸਮਝਦਾ ਸੀ ਕਿ ਪਿਛਲੇ ਸਾਲ ਹੋਈ ਭੰਗਾਣੀ ਦੀ ਲੜਾਈ ਕਾਰਨ ਗੁਰੂ ਜੀ ਪਹਾੜੀਆਂ ਦਾ ਸਾਥ ਨਹੀਂ ਦੇਣਗੇ। ਕਿਰਪਾਲ ਚੰਦ ਤਾਂ ਉਂਞ ਹੀ ਘਬਰਾਇਆ ਪਿਆ ਸੀ। ਜੰਗ ਆਰੰਭ ਹੋ ਗਈ। ਗੁਰੂ ਜੀ ਨੇ ਤੀਰਾਂ ਦੀ ਖ਼ੂਬ ਵਰਖਾ ਕੀਤੀ। ਕਿਰਪਾਲ ਚੰਦ ਕਟੋਚ ਤਾਂ ਪਹਿਲੇ ਹੱਲੇ ਵਿਚ ਹੀ ਜ਼ਖਮੀ ਹੋ ਗਿਆ। ਉਹ ਅਲਫ਼ ਖ਼ਾਨ ਸਾਹਮਣੇ ਗੁਰੂ ਜੀ ਦੀ ਅਜ਼ਮਤ ਅਤੇ ਸ਼ਕਤੀ ਦੀ ਵਡਿਆਈ ਕਰਨ ਲੱਗ ਪਿਆ। ਸੁਣ-ਸੁਣ ਕੇ ਅਲਫ਼ ਖ਼ਾਨ ਵੀ ਡਰ ਗਿਆ ਅਤੇ ਰਾਤ ਦੇ ਹਨੇਰੇ ਵਿਚ ਦੋਵੇਂ ਨਦੌਣ ਛੱਡ ਕੇ ਭੱਜ ਗਏ। ਇੰਞ ਗੁਰੂ ਪਾਤਸ਼ਾਹ ਦੀ ਸਹਾਇਤਾ ਨਾਲ ਪਹਾੜੀ ਰਾਜੇ ਨਦੌਣ ਦਾ ਯੁੱਧ ਜਿੱਤ ਗਏ। ਉਨ੍ਹਾਂ ਬਹੁਤ ਖੁਸ਼ੀਆਂ ਮਨਾਈਆਂ। ਗੁਰੂ ਜੀ ਹਫ਼ਤਾ ਭਰ ਉੱਥੇ ਹੀ ਟਿਕੇ ਰਹੇ ਅਤੇ ਰਾਜਿਆਂ ਨੇ ਆਦਰ ਸਹਿਤ ਅਨੰਦਪੁਰ ਜਾਣ ਦੀ ਵਿਦਾਇਗੀ ਦਿੱਤੀ। ਇਹ ਜੰਗ 20 ਮਾਰਚ, ਸੰਨ 1691 ਨੂੰ ਹੋਇਆ।[9]

ਨਦੌਣ ਦੀ ਜੰਗ ਉਪਰੰਤ ਕਈ ਸਾਲ ਅਮਨ ਨਾਲ ਗੁਜ਼ਰ ਗਏ, ਕਿਸੇ ਨਾਲ ਕੋਈ ਝੜਪ ਨਾ ਹੋਈ। ਲਾਹੌਰ ਦੇ ਗਵਰਨਰ ਵੀ ਜਲਦੀ-ਜਲਦੀ ਬਦਲਦੇ ਰਹੇ। ਹਰੇਕ ਗਵਰਨਰ ਨੂੰ ਆਪਣੀ ਹੀ ਪਈ ਰਹਿੰਦੀ ਸੀ, ਉਨ੍ਹਾਂ ਮਾਲੀਆ (ਟੈਕਸ) ਕੀ ਉਗਰਾਹੁਣਾ ਸੀ? ਇਸ ਸਮੇਂ ਵਿਚ ਗੁਰੂ ਪਾਤਸ਼ਾਹ ਜੀ ਨੇ ਸਾਰੇ ਕਿਲ੍ਹੇ ਪੱਕੇ ਕਰ ਲਏ।

### *ਰਵਾਲਸਰ ਜਾਣਾ*

ਰਵਾਲਸਰ, ਰਿਆਸਤ ਮੰਡੀ ਵਿਚ, ਮੰਡੀ ਸ਼ਹਿਰ ਤੋਂ 16 ਕਿਲੋਮੀਟਰ ਦੀ ਦੂਰੀ ਤੇ ਸਥਿਤ ਹੈ। 'ਰਵਾਲਸਰ', ਪਹਿਲਾਂ ਇਕ ਤਲਾਬ ਹੁੰਦਾ ਸੀ, ਮਗਰੋਂ ਇਸ ਦੇ ਨੇੜੇ ਇਸੇ ਨਾਮ ਦਾ ਨਗਰ ਵੱਸ ਗਿਆ। ਇੱਥੇ ਹਰ ਸਾਲ ਵੈਸਾਖੀ ਸਮੇਂ ਮੇਲਾ ਲਗਦਾ ਹੈ, ਜਿਸ ਵਿਚ ਪਹਾੜੀ ਰਾਜੇ ਵੀ ਪਹੁੰਚਦੇ ਸਨ।

ਗੁਰੂ ਗੋਬਿੰਦ ਸਿੰਘ ਜੀ ਆਪਣੀ ਮਾਤਾ ਗੁਜਰੀ ਜੀ, ਪਤਨੀ ਸੁੰਦਰੀ ਜੀ ਅਤੇ ਚੋਣਵੇਂ

---

9. ਡਾ: ਹਰਜਿੰਦਰ ਸਿੰਘ ਦਿਲਗੀਰ, ਪੰਨਾ 106; ਸ: ਗੁਰਮੁਖ ਸਿੰਘ, ਹਿਸਟੋਰੀਕਲ ਸਿਖ ਸ਼ਰਾਈਨਜ਼, ਪੰਨਾ 86; ਡਾ: ਸੰਗਤ ਸਿੰਘ, ਪੰਨਾ 64

ਸਿੱਖਾਂ ਸਮੇਤ 28 ਮਾਰਚ, 1692 ਨੂੰ[10] ਆਏ ਸਨ। ਉਨ੍ਹਾਂ ਦਾ ਪ੍ਰਯੋਜਨ ਜਿੱਥੇ ਸਿੱਖੀ ਦਾ ਪ੍ਰਚਾਰ ਕਰਨਾ ਸੀ, ਉੱਥੇ ਪਹਾੜੀ ਰਾਜਿਆਂ ਨੂੰ ਸੁਮੱਤ ਦੇਣਾ ਸੀ ਕਿ ਉਹ ਮੁਗ਼ਲ ਹਕੂਮਤ ਦੇ ਅੱਤਿਆਚਾਰਾਂ ਦਾ ਰਲ ਕੇ ਟਾਕਰਾ ਕਰਨ ਅਤੇ ਗ਼ੁਲਾਮੀ ਦੇ ਜੂਲੇ ਨੂੰ ਗਲੋਂ ਲਾਹ ਸੁਟਣ। ਮੰਡੀ ਦੇ ਰਾਜਾ ਸਿੱਧ ਸੈਨ ਨੇ ਇੱਥੇ ਪੁੱਜਣ 'ਤੇ ਉਨ੍ਹਾਂ ਦਾ ਨਿੱਘਾ ਸਵਾਗਤ ਕੀਤਾ। ਤਾਲਾਬ ਦੇ ਕਿਨਾਰੇ, ਗੁਰੂ ਜੀ ਦੇ ਬਿਰਾਜਣ ਵਾਲੇ ਉੱਚੇ ਅਸਥਾਨ ਤੇ ਦਮਦਮਾ ਬਣਿਆ ਹੋਇਆ ਹੈ।

### *ਔਰੰਗਜ਼ੇਬ ਦਾ ਫ਼ੁਰਮਾਨ ਅਤੇ ਇਬਰਾਹੀਮ ਨੂੰ ਗਵਰਨਰ ਥਾਪਣਾ*

ਦੱਖਣ ਵਿਚ ਔਰੰਗਜ਼ੇਬ ਨੂੰ ਜਦੋਂ ਇਹ ਖ਼ਬਰਾਂ ਮਿਲੀਆਂ ਕਿ ਪੰਜਾਬ ਵਿਚੋਂ ਮਾਲੀਏ (ਟੈਕਸ-ਕਰ) ਦੀ ਉਗਰਾਹੀ ਵਿਚ ਗੁਰੂ ਗੋਬਿੰਦ ਸਿੰਘ ਜੀ ਇਕ ਵੱਡੀ ਰੁਕਾਵਟ ਹਨ, ਤਾਂ ਉਸ ਨੇ ਕਿਲਕਿਲਾ ਨਾਮ ਦੇ ਅਸਥਾਨ ਤੋਂ 20 ਨਵੰਬਰ, ਸੰਨ 1693 ਨੂੰ[11] ਇਸ ਭਾਵ ਦਾ ਫ਼ੁਰਮਾਨ ਜਾਰੀ ਕੀਤਾ ਕਿ, "ਜੇ (ਗੁਰੂ) ਗੋਬਿੰਦ (ਸਿੰਘ) ਸਾਧੂ ਬਣ ਕੇ ਰਹੇ, ਸਿੱਖਾਂ ਪਾਸੋਂ ਸੱਚਾ ਪਾਤਸ਼ਾਹ ਨਾ ਅਖ਼ਵਾਏ, ਜਮੀਅਤ (ਫ਼ੌਜਾਂ) ਕਰਨ ਤੋਂ ਬਾਜ਼ ਆਵੇ ਅਤੇ ਝਰੋਖੇ ਵਿਚ ਬਹਿ ਕੇ ਦਰਸ਼ਨ ਦੇਣ ਤੇ ਸਿਜਦੇ ਕਰਵਾਉਣ ਆਦਿਕ ਬਾਦਸ਼ਾਹੀ ਤੌਰ ਤਰੀਕੇ ਛੱਡ ਦੇਵੇ ਤਾਂ ਭਲਾ, ਨਹੀਂ ਤਾਂ ਉਸ ਦਾ ਘਰ-ਘਾਟ ਬਰਬਾਦ ਕਰਕੇ ਉਸ ਨੂੰ ਵਤਨੋਂ ਕੱਢ ਦੇਣ ਦਾ ਉਪਰਾਲਾ ਕੀਤਾ ਜਾਵੇ।" (ਤਾਰੀਖ-ਇ-ਸਿੱਖਾਂ ਖ਼ੁਸ਼ਵਕਤ ਰਾਇ/ਪੰਨਾ 32-33)।

ਇਸ ਹੁਕਮ ਨੂੰ ਅਮਲੀ ਜਾਮਾ ਪਹਿਨਾਉਣ ਲਈ ਤੇ ਪਹਾੜੀ ਰਾਜਿਆਂ ਕੋਲੋਂ ਮਾਲੀਆ ਉਗਰਾਹੁਣ ਲਈ ਔਰੰਗਜ਼ੇਬ ਨੇ ਲਾਹੌਰ ਦੇ ਨਵਾਬ ਖ਼ਾਨ ਜਾਨ ਬਹਾਦਰ ਨੂੰ ਹਟਾ ਕੇ ਇਬਰਾਹੀਮ ਖ਼ਾਨ ਨੂੰ ਮਹਾਬਤ ਖ਼ਾਨ ਦਾ ਖਿਤਾਬ ਦੇ ਕੇ ਪੰਜਾਬ ਦਾ ਗਵਰਨਰ ਥਾਪ ਦਿੱਤਾ। ਇਬਰਾਹੀਮ ਖ਼ਾਨ ਜਿੱਥੇ ਅਤਿਆਚਾਰੀ ਕਰਕੇ ਪ੍ਰਸਿੱਧ ਸੀ, ਉੱਥੇ ਚੰਗਾ ਰਾਜ-ਪ੍ਰਬੰਧਕ ਵੀ ਸੀ।

ਆ ਰਹੇ ਖ਼ਤਰੇ ਨੂੰ ਧਿਆਨ ਵਿਚ ਰੱਖਦਿਆਂ ਗੁਰੂ ਜੀ ਨੇ ਚੌਕੀਆਂ ਨਿਯਤ ਕਰ ਦਿੱਤੀਆਂ ਅਤੇ ਦੂਰ-ਦੂਰ ਤੋਂ ਖ਼ਬਰਾਂ ਲੈਣ ਲਈ ਸੂਹੀਏ ਛੱਡ ਦਿੱਤੇ। ਨਾਲ ਹੀ ਹਰ ਥਾਂ ਹੁਕਮਨਾਮੇ ਭੇਜ ਦਿੱਤੇ ਕਿ ਸਿੱਖ ਤਿਆਰ-ਬਰ-ਤਿਆਰ ਰਹਿਣ ਅਤੇ ਸੱਦਾ ਮਿਲਣ ਤੇ ਅਨੰਦਪੁਰ ਨੂੰ ਚੱਲ ਪੈਣ। ਸਿੱਖਾਂ ਨੂੰ ਹਰ ਹਾਲਤ ਵਿਚ ਸ਼ਸਤਰ ਧਾਰਨ ਕਰਨ ਲਈ ਵੀ ਆਖਿਆ।

### *ਔਰੰਗਜ਼ੇਬ ਦਾ ਹੋਰ ਫ਼ੁਰਮਾਨ*

ਔਰੰਗਜ਼ੇਬ ਨੇ 13 ਫਰਵਰੀ, 1694 ਨੂੰ[12] ਕਿਲਕਿਲਾ ਦੇ ਅਸਥਾਨ ਤੋਂ ਹੀ ਇਕ

---

10. ਡਾ: ਹਰਜਿੰਦਰ ਸਿੰਘ ਦਿਲਗੀਰ, ਪੰਨਾ 106
11. ਪ੍ਰਿੰ: ਸਤਿਬੀਰ ਸਿੰਘ, ਪੁਰਖ ਭਗਵੰਤ (ਜੀਵਨੀ ਗੁਰੂ ਗੋਬਿੰਦ ਸਿੰਘ ਜੀ), 1983, ਪੰਨਾ 117
12. ਉਹੀ, ਪੰਨਾ 118

ਹੋਰ ਫ਼ੁਰਮਾਨ ਜਾਰੀ ਕੀਤਾ ਕਿ ਰਾਜਪੂਤਾਂ ਤੋਂ ਬਿਨਾਂ ਹੋਰ ਕਿਸੇ ਸ਼ੇਣੀ ਦਾ ਹਿੰਦੂ ਹਥਿਆਰ ਨਾ ਬੰਨ੍ਹੇ, ਹਾਥੀ ਪਾਲਕੀ, ਅਰਬੀ ਤੇ ਇਰਾਕੀ ਘੋੜੇ ਤੇ ਸਵਾਰ ਨਾ ਹੋਵੇ।

### *ਹਰਦੁਆਰ ਦੀ ਪ੍ਰਚਾਰ ਫੇਰੀ*

ਗੁਰੂ ਗੋਬਿੰਦ ਸਿੰਘ ਜੀ ਨੇ ਔਰੰਗਜ਼ੇਬ ਦੇ ਉਪਰੋਕਤ ਫ਼ਰਮਾਨ ਦਾ ਜੁਆਬ ਬੜੇ ਅਨੋਖੇ ਢੰਗ ਨਾਲ ਦਿੱਤਾ। ਆਪ ਚੋਣਵੇਂ ਸੂਰਬੀਰਾਂ ਤੇ ਤੀਰੰਦਾਜ਼ਾਂ ਦਾ ਜੱਥਾ ਬਣਾ ਕੇ ਅਤੇ ਨਾਲ ਨਗਾਰੇ, ਨਿਸ਼ਾਨ, ਅਰਬੀ ਘੋੜੇ ਤੇ ਹਾਥੀ ਲੈ ਕੇ ਅਨੰਦਪੁਰ ਤੋਂ ਹਰਦੁਆਰ ਵੱਲ ਤੁਰ ਪਏ। ਆਪ ਨੇ ਪ੍ਰਚਾਰਕ ਤੇ ਢਾਡੀ ਵੀ ਨਾਲ ਲੈ ਲਏ। 28 ਫਰਵਰੀ, 1694 ਨੂੰ ਕੀਰਤਪੁਰ, ਰੋਪੜ ਤੋਂ ਹੁੰਦੇ ਹੋਏ ਹਰਦੁਆਰ ਪੁੱਜੇ। ਉਥੇ ਵੈਸਾਖੀ ਦਾ ਮੇਲਾ ਕੀਤਾ ਅਤੇ ਲੋਕਾਂ ਨੂੰ ਔਰੰਗਜ਼ੇਬ ਦੇ ਹੁਕਮਾਂ ਦਾ ਟਾਕਰਾ ਕਰਨ ਲਈ ਪ੍ਰੇਰਿਆ।

ਔਰੰਗਜ਼ੇਬ ਮਹਾਬਤ ਖ਼ਾਨ (ਇਬਰਾਹੀਮ) ਨੂੰ ਸਖ਼ਤੀ ਕਰਨ ਲਈ ਵਾਰ ਵਾਰ ਲਿਖਦਾ ਸੀ, ਪਰ ਉਹ ਕੱਚਾ ਹੱਥ ਨਹੀਂ ਸੀ ਪਉਣਾ ਚਾਹੁੰਦਾ। ਉਹ ਕੁਝ ਚੋਣਵੇਂ ਸਿਪਾਹੀਆਂ ਨੂੰ ਪਹਾੜੀਆਂ ਵਿਚ ਗੁਰੀਲਾ ਜੰਗ ਦੀ ਸਿੱਖਿਆ ਦੇ ਰਿਹਾ ਸੀ। ਉਸ (ਮਹਾਬਤ ਖ਼ਾਨ) ਨੇ ਦਿਲਾਵਰ ਖ਼ਾਨ ਤੇ ਉਸ ਦੇ ਪੁੱਤਰ ਰੁਸਤਮ ਖ਼ਾਨ ਦੀ ਉਚੇਚੀ ਨਿਯੁਕਤੀ ਇਸ ਕੰਮ ਲਈ ਕੀਤੀ ਹੋਈ ਸੀ।[13]

### *ਪਹਾੜੀ ਰਾਜਿਆਂ ਦੀ ਬੇਵਫ਼ਾਈ*

ਨਦੌਣ ਦੇ ਯੁੱਧ ਵਿਚ ਪਹਾੜੀ ਰਾਜੇ ਗੁਰੂ ਗੋਬਿੰਦ ਸਿੰਘ ਜੀ ਦੀ ਸਹਾਇਤਾ ਨਾਲ ਮੁਗ਼ਲਾਂ ਦੀ ਮਾਰ ਤੋਂ ਤਾਂ ਬਚ ਗਏ ਸਨ, ਪਰ ਦਿਲੋਂ ਉਹ ਗੁਰੂ ਸਾਹਿਬ ਦੇ ਸ਼ਰਧਾਲੂ ਨਹੀਂ ਸਨ ਬਣੇ। ਉਹ ਤਾਂ ਪ੍ਰਸਥਿਤੀਆਂ ਦੇ ਵੱਸ ਗੁਰੂ ਜੀ ਦਾ ਸਹਿਯੋਗ ਪ੍ਰਾਪਤ ਕਰਨ ਲਈ ਮਜਬੂਰ ਹੋਏ ਸਨ। ਦਿਲੋਂ ਉਹ ਸਮਝਦੇ ਸਨ ਕਿ ਆਪਣੇ ਆਪਣੇ 'ਰਾਜ' ਨੂੰ ਕਾਇਮ ਰੱਖਣ ਲਈ ਮੁਗ਼ਲਾਂ ਦੀ ਤਾਬੇਦਾਰੀ ਕਰਨੀ ਜ਼ਰੂਰੀ ਹੈ। ਕਿਰਪਾਲ ਚੰਦ ਨੇ ਵੀ ਹੋਰਨਾਂ ਪਹਾੜੀ ਰਾਜਿਆਂ ਨੂੰ ਸਮਝਾਇਆ ਕਿ ਨਦੌਣ ਦੇ ਯੁੱਧ ਵਿਚ ਮੁਗ਼ਲ ਫ਼ੌਜ ਨਾਲ ਅੜਨਾ ਉਨ੍ਹਾਂ ਦੀ ਗ਼ਲਤੀ ਸੀ। ਜਿਹੜਾ ਗੁਰੂ ਗਰੀਬਾਂ ਤੇ ਸ਼ੂਦਰਾਂ ਨੂੰ ਚੁੱਕ-ਚੁੱਕ ਕੇ ਖੱਤਰੀ ਰਾਜਪੂਤ ਰਾਜਿਆਂ ਅਤੇ ਉੱਚੀ ਜਾਤੀ ਦੇ ਬ੍ਰਾਹਮਣਾਂ ਸਾਹਮਣੇ ਧੌਣ ਉੱਚੀ ਕਰਨ ਦੇ ਸਮਰੱਥ ਬਣਾ ਰਿਹਾ ਹੈ, ਉਸ ਨਾਲ ਉਨ੍ਹਾਂ ਦਾ ਮੇਲ ਕਿਵੇਂ ਹੋ ਸਕਦਾ ਹੈ?

### *ਰੁਸਤਮ ਖ਼ਾਨ ਦਾ ਹਮਲਾ*

ਸੰਨ 1695 ਵਿਚ ਹੀ ਇਬਰਾਹੀਮ ਖ਼ਾਨ ਨੇ ਆਪਣੇ ਇਕ ਜਰਨੈਲ ਦਿਲਾਵਰ ਖ਼ਾਨ ਨੂੰ ਅਨੰਦਪੁਰ ਸਾਹਿਬ ਉੱਤੇ ਹਮਲਾ ਕਰਨ ਦਾ ਹੁਕਮ ਦਿੱਤਾ। ਉਸ ਨੇ ਆਪਣੇ ਪੁੱਤਰ ਰੁਸਤਮ ਖ਼ਾਨ ਨੂੰ ਫ਼ੌਜ ਦੇ ਕੇ ਅਨੰਦਪੁਰ ਹਮਲਾ ਕਰਨ ਲਈ ਭੇਜਿਆ। ਉਹ ਨਵੰਬਰ 1695 ਵਿਚ ਅਨੰਦਪੁਰ ਲਾਗੇ ਪੁੱਜਿਆ। ਦਿਨ ਵੇਲੇ ਹਮਲਾ ਕਰਨਾ ਤੇ ਅਨੰਦਪੁਰ ਸਾਹਿਬ ਤੱਕ ਪਹੁੰਚਣਾ ਰੁਸਤਮ ਖ਼ਾਨ ਨੂੰ ਇਕ ਅਸੰਭਵ ਕੰਮ ਨਜ਼ਰ ਆ ਰਿਹਾ ਸੀ ਕਿਉਂਕਿ

---

13. ਉਹੀ, ਪੰਨਾ 118

ਅਨੰਦਪੁਰ ਨੂੰ ਸਤਲੁਜ ਨਦੀ ਨੇ ਘੇਰਿਆ ਹੋਇਆ ਸੀ ਅਤੇ ਸਤਲੁਜ ਦੇ ਕਿਨਾਰੇ ਗੁਰੂ ਜੀ ਨੇ ਕਿਲ੍ਹੇ ਬਣਾਏ ਹੋਏ ਸਨ। ਉਸ ਨੇ ਰਾਤ ਸਮੇਂ ਹਮਲਾ ਕਰਨ ਦੀ ਵਿਉਂਤ ਬਣਾਈ। ਉਹ ਸਮਝਦਾ ਸੀ ਕਿ ਰਾਤ ਸਮੇਂ ਸਰਦੀ ਕਾਰਨ ਸਿੱਖ ਸੂਰਮੇ ਆਪਣੇ ਮੋਰਚਿਆਂ ਵਿਚ ਆਰਾਮ ਕਰ ਰਹੇ ਹੋਣਗੇ।

ਇਕ ਪਹਿਰ ਰਾਤ ਬੀਤੀ ਸੀ ਕਿ ਰੁਸਤਮ ਖ਼ਾਨ ਸਤਲੁਜ ਕਿਨਾਰੇ ਪੁੱਜ ਗਿਆ। ਚੌਕੀ ਤੇ ਪਹਿਰਾ ਦੇ ਰਿਹਾ 'ਆਲਮ' ਜਾਗਦਾ ਸੀ। ਉਸ ਨੇ ਜਦ ਘੋੜਿਆਂ ਦੀ ਆਵਾਜ਼ ਸੁਣੀ ਤਾਂ ਗੁਰੂ ਜੀ ਨੂੰ ਤੁਰੰਤ ਖ਼ਬਰ ਦਿੱਤੀ। ਬੱਸ ਫਿਰ ਕੀ ਸੀ, ਨਗਾਰੇ ਤੇ ਚੋਟ ਵੱਜ ਗਈ, ਫ਼ੌਜਾਂ ਸਾਵਧਾਨ ਹੋ ਗਈਆਂ। ਸਿੱਖ ਫ਼ੌਜਾਂ ਟਾਕਰੇ ਤੇ ਆ ਡਟੀਆਂ ਅਤੇ ਬੰਦੂਕਾਂ ਦੀਆਂ ਗੋਲੀਆਂ ਤੇ ਤੀਰਾਂ ਦੀ ਵਰਖਾ ਕਰਨ ਲੱਗ ਪਈਆਂ। ਅਚਾਨਕ ਹਮਲੇ ਨੇ ਰੁਸਤਮ ਖ਼ਾਨ ਦੀਆਂ ਫ਼ੌਜਾਂ ਵਿਚ ਭਾਜੜ ਪਾ ਦਿੱਤੀ। ਉਸ ਦੇ ਕੁਝ ਸਿਪਾਹੀ ਨਦੀ ਵਿਚ ਠੰਢ ਨਾਲ ਠਰ-ਠਰ ਕਰ ਰਹੇ ਸਨ ਤੇ ਕੁਝ ਅਜੇ ਕੰਢੇ ਉਤੇ ਹੀ ਖੜ੍ਹੇ ਸਨ। ਉਹ ਆਪ ਪਿੱਛੇ ਹੀ ਸੀ। ਇਸ ਹਫੜਾ-ਦਫੜੀ ਵਿਚ ਉਹ ਫ਼ੌਜੀਆਂ ਸਮੇਤ ਮੈਦਾਨ ਛੱਡ ਕੇ ਨੱਸ ਗਿਆ। ਨਦੀ ਦੇ ਠੰਢੇ ਪਾਣੀ ਨੇ ਮੁਸਲਮਾਨ ਸਿਪਾਹੀਆਂ ਨੂੰ ਲੜਨ ਦੇ ਅਸਮਰਥ ਕਰ ਦਿੱਤਾ ਸੀ, ਇਸ ਲਈ ਸਿੱਖਾਂ ਨੇ ਇਸ ਦਾ ਨਾਮ 'ਹਿਮੈਤੀ (ਹਿਮਾਇਤੀ) ਨਾਲਾ' ਪਾ ਦਿੱਤਾ।

### *ਹੁਸੈਨੀ ਜੰਗ*

ਹਾਰਿਆ ਹੋਇਆ ਰੁਸਤਮ ਖ਼ਾਨ ਮੂੰਹ ਲਟਕਾਈ ਆਪਣੇ ਪਿਤਾ ਦਿਲਾਵਰ ਖ਼ਾਨ ਪਾਸ ਪੁੱਜਿਆ। ਦਿਲਾਵਰ ਖ਼ਾਨ ਨੇ ਉਸਨੂੰ ਚੰਗੀ ਤਕੜੀ ਝਾੜ ਪਾਈ। ਦਿਲਾਵਰ ਖ਼ਾਨ ਦੇ ਇਕ ਫ਼ੌਜਦਾਰ ਹੁਸੈਨ ਖ਼ਾਨ ਨੇ ਇਹ ਫੜ੍ਹ ਮਾਰੀ ਕਿ ਉਹ ਗੁਰੂ ਗੋਬਿੰਦ ਸਿੰਘ ਜੀ ਪਾਸੋਂ ਈਨ ਮੰਨਵਾ ਸਕਦਾ ਹੈ ਅਤੇ ਪਹਾੜੀਆਂ ਨੂੰ ਮਾਲੀਆ ਦੇਣ ਲਈ ਮਜਬੂਰ ਕਰ ਸਕਦਾ ਹੈ। ਸੋ, ਉਸੇ ਨੂੰ ਹੀ ਭੇਜਿਆ ਗਿਆ। ਉਸ ਨੇ ਪਹਾੜ ਵਿਚ ਜ਼ੁਲਮਾਂ ਦਾ ਚੱਕਰ ਚਲਾ ਦਿੱਤਾ। ਪਹਿਲਾਂ ਉਸ ਜਸਵਾਨ ਤੇ ਡਢਵਾਲ ਦੇ ਇਲਾਕੇ ਨੂੰ ਲੁੱਟਿਆ। ਕਈ ਰਾਜਪੂਤ ਰਾਜਿਆਂ ਨੂੰ ਕੈਦ ਕਰ ਲਿਆ। ਫਿਰ ਦੂਨ ਦੀ ਮੰਡੀ ਵਿਚ ਲੁੱਟ ਮਚਾਈ, ਜਿੱਥੋਂ ਭਾਰੀ ਮਾਤਰਾ ਵਿਚ ਰਸਦ ਉਸ ਦੇ ਹੱਥ ਆਈ। ਗੁਲੇਰ ਦਾ ਰਾਜਾ ਗੋਪਾਲ ਚੰਦ ਬਹੁਤ ਘਬਰਾਇਆ। ਇਸ ਘਬਰਾਹਟ ਵਿਚ ਉਸ ਨੇ ਗੁਰੂ ਜੀ ਤੋਂ ਸਹਾਇਤਾ ਮੰਗੀ। ਗੁਰੂ ਜੀ ਨੇ ਭਾਈ ਸੰਗਤੀਏ ਦੀ ਅਗਵਾਈ ਹੇਠ ਚਾਰ ਸਰਦਾਰਾਂ ਭਾਈ ਲਾਲ ਚੰਦ, ਗੰਗਾ ਰਾਮ, ਅਘੜੀ ਸਿੰਘ, ਕਿਰਪਾ ਰਾਮ ਅਤੇ 300 ਚੋਣਵੇਂ ਸਿੰਘਾਂ ਦਾ ਦਸਤਾ ਭੇਜਿਆ।

ਪਰ ਕਿਰਪਾਲ ਚੰਦ ਕਟੋਚ ਅਤੇ ਭੀਮ ਚੰਦ ਬਿਲਾਸਪੁਰੀਏ ਨੇ ਬਿਨਾ ਕਿਸੇ ਮੁਕਾਬਲੇ ਦੇ ਹੁਸੈਨ ਖ਼ਾਨ ਦੀ ਈਨ ਮੰਨ ਲਈ। ਇਹ ਵੇਖ ਕੇ ਗੋਪਾਲ ਚੰਦ ਗੁਲੇਰ ਘਬਰਾ ਗਿਆ। ਉਹ ਚਾਰ ਹਜ਼ਾਰ ਰੁਪਏ ਲੈ ਕੇ ਜਸਵਾਨ ਦੇ ਰਾਮ ਸਿੰਘ ਸਮੇਤ ਹੁਸੈਨ ਖ਼ਾਨ ਕੋਲ ਗਿਆ। ਉਸਦੇ ਵਿਰੋਧੀ ਕਿਰਪਾਲ ਚੰਦ ਕਟੋਚ ਨੇ ਹੁਸੈਨ ਖ਼ਾਨ ਨੂੰ ਕਿਹਾ ਕਿ ਇਸ ਵੱਲ ਦਸ ਹਜ਼ਾਰ ਬਕਾਇਆ ਸਨ, ਪੂਰੇ ਪੈਸੇ ਲਵੋ। ਉਸਨੇ ਗੋਪਾਲ ਚੰਦ ਨੂੰ ਗੁਰੂ ਗੋਬਿੰਦ ਸਿੰਘ ਜੀ ਪਾਸੋਂ ਸਹਾਇਤਾ ਮੰਗਣ ਲਈ ਵੀ ਬੁਰਾ ਭਲਾ ਕਿਹਾ।

ਰਾਜਾ ਗੋਪਾਲ ਚੰਦ ਪੂਰੇ ਪੈਸੇ ਲਿਆਉਣ ਦੇ ਬਹਾਨੇ ਵਾਪਸ ਕਿਲ੍ਹੇ ਵਿਚ ਆ ਗਿਆ ਤੇ ਆਕੀ ਹੋ ਬੈਠਾ। ਹੁਸੈਨ ਖ਼ਾਨ ਨੇ ਕਿਲ੍ਹੇ ਨੂੰ ਘੇਰ ਲਿਆ।

ਹੁਸੈਨ ਖ਼ਾਨ ਦੇ ਵਿਸ਼ਵਾਸ ਦੁਆਉਣ ਤੇ ਕਿ ਗੋਪਾਲ ਚੰਦ ਨੂੰ ਗ੍ਰਿਫ਼ਤਾਰ ਨਹੀਂ ਕੀਤਾ ਜਾਵੇਗਾ, ਗੁਰੂ ਜੀ ਦਾ ਦੂਤ ਭਾਈ ਸੰਗਤੀਆ ਉਸਨੂੰ ਹੁਸੈਨ ਖ਼ਾਨ, ਕਿਰਪਾਲ ਚੰਦ ਤੇ ਭੀਮ ਚੰਦ ਕੋਲ ਗੱਲਬਾਤ ਲਈ ਦੁਬਾਰਾ ਲੈ ਆਇਆ। ਕਿਰਪਾਲ ਚੰਦ ਦੇ ਮਨ ਵਿਚ ਖੋਟ ਸੀ, ਉਸਨੇ ਗੋਪਾਲ ਚੰਦ ਗੁਲੇਰ ਨੂੰ ਗ੍ਰਿਫ਼ਤਾਰ ਕਰਨਾ ਚਾਹਿਆ। ਇਸ ਦੀ ਭਿਣਕ ਪੈਣ ਤੇ ਭਾਈ ਸੰਗਤੀਆ ਸਿੱਖ ਸੈਨਿਕਾਂ ਦੀ ਸਹਾਇਤਾ ਨਾਲ ਉਸ ਨੂੰ ਬਚਾ ਕੇ ਕਿਲ੍ਹੇ ਵਿਚ ਲੈ ਆਇਆ। ਇਸ ਦੇ ਮਗਰੋਂ ਬਹੁਤ ਭਿਆਨਕ ਯੁੱਧ ਮਚਿਆ। ਇਕ ਪਾਸੇ ਹੁਸੈਨ ਖ਼ਾਨ, ਕਿਰਪਾਲ ਚੰਦ ਕਟੋਚ, ਭੀਮ ਚੰਦ, ਹਿਮਤ ਤੇ ਹਰੀ ਸਿੰਘ ਸਨ। ਦੂਜੇ ਪਾਸੇ, ਰਾਜਾ ਗੋਪਾਲ ਚੰਦ ਗੁਲੇਰ, ਰਾਜਾ ਰਾਮ ਸਿੰਘ ਜਸਵਾਨ ਅਤੇ ਗੁਰੂ ਜੀ ਦੇ ਚਾਰੋਂ ਕਮਾਂਡਰ ਅਤੇ 300 ਸਿੱਖ ਸਵਾਰਾਂ ਦਾ ਜਥਾ ਸੀ।

ਯੁੱਧ ਵਿਚ ਹੁਸੈਨ ਖ਼ਾਨ, ਕਿਰਪਾਲ ਚੰਦ ਕਟੋਚ ਅਤੇ ਹਿੰਮਤ ਸਿੰਘ ਮਾਰੇ ਗਏ। ਇਸ ਤਰ੍ਹਾਂ ਗੋਪਾਲ ਚੰਦ ਗੁਲੇਰ ਅਤੇ ਸਿੱਖ ਫ਼ੌਜਾਂ ਦੀ ਜਿੱਤ ਹੋਈ, ਭਾਵੇਂ ਕਿ ਭਾਈ ਸੰਗਤੀਆ ਤੇ ਉਸਦੇ ਸੱਤ ਸਾਥੀ ਅਤੇ ਭਾਈ ਅਘੜੀ ਸਿੰਘ ਤੇ ਉਸਦੇ ਦਸ ਸਾਥੀ ਸ਼ਹੀਦ ਹੋ ਗਏ।

ਭੀਮ ਚੰਦ ਆਪਣੀ ਫੋਜ ਸਮੇਤ ਬਿਲਾਸਪੁਰ ਨੂੰ ਚਲਾ ਗਿਆ। ਇਹ ਯੁੱਧ ਸੰਨ 1696 ਦੇ ਫ਼ਰਵਰੀ ਮਹੀਨੇ ਵਿਚ ਹੋਇਆ।[14]

### *ਰਾਜਪੂਤ ਜੁਝਾਰ ਸਿੰਘ ਦਾ ਹੱਲਾ*

ਹੁਸੈਨ ਖ਼ਾਨ ਦੀ ਮੌਤ ਮਗਰੋਂ ਦਿਲਾਵਰ ਖ਼ਾਨ ਨੇ ਜੁਝਾਰ ਸਿੰਘ ਰਾਜਪੂਤ ਨੂੰ ਅਨੰਦਪੁਰ ਤੇ ਹਮਲਾ ਕਰਨ ਦਾ ਹੁਕਮ ਦਿੱਤਾ। ਇਸ ਹਮਲੇ ਦੀ ਸੂਹ ਮਿਲਣ ਉੱਤੇ ਗੁਰੂ ਜੀ ਨੇ ਵੀ ਆਪਣੇ ਸਿੱਖਾਂ ਨੂੰ ਅੱਗੋਂ ਟਾਕਰੇ ਲਈ ਭੇਜਿਆ। ਭਲਾਣ ਪਿੰਡ (ਜ਼ਿਲ੍ਹਾ ਊਨਾ) ਵਿਖੇ ਜਸਵਾਲ ਦੇ ਗਜ ਸਿੰਘ ਅਤੇ ਜੁਝਾਰ ਸਿੰਘ ਦੀਆਂ ਫ਼ੌਜਾਂ ਵਿਚ ਟਾਕਰਾ ਹੋਇਆ। ਇਸ ਟਾਕਰੇ ਵਿਚ ਜੁਝਾਰ ਸਿੰਘ ਮਾਰਿਆ ਗਿਆ। ਜਸਵਾਲ ਦੇ ਰਾਜੇ ਅਤੇ ਸਿੰਘਾਂ ਦੀ ਜਿੱਤ ਹੋਈ।

### *ਸ਼ਹਿਜਾਦਾ ਮੁਅੱਜ਼ਮ ਦਾ ਪੰਜਾਬ ਆਉਣਾ*

ਮਾਰਚ 1696 ਵਿਚ ਲਾਹੌਰ ਦੇ ਗਵਰਨਰ ਇਬਰਾਹੀਮ ਖ਼ਾਨ (ਮਹਾਬਤ ਖ਼ਾਨ) ਦੀ ਮੌਤ ਹੋ ਗਈ। ਉਹ ਸੁਚੱਜਾ ਜਰਨੈਲ ਤੇ ਤਕੜਾ ਪ੍ਰਬੰਧਕ ਸੀ। ਉਸ ਦੀ ਮੌਤ ਨਾਲ ਔਰੰਗਜ਼ੇਬ ਨੂੰ ਇਹ ਫ਼ਿਕਰ ਲੱਗ ਗਿਆ ਕਿ ਪੰਜਾਬ ਨੂੰ ਕੌਣ ਸੰਭਾਲੇਗਾ। ਸੋਚ ਵਿਚਾਰ

---

14. ਪ੍ਰਿੰ: ਸਤਿਬੀਰ ਸਿੰਘ, ਪੰਨਾ 119-20, ਡਾ: ਹਰਜਿੰਦਰ ਸਿੰਘ ਦਿਲਗੀਰ, ਪੰਨਾ 106, ਡਾ: ਸੰਗਤ ਸਿੰਘ, ਪੰਨਾ 65

15. ਡਾ: ਗੰਡਾ ਸਿੰਘ, ਪੰਜਾਬ ਪਾਸਟ ਐਂਡ ਪ੍ਰੈਜ਼ੈਂਟ, ਅਪ੍ਰੈਲ 1982, ਪੰਨਾ 38

ਕਰਨ ਮਗਰੋਂ ਉਸ ਨੇ ਆਪਣੇ ਪੁੱਤਰ ਮੁਅੱਜ਼ਮ (ਬਹਾਦਰ ਸ਼ਾਹ) ਜਿਸ ਨੂੰ ਕਿ ਪਿਛਲੇ ਸਾਲ ਮਈ 1695 ਵਿਚ ਕੈਦ ਤੋਂ ਰਿਹਾਅ ਕੀਤਾ ਗਿਆ ਸੀ, ਪੰਜਾਬ ਦਾ ਗਵਰਨਰ ਥਾਪ ਕੇ ਅਤੇ ਮੁਲਤਾਨ ਤੇ ਕਾਬਲ ਦਾ ਪ੍ਰਬੰਧ ਠੀਕ ਕਰਨ ਦੀ ਹਦਾਇਤ ਕਰਕੇ ਜੁਲਾਈ, 1696 ਦੇ ਆਖ਼ਰੀ ਹਫ਼ਤੇ ਵਿਚ ਪੰਜਾਬ ਭੇਜਿਆ।[15] ਭਾਵੇਂ ਉਹ ਇਹ ਜਾਣਦਾ ਸੀ ਕਿ ਪੰਜਾਬ ਵਿਚ ਗੁਰੂ ਗੋਬਿੰਦ ਸਿੰਘ ਜੀ ਕੋਈ ਮੱਲਾਂ ਨਹੀਂ ਮਾਰ ਰਹੇ, ਪਰ ਆਪਣੇ ਪਿਓ ਨੂੰ ਉਹ ਇਹ ਕਹਿ ਕੇ ਹੀ ਤੁਰਿਆ ਸੀ ਕਿ ਉਹ ਗੁਰੂ ਗੋਬਿੰਦ ਸਿੰਘ ਜੀ ਦੀਆਂ ਸਰਗਰਮੀਆਂ ਉੱਪਰ ਪਾਬੰਦੀ ਲਾਵੇਗਾ। ਇੱਥੇ ਪੁੱਜਦਿਆਂ ਹੀ ਉਸ ਨੇ ਅਗਸਤ, 1696 ਵਿਚ ਮਿਰਜ਼ਾ ਜ਼ਾਫਰ ਬੇਗ ਨੂੰ ਪਹਾੜੀ ਰਾਜਿਆਂ ਤੋਂ ਮਾਲੀਆ ਉਗਰਾਹੁਣ ਲਈ ਭੇਜ ਦਿੱਤਾ।

### *ਗੁਰੂ ਜੀ ਨੇ ਹੁਕਮਨਾਮੇ ਭੇਜੇ*

ਜਿਉਂ ਹੀ ਗੁਰੂ ਜੀ ਨੇ ਮੁਅੱਜ਼ਮ ਦਾ ਪੰਜਾਬ ਆਉਣਾ ਸੁਣਿਆ, ਉਨ੍ਹਾਂ ਨੇ ਸਿੱਖਾਂ ਦੇ ਨਾਂ ਥਾਉਂ-ਥਾਈਂ ਹੁਕਮਨਾਮੇ ਭੇਜੇ ਕਿ ਹਥਿਆਰਾਂ ਸਮੇਤ ਅਨੰਦਪੁਰ ਸਾਹਿਬ ਪੁੱਜੋ। ਭਾਈ ਤਿਲੋਕਾ ਤੇ ਭਾਈ ਰਾਮਾ ਜੀ ਨੂੰ ਹੇਠ ਲਿਖਿਆ ਹੁਕਮਨਾਮਾ ਭੇਜਿਆ :

"ਸ੍ਰੀ ਗੁਰੂ ਜੀ ਕੀ ਆਗਿਆ ਹੈ, ਭਾਈ ਤਿਲੋਕਾ, ਭਾਈ ਰਾਮਾ। ਸਰਬੱਤ ਸੰਗਤ ਗੁਰੂ ਰੱਖੇਗਾ। ਤੁਧੁ ਜਮੀਅਤ (ਫ਼ੌਜ) ਲੈ ਕੇ ਸਾਡੇ ਹਜ਼ੂਰ ਆਵਣਾ। ਮੇਰੀ ਤੇਰੇ ਉੱਪਰ ਬਹੁਤ ਖ਼ੁਸ਼ੀ ਹੈ। ਤੇਰਾ ਘਰ ਮੇਰਾ ਹੈ। ਤੁਧ ਹੁਕਮ ਦੇਖਦਿਆਂ ਛੇਤੀ ਹੀ ਅਸਾਡੇ ਹਜ਼ੂਰ ਆਵਣਾ। ਤੇਰਾ ਘਰ ਮੇਰਾ ਅਸੈ। ਤੁਧ ਸ਼ਤਾਬੀ ਹੁਕਮ ਦੇਖਦਿਆਂ ਹੀ ਆਵਣਾ। ਤੁਸਾਂ ਅਸਵਾਰ ਲੈ ਕੇ ਆਵਣਾ। ਜ਼ਰੂਰ ਆਵਣਾ, ਤੇਰੇ ਉਤੇ ਅਸਾਡੀ ਖਰੀ ਮਿਹਰਵਾਨਗੀ ਅਸੈ। ਤੈ ਆਵਨਾ। ਇਕ ੧ ਜੋੜਾ ਭੇਜਾ ਹੈ, ਰਖਾਵਣਾ।" ਭਾਦੋਂ ੨, ਸੰਮਤ ੧੭੫੩।

ਭਾਈ ਸਾਧੂ, ਭਾਈ ਰੂਪਾ ਗੁਰੂ ਹਰਿਗੋਬਿੰਦ ਸਾਹਿਬ ਦੇ ਸਮੇਂ ਤੋਂ ਸਿੱਖੀ ਦਾ ਪ੍ਰਚਾਰ ਕਰ ਰਹੇ ਸਨ। ਭਾਈ ਰੂਪੇ ਦੇ ਪੁੱਤਰ ਦੇ ਪੁੱਤਰ ਭਾਈ ਸੁਖੀਆ ਜੀ ਨੂੰ ਅਸਵਾਰ, ਪੈਦਲ ਫ਼ੌਜ, ਬੰਦੂਕਾਂ ਆਦਿ ਲਿਆਉਣ ਦਾ ਹੁਕਮ ਕੀਤਾ :

"੧ੳ ਸਤਿਗੁਰ ਜੀ,

ਸ੍ਰੀ ਸਤਿਗੁਰ ਜੀਉ ਕੀ ਆਗਿਆ ਹੈ। ਭਾਈ ਸੁਖੀਆ, ਸਰਬਤ ਸੰਗਤਿ ਰੂਪੇ ਕੀ ਗੁਰੁ ਰੱਖੇਗਾ। ਸੰਗਤ ਗੁਰੂ ਗੁਰੂ ਜਪਣਾ ਜਨਮ ਸਓਰੇਗਾ। ਅਸਵਾਰ, ਪਿਆਦੇ, ਬੰਦੂਕਾਂ, ਜਮੀਅਤ ਲੈ ਕੇ ਤੁਸਾਂ ਆਵਣਾ।"

ਸੰਗਤਾਂ ਨੇ ਹੁਕਮਨਾਮੇ ਵੇਖਦਿਆਂ ਹੀ ਅਨੰਦਪੁਰ ਵੱਲ ਨੂੰ ਵਹੀਰਾਂ ਘੱਤ ਦਿੱਤੀਆਂ। ਅਨੰਦਪੁਰ ਵੀ ਗੁਰੂ ਕੇ ਸਿੱਖ ਮੁਗ਼ਲਾਂ ਦੇ ਟਾਕਰੇ ਲਈ ਤਿਆਰ ਹੋ ਗਏ। ਪਰ ਕਈ ਕਮਜ਼ੋਰ ਦਿਲ ਵਾਲੇ ਸ਼ਹਿਰ ਦੇ ਵਸਨੀਕ ਲੜਾਈ ਦੀ ਸੰਭਾਵਨਾ ਨੂੰ ਵੇਖਦਿਆਂ ਹੋਇਆਂ ਆਪਣਾ ਕੀਮਤੀ ਸਮਾਨ ਲੈ ਕੇ ਪਹਾੜੀਆਂ ਵਿਚ ਚਲੇ ਗਏ।

### *ਮਿਰਜ਼ਾ ਜ਼ਾਫ਼ਰਬੇਗ ਦੀ ਪਹਾੜੀਆਂ ਤੇ ਚੜ੍ਹਾਈ*

ਜ਼ਾਫ਼ਰਬੇਗ ਨੇ ਸਭ ਤੋਂ ਪਹਿਲਾਂ ਅਨੰਦਪੁਰ ਵੱਲ ਹੀ ਮੂੰਹ ਕੀਤਾ। ਪਰ ਜਦੋਂ ਉਸ ਨੂੰ ਲੋਕਾਂ ਤੋਂ ਇਹ ਪਤਾ ਲੱਗਾ ਕਿ ਗੁਰੂ ਪਾਤਸ਼ਾਹ ਕੋਈ ਇਲਾਕੇ ਨਹੀਂ ਮੱਲ ਰਹੇ, ਸਗੋਂ ਸਰਬ-ਸਾਂਝੇ ਉਪਦੇਸ਼ ਨਾਲ ਲੋਕਾਂ ਦਾ ਲੋਕ-ਪਰਲੋਕ ਸੁਆਰ ਰਹੇ ਹਨ ਤਾਂ ਉਸ ਨੇ ਅਨੰਦਪੁਰ ਉੱਤੇ ਹਮਲੇ ਦਾ ਖ਼ਿਆਲ ਵਿਚੇ ਹੀ ਛੱਡ ਦਿੱਤਾ ਅਤੇ ਪਹਾੜੀ ਰਾਜਿਆਂ ਵੱਲ ਰੁਖ ਕੀਤਾ। ਪਹਾੜੀ ਰਾਜੇ ਤਾਂ ਬਹਾਦਰ ਸ਼ਾਹ ਦਾ ਪੰਜਾਬ ਆਉਣਾ ਸੁਣ ਕੇ ਹੀ ਮਾਲ ਅਸਬਾਬ ਚੁੱਕ ਕੇ ਕੇ ਦੂਰ ਟਿਕਾਣਿਆਂ ਵੱਲ ਜਾਣ ਦੀਆਂ ਤਿਆਰੀਆਂ ਕਰ ਰਹੇ ਸਨ। ਜ਼ਾਫ਼ਰਬੇਗ ਦੀਆਂ ਫ਼ੌਜਾਂ ਨੇ ਉਨ੍ਹਾਂ ਨੂੰ ਜਾ ਦਬੋਚਿਆ ਅਤੇ ਖ਼ੂਬ ਲੁੱਟ ਮਚਾਈ। ਉਸ ਨੇ ਰਾਜਿਆਂ ਤੇ ਮੁੜ-ਮੁੜ ਕੇ ਹਮਲੇ ਕੀਤੇ ਤੇ ਉਨ੍ਹਾਂ ਨੂੰ ਲੱਕ ਤੋੜਵੀਆਂ ਹਾਰਾਂ ਦਿੱਤੀਆਂ। ਉਸ ਨੇ ਲੁੱਟ-ਪੁੱਟ ਕੇ ਅਤੇ ਅੱਗਾਂ ਲਾ ਕੇ ਪਿੰਡਾਂ ਦੇ ਪਿੰਡ ਉਜਾੜ ਦਿੱਤੇ। ਕਈ ਰਾਜਿਆਂ ਨੂੰ ਗ੍ਰਿਫ਼ਤਾਰ ਕਰ ਲਿਆ, ਕਈਆਂ ਦੇ ਮੂੰਹ ਕਾਲੇ ਕਰਕੇ ਤੇ ਖੋਤਿਆਂ ਉਪਰ ਬਿਠਾ ਕੇ ਜਲੂਸ ਕੱਢੇ। ਪਹਾੜੀ ਰਾਜੇ ਪੂਰੀ ਤਰ੍ਹਾਂ ਦਿਲ ਹਾਰ ਗਏ ਅਤੇ ਉਨ੍ਹਾਂ ਨੇ ਮੁਗ਼ਲਾਂ ਨਾਲ ਟੱਕਰ ਲੈਣ ਦਾ ਰਾਹ ਤਿਆਗ ਦਿੱਤਾ। ਜ਼ਾਫ਼ਰ ਬੇਗ ਦੇ ਅੱਤਿਆਚਾਰਾਂ ਦਾ ਅਨੰਦਪੁਰ ਦੇ ਉਹ ਵਸਨੀਕ ਵੀ ਸ਼ਿਕਾਰ ਹੋਏ, ਜਿਹੜੇ ਅਨੰਦਪੁਰ ਛੱਡ ਕੇ ਪਹਾੜੀਆਂ ਵਿਚ ਆ ਛੁਪੇ ਸਨ। ਜਿਹੜੇ ਅਨੰਦਪੁਰ ਵਿਚ ਗੁਰੂ ਜੀ ਦੀ ਸ਼ਰਨ ਵਿਚ ਰਹੇ, ਉਹਨਾਂ ਦਾ ਵਾਲ ਵੀ ਵਿੰਗਾ ਨਾ ਹੋਇਆ।

### *ਰੰਘੜਾਂ ਦੀ ਸੁਧਾਈ*

ਮਾਰਚ 1697 ਦੇ ਦਿਨ ਸਨ।[16] ਕੁਝ ਸਿੱਖ ਆਪਣੇ ਇਲਾਕੇ ਵਿਚ ਦਸਵੰਧ ਦੀ ਰਕਮ ਅਤੇ ਕੀਮਤੀ ਭੇਟਾਵਾਂ ਲੈ ਕੇ ਅਨੰਦਪੁਰ ਸਾਹਿਬ ਨੂੰ ਆ ਰਹੇ ਸਨ ਕਿ ਹੁਸ਼ਿਆਰਪੁਰ ਦੇ ਰੰਘੜਾਂ ਨੇ ਭਾਰੀ ਗਿਣਤੀ ਵਿਚ ਉਨ੍ਹਾਂ ਤੇ ਅਚਾਨਕ ਹੀ ਹੱਲਾ ਬੋਲ ਦਿੱਤਾ ਤੇ ਕੀਮਤੀ ਸਾਮਾਨ ਖੋਹ ਕੇ ਲੈ ਗਏ। ਜਦ ਸਤਿਗੁਰਾਂ ਨੂੰ ਇਸ ਗੱਲ ਦਾ ਪਤਾ ਲੱਗਾ ਤਾਂ ਉਨ੍ਹਾਂ ਨੇ ਰੰਘੜਾਂ ਨੂੰ ਸਜ਼ਾ ਦੇਣ ਲਈ ਸੂਰਬੀਰ ਸਿੱਖਾਂ ਦਾ ਜਥਾ ਭੇਜਿਆ। ਸਿੱਖਾਂ ਨੇ ਰੰਘੜਾਂ ਨੂੰ ਸਖਤ ਸਜ਼ਾਵਾਂ ਦਿੱਤੀਆਂ ਅਤੇ ਸਾਰਾ ਸਾਮਾਨ ਵਾਪਸ ਲਿਆਂਦਾ।

### *ਆਚਰਨ ਉੱਚਾ ਰੱਖਣ ਦਾ ਉਪਦੇਸ਼*

ਉਪਰੋਕਤ ਹੱਲੇ ਵਿਚ ਸਿੱਖਾਂ ਨੇ ਰੰਘੜਾਂ ਦੀ ਇਕ ਲੜਕੀ ਵੀ ਚੁੱਕ ਲਿਆਂਦੀ। ਜਦੋਂ ਸਤਿਗੁਰਾਂ ਨੇ ਇਕ ਲੜਕੀ ਨੂੰ ਸਿੱਖਾਂ ਦੀ ਕੈਦ ਵਿਚ ਵੇਖਿਆ ਤਾਂ ਆਪ ਬਹੁਤ ਹੀ ਗੁੱਸੇ ਹੋਏ ਤੇ ਐਸਾ ਕਰਨ ਵਾਲਿਆਂ ਨੂੰ ਫ਼ਿਟਕਾਰਾਂ ਪਾਈਆਂ। ਹੁਕਮ ਕੀਤਾ ਕਿ ਲੜਕੀ ਨੂੰ ਸਨਮਾਨ ਸਹਿਤ ਉਸ ਦੇ ਘਰ ਪਹੁੰਚਾਇਆ ਜਾਵੇ। ਇਸ ਸਮੇਂ ਕੁਝ ਸਿੱਖਾਂ ਨੇ ਸਤਿਗੁਰਾਂ ਅੱਗੇ ਬੇਨਤੀ ਕੀਤੀ, "ਹੇ ਸੱਚੇ ਪਾਤਸ਼ਾਹ! ਤੁਰਕ ਵੀ ਤਾਂ ਹਿੰਦੂਆਂ ਦੀਆਂ ਧੀਆਂ-ਭੈਣਾਂ ਚੁੱਕ ਕੇ ਲੈ ਜਾਂਦੇ ਹਨ ਅਤੇ ਉਨ੍ਹਾਂ ਦੀ ਬੇਪਤੀ ਕਰਦੇ ਹਨ। ਤੁਰਕ ਤਾਂ

---

16. ਪ੍ਰਿੰ: ਸਤਿਬੀਰ ਸਿੰਘ, ਪੰਨਾ 123-124

ਹੀ ਸਿੱਧੇ ਹੋਣਗੇ ਜੇ ਅਸੀਂ ਬਦਲਾ ਲਵਾਂਗੇ। ਤੁਸੀਂ ਸਾਨੂੰ ਇੰਝ ਕਰਨ ਤੋਂ ਕਿਉਂ ਰੋਕਦੇ ਹੋ?" :

ਪੁੰਨਿ ਸਿੰਘਨ ਬੂਝੇ ਗੁਣਖਾਨੀ।
ਸਗਲ ਤੁਰਕ ਭੁਗਵਹਿ ਹਿੰਦਵਾਨੀ।
ਸਿਖ ਬਦਲਾ ਲੇ ਭਲਾ ਜਣਾਵੈਂ।
ਗੁਰ-ਸ਼ਾਸਤ੍ਰ ਕਿਉਂ ਵਰਜ ਹਟਾਵੈ। ੧।

ਉਨ੍ਹਾਂ ਸਿੱਖਾਂ ਦੀ ਇਹ ਵਿਚਾਰ ਸੁਣ ਕੇ ਸਤਿਗੁਰੂ ਜੀ ਰੋਹ ਵਿਚ ਆ ਕੇ ਬੋਲੇ, "ਅਸੀਂ ਸਿੱਖਾਂ ਦਾ ਆਚਰਨ ਉੱਚਾ-ਸੁੱਚਾ ਬਣਾ ਕੇ ਸਿੱਖ ਕੌਮ ਨੂੰ ਉੱਚਾਈਆਂ ਵੱਲ ਲਿਜਾਣਾ ਹੈ, ਘਟੀਆ ਕਿਰਦਾਰ ਦੇ ਮਾਲਕ ਆਮ ਸੰਸਾਰੀਆਂ ਵਿਚ ਰਲਣ ਨਹੀਂ ਦੇਣਾ। ਇਸ ਲਈ ਅਸੀਂ ਕਿਸੇਂ ਹਾਲਤ ਵਿਚ ਵੀ ਕੁਕਰਮ ਕਰਨ ਦੀ ਇਜਾਜ਼ਤ ਨਹੀਂ ਦੇ ਸਕਦੇ" :

ਸੁਣ ਸਤਿਗੁਰ ਬੋਲੇ ਤਿਸ ਬੇਰੇ।
ਹਮ ਲੇ ਜਾਣੋ ਪੰਥ ਉਚੇਰੇ।
ਨਹਿ ਅਧੋਗਤਿ ਬਿਖੈ ਪੁਚਾਵੈਂ।
ਤਾਂ ਤੇ ਕਲਮਲ ਕਰਨ ਹਟਾਵੈਂ।

ਜਿਹੜੇ ਸਿੰਘ ਰੰਘੜਾਂ ਦੀ ਲੜਕੀ ਨੂੰ ਚੁੱਕ ਕੇ ਲਿਆਏ ਸਨ, ਉਨ੍ਹਾਂ ਸਤਿਗੁਰਾਂ ਤੋਂ ਆਪਣੀ ਗ਼ਲਤੀ ਦੀ ਮੁਆਫ਼ੀ ਮੰਗੀ ਅਤੇ ਲੜਕੀ ਨੂੰ ਉਸ ਦੇ ਪਿੰਡ ਛੱਡ ਕੇ ਆਏ।

# ਅਮਨ ਸਮੇਂ ਦੇ ਕੌਤਕ

ਸਤਿਗੁਰੂ ਸੱਚੇ ਪਾਤਸ਼ਾਹ ਬੜੇ ਬਿਨੋਦੀ ਸੁਭਾਅ ਦੇ ਮਾਲਕ ਸਨ। ਭਾਵੇਂ ਕੋਈ ਗੁਰਮਤਿ ਦਾ ਉਪਦੇਸ਼ ਦੇਣਾ ਹੋਵੇ ਤੇ ਭਾਵੇਂ ਸਿੰਘਾਂ ਦੀ ਪਰਖ ਕਰਨੀ ਹੋਵੇ ਆਪ ਤਰ੍ਹਾਂ ਤਰ੍ਹਾਂ ਦੇ ਕੌਤਕ ਰਚ ਲੈਂਦੇ ਸਨ। ਹੁਸੈਨੀ ਯੁੱਧ ਦੇ ਮਗਰੋਂ ਕੁਝ ਸਮਾਂ ਅਮਨ-ਅਮਾਨ ਵਾਲਾ ਮਿਲ ਗਿਆ। ਇਸ ਸਮੇਂ ਵਿਚ ਪਾਤਸ਼ਾਹ ਨੇ ਕਈ ਕੌਤਕ ਰਚੇ। ਸਿੱਖ ਇਤਿਹਾਸ ਨੇ ਜਿਨ੍ਹਾਂ ਕੌਤਕਾਂ ਨੂੰ ਸਾਂਭਿਆ ਹੈ, ਉਨ੍ਹਾਂ ਵਿਚੋਂ ਕੁਝ ਹੇਠਾਂ ਅੰਕਿਤ ਕੀਤੇ ਜਾਂਦੇ ਹਨ :

### *ਗਰੀਬ ਦਾ ਮੂੰਹ ਗੁਰੂ ਕੀ ਗੋਲਕ*

ਅਨੰਦਪੁਰ ਸਾਹਿਬ ਵਿਚ ਸੰਗਤਾਂ ਦੀ ਆਵਾਜਾਈ ਵਧਣ ਅਤੇ ਫ਼ੌਜਾਂ ਦੀ ਗਿਣਤੀ ਵਧਣ ਨਾਲ ਜਿਵੇਂ-ਜਿਵੇਂ ਨਗਰ ਦਾ ਵਿਕਾਸ ਹੁੰਦਾ ਗਿਆ, ਤਿਵੇਂ-ਤਿਵੇਂ ਗੁਰੂ ਕੇ ਲੰਗਰਾਂ ਦੀ ਗਿਣਤੀ ਤੇ ਪੱਧਰ ਵਿਚ ਵੀ ਵਾਧਾ ਹੁੰਦਾ ਗਿਆ। ਸੰਗਤਾਂ ਵਿਚ ਸਭ ਆਪੋ ਆਪਣੇ ਲੰਗਰ ਦੀ ਸ਼ੋਭਾ ਕਰਦੇ ਰਹਿੰਦੇ ਸਨ। ਸਤਿਗੁਰਾਂ ਨੇ ਇਕ ਦਿਨ ਸਭ ਦੀ ਪ੍ਰੀਖਿਆ ਲੈਣ ਦਾ ਮਨ ਬਣਾਇਆ। ਆਪ ਇਕ ਯਾਤਰੂ-ਅਤਿਥੀ ਦੇ ਭੇਸ ਵਿਚ ਰਾਤ ਨੂੰ ਹਰੇਕ ਲੰਗਰ ਵਿਚ ਗਏ ਅਤੇ ਲੰਗਰ ਛਕਣ ਦੀ ਇੱਛਾ ਜ਼ਾਹਿਰ ਕੀਤੀ। ਕਿਸੇ ਲੰਗਰ-ਇੰਚਾਰਜ ਨੇ ਅਗੋਂ ਜੁਆਬ ਦਿੱਤਾ, "ਠਹਿਰੋ, ਸਬਰ ਕਰੋ, ਅਜੇ ਲੰਗਰ ਤਿਆਰ ਨਹੀਂ।" ਕਿਸੇ ਨੇ ਕਿਹਾ, "ਲੰਗਰ ਤਾਂ ਤਿਆਰ ਹੈ, ਪਰੰਤੂ ਅਜੇ ਅਰਦਾਸ ਹੋਣ ਵਿਚ ਦੇਰ ਹੈ।"— ਆਦਿ।

ਦੂਸਰੇ ਦਿਨ ਸਤਿਗੁਰਾਂ ਨੇ ਦੀਵਾਨ ਵਿਚ ਵੱਖ-ਵੱਖ ਲੰਗਰਾਂ ਵਿਚ ਜਾਣ ਬਾਰੇ ਅਤੇ ਉੱਥੇ ਮਿਲੇ ਜੁਆਬਾਂ ਬਾਰੇ ਸੰਗਤਾਂ ਨੂੰ ਦੱਸਿਆ। ਆਪ ਨੇ ਹੁਕਮ ਦਿੱਤਾ ਕਿ ਕੋਈ ਲੋੜਵੰਦ, ਚਾਹੇ ਉਹ ਕਿਸੇ ਸਮੇਂ ਵੀ ਆਵੇ, ਉਸ ਦੀ ਪ੍ਰਸ਼ਾਦੇ ਆਦਿ ਨਾਲ ਸੇਵਾ ਕਰਨੀ ਪਰਮ ਫ਼ਰਜ਼ ਹੈ। ਜਿਹੜਾ ਸਿੱਖ ਕਿਸੇ ਲੋੜਵੰਦ ਨੂੰ ਆਪਣੇ ਦਰ ਤੋਂ ਮੋੜਦਾ ਹੈ, ਉਹ ਮੈਨੂੰ ਮੋੜਦਾ ਹੈ। ਆਪ ਜੀ ਨੇ ਫ਼ੁਰਮਾਇਆ, "ਗਰੀਬ ਦਾ ਮੂੰਹ ਗੁਰੂ ਕੀ ਗੋਲਕ ਹੈ।"

### *ਕੜਾ—ਭਰਮਾਂ ਨੂੰ ਜਿੱਤਣ ਦੀ ਯਾਦਗਾਰ*

ਸਨਾਤਨੀ ਸਮਾਜ ਵਿਚ ਵੱਖ-ਵੱਖ ਜ਼ਰੂਰਤਾਂ ਦੀ ਪੂਰਤੀ ਵਾਸਤੇ ਵੱਖੋ-ਵੱਖਰੇ ਦੇਵਤੇ ਤੇ ਦੇਵੀਆਂ ਮਿਥ ਕੇ ਉਨ੍ਹਾਂ ਦੀ ਪੂਜਾ ਕੀਤੀ ਜਾਂਦੀ ਸੀ (ਤੇ ਅਜੇ ਵੀ ਕੀਤੀ ਜਾਂਦੀ ਹੈ)। ਜਿਵੇਂ ਸੁੰਦਰਤਾ ਲਈ ਅਸ਼ਵਨੀ ਕੁਮਾਰ (ਘੋੜੇ ਦੇ ਪੁੱਤਰ) ਦੀ ਪੂਜਾ, ਵੱਡੀ ਉਮਰ ਲਈ ਮਾਰਕੰਡੇ ਦੀ ਪੂਜਾ, ਸੰਗੀਤ ਸਿੱਧੀ ਲਈ ਸਰਸਵਤੀ ਦੀ ਪੂਜਾ, ਬੀਮਾਰੀ ਤੋਂ ਬਚਣ ਲਈ ਸ਼ਨੀ ਦੇਵਤੇ ਦੀ ਪੂਜਾ ਆਦਿ।

ਪੁਰਾਣਿਕ ਇਤਿਹਾਸ (ਮਿਥਿਹਾਸ) ਅਨੁਸਾਰ ਰਾਜੇ 'ਸੂਰਜ' ਦੇ ਅੱਠ ਪੁੱਤਰ ਸਨ। ਸਭ ਤੋਂ ਛੋਟਾ ਸ਼ਨਿਚਰ (ਛਨਿੱਛਰ) ਸੀ। ਉਹ ਬੜਾ ਕਾਲਾ, ਬਦ-ਸ਼ਕਲ ਅਤੇ ਮਹਾਂ ਦਲਿੱਦਰੀ ਸੀ। ਉਸ ਦੇ ਇਨ੍ਹਾਂ 'ਗੁਣਾਂ' ਕਰਕੇ ਉਸ ਦਾ ਵਿਆਹ ਵੀ ਨਾ ਹੋ ਸਕਿਆ।

ਉਸ ਦੀ ਮਾਂ ਨੇ ਉਸ ਦਾ ਕਾਲਾ ਰੰਗ ਛੁਪਾਉਣ ਲਈ ਉਸ ਦੇ ਸਰੀਰ ਉੱਤੇ ਸੰਧੂਰ ਮਲ ਦਿੱਤਾ, ਤਾਂ ਵੀ ਕਿਸੇ ਰਾਜਕੁਮਾਰੀ ਨੇ ਉਸ ਨੂੰ ਪਸੰਦ ਨਾ ਕੀਤਾ। ਰਾਜੇ ਸੂਰਜ ਦੀ ਮੌਤ ਸਮੇਂ ਸ਼ਨਿਚਰ ਦੀ ਮਾਂ ਵੀ ਸਤੀ ਹੋ ਗਈ। ਦਰਿੱਦਰੀ ਸ਼ਨਿਚਰ ਕਮਾਊ ਵੀ ਨਹੀਂ ਸੀ। ਉਸ ਦੇ ਹੋਰ ਭਰਾ, ਜਿਹੋ ਜਿਹਾ ਅੰਨ ਇਕੱਠਾ ਕਰਕੇ ਉਸ ਨੂੰ ਦਿੰਦੇ ਸਨ, ਉਹ ਉਸੇ ਉੱਤੇ ਗੁਜ਼ਾਰਾ ਕਰ ਲੈਂਦਾ ਸੀ। ਭਰਜਾਈਆਂ ਉਸ ਨੂੰ 'ਸਤਨਾਜਾ ਖਾਣਾ' ਆਖਦੀਆਂ ਸਨ। ਵਿਚਾਰੇ ਨੂੰ ਘਿਓ ਦੀ ਥਾਂ ਤੇਲ ਮਿਲਦਾ ਸੀ, ਸੋਨੇ-ਚਾਂਦੀ ਦੇ ਗਹਿਣਿਆਂ ਦੀ ਥਾਂ ਲੋਹੇ ਦੇ ਗਹਿਣੇ, ਪਾਉਣ ਨੂੰ ਪੁਰਾਣੇ ਕਪੜੇ ਤੇ ਸਰੀਰ ਉਤੇ ਮਲਣ ਨੂੰ ਸੰਧੂਰ। ਮੌਤ ਮਗਰੋਂ ਉਹ ਵੀ ਇਥੋਂ ਦੇ ਲੋਕਾਂ ਦਾ ਪੂਜ-ਦੇਵਤਾ ਬਣ ਗਿਆ। ਜਿਵੇਂ ਉਹ ਜਿਊਂਦਿਆਂ ਬੜਾ ਖਰੂਦੀ ਸੀ, ਤਿਵੇਂ ਹੀ ਉਸ ਨੂੰ ਲੋਕਾਂ ਤੇ ਕਹਿਰ ਢਾਹੁਣ ਵਾਲਾ ਦੇਵਤਾ ਮੰਨਿਆ ਗਿਆ ਹੈ। ਉਸ ਦੀ ਕ੍ਰੋਪੀ ਤੋਂ ਬਚਣ ਲਈ ਲੋਕ ਉਸ ਦੀ ਮੂਰਤੀ ਅੱਗੇ ਉਹੀ ਭੇਟਾਵਾਂ ਰੱਖਦੇ ਹਨ, ਜੋ ਉਸ ਨੂੰ ਜਿਊਂਦਿਆਂ ਜੀਵਨ-ਨਿਰਬਾਹ ਲਈ ਮਿਲਦੀਆਂ ਸਨ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਇਹ ਵੇਖਣ ਲਈ ਕਿ ਸਿੱਖ ਵੀ ਕਿਤੇ ਸ਼ਨਿਚਰ ਦੇ ਜਾਲ ਵਿਚ ਫਸੇ ਤਾਂ ਨਹੀ ਪਏ, ਇਕ ਕੌਤਕ ਰਚਿਆ। ਇਕ ਦਿਨ ਆਪ ਨੇ ਵੇਦਵੇ (ਸ਼ਨਿਚਰ ਦੇਵਤੇ ਦਾ ਦਾਨ ਲੈਣ ਵਾਲਾ ਬ੍ਰਾਹਮਣ) ਨੂੰ ਸੱਦਾ ਘੱਲਿਆ ਕਿ ਆਉਂਦੇ ਸ਼ਨੀਵਾਰ ਨੂੰ ਦਰਬਾਰ ਵਿਚੋਂ ਸ਼ਨਿਚਰ (ਸ਼ਨੀ) ਦੇਵਤੇ ਦਾ ਦਾਨ ਲੈ ਜਾਵੇ। ਗੁਰੂ ਕੀਆਂ ਬੇਅੰਤ ਸੰਗਤਾਂ ਨੂੰ ਧਿਆਨ ਵਿਚ ਰੱਖ ਕੇ ਵੇਦਵਾ ਦਾਨ ਲੈਣ ਲਈ ਖੋਤਿਆਂ ਸਮੇਤ ਪੁੱਜ ਗਿਆ।

ਗੁਰੂ ਪਾਤਸ਼ਾਹ ਨੇ ਸਜੇ ਦਰਬਾਰ ਵਿਚ, ਦੀਵਾਨ ਨੰਦ ਚੰਦ ਨੂੰ ਕਿਹਾ ਕਿ ਪੰਡਿਤ ਜੀ ਨੂੰ ਸ਼ਨੀ ਦੇਵਤੇ ਦਾ ਦਾਨ ਦੇਣਾ ਹੈ। ਦੀਵਾਨ ਜੀ ਨੇ ਸੰਗਤਾਂ ਦੇ ਸਾਹਮਣੇ ਹੀ ਖੋਤਿਆਂ ਉਤੇ ਸਾਰੀਆਂ ਵਸਤਾਂ ਲਦਵਾ ਦਿੱਤੀਆਂ। ਸਤਿਗੁਰਾਂ ਨੂੰ ਪੰਡਿਤ ਨੇ ਇਹ ਵੀ ਕਿਹਾ ਕਿ ਹੁਣ ਸ਼ਨੀ ਦੇਵਤਾ ਸਵੱਲੀ ਨਜ਼ਰ ਰੱਖੇਗਾ।

ਦੀਵਾਨ ਵਿਚ ਬੈਠੇ ਹੋਏ ਗੁਰਸਿੱਖ ਇਸ ਸਾਰੀ ਖੇਡ ਨੂੰ ਬੜੀ ਹੈਰਾਨੀ ਨਾਲ ਵੇਖ ਰਹੇ ਸਨ। ਕਿੱਥੇ ਤਾਂ ਗੁਰੂ ਪਾਤਸ਼ਾਹ ਇਕ ਅਕਾਲ ਪੁਰਖ ਦੀ ਪੂਜਾ ਦਾ ਉਪਦੇਸ਼ ਦਿੰਦੇ ਸਨ, ਤੇ ਕਿੱਥੇ ਅੱਜ ਸ਼ਨੀ ਦੇਵਤੇ ਦੀ ਕਰੋਪੀ ਦੂਰ ਕਰਨ ਲੱਗੇ ਹੋਏ ਸਨ! ਸਤਿਗੁਰਾਂ ਦੇ ਹੁਕਮਾਂ ਨੂੰ ਧਿਆਨ ਵਿਚ ਰੱਖਦਿਆਂ ਜਿਵੇਂ ਕਿਵੇਂ ਬੈਠੇ ਹੀ ਰਹੇ। ਜਦੋਂ ਪੰਡਿਤ ਜੀ ਆਪਣੇ ਖੋਤਿਆਂ ਨੂੰ ਹੱਕ ਕੇ ਤੁਰ ਪਏ ਤਾਂ ਕਈ ਗੁਰਸਿੱਖ ਵੀ ਹੌਲੀ-ਹੌਲੀ ਉਨ੍ਹਾਂ ਦੇ ਪਿੱਛੇ ਹੋ ਤੁਰੇ ਅਤੇ ਉਸ ਨੂੰ ਬਾਹਰ ਖੇਤਾਂ ਵਿਚ ਜਾ ਘੇਰਿਆ। ਉਸ ਕੋਲੋਂ ਸਾਰਾ ਸਾਮਾਨ ਖੋਹ ਲਿਆ। ਉਹ ਇਹ ਹੀ ਆਖਦਾ ਰਿਹਾ ਕਿ ਇਹ ਸ਼ਨੀ ਦੇਵਤੇ ਦਾ ਦਾਨ ਹੈ ਤੇ ਗੁਰੂ ਜੀ ਨੇ ਇਹ ਸ਼ਨੀ ਮਹਾਰਾਜ ਦੀ ਕਰੋਪੀ ਤੋਂ ਬਚਣ ਲਈ ਦਿੱਤਾ ਹੈ। ਇਸ ਨੂੰ ਕੇਵਲ ਬ੍ਰਾਹਮਣ ਹੀ ਹਜ਼ਮ ਕਰ ਸਕਦਾ ਹੈ।

ਗੁਰਸਿੱਖਾਂ ਨੇ ਸਾਰੀਆਂ ਵਸਤਾਂ ਸਾਂਭਣ ਤੋਂ ਬਾਅਦ ਪੰਡਿਤ ਨੂੰ ਆਖਿਆ, "ਪੰਡਿਤ ਜੀ ਇਥੋਂ ਪਤਰਾ ਵਾਚਣ ਦੀ ਮਿਹਰਬਾਨੀ ਕਰੋ, ਇਸ ਦਾਨ ਨੂੰ ਹਜ਼ਮ ਕਰਨਾ ਅਸੀਂ ਚੰਗੀ ਤਰ੍ਹਾਂ ਜਾਣਦੇ ਹਾਂ। ਤੁਸੀਂ ਹੋਰਨਾਂ ਦੀ ਤਰ੍ਹਾਂ ਸਾਨੂੰ ਮੂਰਖ ਨਹੀਂ ਬਣਾ ਸਕਦੇ।"

ਪੰਡਿਤ ਵਿਚਾਰਾ ਮੂੰਹ ਲਟਕਾਈ ਆਪਣੇ ਘਰ ਨੂੰ ਪਰਤ ਗਿਆ। ਗੁਰਸਿੱਖਾਂ ਨੇ ਸਾਰਾ ਸਾਮਾਨ ਲੰਗਰ ਵਿਚ ਲਿਆਂਦਾ। ਮਾਂਹ ਦੀ ਦਾਲ ਪੀਹ ਕੇ ਸਰ੍ਹੋਂ ਦੇ ਤੇਲ ਵਿਚ ਵੜੇ ਤਲ ਕੇ ਵਰਤਾ ਦਿੱਤੇ ਅਤੇ ਲੋਹੇ ਦੇ ਕੜੇ ਬਣਾ ਕੇ ਹੱਥਾਂ ਵਿਚ ਪਾ ਲਏ। ਦੂਜੇ ਦਿਨ ਸਿੱਖਾਂ ਨੇ ਵੇਦਵੇ ਤੋਂ ਸਾਮਾਨ ਖੋਹਣ ਦੀ ਸਾਰੀ ਵਾਰਤਾ ਗੁਰੂ ਜੀ ਨੂੰ ਕਹਿ ਸੁਣਾਈ। ਸਤਿਗੁਰੂ ਸੁਣ ਕੇ ਗਦ-ਗਦ ਹੋ ਗਏ। ਉਨ੍ਹਾਂ ਕਿਹਾ ਮੈਨੂੰ ਇਹ ਵੇਖ ਕੇ ਬੜੀ ਪ੍ਰਸੰਨਤਾ ਹੋਈ ਹੈ ਕਿ ਗੁਰਸਿੱਖ ਦੇਵੀ-ਦੇਵਤਿਆਂ ਦੀ ਮਨੌਤ ਅਤੇ ਵਹਿਮਾਂ-ਭਰਮਾਂ ਦੇ ਜਾਲ ਤੋਂ ਪੂਰੀ ਤਰ੍ਹਾਂ ਆਜ਼ਾਦ ਹੋ ਚੁੱਕੇ ਹਨ।

### *ਮਸੰਦ ਸਿਲਸਲੇ ਦਾ ਅੰਤ*

ਚੌਥੇ ਪਾਤਸ਼ਾਹ ਸ੍ਰੀ ਗੁਰੂ ਰਾਮਦਾਸ ਜੀ ਨੇ ਦੇਸ਼ ਭਰ ਵਿਚ ਸਿੱਖੀ ਦੇ ਪ੍ਰਚਾਰ, ਸਿੱਖ ਸਮਾਜ ਨੂੰ ਗੁਰੂ ਘਰ ਨਾਲ ਜੋੜੀ ਰੱਖਣ ਅਤੇ ਸੰਗਤਾਂ ਤੋਂ ਕਾਰ-ਭੇਟ ਇਕੱਠੀ ਕਰਕੇ ਗੁਰੂ-ਦਰਬਾਰ ਵਿਚ ਪਹੁੰਚਾਉਣ ਲਈ ਮਸੰਦ ਸਿਲਸਿਲਾ ਅਰੰਭ ਕੀਤਾ ਸੀ।

ਇਹ ਸਿਲਸਿਲਾ ਕਾਫ਼ੀ ਸਮਾਂ ਬੜੀ ਕਾਮਯਾਬੀ ਨਾਲ ਚਲਦਾ ਰਿਹਾ। ਮਸੰਦ ਸਿੱਖੀ ਦਾ ਪ੍ਰਚਾਰ ਵੀ ਕਰਦੇ ਸਨ ਅਤੇ ਆਪਣੇ ਉੱਚੇ-ਸੁੱਚੇ ਜੀਵਨ ਰਾਹੀਂ ਸਿੱਖੀ ਰਹਿਤ ਦਾ ਨਮੂਨਾ ਵੀ ਪੇਸ਼ ਕਰਦੇ ਸਨ। ਉਹ ਆਪਣੀ ਕਿਰਤ-ਕਮਾਈ ਵਿਚੋਂ ਦਸਵੰਧ ਕੱਢਦੇ ਸਨ ਅਤੇ ਬਾਕੀ ਸੰਗਤਾਂ ਦੇ ਦਸਵੰਧ ਸਮੇਤ ਗੁਰੂ ਦਰਬਾਰ ਵਿਚ ਪਹੁੰਚਾਉਂਦੇ ਸਨ।

ਜਿਵੇਂ ਕਿ ਆਮ ਹੁੰਦਾ ਹੈ, ਮਾਇਆ, ਅਧਿਕਾਰ ਤੇ ਅਖ਼ਤਿਆਰ ਇਨਸਾਨ ਨੂੰ ਡੋਗਣ ਤੇ ਵਿਗਾੜਨ ਦਾ ਕਾਰਨ ਬਣਦੇ ਹਨ। ਸਮਾਂ ਪਾ ਕੇ ਮਸੰਦ ਵੀ ਡਿੱਗਣੇ ਤੇ ਵਿਗੜਨੇ ਸ਼ੁਰੂ ਹੋ ਗਏ। ਗੁਰੂ-ਦਰਬਾਰ ਲਈ ਮਿਲੀ ਮਾਇਆ ਤੇ ਸਮੱਗਰੀ ਨੂੰ ਉਹ ਆਪਣੀ ਖ਼ਾਤਰ ਵਰਤਣ ਲਗ ਪਏ। ਉਨ੍ਹਾਂ ਦਾ ਆਚਰਣ ਵੀ ਵਿਗੜ ਗਿਆ ਤੇ ਐਬਾਂ ਵਿਚ ਫਸ ਗਏ। ਸਤਿਗੁਰਾਂ ਵਲੋਂ ਬਖਸ਼ੀ ਗਈ ਪਦਵੀ ਦਾ ਉਹ ਨਾਜਾਇਜ਼ ਫ਼ਾਇਦਾ ਉਠਾਉਣ ਲਗ ਪਏ ਤੇ ਆਕੜ ਵਿਚ ਆ ਕੇ ਸੰਗਤਾਂ ਪ੍ਰਤੀ ਬੋਲ-ਕੁਬੋਲ ਵੀ ਬੋਲਣ ਲੱਗ ਪਏ ਸਨ। ਉਹ ਇੰਨੇ ਐਸ਼-ਪ੍ਰਸਤ ਹੋ ਗਏ ਸਨ ਕਿ ਧਰਮ ਦੀ ਖ਼ਾਤਰ ਦੁੱਖ-ਕਸ਼ਟ ਸਹਿਣੇ ਉਨ੍ਹਾਂ ਲਈ ਮੌਤ ਬਰਾਬਰ ਸਨ। ਇਹੀ ਲੋਕ ਸਨ ਜਿਹੜੇ ਚਾਹੁੰਦੇ ਸਨ ਕਿ ਗੁਰੂ-ਪਾਤਸ਼ਾਹ ਜਬਰ-ਜ਼ੁਲਮ ਵਿਰੁੱਧ ਤਲਵਾਰ ਨਾ ਚੁੱਕਣ, ਜੰਗ-ਯੁੱਧ ਨਾ ਲੜਨ, ਸਗੋਂ ਚੁੱਪ-ਚੁਪੀਤੇ ਦਿਨ ਕੱਟੀ ਜਾਣ। ਇਨ੍ਹਾਂ ਨੇ ਹੀ ਮਾਤਾ ਗੁਜਰੀ ਜੀ ਨੂੰ ਕਈ ਵਾਰ ਕਿਹਾ ਸੀ ਕਿ ਦਸਮ-ਪਾਤਸ਼ਾਹ ਨੂੰ ਜੰਗ-ਯੁੱਧ ਕਰਨ ਤੋਂ ਰੋਕਣ ਅਤੇ ਇਹ ਲੋਕ ਜਦੋਂ ਸਮਾਂ ਮਿਲਦਾ ਆਪਣੇ ਇਨ੍ਹਾਂ ਵਿਚਾਰਾਂ ਨੂੰ ਸਿੱਖਾਂ ਵਿਚ ਪ੍ਰਚਾਰਨ ਦਾ ਯਤਨ ਵੀ ਕਰਦੇ। ਕਿਹਾ ਜਾਂਦਾ ਹੈ ਕਿ 1697 ਦੀ ਦੀਵਾਲੀ ਨੂੰ ਕਈਆਂ ਮਸੰਦਾਂ ਨੇ ਗੁਰੂ ਪਾਤਸ਼ਾਹ ਜੀ ਨੂੰ ਕਿਹਾ ਸੀ ਕਿ ਤੁਹਾਡੀਆਂ ਨਿੱਤ ਦੀਆਂ ਜੰਗਾਂ ਤੋਂ ਸੰਗਤਾਂ ਦੁਖੀ ਹਨ ਤੇ ਭੇਟਾਵਾਂ ਵੀ ਨਹੀਂ ਦਿੰਦੀਆਂ। ਇਹ ਗੁਰੂ ਪਾਤਸ਼ਾਹ ਲਈ ਬੜੀ ਹੈਰਾਨੀ ਦੀ ਗੱਲ ਸੀ ਕਿਉਂਕਿ ਸਿੱਖ ਤਾਂ ਗੁਰੂ ਸਾਹਿਬ ਤੋਂ ਜਾਨਾਂ ਨਿਛਾਵਰ ਕਰ ਰਹੇ ਸਨ ਤੇ ਮਸੰਦ ਆਖ ਰਹੇ ਸਨ ਕਿ ਸੰਗਤਾਂ ਭੇਟਾਵਾਂ ਵੀ ਨਹੀਂ ਦਿੰਦੀਆਂ।

ਸੰਗਤਾਂ ਪਹਿਲਾਂ ਵੀ ਮਸੰਦਾਂ ਦੇ ਭੈੜੇ ਵਤੀਰੇ ਦੀ ਸ਼ਿਕਾਇਤ ਕਰਦੀਆਂ ਰਹਿੰਦੀਆਂ ਸਨ। ਗੁਰੂ ਪਾਤਸ਼ਾਹ ਨੇ ਇਸ ਸਿਲਸਿਲੇ ਨੂੰ ਬੰਦ ਕਰਨ ਦਾ ਹੀ ਮਨ ਬਣਾ ਲਿਆ। ਆਪ ਨੇ ਹੁਕਮ ਜਾਰੀ ਕੀਤਾ ਕਿ ਸਭ ਮਸੰਦਾਂ ਦੀਆਂ ਮੁਸ਼ਕਾਂ ਬੰਨ੍ਹ ਕੇ ਉਨ੍ਹਾਂ ਨੂੰ ਗੁਰੂ ਦਰਬਾਰ ਵਿਚ, 1698 ਦੀ ਵਿਸਾਖੀ ਦੇ ਸਮੇਂ, ਹਾਜ਼ਰ ਕੀਤਾ ਜਾਵੇ। ਸੰਗਤਾਂ ਨੇ ਇਵੇਂ ਹੀ ਕੀਤਾ। ਗੁਰੂ ਸਾਹਿਬ ਨੇ ਸੰਗਤਾਂ ਤੋਂ ਉਨ੍ਹਾਂ ਦੇ ਇਲਾਕੇ ਦੇ ਮਸੰਦਾਂ ਬਾਰੇ ਜਾਣਕਾਰੀ ਪ੍ਰਾਪਤ ਕਰਕੇ ਉਨ੍ਹਾਂ ਮਸੰਦਾਂ ਨੂੰ ਯੋਗ ਸਜ਼ਾਵਾਂ ਦਿੱਤੀਆਂ ਅਤੇ ਮਸੰਦ ਸਿਲਸਿਲਾ ਹਮੇਸ਼ਾ ਲਈ ਬੰਦ ਕਰ ਦਿੱਤਾ।

### *ਭਾਈ ਫੇਰੂ ਜੀ*

ਲੰਮੇ ਦੇ ਇਲਾਕੇ ਦਾ ਮਸੰਦ, ਭਾਈ ਫੇਰੂ, ਬੜਾ ਧਰਮੀ, ਸੱਚਾ-ਸੁੱਚਾ ਪਰਉਪਕਾਰੀ ਬੰਦਾ ਸੀ। ਸਾਰੇ ਲੋਕ ਉਸ ਦੀ ਇੱਜ਼ਤ ਕਰਦੇ ਸਨ। ਉਸ ਦੀਆਂ ਮੁਸ਼ਕਾਂ ਬੰਨ੍ਹ ਕੇ ਗੁਰੂ ਦਰਬਾਰ ਵਿਚ ਲਿਆਉਣ ਦੀ ਕਿਸੇ ਨੂੰ ਹਿੰਮਤ ਨਾ ਪਈ। ਉਹ ਆਪ ਹੀ ਹੱਥ ਜੋੜੀ ਦਰਬਾਰ ਵਿਚ ਪੇਸ਼ ਹੋ ਗਿਆ। ਗੁਰੂ ਜੀ ਦੇ ਲੇਖਾਕਾਰ ਨੇ ਕਿਹਾ ਕਿ ਭਾਈ ਫੇਰੂ ਵਲੋਂ ਦਸਵੰਧ ਬਾਕਾਇਦਾ ਨਹੀਂ ਪੁੱਜਦਾ ਰਿਹਾ। ਇਹ ਸੁਣ ਕੇ ਗੁਰੂ ਪਾਤਸ਼ਾਹ ਬੋਲੇ, "ਇਸ ਭਾਈ ਸਾਹਿਬ ਵੱਲ ਕੋਈ ਬਕਾਇਆ ਨਹੀਂ ਹੈ, ਇਸ ਨੇ ਕਦੇ ਅਮਾਨਤ ਵਿਚ ਖ਼ਿਆਨਤ ਨਹੀਂ ਕੀਤੀ। ਇਸ ਦੇ ਉੱਚੇ-ਸੁੱਚੇ ਜੀਵਨ ਦੀ ਤਾਂ ਇਲਾਕੇ ਦੀਆਂ ਸੰਗਤਾਂ ਵੀ ਪ੍ਰਸ਼ੰਸਾ ਕਰਦੀਆਂ ਹਨ। ਸਾਨੂੰ ਪਤਾ ਲੱਗਾ ਹੈ ਕਿ ਨੰਗਿਆਂ ਨੂੰ ਕੱਪੜਾ ਤੇ ਭੁੱਖਿਆਂ ਨੂੰ ਅੰਨ ਦਿੰਦਾ ਰਿਹਾ ਹੈ। ਗਰੀਬਾਂ ਨੂੰ ਦਿੱਤਾ ਅੰਨ ਤੇ ਧਨ ਸਾਨੂੰ ਸਿੱਧਾ ਪੁੱਜ ਜਾਂਦਾ ਹੈ।" ਫੇਰ ਗੁਰੂ ਜੀ ਨੇ ਭਾਈ ਫੇਰੂ ਜੀ ਨੂੰ ਸਿਰੋਪਾ ਦੇ ਕੇ 'ਸੰਗਤ ਸਾਹਿਬ' ਤੇ 'ਸੱਚੀ ਦਾੜ੍ਹੀ' ਦੀ ਪਦਵੀ ਬਖਸ਼ੀ। ਇਨ੍ਹਾਂ ਤੋਂ ਇਲਾਵਾ ਕਮਾਲੀਏ ਦੇ ਭਾਈ ਜੋਧ, ਦੀਪਾਲਪੁਰ ਦੇ ਭਾਈ ਗਾਊ ਅਤੇ ਭਾਈ ਤਖ਼ਤ ਮਲ ਨੂੰ ਵੀ ਬਖ਼ਸ਼ ਦਿੱਤਾ ਗਿਆ।

### *ਬੇਸਿਦਕੇ ਦੀ ਭੇਟਾ*

ਇਕ ਦਿਨ ਸਖੀ-ਸਰਵਰ ਦਾ ਇਕ ਮੁਰੀਦ ਗੁਰੂ-ਦਰਬਾਰ ਵਿਚ ਆਇਆ ਅਤੇ ਉਸ ਨੇ ਮੱਥਾ ਟੇਕ ਕੇ ਗੁਰੂ-ਚਰਨਾਂ ਵਿਚ ਭੇਟਾ ਰੱਖੀ, ਮਹਾਰਾਜ ਜੀ ਝੱਟ ਬੋਲੇ, "ਭਾਈ ਭੇਟਾ ਉਸੇ ਨੂੰ ਦੇਹ, ਜਿਸ ਨੂੰ ਤੂੰ ਮੰਨਦਾ ਹੈਂ। ਜਦ ਸਿਦਕ ਹੀ ਨਹੀਂ, ਤਾਂ ਭੇਟਾ ਲਿਆ ਕੇ ਰੱਖਣ ਦਾ ਕੀ ਲਾਭ।" ਉਸ ਬੰਦੇ ਨੇ ਖਿਮਾਂ ਮੰਗੀ ਤੇ ਸਖੀ-ਸਰਵਰ ਦਾ ਲੜ ਛੱਡ ਕੇ ਗੁਰੂ ਦਾ ਸਿੱਖ ਬਣਿਆ। ਸਤਿਗੁਰਾਂ ਨੇ ਸੰਗਤਾਂ ਨੂੰ ਉਪਦੇਸ਼ ਦਿੱਤਾ ਕਿ ਸਿਦਕ ਇਕ ਅਜਿਹੀ ਸੁਗੰਧੀ ਹੈ, ਜਿਸ ਨਾਲ ਦਿਮਾਗ ਹਉਮੈ ਦੀ ਬੀਮਾਰੀ ਤੋਂ ਮੁਕਤ ਹੋ ਜਾਂਦਾ ਹੈ :

**ਸਿਦਕ ਬੂਏ ਖੈਰ, ਮਗਜ਼ ਖ਼ੈਰ ਸੁਦਹ।**

ਬੇਸਿਦਕੇ ਬੰਦਿਆਂ ਕੋਲੋਂ ਤਾਂ ਦੁਰਗੰਧ ਆਉਂਦੀ ਰਹਿੰਦੀ ਹੈ।

**ਬੇ ਸਿਦਕੇ ਬੂਏ ਗੰਦ ਆਮਦ, ਮੰਦ ਆਮਦ।**

### *ਖਾਲਕੁ ਖਲਕ ਮਹਿ*

ਦਰਬਾਰ ਵਿਚ ਬੈਠਿਆਂ ਸਤਿਗੁਰੂ ਜੀ ਨੇ ਇਕ ਦਿਨ ਕਿਹਾ ਕਿ ਕੋਈ ਸਿੱਖ ਪੀਣ ਵਾਸਤੇ ਪਾਣੀ ਦਾ ਇਕ ਗਲਾਸ ਲਿਆਵੇ। ਹਰ ਰੋਜ਼ ਇਕ ਸਿੱਖ ਆ ਕੇ ਸਭ ਤੋਂ ਪਹਿਲੀ ਕਤਾਰ ਵਿਚ ਬੈਠਿਆ ਕਰਦਾ ਸੀ। ਸਤਿਗੁਰਾਂ ਦਾ ਹੁਕਮ ਸੁਣ ਕੇ ਉਹ ਤੁਰੰਤ ਉਠਿਆ ਤੇ ਪਾਣੀ ਦਾ ਗਲਾਸ ਲੈ ਆਇਆ। ਸਤਿਗੁਰੂ ਜੀ ਨੇ ਉਸ ਦੇ ਹੱਥ ਤੱਕੇ, ਬੜੇ ਨਰਮ (ਸੋਹਲ) ਸਨ। ਉਸ ਨੂੰ ਪੁੱਛਿਆ,"ਤੇਰੇ ਹੱਥ ਬੜੇ ਕੂਲੇ ਹਨ। ਕੀ ਤੂੰ ਇਨ੍ਹਾਂ ਨਾਲ ਕਦੇ ਕੰਮ ਨਹੀਂ ਕੀਤਾ, ਸੇਵਾ ਨਹੀਂ ਕੀਤੀ?"

ਉਸ ਸਿੱਖ ਨੇ ਉੱਤਰ ਦਿੱਤਾ, "ਮੈਂ ਸਰਦੇ-ਪੁਰਦੇ ਘਰ ਵਿਚ ਜੰਮਿਆਂ-ਪਲਿਆ ਹਾਂ। ਮੈਨੂੰ ਕਿਸੇ ਦੀ ਸੇਵਾ ਕਰਨ ਦੀ ਲੋੜ ਹੀ ਨਹੀਂ ਪਈ। ਸਗੋਂ ਘਰ ਵਿਚ ਵੀ ਸਾਰੇ ਕੰਮ ਨੌਕਰ-ਚਾਕਰ ਹੀ ਕਰ ਦਿੰਦੇ ਹਨ। ਅੱਜ ਪਹਿਲਾ ਦਿਨ ਹੈ ਕਿ ਮੈਂ ਆਪ ਜੀ ਵਾਸਤੇ ਪਾਣੀ ਦਾ ਗਲਾਸ ਲਿਆਇਆ ਹਾਂ।"

ਸਤਿਗੁਰੂ ਪਾਤਸ਼ਾਹ ਨੇ ਉਸ ਸਿੱਖ ਦੇ ਹੱਥੋਂ ਪਾਣੀ ਦਾ ਗਲਾਸ ਲੈਣ ਤੋਂ ਇਨਕਾਰ ਕਰ ਦਿੱਤਾ। ਬਚਨ ਕੀਤਾ ਕਿ ਜਿਹੜਾ ਸਿੱਖ ਹੱਥੀਂ ਕਾਰ ਨਹੀਂ ਕਰਦਾ ਤੇ ਸਾਰੀ ਖ਼ਲਕਤ ਵਿਚ ਪਰਮਾਤਮਾ ਨੂੰ ਵੇਖ ਕੇ, ਮਨੋਂ ਭਰਮ-ਭੇਦ ਮਿਟਾ ਕੇ, ਆਪਣੇ ਹੱਥੀਂ ਸਭ ਦੀ ਸੇਵਾ ਨਹੀਂ ਕਰਦਾ, ਉਸ ਦੇ ਹੱਥ ਅਪਵਿੱਤਰ ਹਨ, ਮਾਨੋਂ ਮੁਰਦੇ ਦੇ ਹੱਥਾਂ (ਅੰਗਾਂ) ਦੀ ਤਰ੍ਹਾਂ ਹਨ, ਜਿਨ੍ਹਾਂ ਨੂੰ ਕੋਈ ਵੀ ਨਹੀਂ ਛੂੰਹਦਾ :

**ਸੁਣ ਸਿੱਖਾ ਗੁਰਮਤਿ ਇਹ ਸਾਰ।**
**ਸਤਿ ਸੰਗਤ ਕੀ ਸੇਵ ਉਦਾਰ।**
**ਜਿਉਂ ਮੁਰਦੇ ਕੇ ਅੰਗ ਅਪਾਵਨ।**
**ਸੂਕਚਿਓ ਸਭ, ਨਹਿ ਕਰਹਿ ਛੁਹਾਵਨ।**

### *ਭਾਈ ਨੰਦ ਲਾਲ ਜੀ ਗੁਰ-ਸੇਵਾ ਵਿਚ*

ਪਿੱਛੇ ਅਸੀਂ ਪੜ੍ਹ ਆਏ ਹਾਂ ਕਿ ਜਦੋਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਗੁਰਗੱਦੀ ਤੇ ਬਿਰਾਜਮਾਨ ਹੋਏ ਤਾਂ ਭਾਈ ਨੰਦ ਲਾਲ ਜੀ ਮੁਲਤਾਨ ਦੀ ਸੰਗਤ ਨਾਲ ਗੁਰੂ ਦਰਬਾਰ ਵਿਚ ਆਏ ਸਨ ਅਤੇ ਦਰਸ਼ਨ ਕਰਕੇ ਸੰਗਤ ਦੇ ਨਾਲ ਹੀ ਵਾਪਸ ਮੁਲਤਾਨ ਆ ਗਏ ਸਨ।

ਸੰਨ 1697 ਵਿਚ 64 ਸਾਲਾਂ ਦੀ ਉਮਰੇ ਭਾਈ ਨੰਦ ਲਾਲ ਜੀ ਦੁਬਾਰਾ ਅਨੰਦਪੁਰ ਸਾਹਿਬ ਆਏ ਤੇ ਇੱਥੇ ਹੀ ਟਿਕ ਗਏ। ਇੱਥੇ ਆਪ ਗੁਰੂ ਪਾਤਸ਼ਾਹ ਜੀ ਦੀ ਸੰਗਤ ਵਿਚ ਸੰਨ 1704-05 ਤੱਕ ਰਹੇ। ਰੋਜ਼ਾਨਾ ਸੰਗਤ ਦੀ ਬਰਕਤ ਨਾਲ ਭਾਈ ਨੰਦ ਲਾਲ ਜੀ ਦਾ ਗੁਰੂ ਗੋਬਿੰਦ ਸਿੰਘ ਜੀ ਲਈ ਪਿਆਰ ਇਸ਼ਕ ਦੇ ਦਰਜੇ ਤੱਕ ਪੁੱਜ ਗਿਆ। ਭਾਈ ਸਾਹਿਬ ਨੇ ਜਿੱਥੇ ਗੁਰੂ ਪਾਤਸ਼ਾਹ ਦੇ ਪਿਆਰ ਵਿਚ ਰੰਗੀਜ ਕੇ ਸਾਹਿਬਾਂ ਦੀ ਉਸਤਤ ਵਿਚ ਉੱਚ ਪਾਏ ਦੀ ਕਵਿਤਾ ਰਚੀ, ਉੱਥੇ ਗੁਰਮਤਿ ਸਿਧਾਂਤਾਂ ਦੀਆਂ ਵਿਆਖਿਆ ਕਰਨ ਵਾਲੀਆਂ ਪੁਸਤਕਾਂ ਵੀ ਰਚੀਆਂ। ਆਪ ਜੀ ਦੀਆਂ ਰਚਨਾਵਾਂ ਧਾਰਮਿਕ ਤੌਰ ਤੇ ਇੰਨੀਆਂ

ਉੱਚ ਪਾਏ ਦੀਆਂ ਹਨ ਕਿ ਭਾਈ ਗੁਰਦਾਸ ਜੀ ਦੀਆਂ ਰਚਨਾਵਾਂ ਦੀ ਤਰ੍ਹਾਂ ਆਪ ਜੀ ਦੀਆਂ ਰਚਨਾਵਾਂ ਦਾ ਕੀਰਤਨ ਕਰਨ ਦੀ ਵੀ ਸਿੱਖ ਪੰਥ ਵਲੋਂ ਆਗਿਆ ਹੈ। ਗੁਰਬਾਣੀ ਅਤੇ ਇਨ੍ਹਾਂ ਦੋਹਾਂ ਗੁਰਮੁਖ ਵਿਦਵਾਨਾਂ ਤੋਂ ਸਿਵਾ ਹੋਰ ਕਿਸੇ ਰਚਨਾ ਦਾ ਗੁਰਦੁਆਰੇ ਵਿਚ ਕੀਰਤਨ ਨਹੀਂ ਹੋ ਸਕਦਾ।

ਭਾਈ ਨੰਦ ਲਾਲ ਜੀ ਰਚਿਤ ਦਸ ਪੁਸਤਕਾਂ ਮਿਲਦੀਆਂ ਹਨ, ਜਿਨ੍ਹਾਂ ਵਿਚੋਂ ਸੱਤ ਫ਼ਾਰਸੀ ਵਿਚ ਅਤੇ ਤਿੰਨ ਪੰਜਾਬੀ ਵਿਚ ਹਨ। ਕਵਿਤਾ ਵਿਚ ਆਪ 'ਗੋਯਾ' ਅਤੇ 'ਲਾਲ' ਉਪਨਾਮ ਵਰਤਦੇ ਸਨ।

ਫ਼ਾਰਸੀ ਵਿਚ ਆਪ ਨੇ (1) ਜ਼ਿੰਦਗੀ ਨਾਮਾ, (2) ਦੀਵਾਨਿ ਗੋਯਾ, (3) ਤੌਸੀਫ-ਓ-ਸਨਾ, (4) ਗੰਜ ਨਾਮਾ, (5) ਜੋਤ ਵਿਗਾਸ, (6) ਦਸਤੂਰੁਲ-ਇਨਸ਼ਾ, (7) ਅਰਜ਼ੁਲ-ਅਲਫ਼ਾਜ਼ ਅਤੇ ਪੰਜਾਬੀ ਵਿਚ (1) ਜੋਤ ਬਿਗਾਸ, (2) ਰਹਿਤਨਾਮਾ, (3) ਤਨਖ਼ਾਹਨਾਮਾ ਰਚਨਾਵਾਂ ਰਚੀਆਂ ਹਨ।

### *ਭਾਈ ਨੰਦ ਲਾਲ ਜੀ ਦੇ ਜੀਵਨ ਤੇ ਇਕ ਝਾਤ*

ਭਾਈ ਨੰਦ ਲਾਲ ਜੀ ਦੇ ਬਜ਼ੁਰਗਾਂ ਅਤੇ ਵਤਨ ਬਾਰੇ ਕੋਈ ਪੱਕੀ ਜਾਣਕਾਰੀ ਨਹੀਂ ਮਿਲਦੀ। ਹਾਂ, ਇਤਿਹਾਸ ਇਸ ਗੱਲ ਦੀ ਪੱਕੀ ਗਵਾਹੀ ਭਰਦਾ ਹੈ ਕਿ ਆਪ ਦੇ ਪਿਤਾ ਛੱਜੂ ਮੱਲ ਜੀ (ਖੱਤਰੀ) ਅਰਬੀ, ਫ਼ਾਰਸੀ ਦੇ ਚੰਗੇ ਵਿਦਵਾਨ ਸਨ। ਸ਼ਾਹਜਹਾਨ ਦੇ ਸਮੇਂ ਉਹ ਨੌਕਰੀ ਦੀ ਭਾਲ ਵਿਚ ਦਿੱਲੀ ਆਏ ਅਤੇ ਸ਼ਾਹੀ ਮੁਨਸ਼ੀਖਾਨੇ ਵਿਚ ਨੌਕਰ ਹੋ ਗਏ। ਇੱਥੇ ਹੀ ਉਨ੍ਹਾਂ ਦਾ ਮੇਲ ਸ਼ਹਿਜ਼ਾਦਾ ਦਾਰਾ ਸ਼ਿਕੋਹ ਨਾਲ ਹੋਇਆ, ਜੋ ਆਪ ਨੂੰ ਕੰਧਾਰ ਦੀ ਪਹਿਲੀ ਮੁਹਿੰਮ ਉਤੇ, ਸੰਨ 1629 ਵਿਚ, ਆਪਣਾ ਮੀਰ ਮੁਨਸ਼ੀ ਬਣਾ ਕੇ ਨਾਲ ਲੈ ਗਿਆ। ਮੁਹਿੰਮ ਮਗਰੋਂ ਸ਼ਹਿਜ਼ਾਦਾ ਤਾਂ ਵਾਪਸ ਆ ਗਿਆ ਪਰ ਮੁਨਸ਼ੀ ਛੱਜੂ ਮੱਲ ਗਜ਼ਨੀ ਹੀ ਟਿਕੇ ਰਹੇ। ਉੱਥੇ ਹੀ ਸੰਨ 1633 ਵਿਚ ਭਾਈ ਨੰਦ ਲਾਲ ਜੀ ਦਾ ਜਨਮ ਹੋਇਆ। ਪਿਤਾ ਜੀ ਦੀ ਨਿਗਰਾਨੀ ਵਿਚ ਨੰਦ ਲਾਲ ਜੀ ਨੇ ਛੇ ਸਾਲਾਂ ਦੀ ਉਮਰ ਵਿਚ ਅਰਬੀ, ਫ਼ਾਰਸੀ ਦੀ ਪੜ੍ਹਾਈ ਸ਼ੁਰੂ ਕਰ ਦਿੱਤੀ। ਆਪ ਬਚਪਨ ਤੋਂ ਹੀ ਤੀਖਣ ਬੁੱਧੀ ਵਾਲੇ ਅਤੇ ਪੜ੍ਹਾਈ ਵਿਚ ਬਹੁਤ ਲਾਇਕ ਸਨ।

ਮੁਨਸ਼ੀ ਛੱਜੂ ਮੱਲ ਬੈਰਾਗੀ ਸਾਧੂਆਂ (ਰਾਮਾਨੰਦ ਜੀ ਦੇ ਸ਼ਰਧਾਲੂਆਂ) ਦਾ ਸੇਵਕ ਸੀ। ਜਦੋਂ ਨੰਦ ਲਾਲ ਜੀ 12 ਸਾਲਾਂ ਦੇ ਹੋਏ, ਪਿਤਾ ਨੇ 'ਕੰਠੀ' ਪੁਆਣ ਦੀ ਰਸਮ ਕਰਨੀ ਚਾਹੀ, ਜਿਸ ਦਾ ਭਾਵ ਬੈਰਾਗੀਆਂ ਤੋਂ ਦੀਖਿਆ ਲੈਣਾ ਹੁੰਦਾ ਸੀ। ਆਪ ਨੇ 'ਕੰਠੀ' ਪੁਆਣ ਤੋਂ ਇਨਕਾਰ ਕਰ ਦਿੱਤਾ ਤੇ ਆਖਿਆ,"ਮੈਨੂੰ ਅਜਿਹੀ 'ਕੰਠੀ' ਪੁਆਓ ਜਿਹੜੀ ਕਦੀ ਨਾ ਟੁੱਟੇ ਅਤੇ ਜੀਵਨ ਦਾ ਸੁਖ-ਚੈਨ ਲਿਆਉਣ ਵਿਚ ਸਹਾਈ ਹੋਵੇ।"

ਪਿਤਾ ਦੀ ਮੌਤ ਮਗਰੋਂ, ਸੰਨ 1652 ਵਿਚ, ਆਪ ਪਿਤਾ ਦੀ ਜਾਇਦਾਦ ਵੇਚ-ਵੱਟ ਕੇ ਆਪਣੇ ਦੋ ਭਰਾਵਾਂ ਤੇ ਦੋ ਨੌਕਰਾਂ ਸਮੇਤ ਮੁਲਤਾਨ ਵਿਚ ਆ ਗਏ। ਇੱਥੇ ਹੀ ਆਪ ਦਾ ਇਕ ਗੁਰਸਿੱਖ ਘਰਾਣੇ ਵਿਚ ਵਿਆਹ ਹੋਇਆ। ਸਿੱਖੀ ਵੱਲ ਆਪ ਦਾ ਪਹਿਲਾਂ ਹੀ ਝੁਕਾਅ ਸੀ। ਜਦੋਂ ਆਪਣੀ ਸੁਪਤਨੀ ਤੋਂ ਰੋਜ਼ ਬਾਣੀ ਸੁਣਦੇ ਤਾਂ ਸਿੱਖੀ

ਲਈ ਸ਼ਰਧਾ ਵਧਦੀ ਗਈ। ਆਪ ਨੇ ਗੁਰਮੁਖੀ ਪੜ੍ਹੀ ਅਤੇ ਬਾਣੀ ਤੇ ਗੁਰਇਤਿਹਾਸ ਦਾ ਅਧਿਐਨ ਕੀਤਾ।

ਆਪਣੀ ਲਿਆਕਤ ਦੇ ਕਾਰਨ ਹੀ ਆਪ 1652 ਵਿਚ ਮੁਲਤਾਨ ਦੇ ਹਾਕਮ, ਨਵਾਬ ਵੱਸਾਫ਼ ਖ਼ਾਨ, ਦੇ ਦਫ਼ਤਰ ਵਿਚ ਮੁਨਸ਼ੀ ਦੇ ਪਦ ਤੇ ਨਿਯੁਕਤ ਹੋਏ। ਜਲਦੀ ਹੀ ਮੀਰ ਮੁਨਸ਼ੀ ਬਣ ਗਏ। ਫਿਰ ਭੱਕਰ ਦੇ ਕਿਲ੍ਹੇਦਾਰ ਤੇ ਫ਼ੌਜਦਾਰ ਵੀ ਬਣੇ ਤੇ ਅੰਤ ਮੁਲਤਾਨ ਦੇ ਨਾਇਬ ਸੂਬੇਦਾਰ ਬਣੇ।

ਜਦੋਂ ਗੁਰੂ ਗੋਬਿਦ ਸਿੰਘ ਜੀ ਨੇ ਗੁਰਗੱਦੀ ਦੀ ਜ਼ਿੰਮੇਵਾਰੀ ਸੰਭਾਲੀ ਤਾਂ ਆਪ ਮੁਲਤਾਨ ਦੀ ਸੰਗਤ ਨਾਲ ਗੁਰੂ ਜੀ ਦੇ ਦਰਸ਼ਨਾਂ ਨੂੰ ਆਏ।

ਔਰੰਗਜ਼ੇਬ ਨੇ ਸੰਨ 1676 ਵਿਚ ਸ਼ਹਿਜ਼ਾਦਾ ਮੁਅੱਜ਼ਮ ਨੂੰ ਅਫ਼ਗਾਨਿਸਤਾਨ ਦਾ ਗਵਰਨਰ ਬਣਾ ਕੇ ਕਾਬਲ ਭੇਜਿਆ। ਉਹ ਅਕਤੂਬਰ, 1676 ਤੋਂ ਜਨਵਰੀ 1678 ਤੱਕ ਅਫ਼ਗਾਨਿਸਤਾਨ ਰਿਹਾ। ਕਾਬਲ ਨੂੰ ਜਾਣ ਸਮੇਂ ਉਸ ਨੇ ਮੁਲਤਾਨ ਦੇ ਸੂਬੇ ਨੂੰ ਕਹਿ ਕੇ ਭਾਈ ਨੰਦ ਲਾਲ ਜੀ ਨੂੰ ਆਪਣੇ ਨਾਲ ਲੈ ਲਿਆ ਤੇ ਆਪਣਾ ਮੀਰ ਮੁਨਸ਼ੀ ਨਿਯੁਕਤ ਕੀਤਾ। ਉਸ ਦੇ ਨਾਲ ਅਫ਼ਗਾਨਿਸਤਾਨ ਗਏ। ਵਾਪਸੀ ਤੇ ਉਸ ਦੇ ਨਾਲ ਹੀ ਦਿੱਲੀ ਆ ਗਏ।

ਜਨਵਰੀ ਸੰਨ 1679 ਵਿਚ ਔਰੰਗਜ਼ੇਬ ਆਪਣੇ ਚੌਹਾਂ ਪੁੱਤਰਾਂ ਮੁਅੱਜ਼ਮ, ਆਜ਼ਮ, ਅਕਬਰ ਤੇ ਕਾਮ ਬਖ਼ਸ਼ ਸਮੇਤ ਆਗਰੇ ਗਿਆ। ਭਾਈ ਨੰਦ ਲਾਲ ਜੀ ਵੀ ਮੁਅੱਜ਼ਮ ਦੇ ਨਾਲ ਹੀ ਸਨ। ਉਥੇ ਔਰੰਗਜ਼ੇਬ ਨੇ ਆਪਣੇ ਵਿਸ਼ੇਸ਼ ਦਰਬਾਰੀਆਂ ਨੂੰ ਅਤੇ ਸ਼ਹਿਜ਼ਾਦਾ ਮੁਅੱਜ਼ਮ ਨੂੰ ਇਰਾਨ ਦੇ ਸ਼ਾਹ ਵਲੋਂ ਆਈ ਇਕ ਚਿੱਠੀ ਦਾ ਜੁਆਬ ਤਿਆਰ ਕਰਨ ਲਈ ਕਿਹਾ। ਮੁਅੱਜ਼ਮ ਨੇ ਭਾਈ ਨੰਦ ਲਾਲ ਜੀ ਕੋਲੋਂ ਜੁਆਬ ਤਿਆਰ ਕਰਵਾਇਆ। ਔਰੰਗਜ਼ੇਬ ਨੂੰ ਭਾਈ ਨੰਦ ਲਾਲ ਦੁਆਰਾ ਤਿਆਰ ਕੀਤਾ ਜੁਆਬ ਦਾ ਖਰੜਾ ਸਭ ਤੋਂ ਵੱਧ ਪਸੰਦ ਆਇਆ। ਇੱਥੇ ਹੀ ਇਕ ਵਾਰ ਕੁਰਾਨ ਦੀ ਇਕ ਆਇਤ ਦੇ ਅਰਥਾਂ ਬਾਰੇ ਦਰਬਾਰ ਵਿਚ ਬਹਿਸ ਚੱਲ ਪਈ। ਸ਼ਹਿਜ਼ਾਦਾ ਮੁਅੱਜ਼ਮ ਨੇ ਭਾਈ ਸਾਹਿਬ ਤੋਂ ਇਸ ਆਇਤ ਦੇ ਅਰਥ ਪੁੱਛ ਕੇ ਦੂਜੇ ਦਿਨ ਦਰਬਾਰ ਵਿਚ ਜਾ ਸੁਣਾਏ। ਔਰੰਗਜ਼ੇਬ ਇਹ ਅਰਥ ਸੁਣ ਕੇ ਬਹੁਤ ਪ੍ਰਸੰਨ ਹੋਇਆ। ਜਦ ਉਸ ਨੂੰ ਮੁਅੱਜ਼ਮ ਨੇ ਦੱਸਿਆ ਕਿ ਇਹ ਅਰਥ ਉਸ ਦੇ ਮੀਰ ਮੁਨਸ਼ੀ ਭਾਈ ਨੰਦ ਲਾਲ ਨੇ ਕੀਤੇ ਹਨ, ਤਾਂ ਔਰੰਗਜ਼ੇਬ ਨੂੰ ਇਸ ਗੱਲ ਦਾ ਬਹੁਤ ਦੁੱਖ ਹੋਇਆ ਕਿ ਇਕ ਹਿੰਦੂ ਕਾਫ਼ਰ ਨੇ ਕੁਰਾਨ ਦੀ ਆਇਤ ਦੇ ਅਰਥ ਮੁਸਲਮਾਨ ਵਿਦਵਾਨਾਂ ਨਾਲੋਂ ਵੀ ਪ੍ਰਭਾਵਸ਼ਾਲੀ ਢੰਗ ਨਾਲ ਕੀਤੇ ਹਨ। ਉਸ ਨੇ ਮੁਅੱਜ਼ਮ ਨੂੰ ਆਪਣੀ ਇਹ ਇੱਛਾ ਜ਼ਾਹਰ ਕੀਤੀ ਕਿ ਅਜਿਹਾ ਵਿਦਵਾਨ ਕਾਫ਼ਰ ਨਹੀਂ ਟਿਕਿਆ ਰਹਿਣਾ ਚਾਹੀਦਾ, ਸਗੋਂ ਇਸਲਾਮ ਦੇ ਘੇਰੇ ਵਿਚ ਆਉਣਾ ਚਾਹੀਦਾ ਹੈ। ਉਂਝ ਇਕ ਜਨਤਕ ਦਰਬਾਰ ਲਾ ਕੇ ਭਾਈ ਸਾਹਿਬ ਨੂੰ ਸਨਮਾਨਿਤ ਵੀ ਕੀਤਾ ਗਿਆ ਤੇ 500 ਰੁਪਏ ਇਨਾਮ ਵਜੋਂ ਦਿੱਤੇ ਗਏ।

ਜਦੋਂ ਭਾਈ ਨੰਦ ਲਾਲ ਜੀ ਨੂੰ ਔਰੰਗਜ਼ੇਬ ਦੀ ਇੱਛਾ ਦਾ ਪਤਾ ਲੱਗਾ ਤਾਂ ਆਪ ਨੌਕਰੀ ਛੱਡ ਕੇ ਮੁੜ ਮੁਲਤਾਨ ਦੇ ਸੂਬੇ ਪਾਸ ਆ ਗਏ।

ਜਿਵੇਂ ਕਿ ਪਿੱਛੇ ਜ਼ਿਕਰ ਕੀਤਾ ਜਾ ਚੁੱਕਾ ਹੈ ਕਿ ਮੁੱਅਜ਼ਮ ਨੂੰ ਔਰੰਗਜ਼ੇਬ ਨੇ ਸੰਨ 1688 ਤੋਂ 1695 ਤੱਕ ਸੱਤ ਸਾਲ ਆਪਣੀ ਕੈਦ ਵਿਚ ਰੱਖਿਆ। ਫਿਰ ਜੁਲਾਈ ਸੰਨ 1696 ਵਿਚ ਮੁਲਤਾਨ ਤੇ ਕਾਬਲ ਦਾ ਪ੍ਰਬੰਧ ਕਰਨ ਲਈ ਪੰਜਾਬ ਦਾ ਗਵਰਨਰ ਬਣਾ ਕੇ ਭੇਜਿਆ। ਇੰਝ ਇਕ ਵਾਰ ਫਿਰ ਮੁਅੱਜ਼ਮ ਦਾ ਭਾਈ ਨੰਦ ਲਾਲ ਜੀ ਨਾਲ ਮੇਲ ਹੋਇਆ।

1697 ਤੋਂ 1704-05 ਤੱਕ ਭਾਈ ਨੰਦ ਲਾਲ ਜੀ ਅਨੰਦਪੁਰ ਸਾਹਿਬ ਟਿਕੇ। ਇਸੇ ਅਰਸੇ ਵਿਚ ਆਪ ਜੀ ਨੇ ਅੰਮ੍ਰਿਤਪਾਨ ਕੀਤਾ ਤੇ ਆਪ ਭਾਈ ਨੰਦ ਲਾਲ ਸਿੰਘ ਜੀ ਬਣ ਗਏ।

ਔਰੰਗਜ਼ੇਬ ਦੀ ਮੌਤ ਮਗਰੋਂ ਸੰਨ 1707 ਵਿਚ ਸ਼ਹਿਜ਼ਾਦਾ ਮੁਅੱਜ਼ਮ, ਬਹਾਦਰ ਸ਼ਾਹ ਦੇ ਨਾਉਂ ਨਾਲ ਭਾਰਤ ਦਾ ਰਾਜਾ ਬਣਿਆ। ਭਾਈ ਸਾਹਿਬ ਫਿਰ ਉਸ ਦੀ ਸੇਵਾ ਵਿਚ ਆ ਹਾਜ਼ਰ ਹੋਏ। ਜਦੋਂ ਬਹਾਦਰ ਸ਼ਾਹ ਦੇ ਭਰਾ ਆਜ਼ਮ ਨੇ ਬਗ਼ਾਵਤ ਕਰ ਦਿੱਤੀ ਤਾਂ ਉਸ ਨੇ ਭਾਈ ਨੰਦ ਲਾਲ ਸਿੰਘ ਜੀ ਨੂੰ ਦਸਮ ਪਾਤਸ਼ਾਹ ਕੋਲੋਂ ਫ਼ੌਜੀ ਸਹਾਇਤਾ ਲੈਣ ਲਈ ਭੇਜਿਆ। ਗੁਰੂ ਜੀ ਨੇ 300 ਸਿੱਖ ਫ਼ੌਜੀ ਉਸ ਦੀ ਸਹਾਇਤਾ ਲਈ ਭੇਜੇ। ਆਗਰੇ ਦੇ ਕੋਲ (ਜਾਜਊਂ) ਵਿਖੇ 8 ਜੂਨ 1707 ਨੂੰ ਹੋਈ ਲੜਾਈ ਵਿਚ ਬਹਾਦਰ ਸ਼ਾਹ ਨੇ ਆਪਣੇ ਭਰਾ ਨੂੰ ਹਰਾ ਦਿੱਤਾ। ਉਸ ਨੇ ਫ਼ੌਜੀ ਸਹਾਇਤਾ ਭੇਜਣ ਲਈ ਗੁਰੂ ਜੀ ਦਾ ਧੰਨਵਾਦ ਕੀਤਾ।

ਭਾਈ ਨੰਦ ਲਾਲ ਜੀ ਦੇ ਦੇਹਾਂਤ ਦੀ ਮਿਤੀ ਬਾਰੇ ਵਿਦਵਾਨਾਂ ਵਿਚ ਮੱਤਭੇਦ ਪਾਏ ਜਾਂਦੇ ਹਨ। ਇਕ ਸਿੱਖ ਵਿਦਵਾਨ ਨੇ ਉਨ੍ਹਾਂ ਦੀ ਮ੍ਰਿਤੂ 1705 ਵਿਚ ਹੋਈ ਮੰਨੀ ਹੈ। ਡਾ: ਹਰੀ ਰਾਮ ਗੁਪਤਾ ਅਨੁਸਾਰ ਆਪ ਸੰਨ 1715 ਵਿਚ ਕਾਲ-ਵੱਸ ਹੋਏ। ਲਾਲਾ ਪਰਮਾਨੰਦ ਅਰੋੜਾ ਨੇ ਕਾਫ਼ੀ ਖੋਜ ਕਰਕੇ ਇਹ ਦੱਸਿਆ ਹੈ ਕਿ ਆਪ ਸੰਨ 1713 ਈ: ਵਿਚ ਅਕਾਲ ਚਲਾਣਾ ਕਰ ਗਏ। ਇਹ ਸੰਨ (1713) ਠੀਕ ਹੀ ਜਾਪਦਾ ਹੈ।

# ਖ਼ਾਲਸਾ ਪੰਥ ਦੀ ਸਿਰਜਨਾ

ਉਂਵ ਤਾਂ ਗੁਰੂ ਅਮਰਦਾਸ ਜੀ ਦੇ ਸਮੇਂ ਤੋਂ ਹੀ ਸਿੱਖ ਵਿਸਾਖੀ ਦੇ ਦਿਨ ਜੋੜ-ਮੇਲੇ ਕਰਦੇ ਸਨ, ਪਰ ਸੰਨ 1699 ਦੀ ਵਿਸਾਖੀ ਸਮੇਂ ਦਸਮ ਪਾਤਸ਼ਾਹ ਨੇ ਇਕ ਖ਼ਾਸ ਇਕੱਠ ਸੱਦਿਆ। ਸਿੱਖਾਂ ਨੂੰ ਭਾਰੀ ਗਿਣਤੀ ਵਿਚ ਅਨੰਦਪੁਰ ਸਾਹਿਬ ਪੁੱਜਣ ਲਈ ਕਾਫ਼ੀ ਸਮਾਂ ਪਹਿਲਾਂ ਹੀ ਹੁਕਮਨਾਮੇ ਭੇਜੇ ਸਨ ਜਿਨ੍ਹਾਂ ਵਿਚ ਸ਼ਸਤਰ ਬੱਧ ਹੋ ਕੇ ਆਉਣ ਲਈ ਕਿਹਾ ਗਿਆ ਸੀ। ਵਿਸਾਖੀ ਵਾਲੇ ਦਿਨ 30 ਮਾਰਚ 1699* ਨੂੰ ਅਨੰਦਪੁਰ ਸਾਹਿਬ ਵੱਡਾ ਇਕੱਠ ਹੋਇਆ। ਦੇਸ਼ ਦੇ ਕੋਨੇ-ਕੋਨੇ ਤੋਂ ਸਿੱਖ ਗੁਰੂ ਸਾਹਿਬ ਦੇ ਦਰਸ਼ਨਾਂ ਲਈ ਆਏ। ਅੰਮ੍ਰਿਤ ਵੇਲੇ ਦੀਵਾਨ ਸਜੇ, ਆਸਾ ਦੀ ਵਾਰ ਦਾ ਭੋਗ ਪਿਆ, ਸ਼ਬਦ ਦੀ ਵਿਚਾਰ ਹੋਈ। ਇਸ ਮਗਰੋਂ ਗੁਰੂ ਜੀ ਸਿੱਖ ਸੰਗਤਾਂ ਨੂੰ ਸੰਬੋਧਨ ਕਰਨ ਲਈ ਆਏ। ਸਟੇਜ ਤੇ ਆਉਂਦਿਆਂ ਹੀ ਉਨ੍ਹਾਂ ਤਲਵਾਰ ਸੂਤ ਲਈ ਤੇ ਗਰਜ ਕੇ ਬੋਲੇ, "ਇਕ ਸਿਰ ਚਾਹੀਦਾ ਹੈ।" ਇਹ ਇਕ ਨਵੀਂ ਕਿਸਮ ਦੀ ਗੱਲ ਸੀ ਜੋ ਸਿੱਖ-ਸੰਗਤਾਂ ਦੇ ਸਾਹਵੇਂ ਆਈ। ਇਸ ਕਰਕੇ ਇਕ ਵਾਰ ਤਾਂ ਸਾਰੇ ਦੀਵਾਨ ਵਿਚ ਚੁੱਪ ਵਰਤ ਗਈ। ਉਹ ਲੋਕ ਜਿਹੜੇ ਕੇਵਲ ਕੜਾਹ ਪ੍ਰਸ਼ਾਦਿ ਦੇ ਗੱਫੇ ਲਾ ਕੇ, ਸਿੱਖ ਸੰਗਤਾਂ ਦੇ ਪੈਸੇ ਖਾ-ਖਾ ਕੇ ਮੋਟੇ ਹੋਏ ਪਏ ਸਨ, ਇਕ ਵਾਰ ਤਾਂ ਕੰਬ ਗਏ। ਉਨ੍ਹਾਂ 'ਚੋਂ ਕਈਆਂ ਨੇ ਤਾਂ, (ਜਿਨ੍ਹਾਂ ਦੀ ਮਸੰਦਗੀਰੀ ਸਮਾਪਤ ਹੋ ਗਈ ਸੀ) ਮਾਤਾ ਗੁਜਰੀ ਜੀ ਕੋਲ ਜਾ ਸ਼ਿਕਾਇਤ ਕੀਤੀ ਕਿ ਗੁਰੂ ਸਾਹਿਬ ਨੂੰ ਪਤਾ

---

*ਅੱਜ ਕਲ੍ਹ ਵਿਸਾਖੀ ਆਮ ਤੌਰ ਤੇ 13 ਅਪ੍ਰੈਲ ਵਾਲੇ ਦਿਨ ਆਉਂਦੀ ਹੈ। ਇਸ ਦਾ ਕਾਰਨ ਇੰਗਲੈਂਡ ਦੁਆਰਾ ਸੰਨ 1752 ਵਿਚ ਆਪਣੇ ਕੈਲੰਡਰ ਵਿਚ ਤਰੀਕਾਂ ਦਾ ਫੇਰ ਬਦਲ ਕਰਨਾ ਹੈ।

ਯੂਰਪ ਦੇ ਦੇਸ਼ਾਂ ਵਿਚ ਈਸਵੀ ਸੰਨ ਦੀਆਂ ਤਰੀਕਾਂ ਬਾਰੇ ਕਈ ਵਾਰ ਫ਼ਰਕ ਪੈ ਜਾਂਦਾ ਸੀ। ਉਨ੍ਹਾਂ ਨੇ ਉਸ ਫ਼ਰਕ ਨੂੰ ਠੀਕ ਕਰਕੇ ਇਕੋ ਤਰੀਕ ਕਰ ਲਈ, ਪਰ ਇੰਗਲੈਂਡ ਨੇ ਇੰਝ ਨਾ ਕੀਤਾ। ਇਸ ਦਾ ਨਤੀਜਾ ਇਹ ਨਿਕਲਿਆ ਕਿ ਸੰਨ 1752 ਦੇ ਅਖ਼ੀਰ ਤੱਕ ਇੰਗਲੈਂਡ ਯੂਰਪ ਦੇ ਬਾਕੀ ਦੇਸ਼ਾਂ ਨਾਲੋਂ 11 ਦਿਨ ਪਿਛੇ ਰਹਿ ਗਿਆ। ਇਹ ਫਰਕ ਪੂਰਾ ਕਰਨ ਲਈ ਇੰਗਲੈਂਡ ਵਿਚ 1752 ਦੇ 2 ਸਤੰਬਰ ਤੋਂ ਦੂਜੇ ਦਿਨ 3 ਸਤੰਬਰ ਦੀ ਥਾਂ 14 ਸਤੰਬਰ ਕਰ ਦਿੱਤਾ ਗਿਆ। ਜਦੋਂ ਸਾਡੇ ਦੇਸ਼ ਵਿਚ ਸੰਮਤ 1801 ਦੇ ਅੱਸੂ ਦੀ ਸੰਗਰਾਂਦ ਸੀ ਅਤੇ ਚੰਦਰਮਾ ਦੇ ਹਿਸਾਬ ਭਾਦਰੋਂ ਸੁਦੀ 6 ਸੀ, ਉਸ ਦਿਨ ਇੰਗਲੈਂਡ ਵਿਚ 2 ਸਤੰਬਰ ਸੰਨ 1752 ਸੀ। ਅਗਲੇ ਦਿਨ ਅੰਗਰੇਜ਼ਾਂ ਨੇ 14 ਸਤੰਬਰ ਕਰ ਲਿਆ। ਇਸ ਦਾ ਨਤੀਜਾ ਇਹ ਹੋਇਆ ਕਿ ਅਗਲੇ ਸਾਲ ਸੰਨ 1753 ਵਿਚ ਸਾਡੀ ਵੈਸਾਖ ਦੀ ਸੰਗਰਾਂਦ (ਵਿਸਾਖੀ) ਨੂੰ ਇੰਗਲੈਂਡ ਵਿਚ 9 ਅਪ੍ਰੈਲ ਸੀ। ਫੇਰ ਆਮ ਤੌਰ ਤੇ 10 ਅਪ੍ਰੈਲ ਨੂੰ ਵਿਸਾਖੀ ਹੋਣ ਲੱਗ ਪਈ। ਸੰਨ 1800 ਦੀ ਵਿਸਾਖੀ ਨੂੰ 11 ਅਪ੍ਰੈਲ ਸੀ। ਫੇਰ ਵਿਸਾਖੀ ਕਦੇ 11 ਤੇ ਕਦੇ 12 ਅਪ੍ਰੈਲ ਨੂੰ ਹੋਣ ਲੱਗ ਪਈ। ਸੰਨ 1902 ਵਿਚ 13 ਅਪ੍ਰੈਲ ਨੂੰ ਸੀ। ਅੱਜ ਕਲ੍ਹ ਵਿਸਾਖੀ ਆਮ ਤੌਰ ਤੇ 13 ਅਪ੍ਰੈਲ ਤੇ ਕਦੇ-ਕਦੇ 14 ਅਪ੍ਰੈਲ ਨੂੰ ਆਉਂਦੀ ਹੈ।

ਨਹੀਂ ਕੀ ਹੋ ਗਿਆ ਹੈ, ਉਹ ਆਪਣੇ ਸਿੱਖਾਂ ਨੂੰ ਹੀ ਮਾਰਨ ਤੇ ਤੁਲ ਪਏ ਹਨ। ਇਸ ਤਰ੍ਹਾਂ ਕੁਝ ਕੱਚੇ ਪਿੱਲੇ ਸਿੱਖ ਤਾਂ ਦੀਵਾਨ 'ਚੋਂ ਉਠ ਕੇ ਵੀ ਚਲੇ ਗਏ, ਪਰ ਸਿਦਕੀ ਸਿੱਖਾਂ ਲਈ ਅਤੇ ਗੁਰੂ ਤੋਂ ਕੁਰਬਾਨ ਹੋ ਜਾਣ ਵਾਲਿਆਂ ਲਈ ਤਾਂ ਜੀਵਨ ਸਫ਼ਲ ਕਰਨ ਦਾ ਇਹੀ ਮੌਕਾ ਸੀ, ਜਿਨ੍ਹਾਂ 'ਚੋਂ ਲਾਹੌਰ ਦਾ ਰਹਿਣ ਵਾਲਾ ਭਾਈ ਦਇਆ ਰਾਮ (ਖੱਤਰੀ) ਉਠਿਆ, ਅਤੇ ਗੁਰੂ ਸਾਹਿਬ ਦੇ ਅੱਗੇ ਆ ਸੀਸ ਨਿਵਾਇਆ। ਉਸ ਨੂੰ ਗੁਰੂ ਸਾਹਿਬ ਨਾਲ ਦੇ ਤੰਬੂ ਵਿਚ ਲੈ ਗਏ, ਕੁਝ ਸਮੇਂ ਮਗਰੋਂ ਲਹੂ-ਲਿਬੜੀ ਤਲਵਾਰ ਲੈ ਕੇ ਸਟੇਜ ਤੇ ਆਏ, ਤੇ ਫਿਰ ਕਿਹਾ, "ਇੱਕ ਸਿਰ ਦੀ ਲੋੜ ਹੈ।"

ਉੱਥੇ ਭਲਾ ਕੋਈ ਸਿਦਕੀ ਸਿੱਖਾਂ ਦੀ ਕਮੀ ਸੀ। ਦਿੱਲੀ* ਦਾ ਭਾਈ ਧਰਮ ਦਾਸ (ਜਾਟ) ਉਠਿਆ। ਉਸ ਨੂੰ ਵੀ ਤੰਬੂ ਵਿਚ ਲੈ ਗਏ ਤੇ ਮੁੜ ਬਾਹਰ ਆ ਕੇ ਉਹੀ ਸੁਆਲ ਦੁਹਰਾਇਆ। ਇਸ ਤਰ੍ਹਾਂ ਗੁਰੂ ਜੀ ਵਾਰੀ ਵਾਰੀ ਭਾਈ ਮੁਹਕਮ ਚੰਦ (ਛੀਂਬਾ), ਦੁਆਰਕਾ (ਗੁਜਰਾਤ), ਭਾਈ ਹਿੰਮਤ ਲਾਂਗਰੀ (ਜਗਨ ਨਾਥ ਪੁਰੀ, ਉੜੀਸਾ) ਅਤੇ ਸਾਹਿਬ ਚੰਦ (ਨਾਈ) ਬਿਦਰ (ਕਰਨਾਟਕ) ਨੂੰ ਤੰਬੂ ਵਿਚ ਲੈ ਗਏ।

ਇਕ ਵਾਰ ਸੰਗਤਾਂ ਫਿਰ ਅਚੰਭੇ ਵਿਚ ਪੈ ਗਈਆਂ ਜਦੋਂ ਗੁਰੂ ਜੀ ਨੇ ਪੰਜਾਂ ਨੂੰ ਸੰਗਤਾਂ ਦੇ ਸਾਹਮਣੇ ਲਿਆ ਖੜ੍ਹਾ ਕੀਤਾ, ਉਹ ਭੀ ਇਕ ਸੁੰਦਰ ਦਿਲ-ਖਿਚਵੇਂ ਸਰੂਪ ਵਿਚ। ਪੰਜਾਂ ਨੇ ਇਕੋ ਰੰਗ ਦੇ ਦਸਤਾਰੇ ਸਜਾਏ ਹੋਏ ਸਨ, ਪੰਜਾਂ ਦੇ ਇਕੋ ਰੰਗ ਦੇ ਕੁੜਤੇ ਸਨ ਤੇ ਤੇੜ ਕਛਹਿਰੇ ਅਤੇ ਸੁੰਦਰ ਕਿਰਪਾਨਾਂ ਵੀ ਸਜਾਈਆਂ ਹੋਈਆਂ ਸਨ। ਨਵੇਂ ਰੂਪ ਵਿਚ ਪੰਜ ਸਿੱਖ ਬੜੇ ਖ਼ੂਬਸੂਰਤ ਲਗ ਰਹੇ ਸਨ। ਹੁਣ ਤਾਂ ਸੰਗਤਾਂ ਵਿਚ ਬੈਠੇ ਹੋਏ ਸਿੱਖਾਂ ਨੇ ਵੀ ਪਛਤਾਣਾ ਸ਼ੁਰੂ ਕੀਤਾ ਕਿ ਉਹਨਾਂ ਸੀਸ ਭੇਟ ਕਰਨ ਵਿਚ ਪਹਿਲ ਕਿਉਂ ਨਾ ਕੀਤੀ। ਫਿਰ ਸਤਿਗੁਰਾਂ ਨੇ ਸਰਬਲੋਹ ਦਾ ਬਾਟਾ ਮੰਗਵਾਇਆ। ਉਸ ਵਿਚ ਨਿਰਮਲ ਜਲ ਪਾ ਕੇ ਵਿਚ ਪਤਾਸੇ ਪਾ ਦਿੱਤੇ। ਗੁਰਦੇਵ ਬੀਰ-ਆਸਨ ਹੋ ਕੇ ਬਹਿ ਗਏ ਤੇ ਬਾਟੇ ਵਿਚ ਖੰਡਾ ਫੇਰਨ ਲੱਗ ਪਏ, ਉਨ੍ਹਾਂ ਨੇ ਨਾਲ-ਨਾਲ ਜਪੁ ਜੀ, ਜਾਪੁ, ਸਵੱਈਏ, ਚੌਪਈ ਤੇ ਅਨੰਦ ਸਾਹਿਬ ਦਾ ਪਾਠ ਕੀਤਾ। ਇੰਝ ਅੰਮ੍ਰਿਤ ਤਿਆਰ ਹੋ ਗਿਆ, ਜੋ ਪੰਜਾਂ ਸਿੱਖਾਂ ਨੂੰ ਛਕਾਇਆ ਗਿਆ ਤੇ ਉਨ੍ਹਾਂ ਦੇ ਨਾਵਾਂ ਨਾਲ 'ਸਿੰਘ' ਸ਼ਬਦ ਲਾ ਦਿੱਤਾ ਗਿਆ। ਜਿਸਦਾ ਅਰਥ ਸੀ ਬੱਬਰ ਸ਼ੇਰ। ਇੰਞ ਪੰਜ ਸਿੱਖਾਂ ਨੂੰ ਸਿੰਘਾਂ ਵਿਚ ਬਦਲ ਕੇ ਉਨ੍ਹਾਂ ਨੂੰ ਪੰਜ-ਪਿਆਰਿਆਂ ਦਾ ਖਿਤਾਬ ਦਿੱਤਾ। ਫਿਰ ਗੁਰੂ ਸਾਹਿਬ ਨੇ ਉਨ੍ਹਾਂ ਨੂੰ ਉਪਦੇਸ਼ ਦਿੱਤਾ :

"ਅੱਜ ਤੋਂ ਤੁਹਾਡਾ ਪਹਿਲਾ ਜਨਮ, ਜਾਤ, ਕੁਲ, ਧਰਮ ਸਭ ਖ਼ਤਮ ਹੋ ਗਏ ਹਨ। ਤੁਸੀਂ ਗੁਰੂ ਵਾਲੇ ਹੋਏ ਹੋ।

ਅੱਜ ਤੋਂ ਤੁਹਾਡਾ ਜਨਮ ਕੇਸਗੜ੍ਹ ਦਾ ਅਤੇ ਤੁਸੀਂ ਵਾਸੀ ਅਨੰਦਪੁਰ ਸਾਹਿਬ ਦੇ ਹੋਵੋਗੇ। ਤੁਸੀਂ ਪੰਜ ਕਕਾਰਾਂ — ਕੇਸ, ਕੰਘਾ, ਕੜਾ, ਕਛਹਿਰਾ ਤੇ ਕਿਰਪਾਨ ਦੇ ਧਾਰਨੀ ਹੋਵੋਗੇ। ਤੁਸੀਂ ਸਵੇਰੇ ਅੰਮ੍ਰਿਤ ਵੇਲੇ ਜਾਗ ਕੇ ਵਾਹਿਗੁਰੂ ਨਾਲ ਸੁਰਤ ਜੋੜ ਕੇ, ਅੰਮ੍ਰਿਤ

*ਕੁਝ ਸ੍ਰੋਤਾਂ ਅਨੁਸਾਰ ਭਾਈ ਧਰਮਦਾਸ ਜੀ ਹਸਤਿਨਾਪੁਰ (ਉੱਤਰ ਪ੍ਰਦੇਸ਼) ਦੇ ਨਿਵਾਸੀ ਸਨ।

ਵੇਲੇ ਨਿਤਨੇਮ ਦੀਆਂ ਬਾਣੀਆਂ ਦਾ ਪਾਠ ਜ਼ਰੂਰ ਕਰੋਗੇ। ਦਿਨ ਨੂੰ ਧਰਮ ਦੀ ਕਿਰਤ ਕਰੋਗੇ। ਸਵੇਰੇ ਸ਼ਾਮ ਸੰਗਤ ਵਿਚ ਆਵੋਗੇ ਤੇ ਸ਼ਾਮ ਨੂੰ 'ਸੋ-ਦਰੁ' ਦਾ ਪਾਠ ਤੇ ਸੌਣ ਤੋਂ ਪਹਿਲਾਂ 'ਸੋਹਿਲੇ' ਦਾ ਪਾਠ ਕਰੋਗੇ।"

ਚਾਰ ਚੀਜ਼ਾਂ ਕਰਨ ਤੋਂ ਵਰਜਿਆ, ਜਿਨ੍ਹਾਂ ਨੂੰ ਚਾਰ ਕੁਰਹਿਤਾਂ ਕਿਹਾ ਗਿਆ। ਉਹ ਇਹ ਸਨ :

(1) ਕੇਸਾਂ ਦੀ ਬੇ-ਅਦਬੀ।

(2) ਪਰ-ਇਸਤ੍ਰੀ ਜਾਂ ਪਰ-ਪੁਰਖ ਦਾ ਸੰਗ।

(3) ਤਮਾਕੂ ਦਾ ਸੇਵਨ।

(4) ਕੁੱਠੇ ਮਾਸ ਦੀ ਵਰਤੋਂ (ਕੁੱਠਾ ਉਹ ਮਾਸ ਹੈ, ਜੋ ਬੱਕਰੇ ਆਦਿ ਜਾਨਵਰ ਨੂੰ ਕਲਮਾ ਪੜ੍ਹਨ ਦੇ ਨਾਲ-ਨਾਲ ਗਰਦਨ ਤੇ ਹੌਲੀ-ਹੌਲੀ ਛੁਰੀ ਫੇਰ ਕੇ ਤਿਆਰ ਕੀਤਾ ਜਾਂਦਾ ਹੈ।)

ਸਤਿਗੁਰਾਂ ਨੇ ਇਹ ਵੀ ਕਿਹਾ ਕਿ ਚਾਰ ਕੁਰਹਿਤਾਂ ਵਿਚੋਂ ਕੋਈ ਇਕ ਕੁਰਹਿਤ ਕਰਨ ਨਾਲ ਵੀ ਸਿੱਖ ਪਤਿਤ ਸਮਝਿਆ ਜਾਵੇਗਾ ਤੇ ਸਿੱਖ ਧਰਮ ਅਪਨਾਉਣ ਲਈ ਉਸ ਨੂੰ ਦੁਬਾਰਾ ਅੰਮ੍ਰਿਤ ਛਕਣਾ ਪਵੇਗਾ।

ਇਨ੍ਹਾਂ ਤੋਂ ਇਲਾਵਾ ਹੋਰ ਵਿਧ-ਨਿਖੇਧ ਵੀ ਦੱਸੇ, ਜੋ ਅਜੋਕੀ ਸਿੱਖ ਰਹਿਤ ਮਰਯਾਦਾ ਅਤੇ ਪੁਰਾਣੇ ਰਹਿਤਨਾਮਿਆਂ ਵਿਚ ਵਿਸਥਾਰ ਨਾਲ ਦਿੱਤੇ ਹੋਏ ਹਨ। ਅਹਿਮਦਸ਼ਾਹ[17] ਬਟਾਲੀਏ ਅਤੇ ਬੂਟੇ ਸ਼ਾਹ[18] ਦੇ ਅਨੁਸਾਰ ਗੁਰੂ ਪਾਤਸ਼ਾਹ ਨੇ ਸਿੱਖਾਂ ਨੂੰ ਕਿਹਾ :

"ਮੈਂ ਚਾਹੁੰਦਾ ਹਾਂ ਕਿ ਤੁਸੀਂ ਸਾਰੇ ਇਕ ਰਾਹ ਤੇ ਚੱਲੋ ਅਤੇ ਇਕੋ ਧਰਮ ਅਪਣਾਓ। ਵੱਖ-ਵੱਖ ਜਾਤਾਂ ਦੇ ਵਖਰੇਵੇਂ ਮਿਟਾ ਦਿਓ। ਹਿੰਦੂਆਂ ਦੀਆਂ ਚਾਰ ਜਾਤਾਂ ਨੂੰ, ਜਿਨ੍ਹਾਂ ਦਾ ਵਰਣਨ ਸ਼ਾਸਤਰਾਂ ਵਿਚ ਆਇਆ ਹੈ, ਜੜ੍ਹੋਂ ਹੀ ਮੁਕਾ ਦਿਓ ਤੇ ਇਕ ਦੂਜੇ ਨਾਲ ਖੁਲ੍ਹ ਕੇ ਮਿਲੋ। ਕੋਈ ਇਕ ਦੂਜੇ ਨਾਲੋਂ ਆਪਣੇ ਆਪ ਨੂੰ ਉੱਚਾ ਵੱਡਾ ਨਾ ਸਮਝੇ। (ਤੀਰਥ) ਯਾਤਰਾ ਕਰਨ ਦਾ ਕੋਈ ਲਾਭ ਨਹੀਂ। ਕਿਸੇ ਗਨੇਸ਼ ਆਦਿ ਵੱਲ ਧਿਆਨ ਨਾ ਦਿਓ। ਵੇਦਾਂ ਸ਼ਾਸਤਰਾਂ ਤੋਂ ਉਤਾਂਹ ਉਠੋ। ਰਾਮ, ਕ੍ਰਿਸ਼ਨ, ਬ੍ਰਹਮਾ ਅਤੇ ਦੁਰਗਾ ਆਦਿ ਨੂੰ ਪੂਜਣ ਦੀ ਕੋਈ ਲੋੜ ਨਹੀਂ। ਸਿਰਫ਼ ਗੁਰੂ ਨਾਨਕ ਦੇਵ ਜੀ ਅਤੇ ਬਾਕੀ ਗੁਰੂਆਂ ਤੇ ਵਿਸ਼ਵਾਸ ਲਿਆਓ। ਸਾਰੇ ਇਕੋ ਬਾਟੇ ਵਿਚੋਂ ਅੰਮ੍ਰਿਤ ਛਕੋ ਅਤੇ ਇਕ ਦੂਜੇ ਨਾਲ ਪਿਆਰ ਕਰਕੇ, ਨਫ਼ਰਤ ਦੂਰ ਕਰੋ।"

---

17. ਅਹਿਮਦ ਸ਼ਾਹ ਬਟਾਲੀਏ ਦਾ ਸੋਹਨ ਲਾਲ ਸੂਰੀ ਦੀ ਪੁਸਤਕ 'ਉਦਮ ਤੁਤ ਤਵਾਰੀਖ' ਦੀ ਅੰਤਿਕਾ ਵਿਚ ਛਪਿਆ ਲੇਖ, ਜੋ ਅਹਿਮਦਸ਼ਾਹ ਬਟਾਲੀਏ ਦੀ ਆਪਣੀ ਹੱਥ-ਲਿਖਤ ਪੁਸਤਕ 'ਤਵਾਰੀਖ-ਇ-ਹਿੰਦ" ਵਿਚ ਵੀ ਹੈ।

18. ਬੂਟੇ ਸ਼ਾਹ (ਗ਼ੁਲਾਮ ਮੁਹੱਈਉੱਦੀਨ) ਦੀ ਪੁਸਤਕ 'ਤਵਾਰੀਖਿ ਪੰਜਾਬ' ਸੰਨ 1848 ਵਿਚ ਲਿਖੀ ਗਈ, ਜੋ ਹੱਥ-ਲਿਖਤ ਹੀ ਹੈ। ਦੋਹਾਂ ਪੁਸਤਕਾਂ ਵਿਚ ਲਗਪਗ ਇਕੋ ਜਿਹਾ ਬਿਆਨ ਹੈ।

ਫਿਰ ਗੁਰੂ ਸਾਹਿਬ ਨੇ ਉਨ੍ਹਾਂ ਪੰਜਾਂ-ਪਿਆਰਿਆਂ ਤੋਂ ਖ਼ੁਦ ਅੰਮ੍ਰਿਤ ਦੀ ਜਾਚਨਾ ਕੀਤੀ ਅਤੇ ਪੰਜਾਂ ਪਿਆਰਿਆਂ ਨੇ ਗੁਰੂ ਸਾਹਿਬ ਨੂੰ ਅੰਮ੍ਰਿਤਪਾਨ ਕਰਵਾਇਆ ਤੇ ਉਨ੍ਹਾਂ ਦਾ ਨਾਂ ਗੋਬਿੰਦ ਰਾਏ ਤੋਂ ਗੋਬਿੰਦ ਸਿੰਘ ਵਿਚ ਬਦਲ ਗਿਆ। ਨਵੀਂ ਕ੍ਰਾਂਤੀ ਆ ਗਈ। ਫਿਰ ਕੀ ਸੀ, ਸਾਰੀਆਂ ਸਿੱਖ ਸੰਗਤਾਂ ਨੇ ਅੰਮ੍ਰਿਤਪਾਨ ਕੀਤਾ। ਲਿਖਾਰੀ ਗ਼ੁਲਾਮ ਮੁਹੱਈਉੱਦੀਨ (ਦੂਜਾ ਨਾਮ—ਬੂਟੇ ਸ਼ਾਹ) ਦੇ ਕਹਿਣ ਮੁਤਾਬਿਕ ਉਦੋਂ ਵੀਹ ਹਜ਼ਾਰ ਪ੍ਰਾਣੀਆਂ ਨੇ ਅੰਮ੍ਰਿਤ-ਪਾਨ ਕੀਤਾ। ਇਂਵ ਸਾਰੇ ਸਿੱਖ ਇਕ ਪੱਕੇ ਰਿਸ਼ਤੇ ਵਿਚ ਬੰਨ੍ਹੇ ਗਏ, ਜਿਨ੍ਹਾਂ ਦਾ ਮਾਤਾ, ਪਿਤਾ, ਜਨਮ-ਅਸਥਾਨ, ਵਾਸੀ, ਸਰੂਪ, ਪੁਸ਼ਾਕ, ਜੀਵਨ-ਸੰਸਕਾਰ, ਸਭ ਇਕੋ ਜਿਹੇ ਹੋ ਗਏ ਸਨ। ਪਹਿਲਾਂ ਹਰੇਕ ਸਿੱਖ 'ਇਕੱਲਾ' ਸੀ, ਹੁਣ ਉਹ 'ਪੰਥ' ਵਿਚ ਸਮਾ ਗਿਆ ਸੀ; ਉਸ ਪੰਥ ਵਿਚ, ਜਿਸ ਵਿਚ ਅੰਮ੍ਰਿਤਪਾਨ ਕਰਕੇ, ਗੁਰੂ ਗੋਬਿੰਦ ਸਿੰਘ ਸਾਹਿਬ ਖ਼ੁਦ ਸਮਾ ਗਏ ਸਨ। ਜਿਵੇਂ ਇਕ ਬੂੰਦ ਦਾ ਕੋਈ ਮਹੱਤਵ ਨਹੀਂ ਹੁੰਦਾ, ਪਰ ਬੂੰਦ-ਬੂੰਦ ਹੋ ਕੇ ਸਮੁੰਦਰ ਬਣ ਜਾਂਦਾ ਹੈ, ਤੇ ਪਾਣੀ ਇਕ ਮਹਾਨ ਸ਼ਕਤੀ ਦਾ ਰੂਪ ਧਾਰ ਲੈਂਦਾ ਹੈ, ਇਵੇਂ ਜਦੋਂ ਸਿੱਖ 'ਪੰਥ' ਦਾ ਰੂਪ ਬਣ ਗਏ, ਤਾਂ ਉਹ ਇਕ ਮਹਾਨ ਸ਼ਕਤੀ ਦਾ ਅੰਗ ਬਣ ਗਏ। ਉਹ ਸ਼ਕਤੀ ਜਿਸ ਨੇ ਹਿੰਦੁਸਤਾਨ ਦੇ ਇਤਿਹਾਸ ਵਿਚ ਇਕ ਮਹੱਤਵਪੂਰਨ ਰੋਲ ਅਦਾ ਕੀਤਾ। ਜਿੱਥੇ 'ਪੰਥ' ਨੇ ਧਰਮ ਦਾ ਪ੍ਰਚਾਰ ਕੀਤਾ, ਸਮਾਜਿਕ ਕੁਰੀਤੀਆਂ ਨੂੰ ਦੂਰ ਕੀਤਾ, ਉੱਥੇ ਇਕ ਖਾਸ-ਕਿਸਮ ਦੇ ਰਾਜ-ਪ੍ਰਬੰਧ ਦਾ ਨਮੂਨਾ ਵੀ ਪੇਸ਼ ਕੀਤਾ, ਜੋ ਬਾਬਾ ਬੰਦਾ ਸਿੰਘ ਜੀ ਬਹਾਦਰ ਦੀ ਜਥੇਦਾਰੀ ਥੱਲੇ ਸਥਾਪਿਤ ਹੋਇਆ।

ਆਪਣੀ ਕ੍ਰਿਤ-ਖ਼ਾਲਸਾ ਪੰਥ ਉੱਤੇ ਗੁਰੂ ਸਾਹਿਬ ਰੀਝ ਉੱਠੇ। ਰੀਝਦੇ ਭੀ ਕਿਉਂ ਨਾ, ਆਖ਼ਿਰ 230 ਸਾਲਾਂ ਦੀ ਮਿਹਨਤ ਦਾ ਸਿੱਟਾ ਜੋ ਸੀ। ਪਿਆਰ ਵਿਚ ਆ ਕੇ ਆਪਣੇ ਖ਼ਾਲਸੇ ਦੀ ਉਪਮਾ ਇੰਝ ਕੀਤੀ :

ਖਾਲਸਾ ਮੇਰੋ ਰੂਪ ਹੈ ਖਾਸ॥ ਖਾਲਸੇ ਮਹਿ ਹਉਂ ਕਰਉਂ ਨਿਵਾਸ॥
ਖਾਲਸਾ ਮੇਰੋ ਮੁਖ ਹੈ ਅੰਗਾ॥ ਖਾਲਸੇ ਕੇ ਹਉਂ ਸਦ ਸਦ ਸੰਗਾ॥
ਖਾਲਸਾ ਮੇਰੋ ਇਸ਼ਟ ਸੁਹਿਰਦ॥ ਖਾਲਸਾ ਮੇਰੋ ਕਹੀਅਤ ਬਿਰਦ॥
ਖਾਲਸਾ ਮੇਰੋ ਪਛ ਅਰੁ ਪਾਦਾ॥ ਖਾਲਸਾ ਮੇਰੋ ਸੁਖ ਅਹਿਲਾਦਾ॥
ਖਾਲਸਾ ਮੇਰੋ ਮਿਤਰ ਸਖਾਈ॥ ਖਾਲਸਾ ਮਾਤ ਪਿਤਾ ਸੁਖਦਾਈ॥
ਖਾਲਸਾ ਮੇਰੀ ਸੋਭਾ ਸੀਲਾ॥ ਖਾਲਸਾ ਬੰਧੁ ਸਖਾ ਸਦ ਡੀਲਾ॥
ਖਾਲਸਾ ਮੇਰੀ ਜਾਤ ਅਰ ਪਤ॥ ਖਾਲਸਾ ਸੋ ਮਾ ਕਉ ਉਤਪਤਿ॥
ਖਾਲਸਾ ਮੇਰੋ ਭਵਨ ਭੰਡਾਰਾ॥ ਖਾਲਸੇ ਕਰ ਮੇਰੋ ਸਤਿਕਾਰਾ॥
ਖਾਲਸਾ ਮੇਰੋ ਸਜਨ ਪਰਵਾਰਾ॥ ਖਾਲਸਾ ਮੇਰੋ ਕਰਤ ਉਧਾਰਾ॥
ਖਾਲਸਾ ਮੇਰੋ ਪਿੰਡ ਪ੍ਰਾਨ॥ ਖਾਲਸਾ ਮੇਰੀ ਜਾਨ ਕੀ ਜਾਨ॥
ਮਾਨ ਮਹਤ ਮੇਰੀ ਖਾਲਸਾ ਸਹੀ॥ ਖਾਲਸਾ ਮੇਰੋ ਸਵਾਰਥ ਸਹੀ॥
ਖਾਲਸਾ ਮੇਰੋ ਕਰੇ ਨਿਰਬਾਹ॥ ਖਾਲਸਾ ਮੇਰੋ ਦੇਹ ਅਰ ਸਾਹ॥
ਖਾਲਸਾ ਮੇਰੋ ਧਰਮ ਅਰੁ ਕਰਮ॥ ਖਾਲਸਾ ਮੇਰੋ ਭੇਦ ਨਿਜ ਮਰਮ॥

ਖਾਲਸਾ ਮੇਰੋ ਸਤਿਗੁਰ ਪੂਰਾ॥ ਖਾਲਸਾ ਮੇਰੋ ਸਜਨ ਸੂਰਾ॥
ਖਾਲਸਾ ਮੇਰੋ ਬੁਧ ਅਰ ਗਯਾਨ॥ ਖਾਲਸੇ ਕਾ ਹਉ ਧਰਉਂ ਧਿਆਨ॥
ਉਪਮਾ ਖਾਲਸੇ ਜਾਤ ਨ ਕਹੀ॥ ਜਿਹਵਾ ਏਕ ਪਾਰ ਨਹਿ ਲਹੀ॥
ਸੇਸ ਰਸਨ ਸਾਰਦ ਕੀ ਬੁਧ॥ ਤਦਪਿ ਨ ਉਪਮਾ ਬਰਨਤ ਸੁਧ॥
ਯਾ ਮਹਿ ਰੰਚ ਨ ਮਿਥਯਾ ਭਾਖੀ॥ ਪਾਰਬ੍ਰਹਮ ਗੁਰ ਨਾਨਕ ਸਾਖੀ॥
ਰੋਮ ਰੋਮ ਜਉ ਰਸਨਾ ਪਾਊਂ॥ ਤਦਪਿ ਨ ਖਾਲਸਾ ਜਸ ਤਹਿ ਗਾਊਂ॥
ਹਉਂ ਖਾਲਸੇ ਕੋ ਖਾਲਸਾ ਮੇਰੋ॥ ਓਤ ਪੋਤ ਸਾਗਰ ਬੂੰਦੇਰੋ॥
ਖਾਲਸਾ ਅਕਾਲ ਪੁਰਖ ਕੀ ਫੌਜ॥ ਪ੍ਰਗਟਯੋ ਖਾਲਸਾ ਪ੍ਰਮਾਤਮ ਕੀ ਮੌਜ॥

*('ਸਰਬ ਲੋਹ' ਗ੍ਰੰਥ 'ਚੋਂ)*

## *ਪੰਥ ਰਚਨਾ ਦਾ ਇਤਿਹਾਸ ਪੁਰ ਪ੍ਰਭਾਵ*

ਖ਼ਾਲਸਾ ਪੰਥ ਦੀ ਸਿਰਜਨਾ ਇਕ ਬਹੁਤ ਹੀ ਮਹੱਤਵਪੂਰਨ ਇਤਿਹਾਸਕ ਘਟਨਾ ਹੈ। ਇਸ ਦਿਨ ਉਸ ਅਕਾਲ-ਪੁਰਖੀ ਫ਼ੌਜ ਦਾ ਜਨਮ ਹੋਇਆ, ਜਿਸ ਨੇ ਇਤਿਹਾਸ ਨੂੰ ਇਕ ਨਵਾਂ ਮੋੜ ਦਿੱਤਾ। ਸਦੀਆਂ ਤੋਂ ਵਿਦੇਸ਼ੀ ਲੁਟੇਰਿਆਂ, ਹਾਕਮਾਂ ਦੇ ਜ਼ੁਲਮ-ਸਿਤਮ ਸਹਿਣ ਵਾਲੇ ਲੋਕ ਆਪਣੀ ਜਨਮ-ਭੂਮੀ ਦੇ ਮਾਲਕ (ਰਾਜੇ) ਬਣ ਗਏ ਅਤੇ ਹਮਲਾਵਰਾਂ ਦੇ ਦੇਸ਼ਾਂ ਵਿਚ ਜਾ ਕੇ ਉਨ੍ਹਾਂ ਨੂੰ ਸਜ਼ਾਵਾਂ ਦੇਣ ਅਤੇ ਉੱਥੇ ਆਪਣਾ ਰਾਜਸੀ ਦਬਦਬਾ ਕਾਇਮ ਕਰਨ ਦੇ ਯੋਗ ਹੋ ਗਏ। ਖ਼ਾਲਸਾ ਪੰਥ ਦੀ ਰਚਨਾ ਦੇ ਇਤਿਹਾਸ ਪੁਰ ਪ੍ਰਭਾਵ ਨੂੰ ਜਾਣਨ ਲਈ, ਪੰਥ ਦੇ ਜਨਮ ਤੋਂ ਪਹਿਲੇ ਅਤੇ ਮਗਰਲੇ ਪੰਜਾਬ—ਭਾਰਤ ਦੇ, ਇਤਿਹਾਸ 'ਤੇ ਝਾਤ ਮਾਰਨੀ ਬਹੁਤ ਜ਼ਰੂਰੀ ਹੈ।

ਗੁਰੂ ਨਾਨਕ ਸਾਹਿਬ ਤੋਂ ਪਹਿਲਾਂ ਦੇ ਹਿੰਦੁਸਤਾਨ ਦੇ ਇਤਿਹਾਸ 'ਤੇ ਜ਼ਰਾ ਨਜ਼ਰ ਤਾਂ ਮਾਰੋ। ਸੰਨ 712 ਵਿਚ ਮੁਹੰਮਦ ਬਿਨ ਕਾਸਮ ਨੇ ਥੋੜ੍ਹੇ ਜਿਹੇ ਸਿਪਾਹੀਆਂ ਦੀ ਸਹਾਇਤਾ ਨਾਲ ਸਿੰਧ ਪ੍ਰਾਂਤ (ਜੋ ਇਸ ਵੇਲੇ ਪਾਕਿਸਤਾਨ ਵਿਚ ਹੈ) 'ਤੇ ਕਬਜ਼ਾ ਕਰ ਲਿਆ ਸੀ। ਜਿਸ ਵੇਲੇ ਤੋਂ ਮੁਗ਼ਲਾਂ ਦਾ ਹਿੰਦੁਸਤਾਨ ਵਿਚ ਆਉਣਾ ਆਰੰਭ ਹੋਇਆ।

ਮੁਹੰਮਦ ਬਿਨ ਕਾਸਮ ਦੇ ਮਗਰੋਂ 250 ਕੁ ਸਾਲ ਤੱਕ ਵਿਦੇਸ਼ੀਆਂ ਦੇ ਭਾਰਤ ਉਪਰ ਛੋਟੇ-ਛੋਟੇ ਹਮਲੇ ਹੁੰਦੇ ਰਹੇ। ਸੰਨ 977 ਵਿਚ ਸਬੁਕਤਗੀਨ ਨੇ ਵੱਡਾ ਕਹਿਰੀ ਹਮਲਾ ਕੀਤਾ। ਹਿੰਦੂਆਂ ਅਤੇ ਉਨ੍ਹਾਂ ਦੇ ਧਰਮ-ਮੰਦਰਾਂ ਦੀ ਰੱਜ ਕੇ ਬੇਪਤੀ ਕੀਤੀ। ਫਿਰ ਉਸ ਦੇ ਪੁੱਤਰ ਮਹਿਮੂਦ ਗਜ਼ਨਵੀ ਨੇ ਸੰਨ 1001 ਤੋਂ ਹਮਲੇ ਆਰੰਭ ਕੀਤੇ ਅਤੇ ਸਤਾਰਾਂ ਵਾਰ ਹਿੰਦੁਸਤਾਨ ਵਿਚ ਲੁੱਟ ਮਚਾਈ। ਆਪਣੇ ਬਾਰਵੇਂ ਹਮਲੇ, ਸੰਨ 1024 ਵਿਚ ਰਿਆਸਤ ਜੂਨਾਗੜ੍ਹ ਦੇ ਪ੍ਰਸਿੱਧ ਮੰਦਰ ਸੋਮਨਾਥ ਨੂੰ ਲੁੱਟਿਆ।

ਮੁਹੰਮਦ ਗੋਰੀ, ਕੁਤਬਦੀਨ ਐਬਕ (1193-1210), ਮੁਹੰਮਦ ਬਖ਼ਤਿਆਰ ਖਿਲਜੀ, ਇਲਾਉਨਦੀਨ ਖਿਲਜੀ (1296-1316), ਫੀਰੋਜ਼ ਸ਼ਾਹ ਤੁਗ਼ਲਕ (1351-1388), ਸਿਕੰਦਰ ਲੋਧੀ (1489-1517) ਆਦਿਕਾਂ ਨੇ ਭਾਰਤ ਵਾਸੀਆਂ ਉੱਤੇ ਵਹਿਸ਼ੀਆਨਾ ਜ਼ੁਲਮ ਕੀਤੇ। ਇਥੋਂ ਦੇ ਰਜਵਾੜਿਆਂ ਨੂੰ ਲੁੱਟਿਆ, ਹਜ਼ਾਰਾਂ ਹਿੰਦੂ ਮੰਦਰ ਢਾਹ ਕੇ ਉੱਥੇ

ਮਸਜਿਦਾਂ ਬਣਵਾਈਆਂ, ਧਰਮ ਪੁਸਤਕਾਂ ਅਤੇ ਪੁਸਤਕਾਲੇ ਸਾੜੇ, ਲੱਖਾਂ ਹਿੰਦੂਆਂ ਨੂੰ ਕਤਲ ਕੀਤਾ, ਹਜ਼ਾਰਾਂ ਨੌਜੁਆਨ ਬੀਬੀਆਂ ਨੂੰ ਗੋਲੀਆਂ (ਦਾਸੀਆਂ) ਬਣਾਇਆ, ਆਪਣੇ ਹਰਮਾਂ ਵਿਚ ਰੱਖਿਆ, ਫ਼ੌਜੀ ਸਰਦਾਰਾਂ ਅਤੇ ਸਿਪਾਹੀਆਂ ਵਿਚ ਵੰਡ ਦਿੱਤੀਆਂ ਅਤੇ ਗਜ਼ਨੀ ਆਦਿ ਵਿਚ ਭੇਜ ਦਿੱਤੀਆਂ, ਸ਼ਹਿਰਾਂ ਦੇ ਸ਼ਹਿਰ ਲੁੱਟੇ ਅਤੇ ਸਾੜ ਫੂਕ ਕੇ ਤਬਾਹ ਕਰ ਦਿੱਤੇ।

ਫਿਰ ਗੁਰੂ ਨਾਨਕ ਸਾਹਿਬ ਦੇ ਵੇਲੇ ਬਾਬਰ ਨੇ ਜੋ ਹਮਲਾ ਕੀਤਾ, ਉਹ ਤਾਂ ਬੜਾ ਹੀ ਜ਼ਾਲਮਾਨਾ ਹਮਲਾ ਸੀ। ਜਿਸ ਹਮਲੇ ਦਾ ਜ਼ਿਕਰ ਗੁਰੂ ਨਾਨਕ ਸਾਹਿਬ ਨੇ ਗੁਰਬਾਣੀ ਵਿਚ ਕੀਤਾ ਹੈ ਅਤੇ ਚਾਰ ਸ਼ਬਦ ਉਚਾਰੇ ਹਨ—ਤਿੰਨ ਆਸਾ ਰਾਗ ਵਿਚ ਅਤੇ ਇਕ ਤਿਲੰਗ ਰਾਗ ਵਿਚ।

ਇਥੋਂ ਦੇ ਪਠਾਣ ਹਾਕਮਾਂ ਦਾ ਜ਼ਿਕਰ ਕਰਦੇ ਹੋਏ ਆਪ ਫ਼ਰਮਾਉਂਦੇ ਹਨ :

**ਧਨੁ ਜੋਬਨੁ ਦੁਇ ਵੈਰੀ ਹੋਏ, ਜਿਨ੍ਹੀ ਰਖੇ ਰੰਗੁ ਲਾਇ॥**
**ਦੂਤਾ ਨੋ ਫੁਰਮਾਇਆ ਲੈ ਚਲੇ ਪਤਿ ਗਵਾਇ॥**
**ਜੇ ਤਿਸੁ ਭਾਵੈ ਦੇ ਵਡਿਆਈ, ਜੇ ਭਾਵੈ ਦੇਇ ਸਜਾਇ॥ ੪॥**
**ਅਗੋ ਦੇ ਜੇ ਚੇਤੀਐ, ਤਾਂ ਕਾਇਤੁ ਮਿਲੈ ਸਜਾਇ॥**
**ਸਾਹਾਂ ਸੁਰਤਿ ਗਵਾਈਆ, ਰੰਗਿ ਤਮਾਸੈ ਚਾਇ॥**
**ਬਾਬਰਵਾਣੀ ਫਿਰਿ ਗਈ, ਕੁਇਰੁ ਨ ਰੋਟੀ ਖਾਇ॥ ੫॥**

*(ਆਸਾ, ਮਹਲਾ ੧, ਪੰਨਾ ੪੧੭)*

ਫਿਰ ਜਹਾਂਗੀਰ ਦੇ ਸਮੇਂ ਜੋ-ਜੋ ਜ਼ੁਲਮ ਹੋਏ, ਉਨ੍ਹਾਂ 'ਚੋਂ ਗੁਰੂ ਪੰਚਮ ਪਾਤਸ਼ਾਹ ਦੀ ਸ਼ਹੀਦੀ ਵੀ ਇਕ ਸੀ। ਗੁਰੂ ਨਾਨਕ ਸਾਹਿਬ ਦੀ ਪੰਜਵੇਂ ਜਾਮੇ ਵਿਚ ਜੋ ਸ਼ਹੀਦੀ ਹੋਈ ਉਸ ਦਾ ਮੁੱਖ ਕਾਰਣ ਇਹ ਸੀ ਕਿ ਉਹ ਧਰਮ ਨੂੰ ਨਿਖਾਰ ਕੇ ਲੋਕਾਂ ਸਾਹਵੇਂ ਪੇਸ਼ ਕਰ ਰਹੇ ਸਨ ਅਤੇ ਸਿੱਖ ਸੰਗਤਾਂ ਦੀ ਜਥੇਬੰਦੀ ਨੂੰ ਮਜ਼ਬੂਤ ਕਰ ਰਹੇ ਸਨ।

ਸਭ ਤੋਂ ਵੱਧ ਵਹਿਸ਼ੀਆਨਾ ਰਾਜ ਸੀ ਔਰੰਗਜ਼ੇਬ ਦਾ, ਜਿਸ ਨੇ ਇਸਲਾਮ-ਇਸਲਾਮ ਦਾ ਸ਼ੋਰ ਪਾ ਕੇ ਆਪਣੇ ਸਾਮਰਾਜ ਦੀਆਂ ਜੜ੍ਹਾਂ ਨੂੰ ਪੱਕਿਆਂ ਕੀਤਾ। ਉਸ ਨੇ ਲੱਖਾਂ ਬੇਦੋਸ਼ੇ ਹਿੰਦੂਆਂ ਨੂੰ, ਨਿਆਸਰੇ ਹਿੰਦੂਆਂ ਨੂੰ ਤਲਵਾਰ ਦੇ ਜ਼ੋਰ ਨਾਲ ਮੁਸਲਮਾਨ ਬਣਾਇਆ। ਜਦ ਗੁਰੂ ਨਾਨਕ ਪਾਤਸ਼ਾਹ ਨੇ ਆਪਣੇ ਨੌਵੇਂ ਜਾਮੇ, ਗੁਰੂ ਤੇਗ ਬਹਾਦਰ ਦੇ ਰੂਪ ਵਿਚ ਇਸ ਅਨਿਆਂ ਦੇ ਵਿਰੁੱਧ ਆਵਾਜ਼ ਉਠਾਈ ਤਾਂ ਉਨ੍ਹਾਂ ਨੂੰ ਅਤੇ ਉਹਨਾਂ ਦੇ ਸਿੱਖਾਂ ਨੂੰ ਅਨੇਕਾਂ ਤਸੀਹੇ ਦੇ ਕੇ ਸ਼ਹੀਦ ਕਰ ਦਿੱਤਾ ਗਿਆ।

ਇਹ ਇਤਿਹਾਸ ਹੈ ਖ਼ਾਲਸਾ ਪੰਥ ਦੀ ਰਚਨਾ ਤੋਂ ਪਹਿਲਾਂ ਦਾ। ਖ਼ਾਲਸਾ ਪੰਥ ਦੀ ਰਚਨਾ ਨੇ ਹਿੰਦੁਸਤਾਨ ਦੇ ਇਤਿਹਾਸ ਨੂੰ ਇਕ ਨਵਾਂ ਮੋੜ ਦਿੱਤਾ। ਇਸ ਇਤਿਹਾਸਿਕ ਘਟਨਾ ਦੇ ਸਾਢੇ ਨੌਂ ਸਾਲ ਮਗਰੋਂ ਦਸਮ ਪਾਤਸ਼ਾਹ ਨੇ ਬੰਦਾ ਸਿੰਘ ਬਹਾਦਰ ਨੂੰ ਸਿੰਘਾਂ ਦਾ ਜਥੇਦਾਰ ਥਾਪ ਕੇ ਪੰਜਾਬ ਭੇਜਿਆ। ਜਿਸ ਤਰ੍ਹਾਂ ਬਾਬਾ ਜੀ ਨੇ ਮੱਲਾਂ ਮਾਰੀਆਂ, ਉਹ ਕਿਸੇ ਕਰਾਮਾਤ ਤੋਂ ਘੱਟ ਨਹੀਂ ਸਨ। ਹਾਲੇ ਉਨ੍ਹਾਂ ਨੇ ਪੰਜਾਬ ਵਿਚ ਪੈਰ ਧਰਿਆ ਹੀ

ਸੀ ਕਿ ਸੋਨੀਪਤ ਦਾ ਫ਼ੌਜਦਾਰ ਤਾਂ ਉਨ੍ਹਾਂ ਦਾ ਆਉਣਾ ਸੁਣ ਕੇ ਹੀ ਨੱਸ ਗਿਆ। ਕੁਝ ਦਿਨਾਂ ਵਿਚ ਹੀ ਕੈਥਲ, ਸਢੌਰੇ ਤੇ ਸਮਾਣੇ ਨੂੰ ਸਰ ਕਰ ਲਿਆ। ਫਿਰ ਸਰਹੰਦ ਜਾ ਮਾਰੀ। 12 ਮਈ, 1710 ਈ: ਸਿੱਖ ਇਤਿਹਾਸ ਵਿਚ ਨਾ-ਭੁਲਾਣ ਵਾਲੀ ਤਰੀਕ ਹੈ, ਜਿਸ ਦਿਨ ਮੁਗ਼ਲ ਸਾਮਰਾਜ ਨੂੰ ਚੱਪੜ ਚਿੜੀ ਦੇ ਮੈਦਾਨ ਵਿਚ ਪਹਿਲੀ ਕਰਾਰੀ ਸੱਟ ਵੱਜੀ ਤੇ ਸਰਹੰਦ ਸਿੱਖਾਂ ਦੇ ਕਬਜ਼ੇ ਵਿਚ ਆ ਗਈ। 14 ਮਈ, 1710 ਨੂੰ ਸਿੰਘ ਜੇਤੂਆਂ ਦੀ ਸ਼ਕਲ ਵਿਚ ਸਰਹੰਦ ਵਿਚ ਦਾਖ਼ਲ ਹੋਏ। ਬਾਬਾ ਜੀ ਨੇ ਆਪਣੀ ਰਾਜਧਾਨੀ ਲੋਹਗੜ੍ਹ ਬਣਾਈ। ਸਰਹੰਦ ਦੀ ਜਿੱਤ ਤੋਂ ਆਪਣਾ ਸੰਮਤ ਜਾਰੀ ਕੀਤਾ। ਗੁਰੂ ਦੇ ਨਾਂ ਦਾ ਸਿੱਕਾ ਚਲਾਇਆ। ਦਿਨਾਂ ਵਿਚ ਹੀ ਸਿੱਖ ਸਾਰੇ ਪੰਜਾਬ, ਜਿਸ ਨੂੰ ਅੱਜ ਕਲ੍ਹ, ਹਰਿਆਣਾ, ਪੰਜਾਬ ਤੇ ਹਿਮਾਚਲ ਕਿਹਾ ਜਾਂਦਾ ਹੈ, ਦੇ ਰਾਜੇ ਬਣ ਬੈਠੇ। ਉੱਤਰ ਪ੍ਰਦੇਸ਼ ਵਿਚ ਵੀ ਉਨ੍ਹਾਂ ਹਮਲੇ ਕੀਤੇ ਅਤੇ ਗੁਰੂ ਗੋਬਿੰਦ ਸਿੰਘ ਜੀ ਦੇ ਸੁਪਨੇ ਸਾਕਾਰ ਹੋਏ, ਕਿਉਂਕਿ ਉਹ ਆਪਣੇ ਖਾਲਸੇ ਦੀ ਛਤਰ ਛਾਇਆ ਹੇਠ ਇਕ ਧਰਮ ਦਾ ਰਾਜ ਕਾਇਮ ਕਰਨਾ ਲੋਚਦੇ ਸਨ, ਜਿਹਾ ਕਿ ਸਿੱਖ ਸਾਖੀਕਾਰਾਂ ਨੇ ਲਿਖਿਆ ਹੈ :

—ਜਿਨਕੀ ਜਾਤ ਔਰ ਕੁਲ ਮਾਹੀ, ਸਰਦਾਰੀ ਨ ਭਈ ਕਿਦਾਹੀ।
ਤਿਨਹੀ ਕੋ ਸਰਦਾਰ ਬਨਾਊਂ, ਤਬੈ ਗੋਬਿੰਦ ਸਿੰਘ ਨਾਮ ਕਹਾਊਂ।

—ਸਤ ਸਨਾਤਿ ਔ ਬਾਰਹ ਜਾਤ।
ਜਾਨੈ ਨਾਹਿ ਰਾਜਨੀਤਿ ਕੀ ਬਾਤ।
ਜਟ ਬੂਟ ਕਹਿੰ ਜਿੰਹ ਜਗ ਮਾਹੀਂ।
ਬਣੀਏ ਬਕਾਲ ਕਿਰਾੜ ਖਤ੍ਰੀ ਸਦਾਹੀਂ। ੨੦।
ਲੁਹਾਰ ਤ੍ਰਖਾਣ ਹੁਤ ਜਾਤ ਕਮੀਨੀ।
ਛੀਪੇ ਕਲਾਲ ਨੀਚਨ ਪੈ ਕ੍ਰਿਪਾ ਕੀਨੀ।
ਗੁਜਰ, ਗੁਾਰ, ਅਹੀਰ, ਕਮਜਾਤ।
ਕੰਬੋਇ ਸ਼ੂਦਨ, ਨ ਕੋਇ ਪੁਛੇ ਬਾਤ। ੨੧।
ਸ਼ੀਵਰ, ਨਾਈ ਔਰੋੜੇ, ਘੁਮਿਆਰ।
ਸਾਂਇਣੀ, ਸੁਨਿਆਰੇ, ਚੂੜ੍ਹੇ ਚਮਿਆਰ।
ਭਟ ਔ ਬਾਹਮਣ, ਹੁਤੇ ਮੰਗਵਾਰ।
ਬਹੁ ਰੂਪੀਏ ਲੁਬਾਣੇ, ਔ ਘੁਮਿਆਰ। ੨੨।
ਇਨ ਗਰੀਬ ਸਿੱਖਨ ਕੋ ਦਯੈਂ ਪਾਤਿਸ਼ਾਹੀ।
ਏ ਯਾਦ ਰਖੈਂ ਹਮਰੀ ਗੁਰਿਆਈ।

*(ਪ੍ਰਾਚੀਨ ਪੰਥ ਪ੍ਰਕਾਸ਼, ਭਾਈ ਰਤਨ ਸਿੰਘ ਭੰਗੂ)*

—ਰਾਜ ਕਰੇਗਾ ਖਾਲਸਾ, ਆਕੀ ਰਹਹਿ ਨ ਕੋਇ।
ਖ੍ਵਾਰ ਹੋਇ ਸਭ ਮਿਲੈਂਗੇ, ਬਚਹਿ ਸ਼ਰਨ ਜੋ ਹੋਇ।

*(ਤਨਖ਼ਾਹਨਾਮਾ ਭਾਈ ਨੰਦ ਲਾਲ ਜੀ)*

ਇਹ ਸਭ ਜਿੱਤਾਂ ਪੰਥ ਰਚਨਾ ਦੇ ਸਿੱਟੇ ਵਜੋਂ ਹੋਈਆਂ। ਜੇ ਕਰ 1699 ਈ: ਦੀ ਵਿਸਾਖੀ ਨੂੰ ਖ਼ਾਲਸਾ ਨਾ ਸਾਜਿਆ ਜਾਂਦਾ ਤਾਂ ਇਹ ਜਿੱਤਾਂ ਕਦੇ ਵੀ ਨਾ ਹੁੰਦੀਆਂ ਤੇ ਮੁਗ਼ਲ ਰਾਜ ਦਾ ਖ਼ਾਤਮਾ ਵੀ ਨਾ ਹੋ ਸਕਦਾ।

ਇਨ੍ਹਾਂ ਜਿੱਤਾਂ ਦੇ ਪਿੱਛੇ ਜੋ ਸ਼ਕਤੀ ਕੰਮ ਕਰ ਰਹੀ ਸੀ, ਉਹ ਸੀ ਗੁਰਬਾਣੀ ਦੀ ਵਿਚਾਰਧਾਰਾ, ਅੰਮ੍ਰਿਤ ਦੀ ਸ਼ਕਤੀ, ਰਹਿਤ-ਮਰਯਾਦਾ ਦੀ ਸ਼ਕਤੀ। ਬੰਦਾ ਸਿੰਘ ਬਹਾਦਰ ਜੀ ਦੇ ਮਗਰੋਂ ਭਾਵੇਂ ਸਿੱਖਾਂ ਦੇ ਕੋਲ ਰਾਜ-ਸ਼ਕਤੀ ਨਾ ਰਹੀ, ਪਰ ਉਨ੍ਹਾਂ ਨੇ ਰਾਜ-ਸ਼ਕਤੀ ਪ੍ਰਾਪਤ ਕਰਨ ਲਈ ਯਤਨ ਜਾਰੀ ਰੱਖੇ। ਉਨ੍ਹਾਂ ਨੇ ਬਗ਼ਾਵਤ ਦਾ ਰਾਹ ਬੜੀ ਸ਼ਾਨ ਨਾਲ ਚੁਣਿਆ, ਕਿਉਂਕਿ 'ਗ਼ੁਲਾਮੀ' ਸ਼ਬਦ ਉਨ੍ਹਾਂ ਦੀ ਡਿਕਸ਼ਨਰੀ ਵਿਚ ਨਹੀਂ ਸੀ। ਐਸੇ ਸਮੇਂ ਵੀ ਆਏ ਜਦੋਂ ਸਿੱਖ ਕਾਨੂੰਨ ਵਿਰੁੱਧ ਗਰਦਾਨੇ ਗਏ, ਉਨ੍ਹਾਂ ਦੇ ਪਿੱਛੇ ਗਸ਼ਤੀ ਫ਼ੌਜਾਂ ਛੱਡੀਆਂ ਗਈਆਂ, ਉਨ੍ਹਾਂ ਨੂੰ ਚੁਣ-ਚੁਣ ਕੇ ਮਾਰਿਆ ਗਿਆ, ਉਨ੍ਹਾਂ ਦੇ ਸਿਰਾਂ ਦੇ ਮੁੱਲ ਵੀ ਰੱਖੇ ਗਏ, ਤਦ ਵੀ ਉਹ ਚੜ੍ਹਦੀ ਕਲਾ ਵਿਚ ਰਹੇ ਅਤੇ ਉਨ੍ਹਾਂ ਵਿਚ ਵਿਦਰੋਹ ਦੀ ਭਾਵਨਾ ਹੋਰ ਉਜਾਗਰ ਹੋਈ। ਇਸ ਸਮੇਂ ਭਾਈ ਸਾਹਿਬ ਭਾਈ ਮਨੀ ਸਿੰਘ ਜੀ, ਭਾਈ ਤਾਰੂ ਸਿੰਘ ਜੀ, ਭਾਈ ਸੁਬੇਗ ਸਿੰਘ, ਸ਼ਾਹਬਾਜ਼ ਸਿੰਘ ਅਤੇ ਹੋਰ ਅਨੇਕਾਂ ਸਿੰਘਾਂ ਨੂੰ ਅਸਹਿ ਅਤੇ ਅਕਹਿ ਕਸ਼ਟ ਦੇ ਕੇ ਸ਼ਹੀਦ ਕੀਤਾ ਗਿਆ। ਇਹੀ ਸਮਾਂ ਸੀ ਜਦੋਂ ਅੰਮ੍ਰਿਤਸਰ ਦੀ ਪਵਿਤਰਤਾ ਨੂੰ ਕਾਇਮ ਰੱਖਣ ਲਈ 80 ਸਾਲ ਦੇ ਬੁੱਢੇ ਜਰਨੈਲ, ਪੰਥ ਦੇ ਵਿਦਵਾਨ, ਬਾਬਾ ਦੀਪ ਸਿੰਘ ਜੀ ਨੇ ਜੰਗ ਦੇ ਮੈਦਾਨ ਵਿਚ ਮਰਦਾਨਗੀ ਦੇ ਜੌਹਰ ਦਿਖਾ ਕੇ ਸ਼ਹੀਦੀ ਪ੍ਰਾਪਤ ਕੀਤੀ। ਪਰ ਇਨ੍ਹਾਂ ਦਿਨਾਂ ਵਿਚ ਹੀ ਬਾਬਾ ਗਰਜਾ ਸਿੰਘ ਤੇ ਬਾਬਾ ਬੋਤਾ ਸਿੰਘ ਜੀ ਨੇ ਤਰਨ-ਤਾਰਨ ਤੋਂ 5 ਕਿਲੋਮੀਟਰ ਦੂਰ ਸ਼ਾਹੀ ਸੜਕ ਉੱਤੇ ਨੂਰਦੀਨ ਦੀ ਸਰਾਂ ਦੇ ਕੋਲ ਟੈਕਸ ਉਗਰਾਹੁਣਾ ਸ਼ੁਰੂ ਕਰਕੇ ਪਰਲੇ ਦਰਜੇ ਦੀ ਚੜ੍ਹਦੀ ਕਲਾ ਦੀ ਉਦਾਹਰਣ ਦਿੱਤੀ ਅਤੇ ਦੱਸ ਦਿੱਤਾ ਕਿ ਸਿੱਖ ਰਾਜ ਦੂਰ ਦੀ ਗੱਲ ਨਹੀਂ।

ਐਸੇ ਘੋਰ ਸਮਿਆਂ ਵਿਚ ਵੀ ਸਿੱਖ ਵੈਰੀਆਂ ਨਾਲ ਦੋ ਹੱਥ ਕਰਦੇ ਰਹੇ। ਅਹਿਮਦ ਸ਼ਾਹ ਅਬਦਾਲੀ, ਜਿਸ ਦੇ ਨਾਮ ਤੋਂ ਸਾਰਾ ਹਿੰਦੋਸਤਾਨ ਡਰਦਾ ਸੀ, ਵੀ ਇਨ੍ਹਾਂ ਕੋਲੋਂ ਭੈ-ਭੀਤ ਹੋ ਗਿਆ। ਗੁਰੂ ਕੇ ਸਿੰਘਾਂ ਨੇ ਹਜ਼ਾਰਾਂ ਹਿੰਦੂ ਲੜਕੀਆਂ ਨੂੰ ਉਸ ਦੀ ਕੈਦ 'ਚੋਂ ਛੁਡਾਇਆ। ਉਹ ਕੰਮ ਜੋ ਇਥੋਂ ਦੀਆਂ ਸ਼ਾਹੀ ਫ਼ੌਜਾਂ ਨਾ ਕਰ ਸਕੀਆਂ, ਖ਼ਾਲਸੇ ਨੇ ਕਰ ਵਿਖਾਇਆ। ਇਥੇ ਹੀ ਬਸ ਨਹੀਂ, ਸਰਦਾਰ ਬਘੇਲ ਸਿੰਘ ਅਤੇ ਜੱਸਾ ਸਿੰਘ ਰਾਮਗੜ੍ਹੀਏ ਦੀ ਸਰਦਾਰੀ ਹੇਠ ਸਿੱਖਾਂ ਨੇ ਸੰਨ 1783 ਵਿਚ ਦਿੱਲੀ ਵੀ ਫ਼ਤਹਿ ਕੀਤੀ।

ਇਸਦੇ ਮਗਰੋਂ ਮਹਾਰਾਜਾ ਰਣਜੀਤ ਸਿੰਘ ਦਾ 50 ਵਰ੍ਹੇ ਦਾ ਰਾਜ ਆਇਆ। ਜਿਸ ਦੇ ਨਿਆਂ ਭਰੇ ਰਾਜ ਤੇ ਜ਼ਾਲਮਾਂ ਨੂੰ ਮਾਰ ਮੁਕਾਉਣ ਲਈ ਵਾਹੀ ਤੇਗ ਨੂੰ ਅਜੇ ਵੀ ਸਲਾਹਿਆ ਜਾਂਦਾ ਹੈ। ਉਸ ਦੇ ਬਹਾਦਰ ਜਰਨੈਲਾਂ—ਬਾਬਾ ਫੂਲਾ ਸਿੰਘ ਅਕਾਲੀ, ਸਰਦਾਰ ਹਰੀ ਸਿੰਘ ਨਲੂਆ ਅਤੇ ਸਰਦਾਰ ਸ਼ਾਮ ਸਿੰਘ ਅਟਾਰੀ ਆਦਿ ਨੇ ਸਿੱਖ ਸ਼ਕਤੀ ਵਿਚ ਵਾਧਾ ਕੀਤਾ — ਸਿੱਖ ਰਾਜ ਦੀਆਂ ਹੱਦਾਂ ਨੂੰ ਵਧਾਇਆ।

ਇੰਞ ਜਿਸ ਸਮਾਜ ਦੇ ਲੋਕਾਂ ਦੀ, ਸਿੱਖ ਧਰਮ ਦੇ ਜਨਮ ਤੋਂ ਪਹਿਲਾਂ ਦੀ ਦਸ਼ਾ ਬਾਰੇ ਇਹ ਕਿਹਾ ਜਾਂਦਾ ਸੀ :

**ਹਮ ਤੋ ਤੋਲਨ ਜਾਨੇ ਤੱਕੜੀ। ਨੰਗੀ ਕਰਦ ਕਬਹੁੰ ਨਹੀਂ ਪਕੜੀ।**
**ਚਿੜੀ ਉੜੇ, ਡਰ ਸੇ ਮਰ ਜਾਏਂ। ਮੁਗ਼ਲੋਂ ਸੇ ਕੈਸੇ ਲੜ ਪਾਏਂ?**

ਉਹ ਹੀ ਲੋਕ ਗੁਰਮਤਿ ਦੇ ਧਾਰਨੀ ਬਣ ਕੇ, ਸਿੱਖ ਸਜ ਕੇ, ਮੁਗ਼ਲ ਹਕੂਮਤ ਦਾ ਖ਼ਾਤਮਾ ਕਰ ਕੇ ਦੇਸ਼ ਦੇ ਰਾਜੇ ਬਣ ਗਏ ਅਤੇ ਹੁਣ ਉਨ੍ਹਾਂ ਬਾਰੇ ਲੋਕ-ਕਵੀ ਆਖਣ ਲਗ ਪਏ ਸਨ :

**ਭੂਰਿਆਂ ਵਾਲੇ ਰਾਜੇ ਕੀਤੇ। ਮੁਗਲਾਂ ਜ਼ਹਿਰ ਪਿਆਲੇ ਪੀਤੇ।**

ਮੁਗ਼ਲਾਂ ਦਾ ਰਾਜ ਗਿਆ, ਅੰਗ੍ਰੇਜ਼ਾਂ ਦਾ ਆਇਆ, ਤਾਂ ਵੀ ਆਜ਼ਾਦੀ ਪ੍ਰਾਪਤ ਕਰਨ ਲਈ ਜਦੋ-ਜਹਿਦ ਜਾਰੀ ਰੱਖੀ। ਭਾਵੇਂ ਗਿਣਤੀ ਵਿਚ ਸਿੱਖ ਭਾਰਤ ਦੀ ਆਜ਼ਾਦੀ ਦਾ 50ਵਾਂ ਹਿੱਸਾ ਵੀ ਨਹੀਂ ਸਨ, ਪਰ ਆਜ਼ਾਦੀ ਲਈ ਬਾਕੀ ਦੇਸ਼ ਵਾਸੀਆਂ ਨਾਲੋਂ 8-9 ਗੁਣਾ ਵੱਧ ਕੁਰਬਾਨੀਆਂ ਕੀਤੀਆਂ। ਆਜ਼ਾਦੀ ਪ੍ਰਾਪਤ ਹੋਈ। ਇੰਝ ਸਿੱਖ-ਪੰਥ ਨੇ ਇਤਿਹਾਸ ਨੂੰ ਨਵੀਂ ਸੇਧ ਹੀ ਨਹੀਂ ਦਿੱਤੀ, ਸਗੋਂ ਇਤਿਹਾਸ ਬਦਲ ਕੇ ਰੱਖ ਦਿੱਤਾ।

### *ਅੰਮ੍ਰਿਤ ਦੀਆਂ ਬਰਕਤਾਂ*

ਸਿੱਖ ਪੰਥ ਦੇ ਕਾਰਨਾਮਿਆਂ ਪਿੱਛੇ ਜਿਹੜੀ ਸ਼ਕਤੀ ਕੰਮ ਕਰ ਰਹੀ ਸੀ, ਉਹ ਸੀ ਗੁਰਮਤਿ ਦੀ ਵਿਚਾਰਧਾਰਾ, ਅੰਮ੍ਰਿਤ ਦੀ ਸ਼ਕਤੀ, ਰਹਿਤ-ਮਰਯਾਦਾ ਦੀ ਸ਼ਕਤੀ। ਅੰਮ੍ਰਿਤ ਤੋਂ ਸਿੱਖਾਂ ਨੂੰ ਹੇਠ ਲਿਖੀਆਂ ਬਰਕਤਾਂ ਪ੍ਰਾਪਤ ਹੋਈਆਂ:

(1) ਅੰਮ੍ਰਿਤ ਨੇ ਸਿੱਖਾਂ ਨੂੰ ਪੰਥਕ ਸ਼ਕਤੀ ਤੇ 'ਗੁਰੂ ਪੰਥ' ਦੇ ਰੂਪ ਵਿਚ ਬਦਲ ਕੇ ਰੱਖ ਦਿੱਤਾ।

(2) ਅੰਮ੍ਰਿਤ ਨੇ ਸਿੱਖਾਂ ਨੂੰ ਕੇਵਲ ਗੁਰੂ ਦੇ ਲੜ ਹੀ ਨਹੀਂ ਲਾਇਆ, ਸਗੋਂ ਸਿੱਖ ਗੁਰੂ ਤੇ ਅਕਾਲ ਪੁਰਖ ਨੂੰ ਇਕ ਸੂਤਰ ਵਿਚ ਬੰਨ੍ਹ ਕੇ ਰੱਖ ਦਿੱਤਾ, ਤਾਹੀਓਂ ਤਾਂ ਦਸਮ ਪਾਤਸ਼ਾਹ ਫ਼ਰਮਾਉਂਦੇ ਹਨ :

**ਆਤਮ ਰਸ ਜੋ ਜਾਨਹੀ, ਸੋ ਹੈ ਖਾਲਸਾ ਦੇਵ॥**
**ਪ੍ਰਭ ਮਹਿੰ, ਮੋ ਮਹਿੰ, ਤਾਸ ਮਹਿੰ, ਰੰਚਕ ਨਾਹਿਨ ਭੇਵ॥**

*(ਸਰਬ ਲੋਹ ਗ੍ਰੰਥ)*

(3) ਅੰਮ੍ਰਿਤ ਨੇ ਦੋ ਵਿਰੋਧੀ ਸਮਝੇ ਜਾਣ ਵਾਲੇ ਗੁਣਾਂ — ਸੰਤਤਾਈ ਤੇ ਸਿਪਾਹੀ-ਪੁਣੇ ਨੂੰ ਇਕੋ ਹੀ ਇਨਸਾਨ ਵਿਚ ਇਕੱਠਿਆਂ ਕਰ ਦਿੱਤਾ। ਇਹ ਗੁਰੂ ਨਾਨਕ-ਗੁਰੂ ਗੋਬਿੰਦ ਸਿੰਘ ਦੀ ਸੰਸਾਰ ਨੂੰ ਇਕ ਨਵੀਂ ਦੇਣ ਸੀ।

(4) ਅੰਮ੍ਰਿਤ ਨੇ ਮੰਨੂ ਰਿਸ਼ੀ ਦੀ ਪੈਦਾ ਕੀਤੀ ਹੋਈ ਜਾਤ-ਵੰਡ ਨੂੰ ਤੋੜਿਆ। ਬ੍ਰਾਹਮਣ, ਖੱਤਰੀ, ਵੈਸ਼ ਤੇ ਸ਼ੂਦਰ ਸਭ ਨੇ ਇਕੋ ਬਾਟੇ 'ਚੋਂ ਅੰਮ੍ਰਿਤ ਛਕਿਆ। ਸਭ ਨੂੰ ਸਾਂਝਾ ਉਪਦੇਸ਼—ਗੁਰਮਤਿ-ਗਿਆਨ ਦਿੱਤਾ ਗਿਆ।

(5) ਅੱਜ ਅਗਰ ਸਿੱਖ ਨਜ਼ਰ ਆ ਰਹੇ ਹਨ, ਤਾਂ ਇਹ ਕੇਵਲ 'ਅੰਮ੍ਰਿਤ' ਦੀ ਬਰਕਤ ਸਦਕਾ ਹੀ ਹਨ। ਨਹੀਂ ਤਾਂ, ਜੇ ਕਿਤੇ ਸਾਨੂੰ ਪੰਜ-ਕਕਾਰਾਂ ਦਾ ਧਾਰਨੀ ਨਾ ਬਣਾਇਆ ਜਾਂਦਾ, ਤਾਂ ਅਸੀਂ ਬੋਧੀਆਂ ਦੀ ਤਰ੍ਹਾਂ, ਹਿੰਦੂਆਂ ਵਿਚ ਜਜ਼ਬ ਹੋ ਚੁੱਕੇ ਹੁੰਦੇ।

(6) 'ਅੰਮ੍ਰਿਤ' ਨੇ ਸਿੱਖਾਂ ਨੂੰ ਇਕ ਮਜ਼ਬੂਤ ਤੇ ਸ਼ਕਤੀਸ਼ਾਲੀ ਜਥੇਬੰਦੀ 'ਪੰਥ' ਦਾ ਰੂਪ ਦਿੱਤਾ। ਅੰਮ੍ਰਿਤ ਸਿੱਖਾਂ ਨੂੰ ਆਪਣੀ ਵੱਖਰੀ ਕੌਮੀਅਤ (Nationality) ਦਾ ਅਹਿਸਾਸ ਕਰਵਾਉਂਦਾ ਹੈ। ਇਸੇ ਕਾਰਨ ਹੀ ਤਾਂ ਸਿੱਖ ਆਪਣੀ ਕੌਮ ਦੇ ਰਾਜ ਪ੍ਰਬੰਧ ਲਈ ਲੜਦੇ ਰਹੇ ਹਨ। "ਰਾਜ ਕਰੇਗਾ ਖ਼ਾਲਸਾ, ਆਕੀ ਰਹੇ ਨਾ ਕੋਇ", ਵੀ ਅੰਮ੍ਰਿਤ ਦੀ ਦਿੱਤੀ ਹੋਈ ਪਵਿੱਤਰ ਭਾਵਨਾ ਹੈ, ਜਿਸ ਕਰਕੇ ਅਸੀ ਆਪਣੀ ਵੱਖਰੀ ਹੋਂਦ ਕਾਇਮ ਰੱਖ ਸਕੇ ਹਾਂ।

### *ਰਹਿਤ ਮਰਯਾਦਾ ਦੀ ਮਹੱਤਤਾ*

ਇਹ ਗੱਲ ਚੰਗੀ ਤਰ੍ਹਾਂ ਸਮਝ ਲੈਣੀ ਚਾਹੀਦੀ ਹੈ ਕਿ ਅੰਮ੍ਰਿਤ ਦੀ ਸ਼ਕਤੀ ਦੇ ਪਿੱਛੇ ਅਸਲ ਵਿਚ ਸਿੱਖੀ ਦੀ ਰਹਿਤ ਕਮਾਈ ਹੀ ਕੰਮ ਕਰਦੀ ਹੈ। 'ਰਹਿਤ' ਪੁਰਾਣੇ ਰਹਿਤਨਾਮਿਆਂ – ਜੋ ਭਾਈ ਦੇਸਾ ਸਿੰਘ, ਭਾਈ ਚੌਪਾ ਸਿੰਘ, ਭਾਈ ਨੰਦ ਲਾਲ ਸਿੰਘ, ਭਾਈ ਪ੍ਰਹਿਲਾਦ ਸਿੰਘ, ਬਾਬਾ ਸੁਮੇਰ ਸਿੰਘ ਆਦਿ ਦੀ ਕ੍ਰਿਤ ਹਨ, ਵਿਚ ਕਾਫ਼ੀ ਵਿਸਥਾਰ ਨਾਲ ਦਿੱਤੀ ਹੋਈ ਹੈ। ਹੁਣ ਜੋ ਪੰਥ ਪ੍ਰਵਾਣਿਤ ਰਹਿਤ-ਮਰਯਾਦਾ ਹੈ, ਉਹ ਇਨ੍ਹਾਂ ਅਤੇ ਹੋਰ ਪੁਰਾਤਨ ਰਹਿਤਨਾਮਿਆਂ 'ਤੇ ਆਧਾਰਿਤ ਹੈ, ਇਸ ਨੂੰ 'ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ' ਨੇ ਛਪਵਾਇਆ ਹੈ। ਸਭ ਸਿੱਖਾਂ ਨੂੰ ਬਿਨਾਂ ਕਿਸੇ ਹੀਲ-ਹੁੱਜਤ ਦੇ ਇਸ ਰਹਿਤ-ਮਰਯਾਦਾ ਅਨੁਸਾਰ ਆਪਣਾ ਜੀਵਨ ਜਿਊਣਾ ਚਾਹੀਦਾ ਹੈ।

ਜੇ ਇਹ ਸਵਾਲ ਕੀਤਾ ਜਾਵੇ ਕਿ ਰਹਿਤ-ਮਰਯਾਦਾ ਕੀ ਹੈ, ਤਾਂ ਅਸੀ ਜੁਆਬ ਦੇਵਾਂਗੇ ਕਿ ਆਪਣੀ ਮੱਤ ਜਾਂ ਮਨਮੱਤ ਨੂੰ ਤਿਆਗ ਕੇ ਗੁਰਮਤਿ ਨੂੰ ਧਾਰਨ ਕਰ ਕੇ, ਉਸ ਅਨੁਸਾਰ ਜੀਵਨ ਬਤੀਤ ਕਰਨਾ ਹੀ ਰਹਿਤ ਦਾ ਧਾਰਨੀ ਹੋਣਾ ਹੈ। ਗੁਰਵਾਕ ਹੈ :

**ਇਤੁ ਮਾਰਗਿ ਚਲੇ ਭਾਈਅੜੇ, ਗੁਰੁ ਕਹੈ ਸੁ ਕਾਰ ਕਮਾਇ ਜੀਉ॥**
**ਤਿਆਗੇਂ ਮਨ ਕੀ ਮਤੜੀ, ਵਿਸਾਰੇਂ ਦੂਜਾ ਭਾਉ ਜੀਉ॥**
**ਇਉ ਪਾਵਹਿ ਹਰਿ ਦਰਸਾਵੜਾ, ਨਹ ਲਗੈ ਤਤੀ ਵਾਉ ਜੀਉ॥**

*(ਸੂਹੀ, ਮ: ੫, ੭੬੩)*

ਗੁਰੂ ਦੇ ਸ਼ਬਦ ਦੀ ਕਮਾਈ ਅਸਲੀ ਰਹਿਤ ਹੈ, ਜੋ ਮਨੁੱਖ 'ਚੋਂ ਵਿਕਾਰਾਂ ਦਾ ਖਾਤਮਾ ਕਰਕੇ, ਉਸ ਦੇ ਮਨ ਵਿਚ ਧਰਮ ਦਾ ਪ੍ਰਕਾਸ਼ ਕਰਦੀ ਹੈ। ਗੁਰਬਾਣੀ ਦਾ ਫ਼ੁਰਮਾਣ ਹੈ :

**ਰਹਤ ਰਹਤ ਰਹਿ ਜਾਹਿ ਬਿਕਾਰਾ॥**
**ਗੁਰ ਪੂਰੇ ਕੈ ਸਬਦਿ ਅਪਾਰਾ॥**

*(ਗਉੜੀ, ਬਾਵਨ ਅਖਰੀ, ਮ: ੫, ੨੫੯)*

ਗੁਰ ਪੂਰੇ ਦੇ ਸ਼ਬਦ ਦੀ ਕਮਾਈ ਕਰਦਿਆਂ, ਸਿੱਖ ਦਾ ਇਕ ਖਾਸ ਕਿਸਮ ਦਾ ਸੁਭਾਅ ਬਣ ਜਾਂਦਾ ਹੈ, ਜੋ ਉਸ ਨੂੰ ਬੁਰਾਈ ਤੋਂ ਵਰਜਦਾ ਰਹਿੰਦਾ ਹੈ – ਤੇ ਧਰਮ ਤੋਂ ਥਿੜਕਣ ਨਹੀਂ ਦਿੰਦਾ, ਭਾਵੇਂ ਕਿੰਨੀਆਂ ਹੀ ਮੁਸ਼ਕਿਲਾਂ ਆ ਜਾਣ। ਇਕ ਖ਼ਾਸ ਤਰ੍ਹਾਂ ਦਾ ਸੁਭਾਅ ਬਣਾਉਣ ਲਈ ਹੀ ਸਿੱਖ ਨੂੰ ਹਰ ਰੋਜ਼ ਨਿਤਨੇਮ ਕਰਨ ਦੀ ਹਦਾਇਤ ਹੈ। ਇਹ ਸੁਭਾਅ

ਹੀ ਸੀ, ਜਿਸ ਨੇ ਸਾਹਿਬਜ਼ਾਦਿਆਂ, ਬਾਬਾ ਬੰਦਾ ਸਿੰਘ, ਭਾਈ ਮਨੀ ਸਿੰਘ, ਭਾਈ ਤਾਰੂ ਸਿੰਘ, ਬਾਬਾ ਦੀਪ ਸਿੰਘ, ਭਾਈ ਸੁਬੇਗ ਸਿੰਘ, ਸ਼ਾਹਬਾਜ਼ ਸਿੰਘ, ਭਾਈ ਤਾਰਾ ਸਿੰਘ 'ਵਾਂ' ਵਰਗੇ ਹਜ਼ਾਰਾਂ ਸ਼ਹੀਦ ਪੈਦਾ ਕੀਤੇ।

ਰਹਿਤ ਵਿਚ ਗੁਰਮੁਖ-ਜੀਵਨ ਨੂੰ ਇਕ ਖਾਸ ਗੁਰਸਿੱਖੀ ਢਾਂਚੇ ਵਿਚ ਢਾਲਿਆ ਗਿਆ ਹੈ ਤੇ ਸਿੱਖ ਨੂੰ ਉਸ ਦੇ ਧਰਮ, ਉਸ ਦੇ ਆਪੇ ਬਾਰੇ – ਕਿ ਉਹ ਕੀ ਹੈ, ਤੇ ਉਸ ਨੇ ਜੀਵਨ ਵਿਚ ਕਿਹੜੇ ਕੰਮ ਕਰਨੇ ਹਨ, ਅਤੇ ਕਿਸ ਪਾਸੇ ਉਸ ਨੇ ਇਕ ਪੈਰ ਵੀ ਨਹੀਂ ਪੁੱਟਣਾ, ਆਦਿ ਬੜੇ ਸਪੱਸ਼ਟ ਸ਼ਬਦਾਂ ਵਿਚ ਸਮਝਾਇਆ ਗਿਆ ਹੈ, ਤਾਂ ਕਿ ਸਿੱਖ ਨੂੰ ਕਿਸੇ ਪ੍ਰਕਾਰ ਦਾ ਵੀ ਕੋਈ ਭੁਲੇਖਾ ਨਾ ਰਹਿ ਜਾਵੇ। ਰਹਿਤ-ਮਰਯਾਦਾ ਦੀ ਮਹੱਤਤਾ ਦਸਦੇ ਹੋਏ ਪ੍ਰਿੰਸੀਪਲ ਗੰਗਾ ਸਿੰਘ ਜੀ ਕਹਿੰਦੇ ਹਨ ਕਿ ਸੰਸਾਰ ਦਾ ਹਰ ਕੰਮ ਬਾਕਾਇਦਗੀ ਨਾਲ ਇਕ ਚਾਲ ਵਿਚ ਹੋ ਰਿਹਾ ਹੈ–ਜਿਵੇਂ ਸੂਰਜ ਦਾ ਆਪਣੀ ਜਗ੍ਹਾ ਘੁੰਮਣਾ, ਧਰਤੀ ਦਾ ਸੂਰਜ ਦੁਆਲੇ ਘੁੰਮਣਾ, ਚੰਦ ਦਾ ਪ੍ਰਿਥਵੀ ਦੁਆਲੇ ਅਤੇ ਜਿਵੇਂ ਇੰਜਣਾਂ ਦੇ ਪੁਰਜ਼ਿਆਂ ਦਾ ਹਰ ਜਗ੍ਹਾ ਬਾਕਾਇਦਗੀ ਨਾਲ ਕੰਮ ਕਰਨਾ। ਜੇ ਇਹ ਚਾਲ-ਨੇਮ ਟੁੱਟ ਜਾਵੇ ਤਾਂ ਸੰਸਾਰ ਵਿਚ ਪਰਲੋ ਆ ਸਕਦੀ ਹੈ – ਸੰਸਾਰ ਦਾ ਕੋਈ ਕੰਮ ਵੀ ਨਹੀਂ ਹੋ ਸਕਦਾ। ਇਵੇਂ ਹੀ ਰਹਿਤ, ਜੋ ਸਿੱਖ ਦੇ ਜੀਵਨ ਨੂੰ ਨੇਮ-ਬੱਧ ਕਰਦੀ ਹੈ, ਉਸ ਦੇ ਜੀਵਨ ਵਿਚ ਮਹਾਨ ਪਲਟਾ ਲਿਆ ਕੇ ਰੱਖ ਦਿੰਦੀ ਹੈ – ਪਰ ਜੇ ਰਹਿਤ ਵਿਚ ਥੋੜ੍ਹੀ ਜਿਹੀ ਢਿੱਲ ਵੀ ਆ ਜਾਵੇ ਤਾਂ ਮਨ ਅਤੇ ਤਨ ਦੋਹਾਂ ਵਿਚ ਵਿਕਾਰ ਪੈਦਾ ਹੋ ਜਾਂਦੇ ਹਨ, ਜੋ ਮਨੁੱਖ ਨੂੰ ਪਤਨ ਵੱਲ ਲੈ ਜਾਂਦੇ ਹਨ।

ਸਿੱਖ ਵਿਦਵਾਨਾਂ ਦੀ ਗੱਲ ਹੀ ਨਹੀਂ, ਪੱਛਮ ਦੇ ਵਿਦਵਾਨ ਵੀ ਕਿਸੇ ਮਰਯਾਦਾ ਵਿਚ ਰਹਿ ਕੇ ਜੀਵਨ ਬਤੀਤ ਕਰਨ ਦੀ ਸਲਾਹ ਦਿੰਦੇ ਹਨ। ਮਿਸਟਰ ਆਰਨਲਡ ਬੈਨੇਟ ਦੇ ਮੁਤਾਬਿਕ ਮਨ ਦੀ ਸ਼ਾਂਤੀ ਤੇ ਖੁਸ਼ੀ ਸੰਸਾਰਿਕ ਪ੍ਰਾਪਤੀਆਂ ਨਾਲ ਪ੍ਰਾਪਤ ਨਹੀਂ ਹੋ ਸਕਦੀ, ਸਗੋਂ ਆਪਣੇ ਜੀਵਨ ਨੂੰ ਕਿਸੇ ਵਿਚਾਰਧਾਰਾ ਅਤੇ ਸਿਧਾਂਤਾਂ ਅਨੁਸਾਰ ਬਿਤਾਉਣ ਨਾਲ ਪ੍ਰਾਪਤ ਹੋ ਸਕਦੀ ਹੈ :

***"Happiness does not spring from physical or mental pleasures, but from development of reason and adjustment of conduct to the principles."***

***(How to Live 24 Hours a Day / Readers Digest / Dec., 1972)***

[ਖੁਸ਼ੀ ਜਾਂ ਅਨੰਦ ਸਰੀਰਕ ਜਾਂ ਮਾਨਸਿਕ ਖਾਹਿਸ਼ਾਂ ਦੀ ਪੂਰਤੀ ਨਾਲ ਪ੍ਰਾਪਤ ਨਹੀਂ ਹੁੰਦਾ, ਸਗੋਂ ਬਿਬੇਕ ਬੁਧ ਅਤੇ ਆਚਰਣ (ਕਿਰਦਾਰ) ਨੂੰ ਸਿਧਾਂਤਾਂ ਦੇ ਅਨੁਕੂਲ ਢਾਲਣ ਨਾਲ ਪ੍ਰਾਪਤ ਹੁੰਦਾ ਹੈ।]

ਪੱਛਮੀ ਵਿਦਵਾਨ ਸ੍ਰੀ ਵੀਲਰ ਨੇ ਨੇਮ-ਬੱਧ ਜੀਵਨ ਦੀ ਮਹੱਤਤਾ ਨੂੰ ਇਉਂ ਬਿਆਨ ਕੀਤਾ ਹੈ :

"ਅਸਲੀ ਖੁਸ਼ੀ ਜਾਂ ਸ਼ਾਂਤੀ ਕਿਸੇ ਸੰਜਮ ਜਾਂ ਅਸੂਲ ਵਿਚ ਰਹਿ ਕੇ ਹੀ ਪ੍ਰਾਪਤ ਹੁੰਦੀ ਹੈ।"

ਕਿਸੇ ਸ਼ਾਇਰ ਨੇ ਬਹੁਤ ਸੁੰਦਰ ਕਿਹਾ ਹੈ ਕਿ :

ਸ਼ਰਤਿ ਆਜ਼ਾਦੀ ਕੀ ਹੈਂ, ਆਜ਼ਾਦੀ ਕੀ ਕੁਛ ਪਾਬੰਦੀਆਂ।
ਇਨਕਾ ਜੋ ਪਾਬੰਦ ਹੈ, ਵੁਹ ਅਸਲ ਮੇਂ ਆਜ਼ਾਦ ਹੈ।

ਇਸ ਤਰ੍ਹਾਂ ਰਹਿਤ ਦੇ ਹੱਕ ਵਿਚ ਹੋਰ ਬਹੁਤ ਕੁਝ ਕਿਹਾ ਜਾ ਸਕਦਾ ਹੈ, ਪਰ ਸਭ ਤੋਂ ਵੱਧ ਮਹੱਤਤਾ ਗੁਰੂ-ਬਚਨਾਂ ਦੀ ਹੈ, ਜੋ ਪੁਰਾਣੇ ਰਹਿਤਨਾਮਿਆਂ 'ਚੋਂ ਮਿਲਦੇ ਹਨ, ਉਨ੍ਹਾਂ 'ਚੋਂ ਕੁਝ ਆਪ ਜੀ ਦੀ ਸੇਵਾ ਵਿਚ ਪੇਸ਼ ਕਰਦੇ ਹਾਂ :

ਰਹਿਣੀ ਰਹੈ ਸੋਈ ਸਿੱਖ ਮੇਰਾ॥ ਵਹ ਠਾਕੁਰ ਮੈਂ ਉਸਕਾ ਚੇਰਾ। ੮੬।
ਰਹਤ ਰਹੇਤ ਰਹਿ ਜਾਇ ਬਿਕਾਰਾ। ਰਹਤ ਧਰਮ ਸਿਖਨ ਕੋ ਸਾਰਾ।
ਰਹਤ ਬਿਨਾ ਸਦਗਤਿ ਨਹਿ ਹੋਈ। ਰਹਤ ਬਿਨਾ ਭਲ ਕਹੈ ਨ ਕੋਈ। ੮੭।
ਰਹਤ ਬਿਨਾ ਨਹਿ ਸਿੰਘ ਕਹਾਵੈ। ਰਹਤ ਬਿਨਾ ਦਰ ਚੋਟਾਂ ਖਾਵੈ।
ਰਹਤ ਬਿਨਾ ਜਗ ਮੋ ਭਰਮਾਈ। ਰਹਤ ਬਿਨਾ ਨਰ ਨਰਕੇ ਜਾਈ। ੮੮।
ਰਹਤ ਬਿਨਾ ਤਨਖਾਹੀ ਜਾਨੋ। ਰਹਤ ਬਿਨਾ ਜੜ ਭੂਤ ਬਖਾਨੋ।
ਰਹਿਤ ਬਿਨਾ ਸੁਖ ਕਬਹੂ ਨ ਲਹੈ। ਤਾਂ ਤੇ ਰਹਤ ਸੁ ਦ੍ਰਿੜ੍ਹ ਕਰ ਗਹੈ॥ ੮੯।

*(ਰਹਿਤਨਾਮਾ ਭਾ: ਦੇਸਾ ਸਿੰਘ)*

ਪ੍ਰਿਥਮ ਰਹਤ ਯਹ ਜਾਨ, ਖੰਡੇ ਕੀ ਪਾਹੁਲ ਛਕੇ।
ਸੋਈ ਸਿੰਘ ਪ੍ਰਧਾਨ, ਅਵਰ ਨ ਪਾਹੁਲ ਜੋ ਲਏ। ੬।

*(ਰਹਿਤਨਾਮਾ ਭਾ: ਦੇਸਾ ਸਿੰਘ)*

ਦਸਮ ਪਾਤਸ਼ਾਹ ਨੂੰ ਰਹਿਤਵਾਨ ਸਿੱਖਾਂ ਨਾਲ ਅਥਾਹ ਪਿਆਰ ਹੈ। ਉਨ੍ਹਾਂ ਦੇ ਕੁਝ ਬਚਨ ਤਾਂ ਅਸੀਂ ਪਹਿਲਾਂ ਹੀ ਆਪ ਜੀ ਦੇ ਅੱਗੇ ਬਿਆਨ ਕਰ ਦਿੱਤੇ ਹਨ, ਅਤੇ ਕੁਝ ਹੋਰ ਬਚਨਾਂ ਦਾ ਵੇਰਵਾ ਇਸ ਪ੍ਰਕਾਰ ਹੈ, ਜਿਨ੍ਹਾਂ ਵਿਚੋਂ ਗੁਰੂ ਸਾਹਿਬ ਦਾ ਸਿੱਖਾਂ ਲਈ ਪਿਆਰ ਡੁਲ੍ਹ-ਡੁਲ੍ਹ ਪੈਂਦਾ ਹੈ :

ਸੇਵ ਕਰੀ ਇਨਹੀ ਕੀ ਭਾਵਤ, ਅਉਰ ਕੀ ਸੇਵ ਸੁਹਾਤ ਨ ਜੀ ਕੋ॥
ਦਾਨ ਦਯੋ ਇਨਹੀ ਕੋ ਭਲੋ, ਅਰੁ ਆਨ ਕੋ ਦਾਨ ਨ ਲਾਗਤ ਨੀਕੋ॥
ਆਗੈ ਫਲੈ ਇਨਹੀ ਕੋ ਦਯੋ, ਜਗ ਮੈ ਜਸ ਅਉਰ ਦਯੋ ਸਭ ਫੀਕੋ॥
ਮੋ ਗ੍ਰਿਹ ਮੈ ਮਨ ਤੇ ਤਨ ਤੇ, ਸਿਰ ਲੌ ਧਨ ਹੈ, ਸਭ ਹੀ ਇਨ ਹੀ ਕੋ॥

*(ਖਾਲਸਾ ਮਹਿਮਾ)*

ਪਰ ਜਿਹੜੇ ਮਨੁੱਖ ਅੰਮ੍ਰਿਤਪਾਨ ਕਰਕੇ, ਰਹਿਤ ਅਨੁਸਾਰ ਜੀਵਨ ਨਹੀਂ ਢਾਲਦੇ, ਗੁਰੂ ਸਾਹਿਬ ਉਨ੍ਹਾਂ ਨੂੰ ਵੇਖਣਾ ਵੀ ਪਸੰਦ ਨਹੀਂ ਕਰਦੇ।

(੧) ਧਰੇ ਕੇਸ ਪਾਹੁਲ ਬਿਨਾ, ਭੇਖੀ ਮੂੜਾ ਸਿਖ।
ਮੇਰਾ ਦਰਸਨ ਨਾਹਿ ਤਿਸ, ਪਾਪੀ ਤਿਆਗੇ ਭਿਖ। ੫।

*(ਰਹਿਤਨਾਮਾ ਭਾਈ ਸਾਹਿਬ ਸਿੰਘ)*

ਜਦ ਤੱਕ ਖ਼ਾਲਸਾ-ਪੰਥ ਨਿਆਰਾ ਰਹੇਗਾ, ਰਹਿਤ ਤੇ ਚਲੇਗਾ, ਉਦੋਂ ਤੱਕ ਉਹ ਚੜ੍ਹਦੀ ਕਲਾ ਵਿਚ ਰਹੇਗਾ, ਪਰ ਜਦ ਉਹ ਰਹਿਤ ਨੂੰ ਛੱਡ ਓਝੜੇ ਪੈ ਜਾਵੇਗਾ ਤਾਂ ਉਸ ਨੂੰ ਗਿਰਾਵਟ ਵੱਲ ਜਾਣ ਤੋਂ ਕੋਈ ਵੀ ਨਹੀਂ ਰੋਕ ਸਕਦਾ :

ਜਬ ਲਗ ਖਾਲਸਾ ਰਹੇ ਨਿਆਰਾ, ਤਬ ਲਗ ਤੇਜ ਦੀਓ ਮੈਂ ਸਾਰਾ॥
ਜਬ ਇਹ ਗਹੈਂ ਬਿਪ੍ਰਨ ਕੀ ਰੀਤ, ਮੈ ਨ ਕਰੋ ਇਨਕੀ ਪ੍ਰਤੀਤ॥

*ਕਕਾਰਾਂ ਦੀ ਮਹਾਨਤਾ*

ਗੁਰਸਿੱਖ ਲਈ ਜਿੱਥੇ ਮਨ ਦੀ ਰਹਿਤ ਜ਼ਰੂਰੀ ਹੈ, ਉੱਥੇ ਤਨ ਦੀ ਰਹਿਤ ਰੱਖਣੀ ਵੀ ਜ਼ਰੂਰੀ ਹੈ — ਉਹ ਹੈ ਪੰਜ ਕਕਾਰਾਂ ਦਾ ਧਾਰਨੀ ਹੋਣਾ। ਪੰਜ ਕਕਾਰਾਂ ਬਾਰੇ ਇਉਂ ਤਾਕੀਦ ਕੀਤੀ ਗਈ ਹੈ :

(1) ਨਿਸ਼ਾਨਿ ਸਿਖੀ ਈਂ ਪੰਜ ਹਰਫਿ ਕਾਫ਼॥
ਹਰਗਿਜ਼ ਨ ਬਾਸ਼ਦ, ਈਂ ਪੰਜ ਮੁਆਫ਼॥
ਕੜਾ ਕਾਰਦੋ, ਕਾਛ, ਕੰਘਾ, ਬਿਦਾਂ॥
ਬਿਲਾ ਕੇਸ, ਹੇਚ ਅਸਤ, ਜੁਮਲਾ ਨਿਸ਼ਾਂ॥

(2) ਕੱਛ, ਕੇਸ, ਕੰਘਾ, ਕਿਰਪਾਨ॥
ਕੜਾ ਔਰ ਜੋ ਕਰੌਂ ਬਖਾਨ॥
ਇਹ ਕੱਕੇ ਪੰਜ ਤੁਮ ਜਾਨੋ॥
ਗੁਰੂ ਗ੍ਰੰਥ ਕੋ ਤੁਮ ਸਭ ਮਾਨੋ॥

ਕਕਾਰ ਅਤੇ ਤਨ ਦੀ ਰਹਿਤ ਸਿੱਖ ਦੁਆਰਾ ਗੁਰੂ ਦੀ ਸਿੱਖਿਆ ਉੱਪਰ ਦ੍ਰਿੜ੍ਹਤਾ ਨਾਲ ਚੱਲਣ ਦੀ ਪ੍ਰਤੀਕ ਹੈ। ਮਨ ਦੀ ਰਹਿਤ ਜਿੱਥੇ ਸਿੱਖ ਦੀ ਆਤਮਾ ਨੂੰ ਬਲਵਾਨ ਕਰਦੀ ਹੈ, ਉਥੇ ਤਨ ਦੀ ਰਹਿਤ ਇਹ ਗੱਲ ਦਰਸਾਉਂਦੀ ਹੈ ਕਿ ਸਿੱਖ ਮਨ ਦੀ ਰਹਿਤ ਦੇ ਪੱਖੋਂ ਕਿੰਨਾ ਕੁ ਪਰਪੱਕ ਹੈ ਅਤੇ ਉਸ ਦਾ ਆਪਣੇ ਗੁਰੂ ਨਾਲ ਕਿੰਨਾ-ਕੁ ਪਿਆਰ ਹੈ। ਇਸੇ ਲਈ ਇਕ ਵਾਰ ਮਾਸਟਰ ਤਾਰਾ ਸਿੰਘ ਜੀ ਨੂੰ ਜਦੋਂ ਨੌਜੁਆਨਾਂ ਨੇ ਪੁੱਛਿਆ ਸੀ ਕਿ ਕਕਾਰਾਂ ਨੂੰ ਧਾਰਨ ਕਰਨ ਦਾ ਕੀ ਫ਼ਾਇਦਾ ਹੈ, ਤਾਂ ਆਪ ਜੀ ਨੇ ਜੁਆਬ ਦਿੱਤਾ ਸੀ, "ਮੈਨੂੰ ਮੇਰੇ ਕਕਾਰਾਂ ਵਿਚੋਂ ਗੁਰੂ ਸਾਹਿਬ ਦੇ ਦਰਸ਼ਨ ਹੁੰਦੇ ਹਨ।"

ਡਾ: ਇੰਦੂ ਭੂਸ਼ਣ ਬੈਨਰਜੀ ਦੇ ਅਨੁਸਾਰ, ਗੁਰੂ ਨਾਨਕ ਵਿਚਾਰਧਾਰਾ ਨੂੰ ਮਿਲ-ਗੋਭਾ ਹੋਣ ਤੋਂ ਬਚਾਉਣ ਲਈ ਹੀ ਕਕਾਰ ਲਾਜ਼ਮੀ ਕਰਾਰ ਦਿੱਤੇ ਗਏ ਸਨ :

***"In order that the influences started by Guru Nanak might continue to work, it was essential that those influences should be perpetuated and paradoxical as it may seem, new forms forged in order that the spirit might not disappear."***

[ਗੁਰੂ ਨਾਨਕ ਸਾਹਿਬ ਦੀ ਦਿੱਤੀ ਨੈਤਿਕ-ਸ਼ਕਤੀ ਨੂੰ ਜ਼ਿੰਦਾ ਰੱਖਣ ਲਈ ਇਹ

ਜ਼ਰੂਰੀ ਸੀ ਕਿ ਉਨ੍ਹਾਂ ਦੇ ਉਪਦੇਸ਼ਾਂ (ਵਿਚਾਰਧਾਰਾ) ਨੂੰ ਹਮੇਸ਼ਾ ਲਈ ਕਾਇਮ ਰੱਖਿਆ ਜਾਵੇ। ਭਾਵੇਂ ਇਹ ਗੱਲ ਅਸੰਗਤ ਨਜ਼ਰ ਆਉਂਦੀ ਹੋਵੇ, ਪਰ ਨਵੇਂ ਕਕਾਰ ਇਸ ਲਈ ਲਾਜ਼ਮੀ ਕੀਤੇ ਗਏ ਸਨ, ਤਾਂ ਜੋ ਗੁਰਮਤਿ-ਵਿਚਾਰਧਾਰਾ ਨੂੰ ਕਾਇਮ ਰੱਖਿਆ ਜਾਵੇ।]

ਇਕ ਵਿਦੇਸ਼ੀ ਬੀਬੀ *Miss Jeanne Culler* ਨੇ ਕਕਾਰਾਂ ਦੀ ਮਹੱਤਤਾ ਨੂੰ ਦਰਸਾਉਂਦਿਆਂ ਹੋਇਆਂ ਬਹੁਤ ਠੀਕ ਲਿਖਿਆ ਹੈ :

"ਸਿੱਖੋ! ਤੁਸੀਂ ਕਕਾਰ ਤਿਆਗਣ ਦੀ ਸੋਚੋ ਤਾਂ ਸਹੀ, ਖ਼ਾਲਸਾ ਪੰਥ ਦਾ ਅੰਤ ਸਾਹਮਣੇ ਨਜ਼ਰ ਆਵੇਗਾ। ਜੇ ਤੁਸੀਂ ਦਸਤਾਰ ਉਤਾਰ ਦਿਓ, ਕੇਸ-ਦਾਹੜੀ ਕਤਲ ਕਰਾ ਦਿਓ ਤੇ ਕੜਾ ਲਾਹ ਛੱਡੋ, ਤਾਂ ਮੈਂ ਤੁਹਾਨੂੰ ਦਿਆਨਤਦਾਰੀ ਨਾਲ ਕਹਿੰਦੀ ਹਾਂ ਕਿ ਇਸ ਸਭ ਦਾ ਨਤੀਜਾ ਬੜਾ ਮੁਸੀਬਤ ਭਰਿਆ ਅਤੇ ਮੰਦ-ਭਾਗਾ ਹੋਵੇਗਾ। ਇਨ੍ਹਾਂ ਪੰਜ-ਕਕਾਰਾਂ ਨੇ ਸਿੱਖਾਂ ਨੂੰ ਇਕ ਭਾਈਚਾਰੇ ਵਿਚ ਸੰਗਠਿਤ ਰੱਖਿਆ ਹੈ, ਕਿਉਂਕਿ ਇਹ ਚਿੰਨ੍ਹ (ਸਿੱਖਾਂ ਨੂੰ) ਸਿੱਖ ਮਹਿਸੂਸ ਕਰਨ ਅਤੇ ਸਿੱਖੀ ਮਾਰਗ ਉੱਤੇ ਚੱਲਣ ਦੇ ਸਮਰਥ ਬਣਾਉਂਦੇ ਹਨ। ਇਹ ਸਿੱਖਾਂ ਨੂੰ ਉਹ ਹਿੰਮਤ ਭਰੇ ਕਾਰਨਾਮੇ ਕਰਨ ਦੇ ਸਮਰੱਥ ਬਣਾਉਂਦੇ ਹਨ, ਜੋ ਕਿ ਦੂਜੇ ਲੋਕ (ਗ਼ੈਰ-ਸਿੱਖ) ਨਹੀਂ ਕਰ ਸਕਦੇ।"

ਕਕਾਰਾਂ ਅਤੇ ਸਿੱਖਾਂ ਦੀ ਵਿਸ਼ੇਸ਼ ਸ਼ਕਲ ਸੂਰਤ ਤੇ ਪਹਿਰਾਵੇ ਦਾ ਸਭ ਤੋਂ ਵੱਡਾ ਫ਼ਾਇਦਾ ਇਹ ਹੋਇਆ ਹੈ ਕਿ ਇਸ ਨੇ ਸਿੱਖਾਂ ਨੂੰ ਬ੍ਰਾਹਮਣੀ ਵਿਚਾਰਧਾਰਾ ਦੇ ਅਨੁਯਾਈਆਂ ਵਿਚ ਜਜ਼ਬ ਹੋਣ ਤੋਂ ਬਚਾਈ ਰੱਖਿਆ ਹੈ ਅਤੇ ਆਪਣੀ ਨਿਆਰੀ (ਵੱਖਰੀ) ਹੋਂਦ ਨੂੰ ਬਰਕਰਾਰ ਰੱਖਣ ਦੇ ਯੋਗ ਬਣਾਈ ਰੱਖਿਆ ਹੈ। ਬ੍ਰਾਹਮਣੀ ਵਿਚਾਰਧਾਰਾ ਦਾ ਇਹ ਇਕ ਵੱਡਾ ਗੁਣ ਹੈ ਕਿ ਉਸ ਨੇ ਆਪਣੀਆਂ ਵਿਰੋਧੀ ਵਿਚਾਰਧਾਰਾਵਾਂ ਨੂੰ ਗੰਧਲਾ (ਮਿਲ-ਗੋਭਾ) ਕਰਕੇ ਆਪਣੇ ਅੰਦਰ ਜਜ਼ਬ ਕਰ ਲਿਆ ਅਤੇ ਉਨ੍ਹਾਂ ਵਿਚਾਰਧਾਰਾਵਾਂ (ਧਰਮਾਂ) ਦੇ ਮੰਨਣ ਵਾਲਿਆਂ ਨੂੰ ਕੁਰਾਹੇ ਪਾ ਕੇ ਖ਼ਤਮ ਕਰ ਦਿੱਤਾ। ਬੁੱਧ ਧਰਮ ਜਿਹੜਾ ਕਿ ਭਾਰਤ ਵਿਚ ਪੈਦਾ ਹੋਇਆ ਤੇ ਜਿਹੜਾ ਬ੍ਰਾਹਮਣੀ ਧਰਮ ਪੁਸਤਕਾਂ (ਵੇਦਾਂ-ਸ਼ਾਸਤਰਾਂ-ਸਿਮਰਤੀਆਂ) ਦੀਆਂ ਸਿੱਖਿਆਵਾਂ ਦਾ ਕੱਟੜ ਵਿਰੋਧੀ ਸੀ, ਇਸ ਦੇਸ਼ ਵਿਚ ਵਧਣ-ਫੁਲਣ ਮਗਰੋਂ ਬ੍ਰਾਹਮਣ ਵਿਚਾਰਧਾਰਾ ਦੀ ਕਰਾਮਾਤੀ ਸ਼ਕਤੀ ਨਾਲ ਹਿੰਦੂ-ਧਰਮ ਦੇ ਸਾਗਰ ਵਿਚ ਗਰਕ ਹੋ ਗਿਆ ਅਤੇ ਬੋਧੀ, ਮਹਾਤਮਾ ਬੁੱਧ ਦੇ ਵਿਚਾਰਾਂ ਦੇ ਉਲਟ ਵਿਹਾਰ ਕਰਨ ਲੱਗ ਪਏ ਤੇ ਹੌਲੀ-ਹੌਲੀ ਇਸ ਦੇਸ਼ ਵਿਚੋਂ ਖ਼ਤਮ ਹੀ ਹੋ ਗਏ।

ਬ੍ਰਾਹਮਣੀ ਮਤ ਨੇ ਆਪਣਾ ਅਸਰ ਇਸਲਾਮ ਵਰਗੇ ਧਰਮ ਦੇ ਕੱਟੜ ਅਨੁਯਾਈਆਂ ਉੱਤੇ ਵੀ ਪਾ ਦਿਤਾ। ਇਸ ਕਰਕੇ ਹੀ ਤਾਂ ਪਾਣੀਪਤ ਦੇ ਮੌਲਾਨਾ ਅਲਤਾਫ਼ ਹੁਸੈਨ ਹਾਲੀ ਨੂੰ ਇਹ ਲਿਖਣ ਲਈ ਮਜਬੂਰ ਹੋਣਾ ਪਿਆ ਕਿ :

**ਵੋ ਦੀਨੇ ਹਜਾਜੀ ਕਾ ਬੇਕਾਕ ਬੇੜਾ,**
**ਜੋ ਸੀਹੂੰ ਪੇ ਅਟਕਾ, ਨ ਜੀਹੂੰ ਪੇ ਠਹਿਰਾ।**
**ਕੀਏ ਪਾਰ ਥੇ ਜਿਸਨੇ ਸਾਤੋਂ ਸਮੁੰਦਰ,**
**ਵੋ ਡੂਬਾ ਦਹਾਨੇ ਮੇਂ ਗੰਗਾ ਕੇ ਆ ਕਰ॥**

ਬ੍ਰਾਹਮਣੀ ਵਿਚਾਰਧਾਰਾ ਨੇ ਭਾਵੇਂ ਸਿੱਖਾਂ ਉੱਤੇ ਵੀ ਆਪਣਾ ਮਾਰੂ ਅਸਰ ਪਾਇਆ ਹੈ ਅਤੇ ਇਸ ਦੀ ਕਿਰਪਾ ਸਦਕਾ ਕਈ ਸਿੱਖ ਅਣਜਾਣ-ਪੁਣੇ ਵਿਚ ਗੁਰਮਤਿ ਵਿਰੋਧੀ ਕਰਮ (ਗੁਰਮਤਿ ਸਮਝ ਕੇ) ਕਰਨ ਲਗ ਪਏ ਹਨ, ਪਰ ਸਿੱਖਾਂ ਦੇ ਵੱਖਰੇ ਸਰੂਪ ਨੇ — ਕਕਾਰਾਂ ਨੇ— ਸਿੱਖਾਂ ਨੂੰ ਬ੍ਰਾਹਮਣੀ ਧਰਮ ਦੇ ਅਨੁਯਾਈਆਂ ਵਿਚ ਜਜ਼ਬ ਹੋਣ ਤੋਂ ਬਚਾਈ ਰੱਖਿਆ ਹੈ।

### *ਖ਼ਾਲਸੇ ਦੀ ਸਿਰਜਨਾ—ਗੁਰੂ ਨਾਨਕ ਪਾਤਸ਼ਾਹ ਜੀ ਦੇ ਉਦੇਸ਼ਾਂ ਦੀ ਪੂਰਤੀ ਲਈ*

ਗੁਰੂ ਗੋਬਿੰਦ ਸਿੰਘ ਜੀ ਦੇ ਖ਼ਾਲਸਾ ਸਾਜਣ ਸੰਬੰਧੀ ਆਮ ਲੋਕਾਂ ਵਿਚ ਤੇ ਵਿਦਵਾਨਾਂ ਵਿਚ ਕਈ ਭੁਲੇਖੇ ਪਏ ਹੋਏ ਹਨ। ਕਈ ਕਹਿੰਦੇ ਹਨ ਕਿ ਖ਼ਾਲਸਾ-ਪੰਥ ਕੇਵਲ ਉਸ ਸਮੇਂ ਦੀ ਲੋੜ ਨੂੰ ਪੂਰਾ ਕਰਨ ਲਈ ਸਾਜਿਆ ਗਿਆ ਸੀ; ਕਈ ਕਹਿੰਦੇ ਹਨ ਕਿ ਹਿਦੂ ਧਰਮ ਦੀ ਰੱਖਿਆ ਲਈ ਸਾਜਿਆ ਗਿਆ ਸੀ; ਕਈ ਤਾਂ ਹੋਰ ਨਿਰਾਲੀ ਗੱਲ ਕਰਦੇ ਹਨ ਕਿ ਗੁਰੂ ਗੋਬਿੰਦ ਸਿੰਘ ਜੀ ਨੇ ਖ਼ਾਲਸਾ ਸਾਜ ਕੇ ਸਿੱਖਾਂ ਨੂੰ ਗੁਰੂ ਨਾਨਕ ਪਾਤਸ਼ਾਹ ਦੇ ਅਧਿਆਤਮਕ-ਰਾਹ ਉਪਰੋਂ ਹਟਾ ਕੇ, ਸੈਨਿਕਾਂ ਦੇ ਰੂਪ ਵਿਚ ਬਦਲ ਕੇ, ਹੋਰ ਪਾਸੇ ਤੋਰ ਦਿੱਤਾ ਸੀ। ਇਸ ਤਰ੍ਹਾਂ ਦੀਆਂ ਗੱਲਾਂ ਕਈ ਤਾਂ ਗੁਰਮਤਿ-ਵਿਚਾਰਧਾਰਾ ਤੇ ਗੁਰੂ-ਸਾਹਿਬਾਨ ਦੇ ਇਤਿਹਾਸ ਦੀ ਜਾਣਕਾਰੀ ਪ੍ਰਾਪਤ ਕਰਨ ਤੋਂ ਬਿਨਾਂ ਅਣਜਾਣਪੁਣੇ ਵਿਚ ਕਹਿ ਦਿੰਦੇ ਹਨ ਅਤੇ ਕਈ ਸਿੱਖ ਧਰਮ ਦੇ ਦੋਖੀ ਜਾਣ-ਬੁੱਝ ਕੇ ਕਹਿੰਦੇ ਹਨ।

ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਦਸਮ ਪਾਤਸ਼ਾਹ ਤੱਕ ਦੇ ਗੁਰ-ਇਤਿਹਾਸ ਨੂੰ ਜੇ ਧਿਆਨ ਨਾਲ ਵਾਚਿਆ ਜਾਵੇ ਤਾਂ ਇਕ ਗੱਲ ਸਪੱਸ਼ਟ ਹੋ ਜਾਂਦੀ ਹੈ ਕਿ ਭਾਵੇਂ ਖ਼ਾਲਸਾ-ਪੰਥ ਦੀ ਰਚਨਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਕੀਤੀ ਸੀ, ਪਰ ਨੀਂਹ ਗੁਰੂ ਨਾਨਕ ਸਾਹਿਬ ਨੇ ਹੀ ਰੱਖ ਦਿੱਤੀ ਸੀ। ਮਗਰਲੇ ਅੱਠ ਗੁਰੂ-ਸਾਹਿਬਾਨ ਨੇ ਉਸ ਨੀਂਹ ਉਪਰ ਖ਼ਾਲਸਾ-ਪੰਥ ਰੂਪੀ ਮਹੱਲ ਦੀ ਉਸਾਰੀ ਕੀਤੀ ਅਤੇ ਦਸਵੇਂ ਗੁਰੂ ਜੀ ਨੇ ਉਸ ਮਹੱਲ ਨੂੰ ਸੰਵਾਰ-ਸ਼ਿੰਗਾਰ ਕੇ ਅੰਤਿਮ ਰੂਪ ਬਖਸ਼ਿਆ।

ਖ਼ਾਲਸਾ-ਪੰਥ ਦੀ ਸਿਰਜਨਾ ਉਨ੍ਹਾਂ ਸਿਧਾਂਤਾਂ ਦੇ ਪ੍ਰਚਾਰ ਅਤੇ ਰੱਖਿਆ ਲਈ ਕੀਤੀ ਗਈ ਸੀ, ਜਿਹੜੇ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਪ੍ਰਚਾਰੇ ਸਨ। ਗੁਰੂ ਨਾਨਕ ਜੀ ਦੇ ਪ੍ਰਚਾਰ ਢੰਗ ਤੋਂ ਇਕ ਗੱਲ ਬੜੇ ਪੱਕੇ ਰੂਪ ਵਿਚ ਉਘੜਦੀ ਹੈ ਕਿ ਚੰਗੇ ਸਿਧਾਂਤ ਤਦੋਂ ਤੱਕ ਨਹੀਂ ਫੈਲ ਸਕਦੇ ਜਦੋਂ ਤੱਕ ਉਨ੍ਹਾਂ ਨੂੰ ਫੈਲਾਉਣ ਦਾ ਜਥੇਬੰਦਕ ਢੰਗ ਨਹੀਂ ਉਲੀਕਿਆ ਜਾਂਦਾ। ਇਸੇ ਲਈ ਗੁਰੂ ਨਾਨਕ ਸਾਹਿਬ ਆਪਣੀ ਸਮੁੱਚੀ ਜੀਵਨ-ਯਾਤਰਾ ਵਿਚ ਗੁਰਮਤਿ-ਸਿਧਾਂਤਾਂ ਨੂੰ ਪ੍ਰਚਾਰਨ ਵਿਚ ਲੱਗੇ ਰਹੇ। ਤਲਵੰਡੀ ਵਿਚ, ਸੁਲਤਾਨਪੁਰ ਵਿਚ, ਲੰਮੇ-ਲੰਮੇ ਪ੍ਰਚਾਰ ਦੌਰਿਆਂ (ਉਦਾਸੀਆਂ) ਵਿਚ, ਕਰਤਾਰਪੁਰ ਵਿਖੇ ਅਤੇ ਅਖ਼ੀਰਲੀ ਉਮਰ ਵਿਚ ਪੰਜਾਬ ਤੇ ਇਸ ਦੇ ਨਾਲ ਲੱਗਦੇ ਵੱਖ-ਵੱਖ ਅਸਥਾਨਾਂ ਵਿਚ, ਗੁਰੂ ਜੀ ਨੇ ਪ੍ਰਚਾਰ ਦੇ ਕੰਮ ਨੂੰ ਲਗਾਤਾਰ ਜਾਰੀ ਰੱਖਿਆ।

ਪ੍ਰਚਾਰ ਦੌਰਿਆਂ ਸਮੇਂ ਵੱਖ-ਵੱਖ ਥਾਵਾਂ ਉਤੇ ਧਰਮ ਪ੍ਰਚਾਰਕ ਨਿਯਤ ਕੀਤੇ ਅਤੇ 'ਸੰਗਤਾਂ' ਥਾਪੀਆਂ। ਇੰਨੇ ਯਤਨਾਂ ਨੂੰ ਵੀ ਗੁਰੂ ਜੀ ਨੇ ਕਾਫ਼ੀ ਨਹੀਂ ਸਮਝਿਆ, ਕਿਉਂਕਿ

ਉਹ ਜਾਣ ਗਏ ਸਨ ਕਿ ਜਿਹੋ ਜਿਹੇ ਸਮਾਜ ਦੀ ਉਹ ਘਾੜਤ ਘੜਨਾ ਚਾਹੁੰਦੇ ਹਨ, ਉਹ ਕੁਝ ਸਾਲਾਂ ਵਿਚ ਹੀ ਨਹੀਂ, ਸਗੋਂ ਸਦੀਆਂ ਵਿਚ ਸਖ਼ਤ ਮਿਹਨਤ ਅਤੇ ਵਿਉਂਤਬੰਦੀ ਮਗਰੋਂ ਹੀ ਘੜੀ ਜਾ ਸਕਦੀ ਹੈ। ਇਸ ਦਾ ਕਾਰਨ ਇਹ ਸੀ ਕਿ ਗੁਰੂ ਨਾਨਕ ਪਾਤਸ਼ਾਹ ਦੇ ਵੇਲੇ ਦਾ ਸਮਾਜ ਸਰਬਪੱਖੀ ਗਿਰਾਵਟ ਦਾ ਸ਼ਿਕਾਰ ਹੋ ਚੁੱਕਾ ਸੀ। ਲੋਕੀਂ ਇਕ ਪ੍ਰਭੂ ਦਾ ਲੜ ਛਡ ਕੇ ਸੈਂਕੜੇ ਦੇਵੀ ਦੇਵਤਿਆਂ ਦੇ ਆਰਾਧਕ ਬਣ ਗਏ ਸਨ, ਸਦਾਚਾਰੀ ਜੀਵਨ ਦੀ ਥਾਂ ਉਤੇ ਲੋਕ ਧਾਰਮਿਕ ਭੇਖਾਂ ਨੂੰ ਤਰਜੀਹ ਦਿੰਦੇ ਸਨ। ਬੁੱਤ ਪੂਜਾ, ਦਰੱਖਤਾਂ ਦੀ ਪੂਜਾ, ਜਾਨਵਰਾਂ ਦੀ ਪੂਜਾ, ਜਾਦੂ-ਟੂਣੇ, ਕੁਦਰਤੀ ਸ਼ਕਤੀਆਂ (ਚੰਦ, ਸੂਰਜ, ਅਗਨੀ) ਦੀ ਪੂਜਾ ਦਾ ਹਰ ਪਾਸੇ ਜ਼ੋਰ ਸੀ। ਹਿਦੂ-ਸਮਾਜ ਮੁਰਦਾ ਹੋ ਚੁੱਕਾ ਸੀ। ਇਥੋਂ ਦੇ 'ਬਲਸ਼ਾਲੀ' ਰਾਜਪੂਤ ਵੀ ਮੁਸਲਮਾਨ ਹਾਕਮਾਂ ਦੀ ਖੁਸ਼ੀ ਪ੍ਰਾਪਤ ਕਰਨ ਲਈ ਉਨ੍ਹਾਂ ਨੂੰ ਆਪਣੀਆਂ ਧੀਆਂ ਦੇ ਡੋਲੇ ਦਿੰਦੇ ਸਨ। ਸਮਾਜ ਵਿਚ ਰਿਸ਼ਵਤ ਜ਼ੋਰਾਂ ਤੇ ਸੀ ਅਤੇ ਇਨਸਾਫ਼ ਦਾ ਕੰਮ ਕਾਜ਼ੀਆਂ ਦੇ ਹੱਥ ਸੀ, ਜੋ ਰਿਸ਼ਵਤ ਲੈ ਕੇ ਨਿਆਂ ਬਦਲ ਦਿੰਦੇ ਸਨ। ਪੁਰਸ਼ ਅਤੇ ਇਸਤਰੀ ਦਾ ਸੰਬੰਧ ਕੇਵਲ ਮਾਇਆ (ਰੁਪਏ-ਪੈਸੇ) ਕਰਕੇ ਹੀ ਸੀ। ਕਈ ਵਰਗਾਂ, ਜਾਤਾਂ, ਉਪਜਾਤਾਂ ਵਿਚ ਵੰਡੇ ਹੋਣ ਕਰਕੇ ਸਮਾਜ ਵਿਚ ਮਨੁੱਖ ਇਕ ਦੂਜੇ ਨਾਲ ਈਰਖਾ ਕਰਦੇ ਸਨ। 'ਸੂਦਰ' ਦੀ ਹਾਲਤ ਬਹੁਤ ਤਰਸਯੋਗ ਸੀ। ਬਾਕੀ 'ਵਰਨਾਂ' ਦੀ 'ਨਿਸ਼ਕਾਮ ਸੇਵਾ' ਕਰਨ ਮਗਰੋਂ ਵੀ ਉਹ ਨੀਚ ਹੀ ਕਹਾਉਂਦਾ ਸੀ। ਲੋਕੀ ਉਸ ਦੇ ਪਰਛਾਵੇਂ ਤੋਂ ਵੀ ਦੂਰ ਰਹਿੰਦੇ ਸਨ, ਉਸ ਨੂੰ ਧਰਮ-ਕਰਮ ਕਰਨ ਦੀ ਵੀ ਮਨਾਹੀ ਸੀ। ਕੁਝ ਇਸ ਤਰ੍ਹਾਂ ਦੀ ਹਾਲਤ ਹੀ 'ਇਸਤਰੀ' ਦੀ ਸੀ। ਰਾਜੇ ਵੀ ਰਾਜ-ਪ੍ਰਬੰਧ ਕਰਨ ਦੀ ਥਾਂ ਉੱਤੇ ਐਸ਼ ਪ੍ਰਸਤ ਅਤੇ ਕੁਕਰਮੀ ਹੋ ਗਏ ਸਨ, ਜਨਤਾ ਦਾ ਖ਼ੂਨ ਚੂਸਣਾ ਉਨ੍ਹਾਂ ਦਾ ਮੁੱਖ ਕੰਮ ਸੀ।

ਇਸ ਸਾਰੀ ਦਸ਼ਾ ਨੂੰ ਗੁਰੂ ਜੀ ਨੇ ਆਪਣੀ ਬਾਣੀ ਵਿਚ ਕਈ ਥਾਂ ਬਿਆਨ ਕੀਤਾ ਹੈ। ਬਾਣੀ ਵਿਚੋਂ ਕੁਝ ਕੁ ਹਵਾਲੇ ਹੇਠਾਂ ਦਿੱਤੇ ਜਾਂਦੇ ਹਨ :

1. ਕਾਦੀ ਕੂੜੁ ਬੋਲਿ ਮਲੁ ਖਾਇ॥ ਬ੍ਰਾਹਮਣੁ ਨਾਵੈ ਜੀਆ ਘਾਇ॥
   ਜੋਗੀ ਜੁਗਤਿ ਨ ਜਾਣੈ ਅੰਧੁ॥ ਤੀਨੇ ਓਜਾੜੇ ਕਾ ਬੰਧੁ॥
   *(ਧਨਾਸਰੀ, ਮ: ੧, ੬੬੨)*
2. ਸਰਮੁ ਧਰਮੁ ਦੁਇ ਛਪਿ ਖਲੋਏ, ਕੂੜੁ ਫਿਰੈ ਪਰਧਾਨੁ ਵੇ ਲਾਲੋ॥
   ਕਾਜੀਆ ਬਾਮਣਾ ਕੀ ਗਲ ਥਕੀ, ਅਗਦੁ ਪੜੈ ਸੈਤਾਨੁ ਵੇ ਲਾਲੋ॥
   *(ਤਿਲੰਗ, ਮਹਲਾ ੧, ੭੨੨)*
3. ਸਰਮ ਧਰਮ ਕਾ ਡੇਰਾ ਦੂਰਿ॥ ਨਾਨਕ ਕੂੜੁ ਰਹਿਆ ਭਰਪੂਰਿ॥
   *(ਆਸਾ ਕੀ ਵਾਰ, ੪੭੧)*
4. ਕਲਿ ਕਾਤੀ, ਰਾਜੇ ਕਾਸਾਈ, ਧਰਮੁ ਪੰਖ ਕਰਿ ਉਡਰਿਆ॥
   ਕੂੜੁ ਅਮਾਵਸ, ਸਚੁ ਚੰਦ੍ਰਮਾ, ਦੀਸੈ ਨਾਹੀ ਕਹ ਚੜਿਆ॥
   *(ਮ: ੧, ਵਾਰ ਮਾਝ ਕੀ, ੧੪੫)*

5. ਰਾਜੇ ਸੀਹ, ਮੁਕਦਮ ਕੁਤੇ॥ ਜਾਇ ਜਗਾਇਨਿ੍ ਬੈਠੇ ਸੁਤੇ॥
ਚਾਕਰ ਨਹਦਾ ਪਾਇਨਿ ਘਾਉ॥ ਰਤੁ ਪਿਤੁ ਕੁਤਿਹੋ ਚਟਿ ਜਾਹੁ॥

*(ਵਾਰ ਮਲਾਰ ਕੀ, ਮ: ੧, ੧੨੮੮)*

ਭਾਈ ਗੁਰਦਾਸ ਜੀ ਇਸ ਸਾਰੀ ਦਸ਼ਾ ਨੂੰ ਆਪਣੀ ਪਹਿਲੀ ਵਾਰ ਦੀ ਤੀਹਵੀਂ ਪਉੜੀ ਵਿਚ ਇੰਝ ਬਿਆਨ ਕਰਦੇ ਹਨ :

ਕਲਿ ਆਈ ਕੁਤੇ ਮੁਹੀ, ਖਾਜੁ ਹੋਇਆ ਮੁਰਦਾਰ ਗੁਸਾਈ॥
ਰਾਜੇ ਪਾਪ ਕਮਾਵਦੇ, ਉਲਟੀ ਵਾੜ ਖੇਤ ਕਉ ਖਾਈ॥
ਪਰਜਾ ਅੰਧੀ ਗਿਆਨ ਬਿਨੁ, ਕੂੜੁ ਕੁਸਤਿ ਮੁਖਹੁ ਆਲਾਈ॥
ਚੇਲੇ ਸਾਜ ਵਜਾਇਦੇ, ਨਚਨਿ ਗੁਰੂ ਬਹੁਤੁ ਬਿਧਿ ਭਾਈ॥
ਸੇਵਕ ਬੈਠਨਿ ਘਰਾਂ ਵਿਚਿ, ਗੁਰ ਉਠਿ ਘਰੀਂ ਤਿਨਾੜੇ ਜਾਈ॥
ਕਾਜੀ ਹੋਏ ਰਿਸਵਤੀ, ਵਢੀ ਲੈ ਕੇ ਹਕ ਗਵਾਈ॥
ਇਸਤ੍ਰੀ ਪੁਰਖੈ ਦਾਮ ਹਿਤ, ਭਾਵ ਆਇ ਕਿਥਾਊ ਜਾਈ॥
ਵਰਤਿਆ ਪਾਪ ਸਭਸ ਜਗ ਮਾਂਹੀ॥ ੩੦॥

ਸੋ ਸਮਾਜ ਨੂੰ ਪੂਰੀ ਤਰ੍ਹਾਂ ਬਦਲਣ ਦੀ ਜ਼ਰੂਰਤ ਸੀ ਅਤੇ ਇਸ ਮੰਤਵ ਦੀ ਪ੍ਰਾਪਤੀ ਲਈ ਗੁਰੂ ਨਾਨਕ ਪਾਤਸ਼ਾਹ ਦੇ ਸਾਹਮਣੇ ਤਿੰਨ ਮੁੱਖ ਕੰਮ ਸਨ :

(1) ਲੋਕਾਂ ਨੂੰ ਅੰਧ ਵਿਸ਼ਵਾਸਾਂ, ਕਰਮ ਕਾਂਡਾਂ ਅਤੇ ਗ਼ਲਤ ਵਿਚਾਰਾਂ ਵਲੋਂ ਹਟਾ ਕੇ ਇਕ ਪ੍ਰਭੂ ਦੇ ਲੜ ਲਾਉਣਾ ਅਤੇ ਉਨ੍ਹਾਂ ਅੰਦਰ ਸੱਚੇ ਧਰਮ ਦਾ ਸੰਚਾਰ ਕਰਨਾ।

(2) ਸਮਾਜ ਵਿਚ ਪਸਰੀਆਂ ਬੁਰਾਈਆਂ ਨੂੰ ਦੂਰ ਕਰਨਾ।

(3) ਲੋਕਾਂ ਨੂੰ ਇਸ ਕਦਰ ਬਹਾਦਰ ਬਣਾਉਣਾ ਕਿ ਉਹ ਰਾਜਿਆਂ ਦੇ ਜ਼ੁਲਮਾਂ ਦਾ ਟਾਕਰਾ ਕਰ ਸਕਣ ਅਤੇ ਲੋਕ ਹਿਤਾਂ ਵਾਲਾ ਸੁਖਾਵਾਂ ਰਾਜ-ਪ੍ਰਬੰਧ ਕਾਇਮ ਕਰ ਸਕਣ।

ਗੁਰੂ ਨਾਨਕ ਸਾਹਿਬ ਨੇ ਲੋਕਾਂ ਨੂੰ ਜਥੇਬੰਦ ਕੀਤਾ ਅਤੇ ਉਨ੍ਹਾਂ ਨੂੰ ਸਹੀ ਧਰਮ ਦੇ ਲੜ ਲੱਗਣ, ਸਮਾਜਿਕ ਕੁਰੀਤੀਆਂ ਦੂਰ ਕਰਨ ਤੇ ਜ਼ੁਲਮਾਂ ਦੇ ਵਿਰੁੱਧ ਡਟ ਜਾਣ ਦਾ ਉਪਦੇਸ਼ ਦਿੱਤਾ। ਸਿਰਫ਼ ਉਪਦੇਸ਼ ਹੀ ਨਹੀਂ ਦਿੱਤਾ ਸਗੋਂ ਇਨ੍ਹਾਂ ਖੇਤਰਾਂ ਵਿਚ ਲੋਕਾਂ ਦੀ ਅਗਵਾਈ ਵੀ ਕੀਤੀ। ਆਪਣਾ ਜੀਵਨ ਅਸਲੀ ਧਰਮ ਦੇ ਮੁਤਾਬਿਕ ਜੀਅ ਕੇ ਦੱਸਿਆ। ਸਮਾਜਿਕ ਕੁਰੀਤੀਆਂ ਵਿਰੁੱਧ ਉਹ ਡਟ ਕੇ ਖਲੋ ਗਏ। ਰਾਜਿਆਂ ਦੇ ਜ਼ੁਲਮਾਂ ਵਿਰੁੱਧ ਆਮ ਜਨਤਾ ਨੂੰ ਖੜ੍ਹਿਆਂ ਕੀਤਾ ਅਤੇ ਉਨ੍ਹਾਂ ਦੀ ਅਗਵਾਈ ਵੀ ਕੀਤੀ। ਇਹ ਗੁਰੂ ਨਾਨਕ ਹੀ ਸਨ ਜਿਨ੍ਹਾਂ ਨੇ ਬਾਬਰ ਨੂੰ ਸਨਮੁਖ ਹੋ ਕੇ ਜਾਬਰ ਕਿਹਾ। "ਬਾਬਰਵਾਣੀ" ਉਚਾਰੀ। ਇਸੇ ਕਰਕੇ ਉਨ੍ਹਾਂ ਬਾਬਰ ਦੀ ਕੈਦ ਤੱਕ ਕੱਟੀ।

ਸਮਾਜ ਨੂੰ ਪੂਰੀ ਤਰ੍ਹਾਂ ਬਦਲਣ ਲਈ ਲੰਮੇ ਸਮੇਂ ਦੀ ਲੋੜ ਸੀ। ਇਸੇ ਕਰਕੇ ਸਾਰਾ ਕੰਮ ਗੁਰੂ ਨਾਨਕ ਦੇਵ ਜੀ ਨੇ ਦਸ ਜਾਮਿਆਂ (ਸਰੀਰਾਂ) ਵਿਚ ਸੰਪੂਰਨ ਕੀਤਾ। ਦਸਵੇਂ ਜਾਮੇ ਵਿਚ ਵੀ ਉਨ੍ਹਾਂ ਨੇ ਆਪਣਾ ਮਨੋਰਥ ਇਹ ਹੀ ਦੱਸਿਆ ਜੋ ਉਨ੍ਹਾਂ ਨੇ ਪਹਿਲੇ

ਜਾਮੇ ਵਿਚ ਦੱਸਿਆ ਸੀ। ਫੈਲ ਰਹੇ ਪਖੰਡਾਂ ਦਾ ਉਨ੍ਹਾਂ ਮੁੜ ਕੇ ਜ਼ਿਕਰ ਕੀਤਾ ਤੇ ਕਿਹਾ :

ਤੀਰਥ ਨ੍ਹਾਨ ਦਇਆ ਦਮ ਦਾਨ, ਸੁ ਸੰਜਮ, ਨੇਮ ਅਨੇਕ ਬਿਸੇਖੈ॥
ਬੇਦ ਪੁਰਾਨ, ਕਤੇਬ ਕੁਰਾਨ, ਜਮੀਨ ਜਮਾਨ, ਸਬਾਨ ਕੇ ਪੇਖੈ॥
ਪਉਨ ਅਹਾਰ ਜਤੀ ਜਤ ਧਾਰ, ਸਬੈ ਸੁ ਬਿਚਾਰ ਹਜਾਰ ਕ ਦੇਖੈ॥
ਸ੍ਰੀ ਭਗਵਾਨ ਭਜੇ ਬਿਨੁ ਭੂਪਤਿ, ਏਕ ਰਤੀ ਬਿਨੁ ਏਕ ਨ ਲੇਖੈ॥

ਅਤੇ—

ਕਾਹੂ ਲੈ ਪਾਹਨ ਪੂਜ ਧਰਯੋ ਸਿਰ, ਕਾਹੂ ਲੈ ਲਿੰਗ ਗਰੇ ਲਟਕਾਇਓ॥
ਕਾਹੂ ਲਖਿਓ ਹਰਿ ਅਵਾਚੀ ਦਿਸਾ ਮਹਿ, ਕਾਹੂ ਪਛਾਹ ਕੋ ਸੀਸੁ ਨਿਵਾਇਓ॥
ਕੋਊ ਬੁਤਾਨ ਕੋ ਪੂਜਤ ਹੈ ਪਸੁ, ਕੋਊ ਮ੍ਰਿਤਾਨ ਕੋ ਪੂਜਨ ਧਾਇਓ॥
ਕੂਰ ਕ੍ਰਿਆ ਉਰਝਿਓ ਸਭ ਹੀ ਜਗ, ਸ੍ਰੀ ਭਗਵਾਨ ਕੋ ਭੇਦੁ ਨ ਪਾਇਓ॥

ਦਸਵੇਂ ਜਾਮੇ ਵਿਚ ਗੁਰੂ ਗੋਬਿੰਦ ਸਿੰਘ ਜੀ ਨੇ, ਜਦ ਦੇਖਿਆ ਕਿ ਉਨ੍ਹਾਂ ਦਾ ਕੰਮ ਸੰਪੂਰਨ ਹੋ ਗਿਆ ਹੈ, ਤਾਂ ਉਨ੍ਹਾਂ ਨੇ ਸਤਿਗੁਰਾਂ ਦੇ ਮਤਿ ਨੂੰ ਸੰਪੂਰਨਤਾ ਬਖਸ਼ ਕੇ ਇਕ ਅਜਿਹਾ ਕੰਮ ਕੀਤਾ ਕਿ ਰਹਿੰਦੀ ਦੁਨੀਆਂ ਤੱਕ ਮੁੜ ਕੇ ਧਰਮ ਅਲੋਪ ਨਾ ਹੋ ਸਕੇ। ਉਸ ਵਿਚਾਰਧਾਰਾ ਦੀ ਰਾਖੀ ਲਈ ਜਿਸਨੂੰ ਪ੍ਰਗਟ ਕਰਨ ਤੇ ਪ੍ਰਚਾਰਨ ਵਿਚ ਉਨ੍ਹਾਂ ਨੇ 230 ਸਾਲ ਲਾਏ ਸਨ, ਸਿੱਖ ਪੰਥ ਦੀ ਰਚਨਾ ਕੀਤੀ। ਸਭ ਜਾਤਾਂ ਦੇ ਲੋਕਾਂ ਨੂੰ ਸਿੱਖ ਪੰਥ ਵਿਚ ਸ਼ਾਮਿਲ ਕਰਕੇ, ਨੀਚਾਂ ਨੂੰ ਊਚ ਕਰਨ, ਗਰੀਬਾਂ ਨੂੰ ਰਾਜੇ ਬਣਾਉਣ ਦਾ ਇਕਰਾਰ ਵੀ ਉਨ੍ਹਾਂ ਕੀਤਾ।

ਦਸਮ ਪਾਤਸ਼ਾਹ ਦੇ ਖ਼ਾਲਸਾ ਸਾਜਣ ਬਾਰੇ ਸਾਡੇ ਉਪੋਕਤ ਖ਼ਿਆਲਾਂ ਦੀ ਪ੍ਰੋੜ੍ਹਤਾ ਪ੍ਰਸਿੱਧ ਇਤਿਹਾਸਕਾਰ ਕਨਿੰਘਮ ਦੇ ਹੇਠ ਲਿਖੇ ਲਫ਼ਜ਼ਾਂ ਤੋਂ ਬਹੁਤ ਚੰਗੀ ਤਰ੍ਹਾਂ ਹੋ ਜਾਂਦੀ ਹੈ :

***"It was reserved for (Guru) Nanak to percieve the true principles of reform and to lay those foundations which enabled his successor (Guru) Gobind (Singh) to fire the minds of his countrymen with a new nationality and to give practical affect to the doctorine that the lowest is equal with the highest in race as well as in political rights as in religion's hopes."***

[ਇਹ ਗੁਰੂ ਨਾਨਕ ਦੇ ਹੀ ਹਿੱਸੇ ਆਇਆ ਸੀ ਕਿ ਉਹ ਸਮਾਜ-ਸੁਧਾਰ ਦੇ ਐਸੇ ਅਸੂਲ ਬਣਾਉਣ ਅਤੇ ਉਹ ਨੀਹਾਂ ਰੱਖਣ, ਜਿਨ੍ਹਾਂ ਉੱਤੇ ਕਿ ਉਨ੍ਹਾਂ ਦੇ ਉਤਰਾਧਿਕਾਰੀ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਦੇਸ਼ ਦੇ ਲੋਕਾਂ ਦੇ ਮਨਾਂ ਵਿਚ ਕੌਮੀਅਤ ਦਾ ਜੋਸ਼ ਭਰਿਆ ਅਤੇ ਊਚ-ਨੀਚ ਤੇ ਜ਼ਾਤ-ਪਾਤ ਦੇ ਵਿਤਕਰੇ ਨੂੰ ਖ਼ਤਮ ਕਰਨ ਵਾਲੀ

ਵਿਚਾਰਧਾਰਾ ਨੂੰ ਅਮਲੀ ਰੂਪ ਦਿੱਤਾ ਤੇ ਕਿਹਾ ਕਿ ਸਭ ਮਨੁੱਖ ਇਕ ਸਮਾਨ ਰਾਜਸੀ ਅਧਿਕਾਰਾਂ ਦੇ ਮਾਲਕ ਹਨ।]

ਇਸੇ ਸੰਬੰਧ ਵਿਚ ਲਾਲਾ ਦੌਲਤ ਰਾਇ ਆਰੀਆ ਦੇ ਵਿਚਾਰ ਵੀ ਨੋਟ ਕਰਨ ਵਾਲੇ ਹਨ :

"ਜਿਸ ਦਰਖ਼ਤ ਕੋ ਗੁਰੂ ਨਾਨਕ ਦੇਵ ਜੀ ਨੇ ਲਗਾਯਾ ਥਾ, ਜਿਸ ਦਰਖਤ ਕੋ ਗੁਰੂ ਅਰਜੁਨ ਦੇਵ ਜੀ ਨੇ ਅਪਨੇ ਖ਼ੂਨ ਕਾ ਪਾਨੀ ਔਰ ਹੱਡੀਓਂ ਕੀ ਖਾਦ ਦੇ ਕਰ ਜ਼ਮੀਨ ਸੇ ਉਠਾਇਆ ਥਾ, ਜਿਸਕੋ ਗੁਰੂ ਤੇਗ ਬਹਾਦਰ ਜੀ ਨੇ ਅਪਨੇ ਲਹੂ ਸੇ ਸੀਂਚ ਕਰ ਜ਼ਰਾ ਬੜ੍ਹਾਇਆ ਥਾ, ਉਸਕੋ ਗੁਰੂ ਗੋਬਿੰਦ ਸਿੰਘ ਜੀ ਨੇ ਅਪਨੇ ਚਾਰ ਬੇਟੋਂ, ਪਾਂਚ ਪਿਆਰੋਂ ਔਰ ਹਜ਼ਾਰੋਂ ਅਕੀਦਤਮੰਦ ਸਿੰਘੋਂ ਕੇ ਖ਼ੂਨ ਕੇ ਲਬਾਲਬ ਹੁਨਰੋਂ ਸੇ ਐਸਾ ਬਲਵਾਨ ਚੜ੍ਹਾਇਆ ਥਾ ਕਿ ਆਖ਼ਰ ਵੋਹ ਫਲ ਲਾਇਆ। ਵੋਹ ਫਲ ਕਿਆ ਥੇ? ਕੌਮੀਅਤ, ਅਖਵਤ, ਵਾਹਦਤ ਔਰ ਮੁਹੱਬਤ।"

ਕੁਝ ਇਸੇ ਤਰ੍ਹਾਂ ਦੇ ਵਿਚਾਰ ਪ੍ਰਸਿੱਧ ਵਿਦਵਾਨ ਡਾਕਟਰ ਗੋਕਲ ਚੰਦ ਨਾਰੰਗ ਨੇ ਪ੍ਰਗਟ ਕੀਤੇ ਹਨ। ਉਹ ਲਿਖਦੇ ਹਨ,"ਜਿਸ ਬ੍ਰਿਛ ਨੇ ਗੁਰੂ ਗੋਬਿੰਦ ਸਿੰਘ ਜੀ ਵੇਲੇ ਫ਼ਲ ਦਿੱਤਾ, ਉਸ ਦੀ ਬਿਜਾਈ ਗੁਰੂ ਨਾਨਕ ਦੇਵ ਜੀ ਨੇ ਕੀਤੀ ਸੀ ਤੇ ਬਾਕੀ ਅੱਠ ਗੁਰੂ ਸਾਹਿਬਾਨ ਨੇ ਉਸ ਨੂੰ ਸਿੰਜਿਆ ਸੀ।" ਫਿਰ ਲਿਖਦੇ ਹਨ, "ਜਿਸ ਤੇਗ ਨੇ ਖ਼ਾਲਸੇ ਦੀ ਸ਼ਾਨ ਫੈਲਾਈ, ਇਹ ਠੀਕ ਹੈ ਕਿ ਉਸ ਨੂੰ ਤਿਆਰ ਤਾਂ ਗੁਰੂ ਗੋਬਿੰਦ ਸਿੰਘ ਜੀ ਨੇ ਕੀਤਾ ਸੀ, ਪਰ ਫੌਲਾਦ ਗੁਰੂ ਨਾਨਕ ਦੇਵ ਜੀ ਕਮਾ ਕੇ ਦੇ ਗਏ ਸਨ।"

ਉਪ੍ਰੋਕਤ ਅਤੇ ਹੋਰ ਅਨੇਕਾਂ ਲੇਖਕਾਂ ਦੀਆਂ ਰਾਵਾਂ ਦੇ ਸਾਹਮਣੇ ਸਰ ਜਾਦੂ ਨਾਥ ਸਰਕਾਰ ਵਰਗਿਆਂ ਲੇਖਕਾਂ ਦੇ ਇਹ ਵਿਚਾਰ ਕਿ 'ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ਆਤਮਿਕ ਠੰਢ ਦਾ ਸੋਮਾ ਮਾਰੂਥਲਾਂ ਵਿਚ ਆ ਕੇ ਰੁਕ ਗਿਆ' ਪੂਰੀ ਤਰ੍ਹਾਂ ਚਕਨਾਚੂਰ ਹੋ ਜਾਂਦੇ ਹਨ ਅਤੇ ਇਹ ਗੱਲ ਪ੍ਰਗਟ ਹੋ ਜਾਂਦੀ ਹੈ ਕਿ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਨੇ ਉਸੇ ਕੰਮ ਨੂੰ ਸੰਪੂਰਨਤਾ ਬਖਸ਼ੀ ਸੀ, ਜਿਸ ਨੂੰ ਗੁਰੂ ਨਾਨਕ ਪਾਤਸ਼ਾਹ ਨੇ ਆਰੰਭ ਕੀਤਾ ਸੀ। ਜੇ ਗੁਰੂ ਨਾਨਕ ਸਾਹਿਬ ਨੇ 'ਜਪੁ' ਜੀ ਵਿਚ ਪ੍ਰਭੂ ਦੀ ਪਹਿਚਾਣ ਦੱਸ ਕੇ ਉਸ ਨੂੰ ਪ੍ਰਾਪਤ ਕਰਨ ਦਾ ਮਾਰਗ ਦੱਸਿਆ ਸੀ, ਤਾਂ ਦਸਮ ਪਾਤਸ਼ਾਹ ਨੇ ਵੀ 'ਜਾਪੁ ਸਾਹਿਬ' ਅਤੇ 'ਅਕਾਲ ਉਸਤਤਿ' ਵਿਚ ਉਸੇ ਤਰ੍ਹਾਂ ਪ੍ਰਭੂ ਦੀ ਸਿਫ਼ਤ ਸਲਾਹ ਨੂੰ (ਨਾਮ-ਜਪਣ ਨੂੰ) ਪ੍ਰਭੂ ਪ੍ਰਾਪਤੀ ਦਾ ਰਾਹ ਦੱਸਿਆ, ਜੇ ਗੁਰੂ ਨਾਨਕ ਪਾਤਸ਼ਾਹ ਨੇ ਬਾਬਰ ਦੇ ਜ਼ੁਲਮਾਂ ਨੂੰ ਨੰਗਿਆਂ ਕਰਦਿਆਂ ਹੋਇਆਂ 'ਬਾਬਰਵਾਣੀ' ਦੇ ਚਾਰ ਸ਼ਬਦ ਉਚਾਰੇ ਤੇ ਇਨ੍ਹਾਂ ਵਿਚ ਹਥਿਆਰਾਂ (ਸ਼ਸਤਰ ਵਿੱਦਿਆ) ਦੀ ਲੋੜ ਉਤੇ ਜ਼ੋਰ ਦਿੱਤਾ, ਤਾਂ ਦਸਮ ਗੁਰੂ ਜੀ ਨੇ ਸਿੱਖਾਂ ਨੂੰ ਸ਼ਸਤਰਧਾਰੀ ਬਣਾ ਕੇ, ਸ਼ਸਤਰ ਵਿੱਦਿਆ ਵਿਚ ਪ੍ਰਬੀਨ ਕਰਕੇ ਸਮੇਂ ਦੀ ਬਲਵਾਨ ਮੁਗ਼ਲ ਹਕੂਮਤ ਨਾਲ ਲੋਹਾ ਲੈਣ ਦੇ ਯੋਗ ਬਣਾ ਦਿੱਤਾ। ਜੇ ਗੁਰੂ ਨਾਨਕ ਪਾਤਸ਼ਾਹ 'ਸ਼ਬਦ ਗੁਰੂ' ਦੀ ਲੋੜ ਉੱਤੇ ਜ਼ੋਰ ਦਿੰਦੇ ਸਨ ਤਾਂ ਦਸਮ ਪਾਤਸ਼ਾਹ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਗੁਰਗੱਦੀ ਦੇ ਕੇ ਸਾਰੀ ਕੌਮ ਨੂੰ ਹਮੇਸ਼ਾ ਲਈ 'ਸ਼ਬਦ ਗੁਰੂ' ਦੀ ਅਗਵਾਈ ਹੇਠ ਤੁਰਨ ਦੇ ਆਦੇਸ਼ ਦੇ ਦਿੱਤੇ। ਜੇ ਗੁਰੂ

ਨਾਨਕ ਪਾਤਸ਼ਾਹ ਲੋਕਾਂ ਨੂੰ 'ਚਰਨ ਪਾਹੁਲ' ਦੇ ਕੇ ਸਿੱਖੀ ਦੇ ਦਾਇਰੇ ਵਿਚ ਲਿਆਉਂਦੇ ਸਨ, ਤਾਂ ਗੁਰੂ ਗੋਬਿੰਦ ਸਿੰਘ ਜੀ ਨੇ 'ਖੰਡੇ ਦੀ ਪਾਹੁਲ' ਦੁਆਰਾ ਸਿੱਖੀ ਵਿਚ ਦਾਖ਼ਲ ਕਰਨ ਦੀ ਰਸਮ ਤੋਰੀ, ਜਿਸ ਦੀ ਕਿ ਲੋੜ ਵੀ ਸੀ ਕਿਉਂਕਿ 'ਦੇਹਧਾਰੀ ਗੁਰੂ' ਦੀ ਪ੍ਰਥਾ ਆਪ ਨੇ ਬੰਦ ਕਰ ਦਿੱਤੀ ਸੀ ਤੇ 'ਚਰਨ-ਪਾਹੁਲ' ਸੰਭਵ ਵੀ ਨਹੀਂ ਸੀ। ਸੋ, ਸਪੱਸ਼ਟ ਹੈ ਕਿ ਦਸਮ ਪਾਤਸ਼ਾਹ ਨੇ ਕੁਝ ਰਸਮਾਂ ਵਿਚ ਭਾਵੇਂ ਤਬਦੀਲੀ ਕੀਤੀ, ਪਰ ਧਰਮ ਦੀ ਆਤਮਾ ਉਹੀ ਰਹੀ।

# ਬ੍ਰਾਹਮਣ ਅਤੇ ਪਹਾੜੀ ਰਾਜੇ

## *ਬ੍ਰਾਹਮਣਾਂ ਦਾ ਰੁਸੇਵਾਂ*

ਸੰਨ 1699 ਦੀ ਵਿਸਾਖੀ ਸਮੇਂ ਅਨੰਦਪੁਰ ਸਾਹਿਬ ਵਿਚ ਸਿੱਖਾਂ ਦੇ ਇਕੱਠ ਬਾਰੇ ਪਹਿਲਾਂ ਹੀ ਬਹੁਤ ਚਰਚਾ ਸੀ, ਕਿਉਂਕਿ ਦਸਮ ਪਾਤਸ਼ਾਹ ਜੀ ਨੇ ਸਿੱਖਾਂ ਨੂੰ ਸਾਰੇ ਦੇਸ਼ ਵਿਚ ਹੁਕਮਨਾਮੇ ਭੇਜੇ ਸਨ ਕਿ ਉਹ ਵਿਸਾਖੀ ਨੂੰ ਵਧ-ਚੜ੍ਹ ਕੇ ਅਨੰਦਪੁਰ ਆਉਣ। ਗੁਰੂ ਜੀ ਨੇ ਇਕੱਠ ਤਾਂ ਖ਼ਾਲਸਾ-ਪੰਥ ਸਾਜਣ ਬਾਰੇ ਬੁਲਾਇਆ ਸੀ, ਪਰ ਆਮ ਤੌਰ ਤੇ ਮਸ਼ਹੂਰ ਹੋ ਗਿਆ ਸੀ ਕਿ ਗੁਰੂ ਜੀ ਇਕ ਬਹੁਤ ਵੱਡਾ ਯੱਗ ਕਰ ਰਹੇ ਹਨ। ਇਸ ਇਕੱਠ ਤੇ ਇਕੱਤਰ ਹੋਣ ਵਾਲੀਆਂ ਸੰਗਤਾਂ ਦੀ ਗਿਣਤੀ ਨੂੰ ਧਿਆਨ ਵਿਚ ਰੱਖਦਿਆਂ ਲੰਗਰ ਅਤੇ ਰਿਹਾਇਸ਼ ਦਾ ਪ੍ਰਬੰਧ ਵੱਡੀ ਪੱਧਰ ਉੱਤੇ ਕੀਤਾ ਗਿਆ ਸੀ।

ਹਿੰਦੂਆਂ ਵਿਚ ਯੱਗ ਬ੍ਰਾਹਮਣ ਦੀ ਅਗਵਾਈ ਵਿਚ ਹੁੰਦੇ ਹਨ। ਇਨ੍ਹਾਂ ਸਮਿਆਂ ਉਤੇ ਬ੍ਰਾਹਮਣ ਲੋਕ (ਪੁਜਾਰੀ-ਸ਼੍ਰੇਣੀ) ਚੰਗਾ ਤਕੜਾ ਧਨ-ਮਾਲ ਇਕੱਠਾ ਕਰ ਲੈਂਦੇ ਹਨ। ਬ੍ਰਾਹਮਣਾਂ ਨੇ ਜਦੋਂ ਅਨੰਦਪੁਰ ਸਾਹਿਬ ਵਿਖੇ ਹੋਣ ਵਾਲੇ ਵੱਡੇ ਇਕੱਠ ਦੀਆਂ ਖ਼ਬਰਾਂ ਸੁਣੀਆਂ ਤਾਂ ਉਹ ਵੀ ਭਾਰੀ ਗਿਣਤੀ ਵਿੱਚ ਇਸ 'ਯੱਗ' ਤੋਂ ਲਾਭ ਉਠਾਉਣ ਲਈ ਅਥਵਾ ਵਧੀਆ ਭੋਜਨ ਤੇ ਧਨ-ਪਦਾਰਥ ਪ੍ਰਾਪਤ ਕਰਨ ਲਈ ਵਿਸਾਖੀ ਤੋਂ ਇਕ ਦਿਨ ਪਹਿਲਾਂ ਹੀ ਅਨੰਦਪੁਰ ਆ ਗਏ।

ਭਾਵੇਂ ਬ੍ਰਾਹਮਣ ਵਰਗ ਦੀ ਗੁਰੂ-ਦਰਬਾਰ ਵਿਚ ਕੋਈ ਪੁੱਛ-ਪ੍ਰਤੀਤ ਨਹੀਂ ਸੀ, ਪਰ ਇਹ ਲੋਕੀਂ ਆਪਣੀ ਆਦਤ ਤੋਂ ਮਜਬੂਰ ਹਰ ਉਸ ਜਗ੍ਹਾ ਪਹੁੰਚ ਜਾਂਦੇ ਸਨ, ਜਿੱਥੋਂ ਕੁਝ ਦਾਨ ਦੀ ਆਸ ਹੋਵੇ। ਇਨ੍ਹਾਂ ਸੋਚਿਆ ਕਿ ਜਦੋਂ ਅਸੀਂ ਗੁਰੂ ਜੀ ਨੂੰ ਦੱਸਾਂਗੇ ਕਿ ਪਹਾੜੀ ਰਾਜਿਆਂ ਦੇ ਯੱਗਾਂ ਵਿਚ ਕੀ ਕੁਝ ਮਿਲਦਾ ਹੈ, ਤਾਂ ਗੁਰੂ ਜੀ ਉਸ ਤੋਂ ਵੀ ਵਧ ਚੜ੍ਹ ਕੇ ਦੇਣਗੇ। ਸੋ, ਬ੍ਰਾਹਮਣ ਬਿਨ-ਬੁਲਾਏ ਹੀ ਆ ਗਏ ਅਤੇ ਇੱਛਾ ਜ਼ਾਹਿਰ ਕੀਤੀ ਕਿ ਸਾਨੂੰ ਲੰਗਰ ਸਭ ਤੋਂ ਪਹਿਲਾਂ ਮਿਲਣਾ ਚਾਹੀਦਾ ਹੈ ਤੇ ਹੋਰਨਾਂ ਵਰਣਾਂ ਤੇ ਜਾਤਾਂ ਦੇ ਬੰਦਿਆਂ ਨੂੰ ਬਾਅਦ ਵਿਚ। ਉਨ੍ਹਾਂ ਨੇ ਇਹ ਵੀ ਰੋਸ ਪ੍ਰਗਟ ਕੀਤਾ ਕਿ ਜਿਵੇਂ ਹਿੰਦੂ-ਰਾਜੇ ਉਨ੍ਹਾਂ ਨੂੰ ਯੱਗਾਂ ਉੱਤੇ ਸੱਦਾ ਭੇਜਦੇ ਹਨ, ਗੁਰੂ ਜੀ ਨੇ ਇਸ ਸਮੇਂ ਉਨ੍ਹਾਂ ਨੂੰ ਯਾਦ ਹੀ ਨਹੀਂ ਕੀਤਾ ਤੇ ਨਾ ਹੀ ਉਨ੍ਹਾਂ ਨੂੰ ਗੁਰੂ-ਦਰਬਾਰ ਵਿਚ ਕੋਈ ਆਦਰ-ਮਾਣ ਹੀ ਮਿਲਿਆ ਹੈ।

ਗੁਰੂ ਗੋਬਿੰਦ ਸਿੰਘ ਜੀ ਗੁਰਮਤਿ-ਉਪਦੇਸ਼ ਵੀ ਹਾਸ-ਰਸ ਦੇ ਕੌਤਕਾਂ ਜਾਂ ਬਚਨ-ਵਾਰਤਾ ਦੁਆਰਾ ਦਿਆ ਕਰਦੇ ਸਨ, ਤਾਂ ਜੋ ਉਨ੍ਹਾਂ ਉਪਦੇਸ਼ਾਂ ਦਾ ਅਸਰ ਡੂੰਘਾ ਅਤੇ ਚਿਰ-ਸਥਾਈ ਹੋਵੇ। ਬ੍ਰਾਹਮਣਾਂ ਦਾ ਗੁੱਸਾ ਠੰਢਾ ਕਰਨ ਲਈ ਆਪ ਹੱਸ ਕੇ ਆਖਣ ਲੱਗੇ ਕਿ ਸਾਨੂੰ ਤੁਹਾਡਾ ਚੇਤਾ ਹੀ ਨਹੀਂ ਸੀ ਰਿਹਾ। ਗੁਰੂ ਜੀ ਨੇ ਤਾਂ ਰਮਜ਼-ਭਰੇ ਤਰੀਕੇ ਨਾਲ ਉਨ੍ਹਾਂ ਨੂੰ ਸਮਝਾਇਆ ਸੀ ਕਿ ਚੇਤਾ (ਖ਼ਿਆਲ) ਤਾਂ ਉਨ੍ਹਾਂ ਦਾ ਹੀ ਨਹੀਂ ਰਹਿੰਦਾ,

ਜਿਨ੍ਹਾਂ ਦੀ ਲੋੜ ਨਾ ਹੋਵੇ। ਪਰ ਬ੍ਰਾਹਮਣ ਇਸ ਰਮਜ਼ ਨੂੰ ਸਮਝ ਨਾ ਸਕੇ ਤੇ ਸਭ ਤੋਂ ਪਹਿਲਾਂ ਭੋਜਨ ਕਰਨ ਦਾ ਆਪਣਾ ਹੱਕ ਜਤਾਉਂਦੇ ਰਹੇ। ਆਖ਼ਰ ਗੁਰੂ ਜੀ ਨੇ ਬ੍ਰਾਹਮਣਾਂ ਨੂੰ ਸਾਫ਼-ਸਾਫ਼ ਆਖ ਦਿੱਤਾ, "ਸੇਵਾ ਕਰਾਉਣ ਦਾ ਹੱਕ ਉਨ੍ਹਾਂ ਦਾ ਹੀ ਹੁੰਦਾ ਹੈ, ਜਿਨ੍ਹਾਂ ਨੇ ਆਪਣਾ ਆਪ ਕੁਰਬਾਨ ਕਰ ਦਿੱਤਾ ਹੋਵੇ, ਜਿਹੜੇ ਦੁਖੀਏ ਗ਼ਰੀਬਾਂ ਦੀ ਖ਼ਾਤਰ ਸਿਰ ਤਲੀ ਉਤੇ ਰੱਖੀ ਫਿਰਦੇ ਹੋਣ। ਤੁਸੀਂ, ਆਪਣੇ ਆਪ ਨੂੰ ਸਰਬੋਤਮ ਤੇ ਉੱਚੀ-ਜਾਤ ਵਾਲੇ ਮੰਨਣ ਵਾਲੇ ਬ੍ਰਾਹਮਣਾਂ ਨੇ, ਸਦੀਆਂ ਤੋਂ ਕਰੋੜਾਂ ਬੰਦਿਆਂ ਨੂੰ ਸ਼ੂਦਰ ਆਖ-ਆਖ ਕੇ ਪੈਰਾਂ ਹੇਠ ਲਤਾੜਿਆ ਹੋਇਆ ਹੈ, ਉਨ੍ਹਾਂ ਨਾਲ ਪਸ਼ੂਆਂ ਤੋਂ ਵੀ ਬੁਰਾ ਸਲੂਕ ਕਰਦੇ ਹੋ। ਇਕ ਤਾਂ ਉਨ੍ਹਾਂ ਕੋਲੋਂ ਨੀਵੇਂ ਤੋਂ ਨੀਵਾਂ ਕੰਮ ਕਰਵਾਉਂਦੇ ਹੋ, ਦੂਜਾ ਉਨ੍ਹਾਂ ਨੂੰ ਨੀਚ ਅਤੇ ਸ਼ੂਦਰ ਆਖ-ਆਖ ਕੇ ਉਨ੍ਹਾਂ ਨੂੰ ਦੁਰਕਾਰਦੇ ਹੋ। ਗੁਰੂ ਨਾਨਕ ਦੇਵ ਜੀ ਨੇ ਤਾਂ ਇਨ੍ਹਾਂ ਅਖੌਤੀ ਨੀਚਾਂ ਨੂੰ ਉਚ ਬਣਾਇਆ ਹੈ ਅਤੇ ਤੁਹਾਡੀ ਗ਼ੁਲਾਮੀ ਤੋਂ ਆਜ਼ਾਦ ਕੀਤਾ ਹੈ। ਅਸੀਂ ਵੀ ਇਸੇ ਰਾਹ ਉੱਤੇ ਤੁਰ ਰਹੇ ਹਾਂ। ਤੁਸੀਂ ਜਿਨ੍ਹਾਂ ਨੂੰ ਨੀਚ ਕਹਿੰਦੇ ਹੋ, ਅਸੀ ਉਨ੍ਹਾਂ ਵਿਚੋਂ ਹੀ ਰਾਜੇ ਪੈਦਾ ਕਰਨੇ ਹਨ। ਇਹੀ ਲੋਕ ਹਨ ਜੋ ਦਾਨ-ਸੇਵਾ ਦੇ ਅਸਲੀ ਹੱਕਦਾਰ ਹਨ ਕਿਉਂਕਿ ਇਨ੍ਹਾਂ ਨੇ ਆਪਣਾ ਸਭ ਕੁਝ ਦੂਜਿਆਂ ਦੀ ਖ਼ਾਤਰ ਕੁਰਬਾਨ ਕੀਤਾ ਹੋਇਆ ਹੈ।

ਗੁਰੂ ਜੀ ਦੇ ਅਜਿਹੇ ਬਚਨ ਸੁਣ ਕੇ ਪੰਡਤਾਂ ਨੂੰ ਭਾਰੀ ਨਿਰਾਸਤਾ ਹੋਈ। ਉਨ੍ਹਾਂ ਨੂੰ ਸਮਝ ਆ ਗਈ ਕਿ ਹੁਣ ਗੁਰਮਤਿ ਦੀ ਅਗਵਾਈ ਹੇਠਾਂ ਲੋਕਾਂ ਵਿਚ ਜਾਗ੍ਰਤੀ ਆ ਰਹੀ ਹੈ ਅਤੇ ਜਨਤਾ ਨੂੰ ਵਹਿਮਾਂ-ਭਰਮਾਂ ਦਾ ਜਾਲ ਵਿਛਾ ਕੇ ਲੁੱਟਣ ਦੇ ਅਵਸਰ ਘਟਦੇ ਜਾ ਰਹੇ ਹਨ। ਸਤਿਗੁਰਾਂ ਨੇ ਬ੍ਰਾਹਮਣਾਂ ਨੂੰ ਜੋ ਗੱਲਾਂ ਆਖੀਆਂ, ਉਹ ਹੇਠ ਲਿਖੇ ਸਵੱਯੇ ਵਿਚ ਅੰਕਿਤ ਹਨ :–

**ਜੋ ਕਿਛੁ ਲੇਖ ਲਿਖਿਯੋ ਬਿਧਨਾ, ਸੋਈ ਪਾਈਅਤ ਮਿਸ੍ਰ ਜੂ ਸ਼ੋਕ ਨਿਵਾਰੋ॥**
**ਮੇਰੋ ਕਛੂ ਅਪਰਾਧ ਨਹੀਂ, ਗਯੋ ਯਾਦ ਤੇ ਭੂਲ, ਨਾ ਕੋਪੁ ਚਿਤਾਰੋ॥**
**ਬਾਗੋ ਨਿਹਾਲੀ ਪਠੈ ਦੈ ਹੋਂ, ਆਜ ਭਲੇ ਤੁਮ ਕੋ, ਨਿਹਚੈ ਜੀਅ ਧਾਰੋ॥**
**ਛਤ੍ਰੀ (ਸੂਰਮੇ) ਸਭੈ ਕ੍ਰਿਤ ਬਿਪ੍ਰਨ ਕੇ, ਇਨਹੂ ਪੈ ਕਟਾਛ ਕ੍ਰਿਪਾ ਕੇ ਨਿਹਾਰੋ॥**

ਇਸਦੇ ਨਾਲ ਹੀ 'ਜੁੱਧ ਜਿਤੇ ਇਨਹੀ ਕੇ ਪ੍ਰਸਾਦਿ' ਅਤੇ 'ਸੇਵ ਕਰੀ ਇਨਹੀ ਕੀ ਭਾਵਤ' ਸਵੱਈਆਂ ਵਿਚ ਦਿੱਤੇ ਵਿਚਾਰ ਸਪੱਸ਼ਟ ਕਰਕੇ ਬ੍ਰਾਹਮਣਾਂ ਨੂੰ ਸਮਝਾਏ। ਇਨ੍ਹਾਂ ਸਵੱਈਆਂ ਦਾ ਜ਼ਿਕਰ ਪਿਛਲੇ ਅਧਿਆਇ ਵਿਚ ਆ ਚੁੱਕਾ ਹੈ। ਬ੍ਰਾਹਮਣਾਂ ਦੀ ਮਾਨਸਿਕ ਅਵਸਥਾ ਨੂੰ ਹੇਠ ਲਿਖੇ ਦੋਹਰੇ ਵਿਚ ਬਿਆਨ ਕੀਤਾ ਗਿਆ ਹੈ :

ਦੋਹਰਾ

**ਚਟਪਟਾਇ ਚਿਤ ਮੈ ਜਰਿਓ, ਤ੍ਰਿਣ ਜਿਉਂ ਕ੍ਰੁਧਤ ਹੋਇ॥**
**ਖੋਜਿ ਰੋਜਿ ਕੇ ਹੇਤ ਲਗ, ਦਯੋ ਮਿਸ੍ਰ ਜੂ ਰੋਇ॥ ੪॥**

### *ਪਹਾੜੀ ਰਾਜੇ*

ਬ੍ਰਾਹਮਣ ਵੀ ਆਪਣੀ ਹੇਠੀ ਕਰਵਾ ਕੇ ਚੁੱਪ ਬੈਠਣ ਵਾਲੇ ਨਹੀਂ ਸਨ। ਆਪ ਤਾਂ

ਉਹ ਕੁਝ ਕਰ ਨਹੀਂ ਸਨ ਸਕਦੇ, ਪਰ ਉਹ ਦੂਜਿਆਂ ਦੇ ਮੋਢੇ ਉਤੇ ਬੰਦੂਕ ਰੱਖ ਕੇ ਦੁਸ਼ਮਣ ਉੱਤੇ ਵਾਰ ਕਰਨਾ ਖ਼ੂਬ ਜਾਣਦੇ ਸਨ। ਸੋ, ਉਨ੍ਹਾਂ ਨੇ ਪਹਾੜੀ ਰਾਜਿਆਂ ਨੂੰ ਉਕਸਾਉਣਾ ਸ਼ੁਰੂ ਕੀਤਾ। ਜਦੋਂ ਇਨ੍ਹਾਂ ਬ੍ਰਾਹਮਣਾਂ ਤੋਂ ਪੰਮੇ ਪ੍ਰੋਹਿਤ ਵਰਗਿਆਂ ਨੂੰ ਇਹ ਪਤਾ ਲੱਗਾ ਕਿ ਗੁਰੂ ਜੀ ਨੇ ਨਵਾਂ ਪੰਥ ਸਾਜਿਆ ਹੈ ਤੇ ਸਭ ਜਾਤਾਂ ਦੇ ਲੋਕਾਂ ਨੂੰ ਇਕੋ ਬਾਟੇ ਵਿਚੋਂ ਅੰਮ੍ਰਿਤ ਛਕਾਇਆ ਹੈ, ਤਾਂ ਉਨ੍ਹਾਂ ਦੀ ਹਿੱਕ ਉੱਤੇ ਤਾਂ ਸੱਪ ਲੇਟ ਗਏ। ਉਹਨਾਂ ਪਹਾੜੀ ਰਾਜਿਆਂ ਨੂੰ ਇਹ ਆਖ ਕੇ ਭੜਕਾਇਆ ਕਿ ਗੁਰੂ ਗੋਬਿੰਦ ਸਿੰਘ ਜੀ ਤਾਂ ਸ਼ੂਦਰਾਂ ਨੂੰ ਵੀ ਯੋਧੇ ਬਣਾ ਰਹੇ ਹਨ ਜੋ ਕਿ ਖੱਤਰੀਆਂ ਤੇ ਰਾਜਪੂਤ ਰਾਜਿਆਂ ਦਾ ਹੀ ਹੱਕ ਹੈ। ਉਨ੍ਹਾਂ ਨੇ ਹੋਰ ਆਖਿਆ ਕਿ ਗੁਰੂ ਜੀ ਨੇ ਇਕੋ ਬਾਟੇ ਵਿਚ ਸ਼ੂਦਰਾਂ ਤੇ ਹੋਰ ਉੱਚੀਆਂ ਜਾਤਾਂ ਦੇ ਲੋਕਾਂ ਨੂੰ ਅੰਮ੍ਰਿਤ ਛਕਾ ਕੇ ਸਿਮਰਤੀਆਂ ਤੇ ਸ਼ਾਸਤਰਾਂ ਦੇ ਵੈਦਿਕ ਧਰਮ ਉੱਤੇ ਕਰਾਰੀ ਸੱਟ ਮਾਰੀ ਹੈ।

ਇਨ੍ਹਾਂ ਦਿਨਾਂ ਵਿਚ ਇਕ ਅਜਿਹੀ ਘਟਨਾ ਘਟ ਗਈ ਜਿਸ ਤੋਂ ਪਹਾੜੀਏ ਗੁਰੂ ਜੀ ਨਾਲ ਈਰਖਾ ਕਰਨ ਲਗ ਪਏ ਅਤੇ ਗੁਰੂ ਜੀ ਨੂੰ ਆਪਣਾ ਵੈਰੀ ਸਮਝਣ ਲਗ ਪਏ। ਉਹ ਘਟਨਾ ਸੀ ਸਿੰਘਾਂ ਦੁਆਰਾ ਬਲੀਆ ਚੰਦ ਤੇ ਆਲਮ ਚੰਦ ਨਾਂ ਦੇ 'ਰਾਜਿਆਂ' ਨੂੰ ਇਕ ਝੜਪ ਵਿਚ ਹਰਾਉਣਾ। ਇਹ ਘਟਨਾ ਇਸ ਪ੍ਰਕਾਰ ਹੋਈ :

ਇਕ ਦਿਨ ਗੁਰੂ ਗੋਬਿੰਦ ਸਿੰਘ ਜੀ ਕੁਝ ਸਿੰਘਾਂ ਸਮੇਤ ਸ਼ਿਕਾਰ ਖੇਡਣ ਲਈ ਗਏ। ਉੱਧਰ ਦੋ ਛੋਟੀਆਂ-ਛੋਟੀਆਂ ਰਿਆਸਤਾਂ ਦੇ ਹਿੰਦੂ ਰਾਜੇ, ਬਲੀਆ ਚੰਦ ਤੇ ਆਲਮ ਚੰਦ, ਆਪਣੇ ਫ਼ੌਜੀਆਂ ਸਮੇਤ ਘਾਤ ਲਾਈ ਬੈਠੇ ਸਨ। ਉਨ੍ਹਾਂ ਨੇ ਸਿੰਘਾਂ ਉੱਤੇ ਅਚਾਨਕ ਹੀ ਹੱਲਾ ਬੋਲ ਦਿੱਤਾ। ਸਿੰਘਾਂ ਨੇ ਵੀ ਅਗਿਉਂ ਡਟ ਕੇ ਮੁਕਾਬਲਾ ਕੀਤਾ ਤੇ ਪਹਾੜੀਆਂ ਨੂੰ ਭਜਾ ਦਿੱਤਾ। ਸਿੰਘਾਂ ਨੇ ਭੱਜੀਆਂ ਜਾਂਦੀਆਂ ਪਹਾੜੀ ਫ਼ੌਜਾਂ ਦਾ ਦੂਰ ਤੱਕ ਪਿੱਛਾ ਕੀਤਾ ਤੇ ਉਨ੍ਹਾਂ ਨੂੰ ਚੰਗਾ ਹਫ਼ਾਇਆ। ਪਤਾ ਲੱਗਣ ਤੇ ਹੰਡੂਰ ਤੇ ਕਹਿਲੂਰ ਦੇ ਰਾਜਿਆਂ ਨੇ ਵੀ ਸਿਪਾਹੀ ਭੇਜੇ, ਪਰ ਉਦੋਂ ਤੱਕ ਪਹਾੜੀਏ ਮਾਰ ਖਾ ਕੇ ਭੱਜ ਚੁੱਕੇ ਸਨ।

ਜਦੋਂ ਸਿੰਘ ਜੋਸ਼ ਵਿਚ ਪਹਾੜੀਆਂ ਦਾ ਪਿੱਛਾ ਕਰੀ ਜਾ ਰਹੇ ਸਨ, ਤਾਂ ਗੁਰੂ ਜੀ ਆਪਣਾ ਘੋੜਾ ਛੇੜ ਕੇ ਸੜਕੋਂ ਲਾਂਭੇ ਰੁੱਖਾਂ ਦੀ ਇਕ ਝਿੜੀ ਵਿਚ ਜਾ ਖਲੋਤੇ। ਉਧਰ ਪਹਾੜੀਆਂ ਨੇ ਅਟਕ ਕੇ ਦੁਬਾਰਾ ਸਿੰਘਾਂ ਦਾ ਟਾਕਰਾ ਕੀਤਾ। ਸਿੰਘਾਂ ਨੇ ਪਹਾੜੀਆਂ ਦੀ ਚੰਗੀ ਦੁਰਗਤ ਬਣਾਈ, ਪਰ ਸਤਿਗੁਰਾਂ ਨੂੰ ਆਪਣੇ ਵਿਚ ਨਾ ਵੇਖ ਕੇ ਕੁਝ ਘਬਰਾ ਗਏ। ਇੰਨੇ ਵਿਚ ਕੁਝ ਸਿੰਘਾਂ ਨੇ ਸਤਿਗੁਰਾਂ ਨੂੰ ਝਿੜੀ ਵਿਚ ਜਾ ਲੱਭਿਆ ਤੇ ਬਾਕੀ ਸਿੰਘਾਂ ਦੀ ਘਬਰਾਹਟ ਬਾਰੇ ਦੱਸਿਆ। ਗੁਰੂ ਜੀ ਤੁਰੰਤ ਲੜਾਈ ਵਾਲੀ ਥਾਂ ਤੇ ਪੁੱਜੇ। ਸਿੰਘਾਂ ਦੇ ਹੌਸਲੇ ਵਧ ਗਏ। ਉਨ੍ਹਾਂ ਨੇ ਪਹਾੜੀਆਂ ਤੇ ਇਕ ਜ਼ੋਰਦਾਰ ਹਮਲਾ ਕੀਤਾ ਤੇ ਉਨ੍ਹਾਂ ਨੂੰ ਰਣ-ਭੂਮੀ ਵਿਚੋਂ ਮਾਰ ਭਜਾਇਆ।

ਜਦ ਸਾਰੇ ਪਹਾੜੀ ਰਾਜਿਆਂ ਨੂੰ ਇਸ ਘਟਨਾ ਦੀ ਖ਼ਬਰ ਲੱਗੀ ਤਾਂ ਉਹ ਬਹੁਤ ਚਿੰਤਾਤੁਰ ਹੋਏ ਕਿ ਥੋੜ੍ਹੇ ਜਿਹੇ ਸਿੰਘਾਂ ਨੇ ਕਿਵੇਂ ਸ਼ੇਰਾਂ ਵਾਂਗ ਬੁੱਕ ਕੇ ਪਹਾੜੀ ਸਿਪਾਹੀਆਂ ਨੂੰ ਮਾਰ ਭਜਾਇਆ ਹੈ, ਜਿਵੇਂ ਕਿ ਉਹ ਭੇਡਾਂ ਬੱਕਰੀਆਂ ਹੀ ਹੋਣ। ਉਨ੍ਹਾਂ ਨੂੰ ਹਰਾਉਣ ਵਾਲੇ ਸਿੰਘ ਉਨ੍ਹਾਂ ਹੀ ਲੋਕਾਂ ਵਿਚੋਂ ਬਣੇ ਸਨ ਜਿਨ੍ਹਾਂ ਨੂੰ ਪਹਾੜੀਏ 'ਨੀਵੀਂ ਜਾਤ' ਵਾਲੇ

ਤੇ 'ਕਮੀਣ-ਕਾਂਦੂ' ਹੀ ਸਮਝਿਆ ਕਰਦੇ ਸਨ।

ਸੋ ਸਾਰੇ ਰਾਜਿਆਂ ਨੇ ਇਕੱਠ ਕਰਕੇ ਇਸ ਨਵੇਂ ਖ਼ਤਰੇ (ਸਿੱਖ-ਪੰਥ) ਬਾਰੇ ਵਿਚਾਰਾਂ ਕੀਤੀਆਂ। ਪਹਾੜੀ ਰਾਜਿਆਂ ਨੂੰ ਹੁਣ ਮੁਗ਼ਲਾਂ ਵਲੋਂ ਤਾਂ ਕੋਈ ਡਰ ਨਹੀਂ ਸੀ, ਕਿਉਂਕਿ ਹੁਣ ਸਾਰੇ ਬੜੇ ਬੀਬੇ-ਰਾਣੇ ਬਣ ਕੇ ਮਾਲੀਆ ਤਾਰ ਰਹੇ ਸਨ ਤੇ ਮੁਗ਼ਲਾਂ ਦੀ ਮਾਰ ਤੋਂ ਬਚੇ ਹੋਏ ਸਨ। ਗੁਰੂ ਗੋਬਿੰਦ ਸਿੰਘ ਜੀ ਦੀ ਅਗਵਾਈ ਵਿਚ ਗਰੀਬਾਂ ਤੇ 'ਸ਼ੂਦਰਾਂ' ਦਾ ਜਾਗ ਉੱਠਣਾ ਅਤੇ ਜੰਗ ਦੇ ਮੈਦਾਨ ਵਿਚ ਪਹਾੜੀ ਸਿਪਾਹੀਆਂ ਤੇ ਮੁਗ਼ਲਾਂ ਨਾਲ ਦੋ ਹੱਥ ਕਰਨੇ ਉਨ੍ਹਾਂ ਲਈ ਇਕ ਵੱਡਾ ਖ਼ਤਰਾ ਸੀ। ਇਸ ਖ਼ਤਰੇ ਨੂੰ ਟਾਲਣ ਲਈ ਰਾਜਿਆਂ ਨੇ ਮੁਗ਼ਲਾਂ ਕੋਲੋਂ ਇਹ ਆਖ ਕੇ ਸਹਾਇਤਾ ਮੰਗੀ ਕਿ ਅੱਜ ਤਾਂ ਸਿੱਖ ਸਾਡੇ ਲਈ ਖ਼ਤਰਾ ਬਣੇ ਹੋਏ ਹਨ, ਕਲ੍ਹ ਨੂੰ ਮੁਗ਼ਲ ਹਕੂਮਤ ਲਈ ਵੀ ਬਣ ਜਾਣਗੇ। ਸੋ, ਤੇਜ਼ੀ ਨਾਲ ਉੱਭਰ ਰਹੀ ਇਸ ਨਵੀਂ ਸ਼ਕਤੀ ਨੂੰ ਸ਼ੁਰੂ ਵਿਚ ਹੀ ਦਬਾ ਦੇਣਾ ਚਾਹੀਦਾ ਹੈ।

ਮੁਗ਼ਲਾਂ ਤੋਂ ਸਹਾਇਤਾ ਲੈਣ ਲਈ ਸਰਹੰਦ ਦੇ ਸੂਬੇ ਕੋਲ ਆਪਣੇ ਵਕੀਲ ਭੇਜੇ। ਔਰੰਗਜ਼ੇਬ ਦੱਖਣ ਵਿਚ ਸੀ। ਕਈ ਤਰ੍ਹਾਂ ਦੀਆਂ ਝੂਠੀਆਂ-ਸੱਚੀਆਂ ਖ਼ਬਰਾਂ ਭੇਜ ਕੇ ਉਸ ਪਾਸੋਂ ਸਿੰਘਾਂ ਨੂੰ ਦਬਾਉਣ ਦੀ ਪ੍ਰਵਾਨਗੀ ਮੰਗਾਈ ਗਈ। ਇੰਵ ਅਨੰਦਪੁਰ ਦੀਆਂ ਲੜਾਈਆਂ ਦਾ ਮੁੱਢ ਬੱਝਾ।

# ਅਨੰਦਪੁਰ ਦੀਆਂ ਲੜਾਈਆਂ

ਖ਼ਾਲਸੇ ਦੀ ਸਿਰਜਣਾ ਮਗਰੋਂ ਪਹਾੜੀ ਰਾਜਿਆਂ ਅਤੇ ਮੁਗ਼ਲ ਸਰਕਾਰ ਨੇ ਉਭਰ ਰਹੀ ਸਿੱਖ ਸ਼ਕਤੀ ਨੂੰ ਦਬਾਉਣ ਲੀ ਸਿਰਤੋੜ ਯਤਨ ਕੀਤੇ। ਇਸੇ ਲਈ ਖ਼ਾਲਸੇ ਦੀ ਸਿਰਜਣਾ ਅਤੇ ਗੁਰੂ ਜੀ ਦੁਆਰਾ ਅਨੰਦਪੁਰ ਖਾਲੀ ਕਰਨ ਦੇ (5-6 ਸਾਲਾਂ ਦੇ) ਵਿਚਕਾਰਲੇ ਸਮੇਂ ਵਿਚ ਨੌ-ਦਸ ਛੋਟੀਆਂ-ਵੱਡੀਆਂ ਲੜਾਈਆਂ ਹੋਈਆਂ। ਇਨ੍ਹਾਂ ਵਿਚੋਂ ਕੁਝ ਤਾਂ ਕੇਵਲ ਪਹਾੜੀ (ਬਾਈਧਾਰ ਦੇ) ਰਾਜਿਆਂ ਨਾਲ ਹੋਈਆਂ ਤੇ ਕੁਝ ਪਹਾੜੀਆਂ ਅਤੇ ਮੁਗ਼ਲ ਸਰਕਾਰ ਦੀ ਮਿਲਵੀਂ ਸ਼ਕਤੀ ਨਾਲ। ਇਨ੍ਹਾਂ ਵਿਚੋਂ ਮੁੱਖ ਲੜਾਈਆਂ ਨੂੰ "ਅਨੰਦਪੁਰ ਦੀਆਂ ਲੜਾਈਆਂ" ਦਾ ਨਾਮ ਦਿੱਤਾ ਗਿਆ ਹੈ; ਜੋ ਬਹੁਤਿਆਂ ਨੇ ਚਾਰ, ਕੁਝ ਨੇ ਪੰਜ ਅਤੇ ਡਾ. ਹਰੀ ਰਾਮ ਗੁਪਤਾ ਨੇ ਤਾਂ ਛੇ ਮੰਨੀਆਂ ਹਨ ।

ਇਨ੍ਹਾਂ ਲੜਾਈਆਂ ਦੇ ਸਮੇਂ ਬਾਰੇ ਵੀ ਇਤਿਹਾਸਕਾਰਾਂ ਵਿਚ ਅੰਤਰ ਹੈ। ਉਦਾਹਰਣ ਦੇ ਤੌਰ ਤੇ ਪਹਿਲਾਂ ਆਖ਼ਰੀ·ਲੜਾਈ ਸੰਨ 1704 ਵਿਚ ਹੋਈ ਮੰਨੀ ਜਾਂਦੀ ਸੀ ਅਤੇ ਇਹ ਮੰਨਿਆ ਜਾਂਦਾ ਸੀ ਕਿ ਗੁਰੂ ਜੀ ਨੇ ਅਨੰਦਪੁਰ ਨੂੰ ਦਸੰਬਰ 1704 ਵਿਚ ਛੱਡਿਆ ਸੀ। ਹੁਣ ਭੱਟ ਵਹੀਆਂ ਨੂੰ ਆਧਾਰ ਬਣਾ ਕੇ ਲਿਖਣ ਵਾਲੇ ਇਤਿਹਾਸਕਾਰਾਂ ਨੇ ਅਨੰਦਪੁਰ ਛੱਡਣ ਦੀ ਮਿਤੀ ਦਸੰਬਰ 1705 ਲਿਖੀ ਹੈ। ਇਸੇ ਤਰ੍ਹਾਂ ਸਤਿਗੁਰਾਂ ਦੇ ਮਗਰਲੇ ਜੀਵਨ ਦੀਆਂ ਕੁਝ ਮਿਤੀਆਂ ਬਦਲ ਗਈਆਂ ਹਨ। ਸਮੁੱਚੇ ਕੌਮੀ ਯਤਨਾਂ ਦੀ ਅਣਹੋਂਦ ਵਿਚ ਇਕ-ਇਕ ਇਤਿਹਾਸਕ ਘਟਨਾ ਦੀਆਂ ਕਈ-ਕਈ ਮਿਤੀਆਂ ਪ੍ਰਚਲਿਤ ਹੋ ਗਈਆਂ ਹਨ।

### *ਅਨੰਦਪੁਰ ਦੀ ਪਹਿਲੀ ਲੜਾਈ*

ਜਦੋਂ ਸਰਹੰਦ ਦੇ ਨਵਾਬ ਨੂੰ ਔਰੰਗਜ਼ੇਬ ਵਲੋਂ ਅਨੰਦਪੁਰ ਉੱਤੇ ਹਮਲਾ ਕਰਨ ਦੀ ਇਜਾਜ਼ਤ ਮਿਲੀ ਤਾਂ ਉਸ ਨੇ ਪੈਂਦੇ ਖ਼ਾਨ ਅਤੇ ਦੀਨਾ ਬੇਗ ਦੋ ਜਰਨੈਲਾਂ ਨੂੰ ਦਸ ਹਜ਼ਾਰ ਫ਼ੌਜ ਦੇ ਕੇ ਅਨੰਦਪੁਰ ਉੱਤੇ ਚੜ੍ਹਾਈ ਕਰਨ ਲਈ ਭੇਜਿਆ।* ਕਹਿਲੂਰ, ਜਸਵਾਲ, ਸਰਮੌਰ ਆਦਿਕ ਪਹਾੜੀ ਰਿਆਸਤਾਂ ਦੇ ਰਾਜੇ ਵੀ ਆਪੋ ਆਪਣੀਆਂ ਫ਼ੌਜਾਂ ਲੈ ਕੇ ਮੁਗ਼ਲ ਫ਼ੌਜਾਂ ਨਾਲ ਆ ਮਿਲੇ।

ਇੱਧਰ ਗੁਰੂ ਕੇ ਸਿੱਖ ਵੀ ਅਨੰਦਪੁਰ ਸਾਹਿਬ ਵਿਚ ਆ ਇਕੱਠੇ ਹੋਏ। ਉਨ੍ਹਾਂ ਅੰਦਰ ਧਰਮ-ਯੁੱਧ ਦਾ ਚਾਅ ਠਾਠਾਂ ਮਾਰ ਰਿਹਾ ਸੀ। ਅੱਜ ਖੰਡੇ-ਬਾਟੇ ਦੇ ਅੰਮ੍ਰਿਤ ਨੂੰ ਮੁਗ਼ਲਾਂ ਤੇ ਪਹਾੜੀਆਂ ਵਲੋਂ ਵੰਗਾਰ ਪਈ ਸੀ, ਤੇ ਸਿੰਘ ਇਸ ਵੰਗਾਰ ਦਾ ਮੂੰਹ-ਤੋੜਵਾਂ ਜੁਆਬ ਦੇਣ ਲਈ ਸੀਸ ਤਲੀ ਤੇ ਧਰ ਕੇ ਆਏ ਸਨ। ਉਨ੍ਹਾਂ ਦੇ ਮੁਕਾਬਲੇ ਵਿਚ ਵੈਰੀਆਂ ਦੀ ਗਿਣਤੀ ਬਹੁਤ ਜ਼ਿਆਦਾ ਸੀ, ਪਰ ਵੈਰੀ-ਦਲ ਜਿੱਥੇ ਤਨਖ਼ਾਹ ਦੀ ਖ਼ਾਤਰ ਲੜ ਰਿਹਾ ਸੀ, ਉੱਥੇ ਸਿੰਘ ਆਪਣੇ ਗੁਰੂ ਜੀ ਤੇ ਸਿੱਖ-ਪੰਥ ਦੀ ਸ਼ਾਨ ਲਈ ਜਾਨਾਂ ਵਾਰਨ ਖ਼ਾਤਰ ਜੰਗ ਦੇ ਮੈਦਾਨ ਵਿਚ ਪੁੱਜੇ ਸਨ। ਗੁਰੂ ਜੀ ਨੇ ਆਪਣੇ ਸਿੰਘਾਂ ਦੀ ਕਮਾਨ

---

* ਕੁਝ ਇਤਿਹਾਸਕਾਰਾਂ ਨੇ ਲਿਖਿਆ ਹੈ ਕਿ ਇਨ੍ਹਾਂ ਜਰਨੈਲਾਂ ਨੂੰ ਦਿੱਲੀ ਤੋਂ ਦਿੱਲੀ ਦੇ ਸੂਬੇਦਾਰ ਨੇ ਭੇਜਿਆ ਸੀ।

'ਪੰਜ-ਪਿਆਰਿਆਂ' ਅਤੇ ਭਾਈ ਉਦੇ ਸਿੰਘ ਤੇ ਭਾਈ ਆਲਮ ਸਿੰਘ ਦੇ ਸਪੁਰਦ ਕੀਤੀ।

ਬੜੇ ਘਮਸਾਨ ਦੀ ਜੰਗ ਹੋਈ। ਸਾਹਿਬਜ਼ਾਦਾ ਅਜੀਤ ਸਿੰਘ, ਜੋ ਅਜੇ 14 ਕੁ ਵਰ੍ਹਿਆਂ ਨੂੰ ਹੀ ਪੁੱਜੇ ਸਨ, ਇਸ ਜੰਗ ਵਿਚ ਸਿੰਘਾਂ ਨਾਲ ਮੋਢੇ ਨਾਲ ਮੋਢਾ ਡਾਹ ਕੇ ਲੜੇ। ਪੈਂਦੇ ਖ਼ਾਨ ਨੇ ਸਤਿਗੁਰੂ ਜੀ ਨੂੰ ਆ ਵੰਗਾਰਿਆ। ਉਸ ਨੇ ਗੁਰੂ ਜੀ ਉਤੇ ਤੀਰਾਂ ਦੇ ਦੋ ਵਾਰ ਕੀਤੇ, ਪਰ ਦੋਵੇਂ ਖ਼ਾਲੀ ਗਏ। ਫਿਰ ਗੁਰੂ ਜੀ ਨੇ ਕਮਾਨ ਸੰਭਾਲੀ ਤੇ ਪੈਂਦੇ ਖ਼ਾਨ ਨੂੰ ਨਿਸ਼ਾਨਾ ਬਣਾ ਕੇ ਤੀਰ ਛੱਡਿਆ। ਤੀਰ ਪੈਂਦੇ ਖ਼ਾਨ ਦੇ ਕੰਨ ਵਿਚੋਂ ਦੀ ਸਿਰ ਨੂੰ ਵਿੰਨ੍ਹ ਗਿਆ। ਪੈਂਦੇ ਖ਼ਾਨ ਜ਼ਮੀਨ ਤੇ ਡਿੱਗ ਪਿਆ। ਉਸ ਦੇ ਡਿੱਗਣ ਦੀ ਦੇਰ ਹੀ ਸੀ ਕਿ ਪਹਾੜੀਏ ਰਣ-ਭੂਮੀ ਵਿਚੋਂ ਭੱਜ ਉਠੇ। ਦੀਨਾ ਬੇਗ ਨੇ ਸਿੱਖਾਂ ਦਾ ਮੁਕਾਬਲਾ ਕਰਨ ਦੀ ਕੋਸ਼ਿਸ਼ ਕੀਤੀ, ਪਰ ਉਹ ਵੀ ਜ਼ਖਮੀ ਹੋ ਗਿਆ। ਮੁਗ਼ਲ ਫ਼ੌਜ ਦੇ ਪੈਰ ਵੀ ਉਖੜ ਗਏ। ਸਿੰਘਾਂ ਨੇ ਖ਼ਿਦਰਾਬਾਦ (ਤਹਿਸੀਲ ਖਰੜ) ਤੱਕ ਭੱਜਦੀਆਂ ਮੁਗ਼ਲ ਫ਼ੌਜਾਂ ਦਾ ਪਿੱਛਾ ਕੀਤਾ। ਇਸ ਜਗ੍ਹਾ ਹੁਣ ਯਾਦਗਾਰੀ ਗੁਰਦੁਆਰਾ ਬਣਿਆ ਹੋਇਆ ਹੈ। ਇਹ ਜੰਗ ਮਾਰਚ 1700 ਵਿਚ[19] ਹੋਈ ਸੀ।

### *ਅਨੰਦਪੁਰ ਦੀ ਦੂਜੀ ਲੜਾਈ*

ਅਨੰਦਪੁਰ ਸਾਹਿਬ ਦੀ ਪਹਿਲੀ ਲੜਾਈ ਵਿਚ ਹੋਈ ਹਾਰ ਨੇ ਪਹਾੜੀਆਂ ਨੂੰ ਹੋਰ ਸੋਚਾਂ ਵਿਚ ਪਾ ਦਿੱਤਾ। ਪਹਾੜੀ ਰਾਜਿਆਂ ਦੀਆਂ ਫ਼ੌਜਾਂ ਨੂੰ ਉਨ੍ਹਾਂ ਲੋਕਾਂ ਤੋਂ ਮੂੰਹ ਦੀ ਖਾਣੀ ਪਈ ਸੀ, ਜਿਨ੍ਹਾਂ ਨੂੰ ਉਹ ਕਲ੍ਹ ਤੱਕ ਨਾਈ, ਛੀਂਬੇ, ਜੱਟ, ਝੀਊਰ ਆਦਿ ਛੋਟੀਆਂ ਜਾਤਾਂ ਵਾਲੇ ਕਹਿੰਦੇ ਸਨ। ਰਾਜਿਆਂ ਨੂੰ ਇਹ ਡਰ ਖਾਣ ਲੱਗ ਪਿਆ ਕਿ ਜੇ ਜਨਤਾ ਦੇ ਸਭ ਵਰਗ ਖ਼ਾਲਸਾ-ਪੰਥ ਵਿਚ ਸ਼ਾਮਿਲ ਹੋਣ ਲੱਗ ਪਏ, ਤਾਂ ਉਨ੍ਹਾਂ ਦੀਆਂ ਹਕੂਮਤਾਂ ਖੁੱਸ ਜਾਣਗੀਆਂ ਅਤੇ ਉਨ੍ਹਾਂ ਦੇ ਭੋਗ-ਵਿਲਾਸ ਤੇ ਐਸ਼ਪ੍ਰਸਤੀ ਸਮਾਪਤ ਹੋ ਜਾਵੇਗੀ।

ਰਾਜਿਆਂ ਦੀ ਹਾਲਤ ਬੜੀ ਤਰਸਯੋਗ ਹੋ ਗਈ ਸੀ। ਜੇ ਉਹ ਖ਼ਾਲਸਾ-ਪੰਥ ਦੀ ਚੜ੍ਹਦੀ-ਕਲਾ ਵਲੋਂ ਅੱਖਾਂ ਮੀਟਣ ਤਾਂ ਉਨ੍ਹਾਂ ਨੂੰ ਆਪਣੀ ਪਰਜਾ ਵਿਚ ਜਾਗ੍ਰਿਤੀ ਆਉਣ ਦਾ ਡਰ ਸੀ, ਜੇ ਮੁਗ਼ਲ ਸਰਕਾਰ ਕੋਲੋਂ ਸਹਾਇਤਾ ਮੰਗਣ ਤਾਂ ਮੁਗ਼ਲਾਂ ਦਾ ਜੂਲਾ ਹੋਰ ਕਰੜਾ ਹੋਣ ਦਾ ਖਤਰਾ ਸੀ। ਮੁਗ਼ਲਾਂ ਦੀ ਮਦਦ ਮੁਫ਼ਤ ਵਿਚ ਤਾਂ ਨਹੀਂ ਸੀ ਮਿਲ ਜਾਂਦੀ — ਵਧੇਰੇ ਮਾਲੀਆ ਤੇ ਜੰਗ ਦਾ ਖ਼ਰਚਾ ਮੁਗ਼ਲਾਂ ਨੂੰ ਦੇਣਾ ਪੈਂਦਾ ਸੀ। ਉਨ੍ਹਾਂ ਨੂੰ ਇਹ ਵੀ ਡਰ ਸੀ ਕਿ ਕਿਧਰੇ ਮੁਗ਼ਲ ਉਨ੍ਹਾਂ ਦੀ ਰਜਵਾੜਾਸ਼ਾਹੀ ਸਮਾਪਤ ਕਰਕੇ, ਉਨ੍ਹਾਂ ਦੇ ਇਲਾਕਿਆਂ ਨੂੰ ਸਿੱਧਾ ਆਪਣੇ ਅਧੀਨ ਹੀ ਨਾ ਕਰ ਲੈਣ। ਇਨ੍ਹਾਂ ਸਾਰੀਆਂ ਸਮੱਸਿਆਵਾਂ ਤੇ ਵਿਚਾਰ ਕਰਨ ਲਈ ਰਾਜਿਆਂ ਨੇ ਬਿਲਾਸਪੁਰ ਇਕੱਠ ਕੀਤਾ ਤੇ ਇਹ ਫ਼ੈਸਲਾ ਕੀਤਾ ਕਿ ਬਾਹਰੋਂ ਮਦਦ ਨਾ ਲਈ ਜਾਵੇ ਅਤੇ ਸਾਰੇ ਰਾਜੇ ਮਿਲ ਕੇ ਅਨੰਦਪੁਰ ਉਤੇ ਜ਼ੋਰਦਾਰ ਹਮਲਾ ਕਰਨ ਤੇ ਅਨੰਦਪੁਰ ਦਾ ਖੁਰਾ-ਖੋਜ ਮਿਟਾ ਦੇਣ। ਇਨ੍ਹਾਂ ਨੇ ਗੁਰੂ ਜੀ ਵੱਲ ਇਕ ਚਿੱਠੀ ਵੀ ਲਿਖ ਮਾਰੀ ਕਿ ਤੁਸੀਂ ਈਨ ਮੰਨ ਲਵੋ ਅਤੇ ਅਨੰਦਪੁਰ ਵਾਲੀ ਜ਼ਮੀਨ ਦਾ ਕਿਰਾਇਆ ਦਿਓ, ਨਹੀਂ ਤਾਂ ਅਨੰਦਪੁਰ ਖ਼ਾਲੀ ਕਰ ਦਿਓ। ਗੁਰੂ ਜੀ ਨੇ

---

19. ਡਾ: ਹਰਜਿੰਦਰ ਸਿੰਘ ਦਿਲਗੀਰ, ਪੰਨਾ 107.

ਜੁਆਬ ਦਿੱਤਾ ਕਿ ਜ਼ਮੀਨ ਦਾ ਪੂਰਾ ਮੁੱਲ ਪਿਤਾ ਗੁਰੂ ਤੇਗ ਬਹਾਦਰ ਜੀ ਨੇ ਤਾਰ ਦਿੱਤਾ ਸੀ, ਹੋਰ ਕੋਈ ਬਕਾਇਆ ਨਹੀਂ ਹੈ ਅਤੇ ਅਨੰਦਪੁਰ ਖ਼ਾਲੀ ਕਰਨ ਦਾ ਸੁਆਲ ਹੀ ਪੈਦਾ ਨਹੀਂ ਹੁੰਦਾ।

ਪਹਾੜੀ ਰਾਜਿਆਂ ਨੇ ਜੰਗ ਦਾ ਐਲਾਨ ਕਰ ਦਿੱਤਾ। ਰੰਘੜਾਂ ਤੇ ਗੁੱਜਰਾਂ ਨੂੰ ਵੀ ਆਪਣੀ ਫ਼ੌਜ ਵਿਚ ਸ਼ਾਮਿਲ ਕਰ ਕੇ ਅਨੰਦਪੁਰ ਤੇ ਹਮਲਾ ਬੋਲ ਦਿੱਤਾ। ਉਧਰੋਂ ਸਿੱਘ ਵੀ ਮੁਕਾਬਲਾ ਕਰਨ ਲਈ ਨਗਰ ਤੋਂ ਬਾਹਰ ਆ ਗਏ। ਇਸੇ ਸਮੇਂ ਦੁਆਬੇ ਤੇ ਮਾਲਵੇ ਦੇ ਸਿੰਘਾਂ ਤੋਂ ਇਲਾਵਾ ਮਾਝੇ ਤੋਂ ਵੀ ਪੰਜ ਸੌ ਸਿੰਘ ਪੁੱਜ ਗਏ। ਘੇਰਾ ਪਾਈ ਫ਼ੌਜਾਂ ਦੇ ਪਿਛਿਓਂ ਮਾਝੇ ਤੋਂ ਆਏ ਸਿੰਘਾਂ ਨੇ ਅਜਿਹਾ ਹਮਲਾ ਕੀਤਾ ਕਿ ਪਹਾੜੀਆਂ ਤੇ ਰੰਘੜਾਂ ਨੂੰ ਹੱਥਾ-ਪੈਰਾਂ ਦੀ ਪੈ ਗਈ। ਭਾਈ ਦਇਆ ਸਿੰਘ, ਆਲਮ ਸਿੰਘ ਤੇ ਉਦੇ ਸਿੰਘ ਨੇ ਐਸੇ ਹੱਥ ਵਿਖਾਏ ਕਿ ਵਿਰੋਧੀਆਂ ਨੂੰ ਮੈਦਾਨ ਵਿਚ ਟਿਕਣਾ ਮੁਸ਼ਕਿਲ ਹੋ ਗਿਆ। ਸਾਰਾ ਦਿਨ ਘਮਸਾਨ ਦੀ ਲੜਾਈ ਹੁੰਦੀ ਰਹੀ। ਗੁੱਜਰਾਂ ਦਾ ਸਰਦਾਰ ਜਮਤੁੱਲਾ ਮਾਰਿਆ ਗਿਆ। ਪਹਾੜੀਆਂ ਨੇ ਉਸ ਦੀ ਲੋਥ ਲਿਜਾਣ ਦੇ ਬੜੇ ਯਤਨ ਕੀਤੇ, ਪਰ ਉਹ ਕਾਮਯਾਬ ਨਾ ਹੋਏ। ਨਿਰਾਸਤਾ ਵਿਚ ਡੁੱਬੇ ਹੋਏ ਰਾਜੇ ਸ਼ਾਮ ਨੂੰ ਆਪੇ ਹੀ ਪਿਛੇ ਹਟ ਗਏ ਤੇ ਆਪਣੀ ਦਸ਼ਾ ਬਾਰੇ ਸੋਚਣ ਲੱਗੇ। ਮੰਡੀ ਦੇ ਰਾਜੇ ਨੇ ਤਾਂ ਜੰਗ ਬੰਦ ਕਰਕੇ ਗੁਰੂ ਜੀ ਨਾਲ ਸੁਲਾਹ ਕਰਨ ਦੀ ਸਲਾਹ ਦਿੱਤੀ ਪਰ ਹੰਡੂਰ ਤੇ ਜਸਵਾਲ ਦੇ ਰਾਜਿਆਂ ਨੇ ਇਸ ਦੀ ਵਿਰੋਧਤਾ ਕੀਤੀ।

ਦੂਜੇ ਦਿਨ ਪਹਾੜੀਆਂ ਨੇ ਫਿਰ ਹਮਲਾ ਕੀਤਾ। ਸਿੰਘਾਂ ਨੇ ਵੀ ਅੱਗੋਂ ਕਰਾਰੇ ਹੱਥ ਵਿਖਾਏ। ਪਹਾੜੀਆਂ ਨੂੰ ਇਹ ਸਮਝ ਆ ਗਈ ਕਿ ਸਿੰਘਾਂ ਨਾਲ ਆਹਮੋ-ਸਾਹਮਣੇ ਲੜਾਈ ਨਹੀਂ ਹੋ ਸਕਦੀ। ਉਨ੍ਹਾਂ ਨੀਤੀ ਦਾ ਸਹਾਰਾ ਲਿਆ ਤੇ ਸ਼ਸਤਰਾਂ ਨਾਲ ਟਾਕਰਾ ਕਰਨ ਦੀ ਥਾਂ ਅਨੰਦਪੁਰ ਨੂੰ ਚੁਫੇਰਿਓਂ ਘੇਰਨ ਦਾ ਫ਼ੈਸਲਾ ਕੀਤਾ ਤਾਂ ਜੁ ਸਿੰਘਾਂ ਨੂੰ ਬਾਹਰੋਂ ਰਸਦ-ਪਾਣੀ ਨਾਂ ਪੁੱਜੇ ਤੇ ਅੰਤ ਨੂੰ ਹਾਰ ਮੰਨ ਲੈਣ।

ਪਹਾੜੀ ਫ਼ੌਜਾਂ ਨੇ ਦੋ ਮਹੀਨੇ ਅਨੰਦਪੁਰ ਨੂੰ ਘੇਰਾ ਪਾਈ ਰੱਖਿਆ। ਪਰ ਇਸ ਦਾ ਸਿੰਘਾਂ ਉਤੇ ਕੋਈ ਅਸਰ ਨਾ ਹੋਇਆ। ਪਹਾੜੀਏ ਕਾਹਲੇ ਪੈ ਗਏ। ਉਨ੍ਹਾਂ ਦੋ-ਟੁੱਕ ਫ਼ੈਸਲਾ ਕਰਨ ਲਈ ਹਮਲਾ ਕਰ ਦਿਤਾ। ਲੋਹਗੜ੍ਹ ਕਿਲ੍ਹੇ ਦਾ ਫਾਟਕ ਤੋੜਨ ਲਈ ਇਕ ਹਾਥੀ ਨੂੰ ਸ਼ਰਾਬ ਪਿਲਾ ਕੇ ਪਹਾੜੀ ਸੈਨਾ ਉਸ ਦੇ ਪਿਛੇ-ਪਿਛੇ ਹੋ ਤੁਰੀ। ਕੇਸਰੀ ਚੰਦ ਜਸਵਾਲੀਏ ਨੇ ਸਹੁੰ ਖਾਧੀ ਕਿ ਅੱਜ ਸਿੱਖਾਂ ਦੇ ਮੋਰਚੇ ਤੋੜ ਕੇ ਅਨੰਦਪੁਰ ਵਿਚ ਜਾ ਦਾਖ਼ਲ ਹੋਣਾ ਹੈ। ਗੁਰੂ ਜੀ ਨੂੰ ਜਦ ਮਸਤ ਹਾਥੀ ਦੇ ਆਉਣ ਦੀ ਖ਼ਬਰ ਮਿਲੀ ਤਾਂ ਉਨ੍ਹਾਂ ਮੁਸਕਰਾ ਕੇ ਕਿਹਾ ਕਿ ਉਨ੍ਹਾਂ ਕੋਲ ਵੀ ਇਕ ਮਸਤ ਹਾਥੀ ਹੈ। ਉਨ੍ਹਾਂ ਦਾ ਇਸ਼ਾਰਾ ਇਕ ਚੰਗੇ ਤਕੜੇ ਸਰੀਰ ਵਾਲੇ ਸਿੱਖ ਭਾਈ ਦੁਨੀ ਚੰਦ ਤੋਂ ਸੀ। ਦੁਨੀ ਚੰਦ ਸਰੀਰ ਦਾ ਤਕੜਾ ਪਰ ਕਮਜ਼ੋਰ ਮਨ ਵਾਲਾ ਸੀ। ਉਹ ਮਸਤ ਹਾਥੀ ਨਾਲ ਟਾਕਰੇ ਦੀ ਗੱਲ ਸੁਣ ਕੇ ਘਬਰਾ ਗਿਆ ਤੇ ਕਿਲ੍ਹੇ ਦੀ ਦੀਵਾਰ ਟੱਪ ਕੇ ਭੱਜ ਗਿਆ। ਉਹ ਵਿਚਾਰਾ ਦੀਵਾਰ ਟੱਪਦਾ ਲੱਤ ਵੀ ਤੁੜਵਾ ਬੈਠਾ। ਭਾਈ ਦੁਨੀ ਚੰਦ, ਭਾਈ ਸਾਲੋ ਦੇ ਖ਼ਾਨਦਾਨ ਵਿਚੋਂ ਸੀ। ਜਦ ਉਹ ਲੱਤ ਤੁੜਵਾ ਕੇ ਘਰ ਪੁੱਜਾ ਤਾਂ ਸਭ ਨੇ ਫਿਟਕਾਰ ਪਾਈ। ਘਰ ਵਿਚ ਉਸ ਦੀ ਸੱਪ ਲੜਨ ਨਾਲ ਮੌਤ ਹੋ ਗਈ।

ਗੁਰੂ ਜੀ ਨੇ ਭਾਈ ਮਨੀ ਸਿੰਘ ਜੀ ਦੇ ਸਪੁੱਤਰ ਭਾਈ ਬਚਿੱਤਰ ਸਿੰਘ ਜੀ ਨੂੰ ਨਾਗਣੀ ਬਰਛਾ ਦੇ ਕੇ ਹਾਥੀ ਦਾ ਟਾਕਰਾ ਕਰਨ ਲਈ ਭੇਜ ਦਿੱਤਾ। ਨਾਲ ਕੁਝ ਹੋਰ ਸੂਰਬੀਰ ਸਿੰਘਾਂ ਨੂੰ ਤੋਰਿਆ। ਲੋਹਗੜ੍ਹ ਦਾ ਦਰਵਾਜ਼ਾ ਖੋਲ੍ਹ ਕੇ ਭਾਈ ਬਚਿੱਤਰ ਸਿੰਘ ਜੀ ਨੇ ਹਾਥੀ ਨੂੰ ਜਾ ਲਲਕਾਰਿਆ ਤੇ ਬਰਛੇ ਨਾਲ ਉਸ ਦੇ ਸਿਰ ਉੱਤੇ ਵਾਰ ਕੀਤਾ। ਬਰਛਾ ਹਾਥੀ ਦੇ ਮੱਥੇ ਉੱਤੇ ਬੰਨ੍ਹੇ ਹੋਏ ਲੋਹੇ ਦੇ ਤਵੇ ਨੂੰ ਚੀਰ ਕੇ ਹਾਥੀ ਦੇ ਸਿਰ ਵਿਚ ਧਸ ਗਿਆ। ਹਾਥੀ ਗੁੱਸੇ ਵਿਚ ਆ ਕੇ ਚਿੰਗਾਰਾਂ ਮਾਰਦਾ ਹੋਇਆ ਪਿਛਾਂਹ ਪਰਤ ਪਿਆ ਤੇ ਉਤੋਂ ਮਹਾਵਤ ਹੇਠਾਂ ਡਿੱਗ ਪਿਆ। ਹਾਥੀ ਨੇ ਅਨੇਕਾਂ ਪਹਾੜੀਆਂ ਨੂੰ ਆਪਣੇ ਪੈਰਾਂ ਥੱਲੇ ਮਿੱਧ ਦਿੱਤਾ। ਸਿੰਘਾਂ ਨੇ ਵੀ ਅੱਗੇ ਵਧ ਕੇ ਪਹਾੜੀ ਸੈਨਾ ਉੱਪਰ ਜ਼ੋਰਦਾਰ ਹਮਲਾ ਕੀਤਾ।

ਜਸਵਾਲੀਆ ਕੇਸਰੀ ਚੰਦ ਆਪਣੀ ਫ਼ੌਜ ਨੂੰ ਹੱਲਾ-ਸ਼ੇਰੀ ਦਿੰਦਾ ਆ ਰਿਹਾ ਸੀ। ਭਾਈ ਉਦੈ ਸਿੰਘ ਆਪਣੇ ਜਥੇ ਸਮੇਤ ਉਸ ਉੱਤੇ ਟੁੱਟ ਪਿਆ ਤੇ ਕੇਸਰੀ ਚੰਦ ਦਾ ਸਿਰ ਵੱਢ ਕੇ ਲੈ ਗਿਆ। ਹੰਡੂਰੀਆ ਤੇ ਕਹਿਲੂਰੀਆ ਵੀ ਜ਼ਖ਼ਮੀ ਹੋਏ। ਮੈਦਾਨ ਸਿੰਘਾਂ ਦੇ ਹੱਥ ਰਿਹਾ।

ਪਹਾੜੀ ਰਾਜਿਆਂ ਦਾ ਘੁਮੰਡ ਅਜੇ ਵੀ ਨਾ ਟੁੱਟਾ। ਦੂਜੇ ਦਿਨ ਕਾਂਗੜੇ ਦੇ ਰਾਜੇ ਘਮੰਡ ਚੰਦ ਨੇ ਫ਼ੌਜ ਦੀ ਕਮਾਨ ਸੰਭਾਲੀ। ਸਾਰਾ ਦਿਨ ਕੱਟ-ਵੱਢ ਹੁੰਦੀ ਰਹੀ। ਦੋਹਾਂ ਧਿਰਾਂ ਦਾ ਚੋਖਾ ਨੁਕਸਾਨ ਹੋਇਆ। ਸ਼ਾਮ ਨੂੰ ਅਚਨਚੇਤ ਹੀ ਕਿਸੇ ਦੀ ਗੋਲੀ ਲੱਗਣ ਨਾਲ ਘਮੰਡ ਚੰਦ ਜ਼ਖਮੀ ਹੋ ਗਿਆ। ਇਸ ਨਾਲ ਪਹਾੜੀ ਫ਼ੌਜਾਂ ਦੇ ਦਿਲ ਟੁੱਟ ਗਏ। ਰਾਤੇ ਦੇ ਹਨੇਰੇ ਵਿਚ ਪਹਾੜੀ ਫ਼ੌਜਾਂ ਨੇ ਅਨੰਦਪੁਰੋਂ ਦੂਰ ਜਾ ਡੇਰੇ ਲਾਏ। ਇੰਝ ਅਨੰਦਪੁਰ ਦੀ ਦੂਜੀ ਲੜਾਈ ਅਗਸਤ-ਸਤੰਬਰ ਸੰਨ 1700 ਵਿਚ[20] ਖ਼ਤਮ ਹੋਈ।

### *ਨਿਰਮੋਹੀ ਦੀ ਲੜਾਈ*

ਪਹਾੜੀ ਰਾਜੇ ਆਏ ਤਾਂ ਸਨ ਅਨੰਦਪੁਰ ਦਾ ਖੁਰਾ-ਖੋਜ ਮਿਟਾਉਣ ਲਈ, ਪਰ ਉਨ੍ਹਾਂ ਨੂੰ ਹਾਰ ਹੀ ਨਸੀਬ ਹੋਈ। ਉਹ ਬੜੀ ਨਮੋਸ਼ੀ ਵਿਚ ਸਨ ਕਿ ਵਾਪਸ ਜਾ ਕੇ ਲੋਕਾਂ ਨੂੰ ਕੀ ਮੂੰਹ ਵਿਖਾਉਣਗੇ। ਇਸ ਮੌਕੇ ਤੇ ਉਨ੍ਹਾਂ ਦੇ ਵਜ਼ੀਰ ਪੰਮਾ (ਪਰਮਾ ਨੰਦ) ਨੇ ਇਸ ਤਰਸਯੋਗ ਹਾਲਤ ਵਿਚੋਂ ਨਿਕਲਣ ਦਾ ਇਹ ਰਾਹ ਲੱਭਿਆ। ਉਸ ਨੇ ਰਾਜਿਆਂ ਨੂੰ ਸਲਾਹ ਦਿੱਤੀ ਕਿ ਗੁਰੂ ਜੀ ਨੂੰ ਬੇਨਤੀ ਕੀਤੀ ਜਾਏ ਕਿ ਕੁਝ ਚਿਰ ਲਈ ਅਨੰਦਪੁਰ ਛੱਡ ਦੇਣ, ਤਾਂ ਕਿ ਉਨ੍ਹਾਂ ਦੀਆਂ ਫ਼ੌਜਾਂ 'ਇਜ਼ਤ ਨਾਲ' ਵਾਪਸ ਜਾਣ ਤੇ ਉਹਨਾਂ ਦਾ ਨੱਕ ਬਚ ਜਾਵੇ। ਪੰਮੇ ਨੇ ਇਹ ਵੀ ਸਲਾਹ ਦਿੱਤੀ ਕਿ ਜਦੋਂ ਸਿੱਖ ਫ਼ੌਜਾਂ ਕਿਲ੍ਹਾ ਖ਼ਾਲੀ ਕਰਕੇ, ਮੈਦਾਨਾਂ ਵਿਚ (ਕਿਲ੍ਹੇ ਤੋਂ ਦੂਰ) ਆ ਜਾਣ ਤਾਂ ਅਚਾਨਕ ਹਮਲਾ ਕਰਕੇ ਸਿੱਖਾਂ ਕੋਲੋਂ ਧਨ-ਪਦਾਰਥ ਲੁੱਟ ਲਏ ਜਾਣ, ਕਿਉਂਕਿ ਕਿਲ੍ਹੇ ਵਿਚ ਹੋਣ ਕਰਕੇ ਅਸੀਂ ਉਨ੍ਹਾਂ ਦਾ ਕੁਝ ਵਿਗਾੜ ਨਹੀਂ ਸਕੇ।

ਸੋ ਪੰਮੇ ਦੀ ਸਲਾਹ ਨਾਲ ਰਾਜਿਆਂ ਨੇ ਆਟੇ ਦੀ ਇਕ ਗਊ ਬਣਾਈ। ਗੁਰੂ ਗੋਬਿੰਦ ਸਿੰਘ ਜੀ ਵੱਲ ਇਕ ਚਿੱਠੀ ਵੀ ਲਿਖ ਭੇਜੀ ਕਿ ਅਸੀਂ ਇਸ ਗਊ ਦੀ ਕਸਮ ਖਾ ਕੇ

20. ਡਾ: ਹਰਜਿੰਦਰ ਸਿੰਘ ਦਿਲਗੀਰ, ਪੰਨਾ 107; ਡਾ: ਸੰਗਤ ਸਿੰਘ, ਪੰਨਾ 70

ਇਕਰਾਰ ਕਰਦੇ ਹਾਂ ਕਿ ਜੇ ਤੁਸੀਂ ਕੁਝ ਦਿਨਾਂ ਲਈ ਕਿਲ੍ਹਾ ਖ਼ਾਲੀ ਕਰਕੇ ਅਨੰਦਪੁਰੋਂ ਚਲੇ ਜਾਵੋ ਤਾਂ ਅਸੀਂ ਅਗੋਂ ਲੜਾਈ ਨਹੀਂ ਕਰਾਂਗੇ ਤੇ ਵਾਪਸ ਜਾ ਕੇ ਆਪਣੇ ਲੋਕਾਂ ਨੂੰ ਮੂੰਹ ਦਿਖਾਉਣ ਯੋਗ ਹੋ ਜਾਵਾਂਗੇ।

ਪੰਮਾ ਆਪਣੇ ਕੁਝ ਸਾਥੀਆਂ ਸਮੇਤ ਉਹ ਚਿੱਠੀ ਤੇ ਆਟੇ ਦੀ ਗਊ ਲੋਹਗੜ੍ਹ ਕਿਲ੍ਹੇ ਦੇ ਦਰਵਾਜ਼ੇ ਕੋਲ ਰੱਖ ਆਇਆ। ਜਦੋਂ ਸਿੰਘਾਂ ਨੇ ਇਹ ਚੀਜ਼ਾਂ ਵੇਖੀਆਂ ਤਾਂ ਗੁਰੂ ਜੀ ਪਾਸ ਪਹੁੰਚਾ ਦਿੱਤੀਆਂ। ਗੁਰੂ ਜੀ ਨੇ ਪਹਾੜੀਆਂ ਦੀਆਂ ਸੌਂਹਾਂ ਦਾ ਇਤਬਾਰ ਕਰ ਲਿਆ ਅਤੇ ਗਰੀਬ ਜਨਤਾ ਦਾ ਅਜਾਈਂ ਡੁਲ੍ਹ ਰਿਹਾ ਖ਼ੂਨ ਬਚਾਉਣ ਦੀ ਖ਼ਾਤਰ ਅਨੰਦਪੁਰ ਖ਼ਾਲੀ ਕਰ ਦਿੱਤਾ। ਸਤਿਗੁਰੂ ਜੀ ਸਿੱਖ ਫ਼ੌਜਾਂ ਸਮੇਤ ਅਨੰਦਪੁਰੋਂ 4 ਕਿਲੋਮੀਟਰ ਦੂਰ ਨਿਰਮੋਹੀ ਪਿੰਡ ਜਾ ਟਿਕੇ। ਇੱਥੇ ਉਨ੍ਹਾਂ ਨੇ ਇਕ ਉੱਚੀ ਟਿੱਬੀ ਉਤੇ ਜਾ ਟਿਕਾਣਾ ਕੀਤਾ, ਜਿੱਥੇ ਕਿ ਉਨ੍ਹਾਂ ਨੇ ਆਪ ਹੀ ਇਕ ਕੱਚੀ ਗੜ੍ਹੀ ਵੀ ਬਣਾਈ ਹੋਈ ਸੀ, ਤਾਂ ਜੋ ਹਮਲਾਵਰਾਂ ਨੂੰ ਅਨੰਦਪੁਰ ਦੇ ਬਾਹਰ ਹੀ ਰੋਕਿਆ ਜਾ ਸਕੇ।

ਸਤਿਗੁਰੂ ਜੀ ਅਜੇ ਨਿਰਮੋਹੀ ਪੁੱਜੇ ਹੀ ਸਨ ਕਿ ਕਹਿਲੂਰ ਅਤੇ ਹੰਡੂਰ ਦੀਆਂ ਫ਼ੌਜਾਂ ਨੇ ਹੱਲਾ ਬੋਲ ਦਿੱਤਾ। ਅਜੇ ਕੁਝ ਸਿੱਖ ਫ਼ੌਜਾਂ ਪਿਛੇ ਆ ਵੀ ਰਹੀਆਂ ਸਨ। ਪਹਾੜੀਆਂ ਦਾ ਇਹ ਖ਼ਿਆਲ ਸੀ ਕਿ ਤੋਪਾਂ ਦੀ ਮਾਰ ਅੱਗੇ ਇਹ ਕੱਚੀ ਗੜ੍ਹੀ ਪਲ ਭਰ ਵੀ ਨਹੀਂ ਟਿਕਣ ਲੱਗੀ। ਪਰ ਗੁਰੂ ਜੀ ਦੇ ਤੀਰਾਂ ਅਤੇ ਸਿੱਖ ਫ਼ੌਜਾਂ ਦੇ ਜੁਆਬੀ ਹਮਲੇ ਨੇ ਪਹਾੜੀਆਂ ਦੇ ਪੈਰ ਨਾ ਲੱਗਣ ਦਿੱਤੇ। ਕਾਮਯਾਬੀ ਹੁੰਦੀ ਨਾ ਵੇਖ ਕੇ ਕਹਿਲੂਰ ਤੇ ਹੰਡੂਰ ਦੇ ਰਾਜਿਆਂ ਨੇ ਸਰਹੰਦ ਦੇ ਸੂਬੇ ਪਾਸ ਮਦਦ ਲਈ ਅਰਜ਼ ਕੀਤੀ। ਸਰਹੰਦ ਅਨੰਦਪੁਰ ਤੋਂ 70 ਕਿਲੋਮੀਟਰ ਦੀ ਵਿੱਥ ਤੇ ਹੈ। ਸੋ, ਪਹਾੜੀਆਂ ਦੀ ਅਰਜ਼ ਸਰਹੰਦ ਵਿਚ ਕੁਝ ਘੰਟਿਆਂ ਵਿਚ ਹੀ ਪੁੱਜ ਗਈ ਤੇ ਅਗੋਂ ਸਰਹੰਦ ਦੇ ਸੂਬੇ ਨੇ ਆਪਣੀਆਂ ਫ਼ੌਜਾਂ ਤੋਰ ਦਿੱਤੀਆਂ।

ਇਸੇ ਦੌਰਾਨ ਪਹਾੜੀ ਰਾਜਿਆਂ ਨੇ ਗੁਰੂ ਜੀ ਨੂੰ ਸ਼ਹੀਦ ਕਰਨ ਦਾ ਪੂਰਾ ਯਤਨ ਕੀਤਾ। ਉਨ੍ਹਾਂ ਨੇ ਦੋ ਤੁਰਕ ਤੋਪਚੀਆਂ ਨੂੰ ਕਿਹਾ ਕਿ ਜੇ ਉਹ ਗੁਰੂ ਗੋਬਿੰਦ ਸਿੰਘ ਨੂੰ ਤੋਪ ਦੇ ਗੋਲੇ ਦਾ ਨਿਸ਼ਾਨਾ ਬਣਾ ਲੈਣ, ਤਾਂ ਉਨ੍ਹਾਂ ਨੂੰ ਚੰਗੇ ਤਕੜੇ ਇਨਾਮ ਦਿੱਤੇ ਜਾਣਗੇ। ਸਤਿਗੁਰੂ ਜੀ ਉੱਚੇ ਟਿੱਬੇ ਉਤੇ ਬੈਠੇ ਹੋਏ ਸਨ। ਇਕ ਸਿੱਖ ਚੌਰ ਕਰ ਰਿਹਾ ਸੀ। ਤੋਪ ਦਾ ਗੋਲਾ ਉਸ ਸਿੱਖ ਨੂੰ ਆ ਵੱਜਿਆ ਤੇ ਉਹ ਸ਼ਹੀਦ ਹੋ ਗਿਆ। ਤੋਪਚੀ ਦੂਜਾ ਗੋਲਾ ਦਾਗਣ ਹੀ ਲੱਗਾ ਸੀ ਕਿ ਗੁਰੂ ਜੀ ਨੇ ਉਸ ਦਾ ਨਿਸ਼ਾਨਾ ਬੰਨ੍ਹ ਕੇ ਐਸਾ ਤੀਰ ਚਲਾਇਆ ਕਿ ਥਾਂ ਹੀ ਚਿੱਤ ਹੋ ਗਿਆ। ਉਸ ਦੇ ਸਾਥੀ ਨੂੰ ਵੀ ਗੁਰੂ ਜੀ ਦੇ ਦੂਜੇ ਤੀਰ ਨੇ ਪਾਰ ਬੁਲਾ ਦਿੱਤਾ। ਉਸ ਥਾਂ ਤੇ ਹੁਣ ਉਨ੍ਹਾਂ ਦੋਹਾਂ ਦੀਆਂ ਕਬਰਾਂ ਬਣੀਆਂ ਹੋਈਆਂ ਹਨ। ਉਸ ਥਾਂ ਨੂੰ 'ਸਿਆਹੀ ਟਿੱਬੀ' ਕਹਿੰਦੇ ਹਨ। ਸ਼ਹੀਦ ਹੋਏ ਗੁਰਸਿੱਖ ਭਾਈ ਸਾਹਿਬ ਸਿੰਘ ਦੀ ਯਾਦ ਵਿਚ ਇਕ ਗੁਰਦੁਆਰਾ ਬਣਿਆ ਹੋਇਆ ਹੈ।

ਸਰਹੰਦ ਦੀ ਫ਼ੌਜ ਵੀ ਆ ਪਹੁੰਚੀ। ਸਿੰਘ ਘੇਰੇ ਵਿਚ ਆ ਗਏ। ਇਕ ਪਾਸੇ ਮੁਗ਼ਲ ਫ਼ੌਜਾਂ ਸਨ ਤੇ ਦੂਜੇ ਪਾਸੇ ਪਹਾੜੀ-ਸੈਨਾ। ਸਾਰਾ ਦਿਨ ਘਮਸਾਣ ਦੀ ਲੜਾਈ ਹੁੰਦੀ ਰਹੀ। ਦੂਜੇ ਦਿਨ ਪਹਾੜੀ ਤੇ ਮੁਗ਼ਲ ਫ਼ੌਜਾਂ ਨੇ ਦੋਹਾਂ ਪਾਸਿਆਂ ਤੋਂ ਹਮਲਾ ਕੀਤਾ। ਵੈਰੀਆਂ ਦੀ ਗਿਣਤੀ ਬਹੁਤ ਜ਼ਿਆਦਾ ਸੀ। ਸਤਿਗੁਰਾਂ ਨੇ ਅਨੰਦਪੁਰ ਜਾਣਾ ਠੀਕ ਨਾ ਸਮਝਿਆ।

ਸਤਲੁਜ ਦੇ ਪਰਲੇ ਪਾਸੇ ਬਸਾਲੀ ਜਾ ਕੇ ਛਾਉਣੀ ਪਾਉਣ ਦੀ ਸੋਚੀ। ਬਸਾਲੀ ਦਾ ਰਾਜਾ ਗੁਰੂ ਜੀ ਦਾ ਸ਼ਰਧਾਲੂ ਸੀ ਤੇ ਸਤਿਗੁਰਾਂ ਨੂੰ ਆਪਣੀ ਰਿਆਸਤ ਵਿਚ ਚਰਨ ਪਾਉਣ ਲਈ ਕਈ ਵਾਰ ਬੇਨਤੀ ਕਰ ਚੁੱਕਾ ਸੀ। ਬਸਾਲੀ ਵਿਚ ਸਿੱਖ ਫ਼ੌਜਾਂ ਨੂੰ ਰਸਦ-ਪਾਣੀ ਦੀ ਤੋਟ ਵੀ ਨਹੀਂ ਸੀ ਆਉਣੀ। ਸੋ ਗੁਰੂ ਜੀ ਵੈਰੀ-ਦਲ ਉੱਤੇ ਇਕ ਜ਼ੋਰਦਾਰ ਹੱਲਾ ਬੋਲ ਕੇ, ਵਰ੍ਹਦੀਆਂ ਗੋਲੀਆਂ ਅਤੇ ਤੀਰਾਂ ਦੀ ਮਾਰ ਹੇਠ, ਸਿੱਘਾਂ ਸਮੇਤ ਸਤਲੁਜ ਪਾਰ ਕਰਕੇ ਬਸਾਲੀ ਆ ਗਏ।

ਪਹਾੜੀ ਰਾਜਿਆਂ ਨੇ ਇਨੇ ਵਿਚ ਹੀ ਸ਼ੁਕਰ ਮਨਾਇਆ। ਉਨ੍ਹਾਂ ਜੰਗ ਦਾ ਖ਼ਰਚਾ ਦੇ ਕੇ ਮੁਗ਼ਲ ਫ਼ੌਜਾਂ ਨੂੰ ਵੀ ਸਰਹੰਦ ਵਿਦਾ ਕੀਤਾ। ਇਹ ਲੜਾਈ ਅਕਤੂਬਰ ਸੰਨ 1700 ਵਿਚ ਹੋਈ।

## *ਬਸਾਲੀ ਦੀ ਜੰਗ ਵਿਚ ਰਾਜਿਆਂ ਨੂੰ ਹਾਰ*

ਬਸਾਲੀ ਦੇ ਰਾਜੇ ਨੇ ਗੁਰੂ ਜੀ ਦਾ ਨਿੱਘਾ ਸੁਆਗਤ ਕੀਤਾ। ਇਸ ਬਾਰੇ ਜਦੋਂ ਕਹਿਲੂਰੀਏ ਅਤੇ ਹੋਰ ਰਾਜਿਆਂ ਨੂੰ ਪਤਾ ਲੱਗਾ ਤਾਂ ਉਹ ਸੜ-ਬਲ ਗਏ। ਕਹਿਲੂਰ* ਦੇ ਰਾਜੇ ਨੇ ਵੀ ਈਰਖਾ ਵੱਸ ਕੁਝ ਹੋਰ ਰਾਜਿਆਂ ਸਮੇਤ ਬਸਾਲੀ ਗੁਰੂ ਜੀ ਤੇ ਹੱਲਾ ਬੋਲ ਦਿੱਤਾ। ਉਨ੍ਹਾਂ ਨੇ ਪਿੰਡ ਕਲਮੋਟ ਦੇ ਗੁੱਜਰਾਂ ਤੇ ਰੰਘੜਾਂ ਨੂੰ ਵੀ ਨਾਲ ਲੈ ਲਿਆ। ਸਿੱਖ ਫ਼ੌਜਾਂ ਨੇ ਪਹਾੜੀਆਂ ਤੇ ਕਲਮੋਟੀਆਂ ਦੀ ਚੰਗੀ ਗਤ ਬਣਾਈ। ਉਹ ਮਾਰ ਖਾ ਕੇ ਮੈਦਾਨ ਵਿਚੋਂ ਭੱਜ ਗਏ।

ਕੁਝ ਦਿਨ ਬਸਾਲੀ ਟਿਕਣ ਮਗਰੋਂ ਗੁਰੂ ਜੀ ਸਿੱਖ ਫ਼ੌਜਾਂ ਸਮੇਤ ਅਨੰਦਪੁਰ ਆ ਗਏ। ਹਾਰ ਖਾਣ ਮਗਰੋਂ ਪਹਾੜੀਏ ਵੀ ਸੁਲਾਹ-ਸਫਾਈ ਦੀਆਂ ਗੱਲਾਂ ਕਰਨ ਲੱਗ ਪਏ। ਕਹਿਲੂਰੀਏ ਨੇ ਕੁਝ ਭੇਟਾ ਗੁਰੂ-ਦਰਬਾਰ ਵਿਚ ਭੇਜੀ। ਬਾਕੀ ਰਾਜਿਆਂ ਨੇ ਵੀ ਇਵੇਂ ਹੀ ਕੀਤਾ।

ਦੋ ਕੁ ਸਾਲ ਇਵੇਂ ਹੀ ਅਮਨ-ਸ਼ਾਂਤੀ ਨਾਲ ਲੰਘ ਗਏ। ਸਿੰਘਾਂ ਦੀ ਦਿਨੋ-ਦਿਨ ਵਧ ਰਹੀ ਤਾਕਤ ਤੋਂ ਪਹਾੜੀਏ ਬਹੁਤ ਬੇਚੈਨ ਸਨ, ਪਰ ਉਹ ਆਪਣੇ ਬਲ-ਬੂਤੇ ਕੁਝ ਵੀ ਨਹੀਂ ਕਰ ਸਕਦੇ ਸਨ। ਉਹ ਇਸੇ ਹੀ ਉਡੀਕ ਵਿਚ ਸਨ ਕਿ ਕਦ ਸਿੰਘਾਂ ਦੀ ਮੁਠ-ਭੇੜ ਮੁਗ਼ਲ ਫ਼ੌਜਾਂ ਨਾਲ ਹੋਵੇ, ਤੇ ਉਹ ਆਪਣੀ ਵੀ ਭੜਾਸ ਕੱਢ ਸਕਣ।

## *ਧਰਮ ਪ੍ਰਚਾਰ ਫੇਰੀ*

ਜਦੋਂ ਕੁਝ ਸਮਾਂ ਅਮਨ ਦਾ ਮਿਲਿਆ ਤਾਂ ਸਤਿਗੁਰਾਂ ਨੇ ਧਰਮ-ਪ੍ਰਚਾਰ ਫੇਰੀ ਲਾਉਣ

---

* ਕਈ ਇਤਿਹਾਸਕਾਰ ਲਿਖਦੇ ਹਨ ਕਿ ਉਦੋਂ ਭੀਮ ਚੰਦ ਮਰ ਚੁੱਕਾ ਸੀ ਤੇ ਉਸ ਦਾ ਪੁੱਤਰ ਅਜਮੇਰ ਚੰਦ ਕਹਿਲੂਰ ਦਾ ਰਾਜਾ ਸੀ। ਪਰ ਹਰੀ ਰਾਮ ਗੁਪਤਾ ਅਨੁਸਾਰ ਭੀਮ ਚੰਦ ਸੰਨ 1712 ਵਿਚ ਮੋਇਆ। (ਹਿਸਟਰੀ ਆਫ਼ ਦਿ ਸਿਖਸ, ਭਾਗ-1, ਪੰਨਾ 226) ਇਸ ਲਈ ਗੁਰੂ ਜੀ ਨਾਲ ਹੋਈਆਂ ਲੜਾਈਆਂ ਵਿਚ ਉਹ ਵੀ ਵਧ-ਚੜ੍ਹ ਕੇ ਹਿੱਸਾ ਲੈਂਦਾ ਸੀ। ਸਾਡੇ ਵਿਚਾਰ ਅਨੁਸਾਰ ਡਾਕਟਰ ਹਰੀ ਰਾਮ ਗੁਪਤਾ ਦਾ ਮੱਤ ਠੀਕ ਹੈ ਕਿ ਗੁਰੂ ਜੀ ਦੇ ਸਮੇਂ ਵਿਚ ਭੀਮ ਚੰਦ ਹੀ ਕਹਿਲੂਰ-ਪਤੀ ਸੀ।

ਦਾ ਮਨ ਬਣਾਇਆ। ਸੰਨ 1702 ਦਾ ਵਰ੍ਹਾ ਅੱਧ ਤੋਂ ਵੱਧ ਬੀਤ ਚੁੱਕਾ ਸੀ।

ਚੌਮਾਸੇ ਦੇ ਦਿਨ ਸਨ। ਸਤਿਗੁਰੂ ਜੀ ਮਾਲਵੇ ਨੂੰ, ਲੱਖੀ ਜੰਗਲ ਦੇ ਇਲਾਕੇ ਵੱਲ, ਧਰਮ-ਪ੍ਰਚਾਰ ਵਾਸਤੇ ਚੱਲ ਪਏ। ਇੱਥੇ ਆਪ ਸਾਬੋ ਕੀ ਤਲਵੰਡੀ ਵਿਚ ਚੌਧਰੀ ਡੱਲੇ ਕੋਲ ਠਹਿਰੇ। ਸੂਰਜ-ਗ੍ਰਹਿਣ ਦਾ ਮੇਲਾ ਨੇੜੇ ਜਾਣ ਕੇ ਆਪ ਕੁਰੂਕਸ਼ੇਤਰ ਆਏ। ਇੱਥੇ ਪਹਾੜੀ ਰਾਜੇ ਵੀ ਪੁੱਜੇ ਹੋਏ ਸਨ। ਦਸਮ ਪਾਤਸ਼ਾਹ ਨੇ ਵੀ ਲੋਕਾਂ ਨੂੰ ਸਮਝਾਇਆ ਕਿ ਸੂਰਜ-ਗ੍ਰਹਿਣ ਇਕ ਕੁਦਰਤੀ ਘਟਨਾ ਹੈ, ਇਸ ਦਾ ਧਰਮ ਨਾਲ ਕੋਈ ਸੰਬੰਧ ਨਹੀਂ ਤੇ ਨਾ ਹੀ ਸੂਰਜ ਕੋਈ ਦੇਵਤਾ ਹੈ। ਆਪ ਨੇ ਦੇਵੀ-ਦੇਵਤਿਆਂ ਦੀ ਪੂਜਾ ਅਤੇ ਦਾਨ ਆਦਿ ਫੋਕਟ ਕਰਮਾਂ ਦਾ ਤਿਆਗ ਕਰਨ ਦੀ ਪ੍ਰੇਰਨਾ ਦਿੱਤੀ। ਪੰਡਿਤ ਸਗੋਂ ਸਤਿਗੁਰਾਂ ਕੋਲੋਂ ਹੀ ਦਾਨ ਮੰਗਣ ਲਗ ਪਏ। ਸਤਿਗੁਰਾਂ ਬੜਾ ਸਮਝਾਇਆ। ਪਰ ਜਦ ਪੰਡਤਾਂ ਨੇ ਖਹਿੜਾ ਹੀ ਨਾ ਛੱਡਿਆ, ਤਾਂ ਆਪ ਨੇ ਦਾਨ ਵਜੋਂ ਗਧਾ ਦਿੱਤਾ। ਉੱਥੇ ਸਦਾ-ਬਰਤ ਲੰਗਰ ਲਗਾ ਕੇ 'ਸੂਰਜ-ਗ੍ਰਹਿਣ' ਸਮੇਂ ਕੁਝ ਨਾ ਖਾਣ ਦੇ ਭਰਮ ਨੂੰ ਤੋੜਿਆ ਤੇ ਉਚ-ਨੀਚ ਦੇ ਵਿਚਾਰਾਂ ਨੂੰ ਤਿਆਗ ਕੇ ਸਭ ਨੂੰ ਮਨੁੱਖੀ ਭਾਈਚਾਰੇ ਵਿਚ ਆਉਣ ਦਾ ਉਪਦੇਸ਼ ਦਿੱਤਾ। ਮੇਲੇ ਮਗਰੋਂ ਅਨੰਦਪੁਰ ਨੂੰ ਵਾਪਸ ਚੱਲ ਪਏ। ਉਦੋਂ ਸੰਨ 1703 ਦਾ ਜਨਵਰੀ ਮਹੀਨਾ ਸੀ।

## ਸੈਦ ਬੇਗ ਤੇ ਅਲਿਫ ਖ਼ਾਨ ਦਾ ਹਮਲਾ

ਕੁਰੂਕਸ਼ੇਤਰ ਤੋਂ ਚੱਲ ਕੇ ਸਤਿਗੁਰੂ ਜੀ ਅਜੇ ਚਮਕੌਰ ਹੀ ਪੁੱਜੇ ਸਨ ਕਿ ਲਾਹੌਰ ਤੋਂ ਦਿੱਲੀ ਜਾ ਰਹੇ ਸ਼ਾਹੀ ਫ਼ੌਜਾਂ ਦੇ ਦੋ ਸਰਦਾਰਾਂ ਸੈਦ ਬੇਗ ਤੇ ਅਲਿਫ਼ ਖ਼ਾਨ ਨੇ ਆਪ ਜੀ ਦੇ ਜਥੇ ਉੱਤੇ ਹੱਲਾ ਬੋਲ ਦਿੱਤਾ। ਮੁਗ਼ਲ ਫ਼ੌਜਦਾਰਾਂ ਨੇ ਇਹ ਹੱਲਾ ਪਹਾੜੀ ਰਾਜਿਆਂ ਦੀ ਬੇਨਤੀ ਉੱਤੇ ਹੀ ਕੀਤਾ ਸੀ। ਪਹਾੜੀ ਰਾਜਿਆਂ ਨੇ ਇਨ੍ਹਾਂ ਫ਼ੌਜਦਾਰਾਂ ਨੂੰ ਰੋਜ਼ ਦਾ ਦੋ ਹਜ਼ਾਰ ਦੇਣਾ ਕਰਕੇ ਰੋਪੜ ਟਿਕਾਇਆ ਹੋਇਆ ਸੀ।

ਚਮਕੌਰ ਵਿਖੇ ਹੋਇਆ ਇਹ ਹਮਲਾ ਬੜਾ ਅਚਾਨਕ ਸੀ ਤੇ ਸਿੰਘਾਂ ਦੀ ਗਿਣਤੀ ਵੀ ਦੁਸ਼ਮਣਾਂ ਨਾਲੋਂ ਬਹੁਤ ਥੋੜ੍ਹੀ ਸੀ, ਪਰ ਉਨ੍ਹਾਂ ਨੇ ਮੈਦਾਨ ਵਿਚ ਮੁਗ਼ਲ ਸਿਪਾਹੀਆਂ ਦਾ ਡਟ ਕੇ ਟਾਕਰਾ ਕੀਤਾ। ਸੈਦ ਬੇਗ ਨੇ ਗੁਰੂ ਜੀ ਦੀ ਸ਼ੋਭਾ ਅੱਗੇ ਕਈ ਵਾਰ ਸੁਣੀ ਹੋਈ ਸੀ। ਹੁਣ ਉਸ ਨੇ ਵੇਖਿਆ ਕਿ ਸਿੰਘ ਕਿਵੇਂ ਆਪਣੇ ਪਿਆਰੇ ਸਤਿਗੁਰੂ ਤੋਂ ਜਾਨਾਂ ਵਾਰ ਰਹੇ ਸਨ। ਅਮਨ-ਚੈਨ ਨਾਲ ਜਾ ਰਹੇ ਸਿੰਘਾਂ ਉੱਤੇ ਆਪਣਾ ਇਹ ਹਮਲਾ ਉਸ ਨੂੰ ਬੜੀ ਮੰਦੀ ਕਰਤੂਤ ਜਾਪੀ। ਉਹ ਮਨ ਵਿਚ ਬੜਾ ਸ਼ਰਮਸਾਰ ਹੋਇਆ ਕਿ ਕੁਝ ਪੈਸਿਆਂ ਦੇ ਲਾਲਚ ਵਿਚ ਉਸ ਨੇ ਸਤਿਗੁਰੂ ਜੀ ਵਰਗੀ ਪਵਿੱਤਰ ਸ਼ਖ਼ਸੀਅਤ ਉੱਪਰ ਹੱਲਾ ਬੋਲਿਆ ਹੈ। ਉਹ ਜਿਉਂ-ਜਿਉਂ ਸਤਿਗੁਰਾਂ ਦੇ ਦਰਸ਼ਨ ਕਰਦਾ, ਉਸ ਦੇ ਮਨ ਵਿਚ ਸਤਿਗੁਰਾਂ ਲਈ ਹੋਰ ਪਿਆਰ ਤੇ ਸ਼ਰਧਾ ਜਾਗਦੀ। ਉਸ ਕੋਲੋਂ ਰਹਿ ਨਾ ਹੋਇਆ। ਜਦੋਂ ਲੜਾਈ ਪੂਰੇ ਜੋਬਨ ਤੇ ਸੀ, ਉਹ ਮੁਗ਼ਲ ਫ਼ੌਜਾਂ ਦਾ ਸਾਥ ਛੱਡ ਕੇ ਗੁਰੂ ਜੀ ਦੀ ਸ਼ਰਨ ਵਿਚ ਆ ਗਿਆ। ਅਲਿਫ਼ ਖ਼ਾਨ ਨੇ ਵੇਖਿਆ ਕਿ ਹੁਣ ਜਿੱਤਣਾ ਆਸਾਨ ਕੰਮ ਨਹੀਂ ਹੈ। ਇਸ ਲਈ ਉਹ ਵੀ ਲੜਾਈ ਬੰਦ ਕਰ ਕੇ ਦਿੱਲੀ ਵੱਲ ਤੁਰ ਪਿਆ। ਸਤਿਗੁਰੂ ਜੀ ਵਾਪਸ ਅਨੰਦਪੁਰ ਆ ਗਏ। ਸੈਦ ਬੇਗ ਵੀ ਨਾਲ ਹੀ ਆ ਗਿਆ ਤੇ ਇੱਥੇ ਹੀ ਰਹਿਣ ਲੱਗਾ।

### *ਪਹਾੜੀਆਂ ਨਾਲ ਇਕ ਹੋਰ ਝੜਪ*

ਅਨੰਦਪੁਰ ਸਾਹਿਬ ਦੀ ਦੂਜੀ ਲੜਾਈ ਨੇ ਪਹਾੜੀਆਂ ਦੀ ਸੁਲਾਹ-ਸਫ਼ਾਈ ਦੀ ਠਗੀ ਨੂੰ ਨੰਗਿਆਂ ਕਰ ਦਿੱਤਾ। ਰਾਜਿਆਂ ਨੇ ਇਹ ਸੋਚਿਆ ਕਿ ਵੈਰ ਲੁਕਿਆ ਤਾਂ ਨਹੀਂ ਰਿਹਾ, ਇਸ ਲਈ ਹੁਣ ਜਦੋਂ ਅਨੰਦਪੁਰ ਵਿਚ ਥੋੜ੍ਹੇ ਜਿਹੇ ਸਿੰਘ ਹੀ ਹਨ ਤਾਂ ਹਮਲਾ ਬੋਲ ਕੇ ਸਿੱਖਾਂ ਨੂੰ ਮਾਰ ਮੁਕਾਉਣਾ ਚਾਹੀਦਾ ਹੈ। ਉਸ ਸਮੇਂ ਅਨੰਦਪੁਰ ਵਿਚ ਲਗਪਗ 800 ਸ਼ਸਤਰਧਾਰੀ ਸਿੰਘ ਸਨ।

ਕਹਿਲੂਰ, ਹੰਡੂਰੇ, ਚੰਬਾ, ਫ਼ਤਹਿਪੁਰ ਆਦਿਕ ਦੇ ਰਾਜਿਆਂ ਨੇ ਮਿਲ ਕੇ ਅਨੰਦਪੁਰ ਉੱਤੇ ਚੜ੍ਹਾਈ ਕਰ ਦਿੱਤੀ। ਸਿੰਘਾਂ ਨੇ ਨਗਰ ਤੋਂ ਬਾਹਰ ਆ ਕੇ ਟਾਕਰਾ ਕੀਤਾ। ਸਿੰਘਾਂ ਦੀ ਗਿਣਤੀ ਵੈਰੀ ਦਲ ਦੇ ਮੁਕਾਬਲੇ ਬਹੁਤ ਥੋੜ੍ਹੀ ਸੀ, ਇਸ ਲਈ ਸਿੰਘਾਂ ਦਾ ਨੁਕਸਾਨ ਬਹੁਤ ਹੋਇਆ। ਪਹਾੜੀਏ ਇਸ ਲੜਾਈ ਵਿਚ ਵੀ ਸਿੰਘਾਂ ਅੱਗੇ ਟਿਕ ਨਾ ਸਕੇ ਤੇ ਮੈਦਾਨ ਛੱਡ ਕੇ ਦੌੜ ਗਏ। ਇਹ ਲੜਾਈ ਵੀ ਸੰਨ 1703 ਵਿਚ ਹੋਈ। (ਡਾ. ਹਰੀ ਰਾਮ ਗੁਪਤਾ ਤੇ ਕੁਝ ਹੋਰ ਇਤਿਹਾਸਕਾਰਾਂ ਨੇ ਇਸ ਲੜਾਈ ਨੂੰ ਅਨੰਦਪੁਰ ਦੀ ਤੀਜੀ ਲੜਾਈ ਦਾ ਨਾਮ ਦਿੱਤਾ ਹੈ।)

### *ਅਨੰਦਪੁਰ ਦੀ ਤੀਜੀ ਲੜਾਈ*

ਭਾਵੇਂ ਪਹਾੜੀਏ ਮੁਗਲਾਂ ਦੀ ਸਹਾਇਤਾ ਨਾਲ ਲਗਾਤਾਰ ਇਹ ਕੋਸ਼ਿਸ਼ ਕਰ ਰਹੇ ਸਨ ਕਿ ਸਿੱਖ ਕੌਮ ਦੀ ਵਧ ਰਹੀ ਤਾਕਤ ਨੂੰ ਖ਼ਤਮ ਕਰ ਕੇ ਰੱਖ ਦਿੱਤਾ ਜਾਵੇ, ਪਰ ਗੁਰੂ ਜੀ ਦੀ ਅਗਵਾਈ ਵਿਚ ਸਿੱਖ ਅੱਗੇ ਹੀ ਅੱਗੇ ਵਧਦੇ ਜਾ ਰਹੇ ਸਨ। ਸਿੱਖਾਂ ਹੱਥੋਂ ਵਾਰ-ਵਾਰ ਮਾਰ ਖਾਣ ਮਗਰੋਂ ਪਹਾੜੀ ਰਾਜਿਆਂ ਨੇ ਦੱਖਣ ਵਿਚ ਔਰੰਗਜ਼ੇਬ ਨੂੰ ਫਿਰ ਬੇਨਤੀ-ਪੱਤਰ ਭੇਜੇ ਕਿ ਸਿੱਖ-ਸ਼ਕਤੀ ਨੂੰ ਦਬਾਉਣਾ ਚਾਹੀਦਾ ਹੈ, ਨਹੀਂ ਤਾਂ ਇਹ ਮੁਗ਼ਲ ਰਾਜ ਲਈ ਇਕ ਖ਼ਤਰਾ ਬਣ ਜਾਣਗੇ।

ਬਾਦਸ਼ਾਹ ਔਰੰਗਜ਼ੇਬ ਦੇ ਹੁਕਮਾਂ ਅਨੁਸਾਰ ਦਿੱਲੀ ਤੋਂ ਜਰਨੈਲ ਸੈਦ ਖ਼ਾਨ ਦੀ ਕਮਾਨ ਹੇਠ, ਅਨੰਦਪੁਰ ਤੇ ਹਮਲਾ ਕਰਨ ਲਈ, ਫ਼ੌਜ ਭੇਜੀ ਗਈ। ਇਹ ਸੈਦ ਖ਼ਾਨ ਸਢੌਰੇ ਦੇ ਪੀਰ ਬੁੱਧੂ ਸ਼ਾਹ ਜੀ ਦਾ ਸਾਲਾ ਸੀ। ਪੀਰ ਬੁੱਧੂ ਸ਼ਾਹ ਜੀ ਗੁਰੂ ਜੀ ਦੇ ਸ਼ਰਧਾਲੂ ਸਨ ਅਤੇ ਭੰਗਾਣੀ ਦੇ ਯੁੱਧ ਸਮੇਂ ਉਹ ਆਪਣੇ ਪੁੱਤਰਾਂ ਤੇ ਮੁਰੀਦਾਂ ਸਮੇਤ ਗੁਰੂ ਜੀ ਵਲੋਂ ਹੋ ਕੇ ਲੜੇ ਸਨ। ਉਨ੍ਹਾਂ ਦੇ ਦੋ ਪੁੱਤਰ ਵੀ ਇਸ ਜੰਗ ਵਿਚ ਸ਼ਹੀਦ ਹੋ ਗਏ ਸਨ।

ਦਿੱਲੀ ਤੋਂ ਅਨੰਦਪੁਰ ਆਉਂਦਾਂ ਹੋਇਆ ਸੈਦ ਖ਼ਾਨ ਸਢੌਰੇ ਠਹਿਰਿਆ, ਅਤੇ ਇਹ ਪੀਰ ਬੁੱਧੂ ਸ਼ਾਹ ਜੀ ਤੇ ਆਪਣੀ ਭੈਣ ਨਸੀਰਾਂ ਨੂੰ ਮਿਲਿਆ। ਭੈਣ ਤੇ ਭਣਵੱਈਏ ਨੇ ਸੈਦ ਖ਼ਾਨ ਪਾਸ ਗੁਰੂ ਜੀ ਦੀ ਭਰਪੂਰ ਪ੍ਰਸੰਸਾ ਕੀਤੀ। ਪੀਰ ਜੀ ਨੇ ਉਸ ਨੂੰ ਦੱਸਿਆ, "ਗੁਰੂ ਜੀ ਤਾਂ ਸੱਚੇ-ਦਰਵੇਸ਼ ਹਨ। ਉਹ ਕਿਸੇ ਰਿਆਸਤ ਦੇ ਮਾਲਕ ਨਹੀਂ ਹਨ, ਨਾ ਹੀ ਉਨ੍ਹਾਂ ਦਾ ਨਿਸ਼ਾਨਾ ਕਿਸੇ ਰਿਆਸਤ ਉੱਤੇ ਕਬਜ਼ਾ ਕਰਨਾ ਹੈ। ਉਨ੍ਹਾਂ ਨੇ ਕਈ ਵਾਰ ਪਹਾੜੀ ਰਾਜਿਆਂ ਨੂੰ ਲੜਾਈਆਂ ਵਿਚ ਹਰਾਇਆ ਹੈ, ਪਰ ਕਿਸੇ ਰਾਜੇ ਦੀ ਵੀ ਚੱਪਾ ਭਰ ਭੋਇੰ ਵੀ ਨਹੀਂ ਮੱਲੀ। ਜੇ ਉਹ ਕਿਸੇ ਦੇ ਦੁਸ਼ਮਣ ਹਨ, ਤਾਂ ਜ਼ੋਰ-ਜ਼ੁਲਮ ਅਤੇ ਅਨਿਆਂ

ਦੇ ਦੁਸ਼ਮਣ ਹਨ। ਗਰੀਬਾਂ ਦੀ ਬਾਂਹ ਫੜਨ ਤੇ ਉਨ੍ਹਾਂ ਦੀ ਰੱਖਿਆ ਕਰਨ ਨੂੰ ਉਹ (ਗੁਰੂ ਜੀ) ਇਕ ਮਹਾਨ ਕੰਮ ਸਮਝਦੇ ਹਨ। ਉਨ੍ਹਾਂ ਦੇ ਹਜ਼ਾਰਾਂ ਸਿੱਖ ਉਨ੍ਹਾਂ ਉਤੋਂ ਜਾਨ ਵਾਰਨ ਨੂੰ ਹਰ ਵਕਤ ਤਿਆਰ ਰਹਿੰਦੇ ਹਨ। ਅਜਿਹੇ ਨਿਰਵੈਰ ਸਤਿਗੁਰੂ ਨਾਲ ਵੈਰ ਪਾਉਣਾ ਕੋਈ ਚੰਗੀ ਗੱਲ ਨਹੀਂ।" ਪੀਰ ਜੀ ਦੇ ਇਹ ਬਚਨ ਸੁਣ ਕੇ ਸੈਦ ਖ਼ਾਨ ਦਾ ਮਨ ਵੀ ਕੁਝ ਦੁਚਿੱਤੀ ਵਿਚ ਪੈ ਗਿਆ। ਗੁਰੂ ਜੀ ਅਤੇ ਸਿੱਖਾਂ ਦੀ ਖ਼ਾਤਰ ਪੀਰ ਬੁੱਧੂ ਸ਼ਾਹ ਜੀ ਦੀ ਕੀਤੀ ਕੁਰਬਾਨੀ ਦਾ ਵੀ ਉਸ ਦੇ ਮਨ ਉਤੇ ਡੂੰਘਾ ਅਸਰ ਹੋਇਆ। ਉਸ ਨੂੰ ਭਾਵੇਂ ਗੁਰੂ ਜੀ ਬਾਰੇ ਸਚਾਈ ਦਾ ਪਤਾ ਲੱਗ ਗਿਆ, ਪਰ ਉਹ ਗੁਰੂ ਜੀ ਦੀਆਂ ਸਿਫ਼ਤਾਂ ਨੂੰ ਅੱਖੀ ਵੇਖਣ ਤੋਂ ਬਿਨਾਂ ਡਾਵਾਂ-ਡੋਲ ਹੀ ਸੀ। ਇਸੇ ਦੁਚਿੱਤੀ ਵਿਚ ਉਹ ਫ਼ੌਜ ਲੈ ਕੇ ਅਨੰਦਪੁਰ ਵੱਲ ਵਧਿਆ।

ਸੈਦ ਖ਼ਾਨ ਨੇ 29 ਮਾਰਚ, 1704 (ਪਹਿਲੀ ਵੈਸਾਖ, ਸੰਮਤ 1761) ਨੂੰ ਅਨੰਦਪੁਰ ਸਾਹਿਬ ਉੱਤੇ ਹਮਲਾ ਕੀਤਾ। ਹਾੜ੍ਹੀ ਦੀ ਫ਼ਸਲ ਦੇ ਦਿਨ ਸਨ। ਅਨੰਦਪੁਰ ਵਿਚ ਕੇਵਲ ਪੰਜ ਕੁ ਸੌ ਸਿੰਘ ਹੀ ਸਨ। ਵੈਰੀ-ਦਲ ਦੀ ਬਹੁਤ ਵੱਡੀ ਗਿਣਤੀ ਬਾਰੇ ਸੁਣ ਕੇ ਭਾਵੇਂ ਸਿੱਖਾਂ ਵਿਚ ਕੁਝ ਘਬਰਾਹਟ ਜਿਹੀ ਹੋਈ, ਪਰ ਸਤਿਗੁਰਾਂ ਦੇ ਉਪਦੇਸ਼ ਸਦਕਾ ਸਭ ਸਿੰਘ ਟਾਕਰੇ ਲਈ ਤਿਆਰ ਹੋ ਗਏ। ਸੈਦ ਬੇਗ, ਜਿਹੜਾ ਕਿ ਚਮਕੌਰ ਵਿਚ ਹੋਈ ਲੜਾਈ ਸਮੇਂ ਮੁਗ਼ਲ ਫ਼ੌਜ ਦਾ ਸਾਥ ਛੱਡ ਕੇ ਗੁਰੂ ਜੀ ਦਾ ਮੁਰੀਦ ਬਣ ਗਿਆ ਸੀ, ਅਨੰਦਪੁਰ ਵਿਚ ਹੀ ਰਹਿੰਦਾ ਸੀ। ਇਕ ਹੋਰ ਮੁਸਲਮਾਨ ਯੋਧਾ ਮੈਮੂੰ ਖ਼ਾਨ ਵੀ ਗੁਰੂ ਜੀ ਦੇ ਚਰਨਾਂ ਦਾ ਭੌਰਾ ਬਣ ਕੇ ਉੱਥੇ ਹੀ ਟਿਕਿਆ ਹੋਇਆ ਸੀ।

ਜਦੋਂ ਸੈਦ ਖ਼ਾਨ ਦੀਆਂ ਫ਼ੌਜਾਂ ਨੇ ਨਗਰ ਤੇ ਹਮਲਾ ਕੀਤਾ, ਤਾਂ ਗੁਰੂ ਜੀ ਦੇ ਉਪਰੋਕਤ ਦੋਹਾਂ ਮੁਸਲਮਾਨ-ਸ਼ਰਧਾਲੂਆਂ ਨੇ ਗੁਰੂ ਜੀ ਤੋਂ ਵੈਰੀ ਦਾ ਟਾਕਰਾ ਕਰਨ ਦੀ ਆਗਿਆ ਮੰਗੀ। ਗੁਰੂ-ਪਾਤਸ਼ਾਹ ਨੇ ਕੁਝ ਸਿੰਘਾਂ ਨੂੰ ਇਨ੍ਹਾਂ ਦੇ ਨਾਲ ਭੇਜਿਆ। ਜੰਗ ਵਿਚ ਸੈਦ ਬੇਗ ਨੇ ਹਰੀ ਚੰਦ ਨਾਮ ਦੇ ਪਹਾੜੀ ਰਾਜੇ ਨੂੰ ਪਾਰ ਬੁਲਾ ਦਿੱਤਾ। ਪਰ ਉਸੇ ਸਮੇਂ ਮੁਗ਼ਲ ਫ਼ੌਜ ਦੇ ਇਕ ਸਰਦਾਰ ਦੀਨਾ ਬੇਗ ਨੇ ਜ਼ੋਰਦਾਰ ਹਮਲਾ ਕਰ ਦਿੱਤਾ। ਸੈਦ ਬੇਗ ਬੜੀ ਬਹਾਦਰੀ ਨਾਲ ਲੜਿਆ ਪਰ ਇਸ ਹਮਲੇ ਵਿਚ ਸ਼ਹੀਦ ਹੋ ਗਿਆ। ਮੈਮੂੰ ਖ਼ਾਨ ਨੇ ਲੜਾਈ ਵਿਚ ਵਧ-ਚੜ੍ਹ ਕੇ ਹਿੱਸਾ ਲਿਆ। ਉਹ ਵੀ ਲੜਦਾ ਹੋਇਆ ਸ਼ਹੀਦ ਹੋ ਗਿਆ।

ਮੁਗ਼ਲ-ਫ਼ੌਜ ਦਾ ਜਰਨੈਲ ਸੈਦ ਖ਼ਾਨ ਇਹ ਵੇਖ ਕੇ ਬਹੁਤ ਹੈਰਾਨ ਹੋਇਆ ਕਿ ਗੁਰੂ ਜੀ ਦੇ ਮੁਸਲਮਾਨ-ਸ਼ਰਧਾਲੂਆਂ ਨੇ ਕਿਵੇਂ ਉਸਦੀਆਂ ਫ਼ੌਜਾਂ ਦਾ ਟਾਕਰਾ ਕਰਦਿਆਂ ਹੋਇਆਂ ਸ਼ਹੀਦੀ ਪਾਈ ਹੈ। ਮੁੱਠੀ ਭਰ ਸਿੰਘਾਂ ਦਾ ਬੇਓੜਕ ਮੁਗ਼ਲ-ਫ਼ੌਜ ਨਾਲ ਜਾਨਾਂ ਹੂਲ ਕੇ ਲੜਨਾ ਵੀ ਉਸ ਲਈ ਇਕ ਹੈਰਾਨੀਜਨਕ ਗੱਲ ਸੀ। ਹੁਣ ਉਸ ਨੂੰ ਪੀਰ ਬੁੱਧੂ ਸ਼ਾਹ ਜੀ ਦੇ ਲਫ਼ਜ਼ ਯਾਦ ਆ ਰਹੇ ਸਨ ਕਿ ਗੁਰੂ ਜੀ ਨਿਰਵੈਰ ਅਤੇ ਨਿਰਚਾਹ ਹਨ। ਉਸ ਦੇ ਮਨ ਅੰਦਰ ਵੀ ਗੁਰੂ ਜੀ ਲਈ ਪ੍ਰੀਤ ਜਾਗਣ ਲੱਗ ਪਈ। ਉਸ ਨੂੰ ਇੰਞ ਜਾਪਿਆ ਜਿਵੇਂ ਉਹ ਅੱਲ੍ਹਾ ਦੇ ਪਿਆਰੇ ਨਾਲ ਯੁੱਧ ਮਚਾ ਕੇ ਧਰਮ ਤੋਂ ਗਿਰਿਆ ਹੋਇਆ ਕੰਮ ਕਰ ਰਿਹਾ ਹੈ। ਉਸ ਨੂੰ ਆਪਣੇ ਇਸ ਕਰਮ ਉਤੇ ਇੰਨੀ ਘਿਰਣਾ ਹੋਈ ਕਿ ਜੰਗ ਦੇ ਮੈਦਾਨ ਵਿਚੋਂ ਇਕ ਪਾਸੇ ਹੋ ਗਿਆ। ਫਿਰ ਰਮਜ਼ਾਨ ਖ਼ਾਨ ਨੇ ਫ਼ੌਜ ਦੀ ਕਮਾਨ ਸੰਭਾਲੀ।

ਗੁਰੂ ਜੀ ਦੇ ਇਕ ਤੀਰ ਨੇ ਉਸ ਨੂੰ ਵੀ ਜ਼ਖਮੀ ਕਰ ਦਿੱਤਾ। ਸਿੱਖ ਫ਼ੌਜਾਂ ਦੀ ਬਹੁਤ ਹੀ ਥੋੜ੍ਹੀ ਗਿਣਤੀ ਨੂੰ ਵੇਖਦਿਆਂ ਹੋਇਆਂ ਸਤਿਗੁਰਾਂ ਨੇ ਅਨੰਦਪੁਰ ਖ਼ਾਲੀ ਕਰ ਦਿੱਤਾ। ਸ਼ਹਿਰ ਦੀਆਂ ਇਸਤਰੀਆਂ ਤੇ ਬੱਚਿਆਂ ਦੀ ਸੰਭਾਲ ਕਰਕੇ ਤੇ ਉਨ੍ਹਾਂ ਨੂੰ ਸਿੱਘਾਂ ਦੀ ਹਿਫ਼ਾਜ਼ਤ ਵਿਚ ਲੈ ਕੇ ਗੁਰੂ ਜੀ ਇਕ ਪਾਸੇ ਹਟ ਗਏ। ਮੁਗ਼ਲ ਫ਼ੌਜਾਂ ਨੇ ਅਨੰਦਪੁਰ ਵਿਚ ਬਚਿਆਂ ਹੋਇਆ ਮਾਲ ਲੁੱਟ ਲਿਆ ਤੇ ਸਰਹੰਦ ਵੱਲ ਨੂੰ ਹੋ ਪਈਆਂ। ਸਿੱਘਾਂ ਨੇ ਵੈਰੀ-ਦਲ ਉਤੇ ਹਮਲਾ ਕਰਨ ਦੀ ਸਲਾਹ ਕੀਤੀ। ਗੁਰੂ ਜੀ ਤੋਂ ਆਗਿਆ ਵੀ ਲੈ ਲਈ। ਜਦੋਂ ਮੁਗ਼ਲ ਸਿਪਾਹੀ ਲੁੱਟ ਦੇ ਨਸ਼ੇ ਵਿਚ ਰਾਤ ਸਮੇਂ ਆਰਾਮ ਕਰ ਰਹੇ ਸਨ ਤਾਂ ਸਿੱਘਾਂ ਨੇ ਅਚਾਨਕ ਹੀ ਕਹਿਰੀ ਹਮਲਾ ਬੋਲ ਦਿੱਤਾ। ਮੁਗ਼ਲ ਫ਼ੌਜ ਵਿਚ ਭਾਜੜ ਪੈ ਗਈ। ਇਸ ਹਫ਼ੜਾ-ਦਫ਼ੜੀ ਵਿਚ ਸਿੱਘਾਂ ਨੇ ਲੁੱਟ ਦਾ ਬਹੁਤ ਸਾਰਾ ਮਾਲ ਵਾਪਸ ਖੋਹ ਲਿਆ ਅਤੇ ਅਨੰਦਪੁਰ ਸ਼ਹਿਰ ਉਤੇ ਮੁੜ ਕਬਜ਼ਾ ਕਰ ਲਿਆ। ਇਵ ਅੰਤ ਵਿਚ, ਇਸ ਲੜਾਈ ਵਿਚ ਵੀ ਸਿੱਘ ਜੇਤੂ ਰਹੇ।

### *ਅਨੰਦਪੁਰ ਦੀ ਚੌਥੀ ਤੇ ਆਖ਼ਰੀ ਲੜਾਈ*

ਔਰੰਗਜ਼ੇਬ ਨੂੰ ਇਹ ਖ਼ਬਰਾਂ ਪਤਾ ਲੱਗਣ ਤੇ ਬੜੀ ਚਿੰਤਾ ਹੋਈ ਕਿ ਗੁਰੂ ਗੋਬਿੰਦ ਸਿੰਘ ਜੀ ਨਾਲ ਲੜਨ ਗਈਆਂ ਮੁਗ਼ਲ-ਫ਼ੌਜਾਂ ਦੇ ਸਰਦਾਰ ਵੀ ਗੁਰੂ ਜੀ ਦੇ ਮੁਰੀਦ ਬਣ ਜਾਂਦੇ ਹਨ ਤੇ ਬਾਦਸ਼ਾਹੀ ਫ਼ੌਜਾਂ ਨਾਲ ਗੁਰੂ ਜੀ ਵੱਲ ਹੋ ਕੇ ਲੜਦੇ ਹਨ। ਉਸ ਨੇ ਦਿੱਲੀ, ਲਾਹੌਰ, ਸਰਹੰਦ, ਜੰਮੂ ਤੇ ਮੁਲਤਾਨ ਦੇ ਨਵਾਬਾਂ ਨੂੰ ਲਿਖਿਆ ਕਿ ਉਹ ਰਲ ਕੇ ਅਨੰਦਪੁਰ ਉਤੇ ਹਮਲਾ ਕਰਨ ਅਤੇ ਗੁਰੂ ਗੋਬਿੰਦ ਸਿੰਘ ਜੀ ਨੂੰ ਕੈਦ ਕਰ ਲੈਣ। ਜੇਕਰ ਗੁਰੂ (ਜੀ) ਨੂੰ ਜ਼ਿੰਦਾ ਨਾ ਪਕੜਿਆ ਜਾ ਸਕੇ ਤਾਂ ਉਨ੍ਹਾਂ ਦਾ ਸਿਰ ਵੱਢ ਲਿਆਂਦਾ ਜਾਵੇ। ਉਸ ਨੇ ਬੜੀ ਸਖਤੀ ਨਾਲ ਲਿਖਿਆ ਕਿ ਇਸ ਕੰਮ ਵਿਚ ਰਤਾ ਭਰ ਢਿੱਲ ਨਾ ਕੀਤੀ ਜਾਵੇ।

ਔਰੰਗਜ਼ੇਬ ਦਾ ਹੁਕਮ ਪੁੱਜਣ ਉਪਰੰਤ ਸਰਹੰਦ ਦੇ ਨਵਾਬ ਵਜ਼ੀਰ ਖ਼ਾਨ ਨੇ ਪਹਾੜੀ ਰਾਜਿਆਂ ਨੂੰ ਕਿਹਾ ਕਿ ਉਹ ਇਸ ਵਾਰ ਅਨੰਦਪੁਰ ਉਤੇ ਹਮਲੇ ਸਮੇਂ ਮੁਗ਼ਲ ਫ਼ੌਜਾਂ ਦਾ ਸਾਥ ਦੇਣ। ਬਿਲਾਸਪੁਰ ਦੇ ਅਜਮੇਰ ਚੰਦ, ਕਾਂਗੜੇ ਦੇ ਘੁਮੰਡ ਚੰਦ, ਜਸਵਾਲ ਦੇ ਬੀਰ ਸਿੰਘ ਤੇ ਕੁੱਲੂ, ਕੈਂਥਲ, ਮੰਡੀ, ਜੰਮੂ, ਨੂਰਪੁਰ, ਚੰਬਾ, ਗੁਲੇਰ, ਸ੍ਰੀਨਗਰ (ਗੜ੍ਹਵਾਲ), ਬੁਸ਼ਹਰ, ਬਿਜਰਵਾਲ ਅਤੇ ਡਢਵਾਲ ਆਦਿ ਦੇ ਰਾਜਿਆਂ ਨੇ ਮੁਗ਼ਲ ਫ਼ੌਜਾਂ ਦਾ ਸਾਥ ਦੇਣ ਦਾ ਫ਼ੈਸਲਾ ਕੀਤਾ। ਰੰਘੜ ਅਤੇ ਗੁੱਜਰ ਵੀ ਇਸ ਸਾਂਝੇ ਮੁਹਾਜ਼ ਵਿਚ ਸ਼ਾਮਲ ਹੋ ਗਏ। ਲਾਹੌਰ ਦਾ ਜ਼ਬਰਦਸਤ ਖ਼ਾਨ, ਤੇ ਸਰਹੰਦ ਦਾ ਵਜ਼ੀਰ ਖ਼ਾਨ ਹਜ਼ਾਰਾਂ ਦੀ ਫ਼ੌਜ ਲੈ ਕੇ ਅਨੰਦਪੁਰ ਵੱਲ ਚੱਲ ਪਏ। ਦਿੱਲੀ ਅਤੇ ਕਸ਼ਮੀਰ ਤੋਂ ਵੀ ਮੁਗ਼ਲ ਫ਼ੌਜਾਂ ਇਧਰ ਤੁਰ ਪਈਆਂ। ਪਠਾਣੀ ਇਲਾਕੇ ਵਿਚ ਜੇਹਾਦ (ਧਰਮ-ਯੁੱਧ) ਦਾ ਨਾਹਰਾ ਵੀ ਲਾਇਆ ਗਿਆ, ਇਸ ਕਰਕੇ ਹੋਤੀ ਮਰਦਾਨ ਤੱਕ ਦੇ ਮੁਸਲਮਾਨ ਕਸ਼ਮੀਰ ਦੀ ਫ਼ੌਜ ਦੇ ਨਾਲ ਸ਼ਾਮਲ ਹੋਏ।

ਜਦੋਂ ਔਰੰਗਜ਼ੇਬ ਦੇ ਹੁਕਮਾਂ ਦੀ ਖ਼ਬਰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੂੰ ਮਿਲੀ ਸੀ, ਤਾਂ ਉਨ੍ਹਾਂ ਨੇ ਵੀ ਮਾਝੇ, ਮਾਲਵੇ ਤੇ ਦੁਆਬੇ ਦੇ ਪਿੰਡਾਂ ਵਿਚ ਸਿੱਖਾਂ ਨੂੰ ਸੁਨੇਹੇ ਭੇਜ ਦਿੱਤੇ ਸਨ। ਜਦੋਂ ਸਿੱਖਾਂ ਨੂੰ ਪਤਾ ਲੱਗਾ ਕਿ ਮੁਗ਼ਲ ਅਤੇ ਪਹਾੜੀ ਫ਼ੌਜਾਂ ਇਕ ਵਾਰ ਫਿਰ ਅਨੰਦਪੁਰ ਦਾ ਨਾਮੋ-ਨਿਸ਼ਾਨ ਮਿਟਾਉਣ ਦੇ ਇਰਾਦੇ ਨਾਲ ਲੜਾਈ ਕਰਨ ਦੀਆਂ ਤਿਆਰੀਆਂ ਕਰ ਰਹੀਆਂ ਹਨ ਤਾਂ ਉਹ ਪਿੰਡਾਂ ਤੋਂ ਜਥੇਬੰਦ ਹੋ ਕੇ, ਸ਼ਸਤਰ, ਘੋੜੇ, ਰਸਦਾਂ ਤੇ ਹੋਰ ਲੋੜੀਂਦਾ ਸਾਮਾਨ ਲੈ ਕੇ ਅਨੰਦਪੁਰ ਨੂੰ ਚਲ ਪਏ। ਜਿਹੜੇ ਸਿੰਘ ਅਨੰਦਪੁਰ ਵਿਚ ਪੁੱਜੇ ਉਨ੍ਹਾਂ ਦੀ ਗਿਣਤੀ ਮਸਾਂ ਦਸ ਹਜ਼ਾਰ ਦੇ ਕਰੀਬ ਸੀ।

ਦਿੱਲੀ, ਸਰਹੰਦ ਦੀ ਮੁਗ਼ਲ ਫ਼ੌਜ, ਪਹਾੜੀ ਰਾਜਿਆਂ ਦੀ ਸੈਨਾ ਅਤੇ ਗੁੱਜਰਾਂ, ਰੰਘੜਾਂ ਦਾ ਵਹੀਰ — ਇਨ੍ਹਾਂ ਸਭਨਾਂ ਦਾ ਰੋਪੜ ਦੇ ਕੋਲ ਮੇਲ ਹੋਇਆ। ਉਧਰੋਂ ਲਾਹੌਰ ਤੇ ਕਸ਼ਮੀਰ ਦੀ ਮੁਗ਼ਲ-ਫ਼ੌਜ ਅਤੇ ਜਹਾਦੀਆਂ ਦਾ ਜਥਾ ਤੇ ਲੁੱਟਮਾਰ ਕਰਨ ਦੇ ਚਾਹਵਾਨ ਸਤਲੁਜ ਦੇ ਉਰਾਰ ਇਕੱਠੇ ਹੋ ਗਏ। ਸੋ, ਵੈਰੀ ਦਲਾਂ ਦੇ ਇਕ ਹਿੱਸੇ ਨੇ ਚੜ੍ਹਦੇ ਵਲੋਂ, ਦੂਜੇ ਹਿੱਸੇ ਨੇ ਲਹਿੰਦੇ ਪਾਸਿਓਂ, ਮਈ 1704 (22 ਜੇਠ ਸੰਮਤ, 1761) ਨੂੰ ਅਨੰਦਪੁਰ ਉੱਤੇ ਹੱਲਾ ਬੋਲ ਦਿੱਤਾ।

ਗੁਰੂ ਗੋਬਿੰਦ ਸਿੰਘ ਜੀ ਨੇ ਪੰਜ-ਪੰਜ ਸੌ ਸਿੰਘਾਂ ਦੇ ਪੰਜ ਜਥੇ ਕੇਸਗੜ੍ਹ, ਅਨੰਦਗੜ੍ਹ, ਹੋਲਗੜ੍ਹ, ਲੋਹਗੜ੍ਹ ਅਤੇ ਅਗੰਮਪੁਰੇ ਵਿਚ ਟਿਕਾ ਦਿੱਤੇ। ਸਿੰਘਾਂ ਨੂੰ ਨਗਰ ਦੀ ਰੱਖਿਆ ਦੀ ਜ਼ਿੰਮੇਵਾਰੀ ਸਮਝਾ ਦਿੱਤੀ।

ਵੈਰੀਆਂ ਦਾ ਮੁਕਾਬਲਾ ਕਰਨ ਲਈ ਸਿੰਘਾਂ ਨੇ ਨਗਰ ਤੋਂ ਬਾਹਰ ਆ ਕੇ ਮੋਰਚਾ-ਬੰਦੀ ਕੀਤੀ। ਦੋਹਾਂ ਪਾਸਿਆਂ ਤੋਂ ਤੋਪਾਂ ਦੇ ਗੋਲੇ, ਬੰਦੂਕਾਂ ਦੀਆਂ ਗੋਲੀਆਂ ਅਤੇ ਤੀਰ ਮੀਂਹ ਵਾਂਗ ਵਰ੍ਹਦੇ ਰਹੇ। ਸਿੱਖ ਫ਼ੌਜ ਉੱਚੀ ਥਾਂ 'ਤੇ ਸੀ ਤੇ ਵੈਰੀ-ਦਲ ਨੀਵੀਂ ਥਾਂ ਤੇ। ਇਸ ਲਈ ਉਸ ਥਾਂ ਤੋਂ ਸਿੰਘਾਂ ਨੇ ਤੀਰਾਂ ਤੇ ਬੰਦੂਕਾਂ ਨਾਲ ਚੰਗਾ ਚੋਖਾ ਨੁਕਸਾਨ ਕੀਤਾ। ਤਲਵਾਰ ਚਲਾਉਣ ਵਿਚ ਤਾਂ ਸਿੰਘ ਵਿਸ਼ੇਸ਼ ਤੌਰ ਤੇ ਮਾਹਿਰ ਸਨ। ਜਦੋਂ ਸਿੰਘਾਂ ਦੇ ਜਥੇ ਵੈਰੀ ਦਲ ਤੇ ਨੇੜੇ ਪੁੱਜ ਜਾਂਦੇ ਤਾਂ ਸਿੰਘ ਤਲਵਾਰਾਂ ਲੈ ਕੇ ਵੈਰੀ ਉੱਤੇ ਭੁੱਖੇ ਸ਼ੇਰਾਂ ਦੀ ਤਰ੍ਹਾਂ ਪੈ ਜਾਂਦੇ ਸਨ। ਜਿੱਥੇ ਸਿੰਘ ਧਾਰਮਿਕ-ਜਜ਼ਬੇ ਦੇ ਨਾਲ ਜਬਰ-ਜ਼ੁਲਮ ਵਿਰੁੱਧ ਲੜ ਰਹੇ ਸਨ, ਉੱਥੇ ਮੁਗ਼ਲ ਅਤੇ ਪਹਾੜੀ ਸਿਪਾਹੀ ਕੇਵਲ ਤਨਖ਼ਾਹ ਦੀ ਖ਼ਾਤਰ ਲੜ ਰਹੇ ਸਨ। ਸੋ, ਇਹ ਕੁਦਰਤੀ ਸੀ ਕਿ ਮੁਗ਼ਲਾਂ ਤੇ ਪਹਾੜੀਏ ਸਿਪਾਹੀਆਂ ਵਿਚ ਸਿੰਘਾਂ ਜਿਹਾ ਜੋਸ਼, ਜਜ਼ਬਾ ਤੇ ਚੜ੍ਹਦੀ-ਕਲਾ ਦੀ ਭਾਵਨਾ ਨਹੀਂ ਸੀ। ਕੁਝ ਹੀ ਦਿਨਾਂ ਵਿਚ ਮੁਗ਼ਲਾਂ ਨੂੰ ਇਹ ਗੱਲ ਸਾਫ਼ ਹੋ ਗਈ ਕਿ ਜੇ ਉਹ ਸਿੰਘਾਂ ਹੱਥੋਂ ਇੰਝ ਹੀ ਆਪਣੇ ਜੁਆਨ ਮਰਵਾਉਂਦੇ ਰਹੇ ਤਾਂ ਅਨੰਦਪੁਰ ਜਿੱਤਿਆ ਨਹੀਂ ਜਾਵੇਗਾ। ਸੋ, ਮਹੀਨਾ ਕੁ ਭਰ ਇੰਝ ਲੜਨ ਮਗਰੋਂ ਉਨ੍ਹਾਂ ਨੇ ਪਿੱਛੇ ਹਟ ਕੇ, ਅਨੰਦਪੁਰ ਨੂੰ ਚੁਫੇਰਿਓਂ ਘੇਰਨ ਦਾ ਫ਼ੈਸਲਾ ਕੀਤਾ, ਤਾਂ ਜੋ ਨਾ ਤਾਂ ਹੋਰ ਸਿੰਘ ਅਨੰਦਪੁਰ ਵਿਚ ਪਹੁੰਚ ਸਕਣ ਤੇ ਨਾ ਹੀ ਨਗਰ ਵਿਚ ਸਿੰਘਾਂ ਨੂੰ ਰਸਦ-ਪਾਣੀ ਪੁੱਜੇ ਤੇ ਅੰਤ ਉਹ ਭੁੱਖ ਦੇ ਦੁੱਖੋਂ ਤੰਗ ਆ ਕੇ ਹਥਿਆਰ ਸੁੱਟ

ਦੇਣ।

ਵੈਰੀ ਦੁਆਰਾ ਅਨੰਦਪੁਰ ਦੀ ਨਾਕਾ-ਬੰਦੀ ਕਰਨ ਨਾਲ ਸਿੰਘਾਂ ਨੂੰ ਰਸਦ-ਪਾਣੀ ਦੀ ਤਕਲੀਫ਼ ਭਾਸਣ ਲੱਗੀ। ਜਿਹੜੇ ਸੂਏ ਨਾਲ ਅਨੰਦਪੁਰ ਨੂੰ ਪਾਣੀ ਮਿਲਦਾ ਸੀ, ਮੁਗ਼ਲਾਂ ਨੇ ਉਸ ਦਾ ਮੂੰਹ ਵੀ ਮੋੜ ਦਿੱਤਾ। ਦੁਸ਼ਮਣ ਦੀਆਂ ਇਨ੍ਹਾਂ ਚਾਲਾਂ ਨੂੰ ਫੇਲ੍ਹ ਕਰਨ ਲਈ ਸਿੰਘਾਂ ਨੇ ਛਾਪੇ ਮਾਰ ਜਥੇ ਤਿਆਰ ਕਰ ਲਏ। ਅਵੇਸਲੀ ਪਈ ਮੁਗ਼ਲ ਫ਼ੌਜ ਉਤੇ ਸਿੰਘ ਅਚਨਚੇਤ ਹੱਲਾ ਜਾ ਬੋਲਦੇ, ਕਈ ਵੈਰੀਆਂ ਨੂੰ ਮੌਤ ਦੇ ਘਾਟ ਉਤਾਰ ਕੇ ਅਤੇ ਰਸਦ ਤੇ ਜੰਗੀ-ਸਮਾਨ ਲੁੱਟ ਕੇ ਵਾਪਸ ਆ ਜਾਂਦੇ। ਇਹ ਛਾਪੇ ਵੱਖ-ਵੱਖ ਸਮਿਆਂ ਤੇ ਮਾਰੇ ਜਾਂਦੇ ਸਨ, ਕਦੇ ਦੁਪਹਿਰੀਂ, ਕਦੇ ਅੱਧੀ ਰਾਤ ਨੂੰ ਤੇ ਕਦੇ ਰਾਤ ਦੇ ਪਿਛਲੇ ਪਹਿਰ ਜਿਸ ਵੇਲੇ ਵੈਰੀ ਆਰਾਮ ਨਾਲ ਸੁੱਤੇ ਹੁੰਦੇ ਸਨ। ਸਿੰਘਾਂ ਦੇ ਇਨ੍ਹਾਂ ਛਾਪਿਆਂ ਕਾਰਨ ਵੈਰੀ ਦਲ ਵੀ ਸੁਚੇਤ ਹੋ ਗਿਆ। ਰਸਦ ਤੇ ਜੰਗੀ ਸਾਮਾਨ ਪਿਛਾਂਹ ਹਟਵੇਂ ਸੁਰੱਖਿਅਤ ਥਾਂ ਤੇ ਰੱਖਿਆ ਜਾਣ ਲਗ ਪਿਆ। ਨਗਰ ਦਾ ਘੇਰਾ ਹੋਰ ਪੀਡਾ ਕਰ ਦਿੱਤਾ ਗਿਆ।

ਵੈਰੀ ਦੇ ਇਨ੍ਹਾਂ ਯਤਨਾਂ ਸਦਕਾ ਸਿੰਘ ਡਾਢੀ ਮੁਸ਼ਕਿਲ ਵਿਚ ਫਸ ਗਏ। ਜੋ ਕੁਝ ਸ਼ਹਿਰ ਵਿਚ ਤੇ ਸਿੰਘਾਂ ਦੇ ਕਿਲ੍ਹਿਆਂ ਵਿਚ ਸੀ, ਸਿੰਘ ਉਸੇ ਤੇ ਗੁਜ਼ਾਰਾ ਕਰਨ ਲੱਗੇ। ਪਰ ਅੰਦਰ ਰਸਦ-ਪਾਣੀ ਬਹੁਤੀ ਨਹੀਂ ਸੀ। ਅਨੰਦਪੁਰ ਇਕ ਤਾਂ ਛੋਟਾ ਜਿਹਾ ਨਗਰ ਸੀ, ਫਿਰ 10,000 ਸੂਰਬੀਰ ਸਿੰਘਾਂ ਤੋਂ ਸਿਵਾ ਨਗਰ ਵਾਸੀਆਂ ਦੀਆਂ ਲੋੜਾਂ ਦੀ ਪੂਰਤੀ ਲਈ ਵੀ ਰਸਦ ਪਾਣੀ ਦੀ ਜ਼ਰੂਰਤ ਸੀ। ਭਾਵੇਂ ਘਰਾਂ ਤੋਂ ਤੁਰਨ ਸਮੇਂ ਸਿੰਘ ਹਥਿਆਰ ਅਤੇ ਹਰ ਕਿਸਮ ਦਾ ਲੋੜੀਂਦਾ ਸਾਮਾਨ ਨਾਲ ਲੈ ਕੇ ਆਏ ਸਨ, ਪਰ ਇਹ ਕਿਸੇ ਨੂੰ ਚਿਤ-ਚੇਤਾ ਵੀ ਨਹੀਂ ਸੀ ਕਿ ਕਈ ਮਹੀਨੇ ਲਗਾਤਾਰ ਇਸੇ ਹੀ ਸਾਮਾਨ ਉਤੇ ਨਿਰਭਰ ਹੋਣਾ ਪੈਣਾ ਹੈ। ਜਿਉਂ-ਜਿਉਂ ਘਾਹ ਅਤੇ ਅੰਨ ਵਿਚ ਕਮੀ ਹੁੰਦੀ ਗਈ, ਸਭ ਦੀ ਰੋਜ਼ਾਨਾ ਰਸਦ ਘਟਣੀ ਸ਼ੁਰੂ ਹੋ ਗਈ। ਹਾਲਾਤ ਇਥੋਂ ਤੱਕ ਪੁੱਜ ਗਏ ਕਿ ਇਕ-ਇਕ ਮੁੱਠੀ ਛੋਲਿਆਂ ਨਾਲ ਸਿੰਘਾਂ ਨੂੰ ਪੇਟ ਦੀ ਅੱਗ ਬੁਝਾਉਣੀ ਪਈ। ਕਈ ਵਾਰ ਛੋਲੇ ਵੀ ਨਾ ਮਿਲਦੇ। ਭੁੱਖ ਦੇ ਦੁੱਖੋਂ ਹਾਥੀ ਤੇ ਘੋੜੇ ਵੀ ਤੜਫ਼-ਤੜਫ਼ ਕੇ ਮਰਨ ਲੱਗੇ।

ਜੇ ਸਿੰਘ ਕਿਲ੍ਹੇ ਵਿਚ ਭੁੱਖ ਅਤੇ ਬੀਮਾਰੀਆਂ ਕਾਰਨ ਮੁਸੀਬਤ ਵਿਚ ਫਸੇ ਪਏ ਸਨ, ਤਾਂ ਬਾਹਰ ਵੈਰੀ-ਦਲ ਵੀ ਸੌਖਾ ਨਹੀਂ ਸੀ। ਦੋ ਲੱਖ ਬਾਵਰਦੀ ਫ਼ੌਜ ਤੋਂ ਸਿਵਾ ਜੱਹਾਦੀ ਅਤੇ ਲੁੱਟਮਾਰ ਕਾਰਨ ਆਇਆ ਮੁਲਖਈਆ ਵੀ ਲੱਖਾਂ ਦੀ ਗਿਣਤੀ ਵਿਚ ਸੀ। ਸੋ, ਮੁਗ਼ਲ ਫ਼ੌਜਾਂ ਨੇ ਅੰਨ ਤੇ ਧਨ ਦੀ ਪ੍ਰਾਪਤੀ ਲਈ ਚੁਫੇਰੇ ਪਿੰਡਾਂ ਦੇ ਪਿੰਡ ਉਜਾੜ ਦਿਤੇ।

ਪਿੰਡਾਂ ਦੀਆਂ ਇਸਤਰੀਆਂ ਤੇ ਬੱਚਿਆਂ ਉਤੇ ਵੀ ਜ਼ੁਲਮ ਢਾਹੇ ਗਏ। ਫ਼ਸਲਾਂ ਅਤੇ ਘਰਾਂ ਦੇ ਉਜਾੜੇ ਤੇ ਇਸਤਰੀਆਂ ਦੀ ਬੇਪਤੀ ਦੇ ਕਾਰਨ ਲੋਕਾਂ ਵਿਚ ਹਾ-ਹਾ-ਕਾਰ ਮਚ ਗਈ। ਲੋਕ ਸ਼ਾਹੀ ਫ਼ੌਜਾਂ ਤੇ ਪਹਾੜੀਆਂ ਨਾਲ ਨਫ਼ਰਤ ਕਰਨ ਲਗ ਪਏ। ਵਜ਼ੀਰ ਖ਼ਾਨ ਅਤੇ ਜ਼ਬਰਦਸਤ ਖ਼ਾਨ ਨੇ ਨੀਤੀ ਅਪਣਾਉਣ ਦਾ ਰਾਹ ਫੜਿਆ। ਇਕ ਕਾਸਦ ਗੁਰੂ ਜੀ ਵੱਲ ਭੇਜਿਆ ਗਿਆ ਕਿ ਉਹ ਈਨ ਮੰਨ ਲੈਣ। ਪਰ ਸਿੰਘਾਂ ਨੇ ਉਸ ਕਾਸਦ

ਨੂੰ ਗੁਰੂ ਜੀ ਤੱਕ ਹੀ ਨਾ ਪੁੱਜਣ ਦਿੱਤਾ, ਤੇ ਉਹ ਗੁਰੂ ਜੀ ਨੂੰ ਬਿਨਾਂ ਮਿਲੇ ਹੀ ਵਾਪਸ ਆ ਗਿਆ।

ਮੁਗ਼ਲ ਫ਼ੌਜਾਂ ਨੇ ਇਕ ਜ਼ੋਰਦਾਰ ਹਮਲਾ ਵੀ ਕੀਤਾ, ਪਰ ਸਿੰਘਾਂ ਨੇ ਉਨ੍ਹਾਂ ਨੂੰ ਦੀਵਾਰ ਤੱਕ ਵੀ ਨਾ ਆਉਣ ਦਿੱਤਾ। ਭੁੱਖੇ-ਭਾਣੇ ਸਿੰਘ ਜੈਕਾਰੇ ਗਜਾਉਂਦੇ ਹੋਏ ਲੜ ਰਹੇ ਸਨ।

ਮੁਗ਼ਲ ਸਰਦਾਰ ਬੜੀ ਨਮੋਸ਼ੀ ਦੀ ਹਾਲਤ ਵਿਚ ਸਨ, ਘੇਰਾ ਲਮਕੀ ਜਾ ਰਿਹਾ ਸੀ ਤੇ ਸਿੰਘ ਈਨ ਮੰਨਣ ਦੀ ਥਾਂ ਲੜਨ-ਮਰਨ ਨੂੰ ਤਿਆਰ ਬੈਠੇ ਸਨ। ਮੁਗ਼ਲ-ਫ਼ੌਜਾਂ ਤੇ ਪਹਾੜੀ ਸੈਨਾ ਨੂੰ ਪਹਿਲਾਂ ਗਰਮੀ ਤੇ ਫਿਰ ਬਾਰਸ਼ਾਂ ਤੇ ਹੜ੍ਹਾਂ ਕਾਰਨ ਬਹੁਤ ਪ੍ਰੇਸ਼ਾਨੀ ਹੋਈ ਸੀ, ਹੁਣ ਸਰਦੀਆਂ ਨੇੜੇ ਆ ਰਹੀਆਂ ਸਨ। ਉਹ ਵੀ ਇਸ ਜੰਗ ਤੋਂ ਪਿੱਛਾ ਛੁਡਾਉਣਾ ਚਾਹੁੰਦੇ ਸਨ। ਉਨ੍ਹਾਂ (ਮੁਗ਼ਲ ਸਰਦਾਰਾਂ ਤੇ ਪਹਾੜੀ ਰਾਜਿਆਂ) ਨੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੂੰ ਧੋਖੇ ਵਿਚ ਫਸਾਉਣ ਦੀ ਚਾਲ ਚੱਲੀ। ਉਨ੍ਹਾਂ ਦਾ ਖ਼ਿਆਲ ਸੀ ਕਿ ਜੇ ਭੁੱਖਾਂ ਤੇ ਬੀਮਾਰੀਆਂ ਦੇ ਸਤਾਏ ਹੋਏ ਸਿੱਖ ਕਿਲ੍ਹਿਆਂ ਤੋਂ ਬਾਹਰ ਆ ਜਾਣ ਤਾਂ ਉਨ੍ਹਾਂ ਨੂੰ ਮਾਰਿਆ ਜਾਂ ਫੜਿਆ ਜਾ ਸਕਦਾ ਹੈ। ਉਨ੍ਹਾਂ ਨੇ ਦੋ ਕਾਸਦ, ਇਕ ਬ੍ਰਾਹਮਣ ਤੇ ਇਕ ਸਈਅਦ, ਗੁਰੂ ਜੀ ਵੱਲ ਭੇਜੇ। ਉਨ੍ਹਾਂ ਨੇ ਗੁਰੂ ਜੀ ਨੂੰ ਇਕ ਚਿਠੀ ਦਿੱਤੀ, ਜਿਸ ਵਿਚ ਮੁਗ਼ਲ ਸਰਦਾਰਾਂ ਨੇ ਕੁਰਾਨ ਅਤੇ ਪਹਾੜੀ ਰਾਜਿਆਂ ਨੇ ਗੀਤਾ ਦੀਆਂ ਕਸਮਾਂ ਖਾ ਕੇ ਕਿਹਾ ਕਿ ਜੇ ਸਿੱਖ ਕਿਲ੍ਹਾ ਛੱਡ ਜਾਣ, ਤਾਂ ਉਨ੍ਹਾਂ ਨੂੰ ਕੁਝ ਨਹੀਂ ਕਿਹਾ ਜਾਵੇਗਾ ਅਤੇ ਉਹ (ਮੁਗ਼ਲ-ਸਰਦਾਰ) ਔਰੰਗਜ਼ੇਬ ਨੂੰ ਮੂੰਹ ਦਿਖਾਉਣ ਜੋਗੇ ਹੋ ਜਾਣਗੇ। ਗੁਰੂ ਜੀ ਨੇ ਸਿੱਖਾਂ ਨੂੰ ਸਮਝਾਇਆ ਕਿ ਇਹ ਸਭ ਵੈਰੀ ਦੀਆਂ ਜੰਗੀ-ਚਾਲਾਂ ਹਨ। ਪਰ ਰਸਦ-ਪਾਣੀ ਦੀ ਤੰਗੀ ਕਾਰਨ ਅਤੇ ਇੰਨੇ ਲੰਮੇ ਜੰਗ ਵਿਚ ਸਿੰਘ-ਸੂਰਮਿਆਂ ਦੀ ਗਿਣਤੀ ਘਟ ਜਾਣ ਕਾਰਨ ਨਗਰ-ਵਾਸੀ, ਕਮਜ਼ੋਰ-ਦਿਲ ਹੋ ਗਏ ਸਨ। ਉਨ੍ਹਾਂ ਨੇ ਗੁਰੂ ਜੀ ਨੂੰ ਕਿਹਾ ਕਿ ਜਦ ਵੈਰੀ ਧਰਮ-ਪੁਸਤਕਾਂ ਦੀਆਂ ਕਸਮਾਂ ਖਾਂਦੇ ਹਨ, ਤਾਂ ਕਿਲ੍ਹਾ ਛੱਡ ਜਾਣ ਵਿਚ ਕੋਈ ਹਰਜ ਨਹੀਂ। ਸਤਿਗੁਰਾਂ ਨੇ ਅਜਿਹੀ ਖੇਡ ਖੇਡੀ ਕਿ ਵੈਰੀਆਂ ਦਾ ਪਾਜ ਉਘੜ ਗਿਆ। ਆਪ ਨੇ ਕੁਝ ਗੱਡਿਆਂ, ਖੱਚਰਾਂ ਤੇ ਖੋਤਿਆਂ ਉਪਰ ਫਟੇ-ਪੁਰਾਣੇ ਕਪੜੇ, ਟੁੱਟੇ ਛਿੱਤਰ ਤੇ ਕੂੜਾ ਆਦਿ ਲੱਦ ਕੇ ਇਸ ਮਾਲ ਨੂੰ ਕੀਮਤੀ ਕਪੜਿਆਂ ਨਾਲ ਢਕ ਕੇ, ਸ਼ਹਿਰ ਤੋਂ ਬਾਹਰ ਭੇਜਿਆ। ਅੱਧੀ ਰਾਤ ਦਾ ਸਮਾਂ ਸੀ ਤੇ ਖੱਚਰਾਂ ਤੇ ਖੋਤਿਆਂ ਦੇ ਸਿਰਾਂ ਉਤੇ ਬਲਦੀਆਂ ਮਸ਼ਾਲਾਂ ਬੰਨ੍ਹੀਆਂ ਹੋਈਆਂ ਸਨ। ਜਦ ਵੈਰੀਆਂ ਨੇ ਵੇਖਿਆ ਕਿ ਕੀਮਤੀ ਮਾਲ ਗੱਡਿਆਂ ਅਤੇ ਖੱਚਰਾਂ ਉੱਤੇ ਲੱਦਿਆ ਹੋਇਆ ਬਾਹਰ ਭੇਜਿਆ ਜਾ ਰਿਹਾ ਹੈ, ਤਾਂ ਉਨ੍ਹਾਂ ਨੇ ਉਸ ਮਾਲ ਉਤੇ ਹਮਲਾ ਬੋਲ ਦਿੱਤਾ। ਜਦ ਫਟੇ-ਪੁਰਾਣੇ ਕੱਪੜੇ ਤੇ ਕੂੜਾ-ਕਰਕਟ ਹੱਥ ਲੱਗਾ ਤਾਂ ਉਨ੍ਹਾਂ ਨੂੰ ਬਹੁਤ ਸ਼ਰਮਿੰਦਗੀ ਉਠਾਣੀ ਪਈ।

ਕੁਝ ਸਮਾਂ ਹੋਰ ਬੀਤ ਗਿਆ। ਸਿੰਘਾਂ ਨੂੰ ਵੈਰੀ-ਦਲ ਵਿਚ ਘਿਰੇ ਹੋਇਆਂ ਤੇ ਵੈਰੀ ਨਾਲ ਲੜਦਿਆਂ ਛੇ-ਸੱਤ ਮਹੀਨੇ ਬੀਤ ਗਏ ਸਨ। ਖ਼ੁਰਾਕ ਦੀ ਘਾਟ ਨੇ ਉਨ੍ਹਾਂ ਦੇ ਸਰੀਰ ਲਿੱਸੇ ਕਰ ਦਿੱਤੇ ਸਨ ਤੇ ਉਨ੍ਹਾਂ ਨੂੰ ਕਈ ਤਰ੍ਹਾਂ ਦੀਆਂ ਬੀਮਾਰੀਆਂ ਚਿੰਬੜ ਗਈਆਂ

ਸਨ। ਇਨ੍ਹਾਂ ਦਿਨਾਂ ਵਿਚ ਹੀ ਔਰੰਗਜ਼ੇਬ ਦੀ ਇਕ ਚਿੱਠੀ ਆਈ, ਜਿਸ ਦੇ ਨਾਲ ਉਸ ਨੇ ਦਸਤਖ਼ਤ ਕੀਤਾ ਹੋਇਆ ਕੁਰਾਨ ਵੀ ਭੇਜਿਆ ਸੀ। ਉਸ ਨੇ ਇਸ ਚਿੱਠੀ ਵਿਚ ਕਈ ਦਿਲਾਸੇ ਦਿੱਤੇ ਹੋਏ ਸਨ ਤੇ ਲਿਖਿਆ ਸੀ ਕਿ ਤੁਸੀਂ (ਗੁਰੂ ਜੀ) ਮੇਰੇ ਕੋਲ ਦੱਖਣ ਵਿਚ ਚਲੇ ਆਉ, ਤੁਹਾਡੀ ਹਵਾ ਵੱਲ ਵੀ ਕੋਈ ਤੱਕ ਨਹੀਂ ਸਕੇਗਾ। ਸ਼ਾਹੀ ਵਕਾਰ ਦੀ ਕਾਇਮੀ ਲਈ ਇਹ ਜ਼ਰੂਰੀ ਹੈ ਕਿ ਤੁਸੀਂ ਅਨੰਦਪੁਰ ਖ਼ਾਲੀ ਕਰ ਦਿਉ। ਜਦ ਨਗਰ ਵਾਸੀਆਂ ਨੂੰ ਔਰੰਗਜ਼ੇਬ ਦੀ ਚਿੱਠੀ ਦਾ ਪਤਾ ਲੱਗਾ ਤਾਂ ਉਨ੍ਹਾਂ ਨੇ ਰਲ ਕੇ ਗੁਰੂ ਜੀ ਅੱਗੇ ਬੇਨਤੀ ਕੀਤੀ ਕਿ ਨਗਰ ਵਾਸੀਆਂ ਦੀ ਭਲਾਈ ਦੀ ਖ਼ਾਤਰ ਗੁਰੂ ਜੀ ਜੰਗ-ਬੰਦੀ ਦਾ ਐਲਾਨ ਕਰ ਦੇਣ ਅਤੇ ਸਿੱਖ-ਸੈਨਿਕਾਂ ਸਮੇਤ ਨਗਰ ਖ਼ਾਲੀ ਕਰ ਦੇਣ। ਗੁਰੂ ਜੀ ਨੇ ਸਭ ਨੂੰ ਦਿਲਾਸਾ ਦਿੱਤਾ ਤੇ ਸਮਝਾਇਆ ਕਿ ਇਹ ਵੀ ਵੈਰੀ ਦੀ ਇਕ ਨਵੀਂ ਚਾਲ ਹੈ।

ਉੱਧਰ ਗੁਰੂ ਜੀ ਨੇ ਮੁਖੀ ਸਿੰਘਾਂ ਨਾਲ ਹਾਲਾਤ ਬਾਰੇ ਵਿਚਾਰ-ਵਟਾਂਦਰਾ ਕੀਤਾ। ਸਿੰਘਾਂ ਕੋਲ ਰਸਦ-ਪਾਣੀ ਤਾਂ ਖ਼ਤਮ ਹੋ ਚੁੱਕਾ ਸੀ। ਦਰਖ਼ਤਾਂ ਦੇ ਛਿਲੜ ਵੀ ਪੀਹ ਪੀਹ ਕੇ ਖਾ ਲਏ ਸਨ। ਇਸ ਹਾਲਤ ਵਿਚ ਹੋਰ ਲੰਮੇ ਸਮੇਂ ਲਈ ਲੜਿਆ ਨਹੀਂ ਸੀ ਜਾ ਸਕਦਾ। ਸੋ, ਇਹ ਫ਼ੈਸਲਾ ਕੀਤਾ ਗਿਆ ਕਿ ਵੈਰੀ ਨਾਲ ਰਣ ਵਿਚ ਜੂਝਿਆ ਜਾਵੇ, ਜਿਹੜੇ ਸਿੰਘ ਜੂਝਦੇ ਹੋਏ ਸੁਰੱਖਿਅਤ ਥਾਵਾਂ ਤੇ ਚਲੇ ਜਾਣ ਉਹ ਤਿਆਰੀ ਕਰਕੇ ਫਿਰ ਮੁਗ਼ਲ ਹਾਕਮਾਂ ਵਿਰੁੱਧ ਸੰਘਰਸ਼ ਛੇੜਨ।

ਨਗਰ-ਵਾਸੀ ਲੋਕਾਂ ਦੀਆਂ ਇਸਤਰੀਆਂ ਤੇ ਬੱਚੇ ਤਾਂ ਜੰਗ ਅਰੰਭ ਹੋਣ ਤੋਂ ਪਹਿਲਾਂ ਹੀ ਬਾਹਰ ਭੇਜੇ ਜਾ ਚੁੱਕੇ ਸਨ। ਪਰ ਗੁਰੂ ਜੀ ਦਾ ਸਾਰਾ ਪਰਿਵਾਰ ਅਨੰਦਪੁਰ ਵਿਚ ਹੀ ਸੀ। ਦੂਰ-ਦਰਸ਼ੀ ਗੁਰੂ ਜੀ ਨੇ ਵੈਰੀ ਦੇ ਹਰ ਤਰ੍ਹਾਂ ਦੇ ਧੋਖੇ ਅਤੇ ਚਾਲਾਂ ਨੂੰ ਮੁੱਖ ਰੱਖਦਿਆਂ ਹੋਇਆਂ ਛੋਟੇ ਸਾਹਿਬਜ਼ਾਦਿਆਂ, ਮਹਲਾਂ ਤੇ ਮਾਤਾ ਜੀ ਦੀ ਸਪੁਰਦ-ਦਾਰੀ ਕਰ ਦਿੱਤੀ, ਤਾਂ ਕਿ ਹਰੇਕ ਸਿੰਘ ਆਪੋ ਆਪਣੀ ਜ਼ਿੰਮੇਵਾਰੀ ਉਤੇ ਸੁਚੇਤ ਰਹੇ। ਗੁਰਦੁਆਰਿਆਂ ਦੀ ਸੇਵਾ-ਸੰਭਾਲ ਲਈ ਉਦਾਸੀ ਸਿੱਖ ਭਾਈ ਗੁਰਬਖਸ਼ ਨੂੰ ਅਨੰਦਪੁਰ ਵਿਚ ਟਿਕੇ ਰਹਿਣ ਦੀ ਆਗਿਆ ਕੀਤੀ।

ਰਾਜਿਆਂ ਨੂੰ ਜਦੋਂ ਪਤਾ ਲੱਗਾ ਕਿ ਸਿੱਖ ਅਨੰਦਪੁਰ ਖ਼ਾਲੀ ਕਰ ਰਹੇ ਹਨ ਤਾਂ ਉਨ੍ਹਾਂ ਜੰਗ-ਬੰਦੀ ਦਾ ਐਲਾਨ ਕਰ ਦਿੱਤਾ ਤੇ ਕੀਰਤਪੁਰ ਵਾਲੇ ਪਾਸਿਓਂ ਨਾਕਾਬੰਦੀ ਹਟਾ ਦਿੱਤੀ। 6 ਅਤੇ 7 ਪੋਹ ਦੀ ਵਿਚਕਾਰਲੀ ਰਾਤ ਨੂੰ ਗੁਰੂ ਜੀ ਸਾਥ ਸਮੇਤ ਅਨੰਦਪੁਰ ਖ਼ਾਲੀ ਕਰਕੇ ਕੀਰਤਪੁਰ ਵੱਲ ਚੱਲ ਪਏ। ਈਸਵੀ ਸੰਨ ਦੇ ਹਿਸਾਬ ਨਾਲ ਦਸੰਬਰ 1704 ਦੀ 20 ਅਤੇ 21 ਤਰੀਕ ਦੀ ਵਿਚਕਾਰਲੀ ਰਾਤ ਦਾ ਪਹਿਲਾ ਪਹਿਰ ਸੀ।

ਅਨੰਦਪੁਰੋਂ ਤੁਰਨ ਸਮੇਂ ਸਿੱਖਾਂ ਦਾ ਵਹੀਰ ਦੋ ਹਿੱਸਿਆਂ ਵਿਚ ਵੰਡਿਆ ਗਿਆ। ਪਹਿਲੇ ਹਿੱਸੇ ਦੀ ਅਗਵਾਈ ਭਾਈ ਉਦੈ ਸਿੰਘ ਕਰ ਰਹੇ ਸਨ ਇਨ੍ਹਾਂ ਨੂੰ ਦੋ ਸੌ ਘੋੜ-ਸਵਾਰ ਸਿੰਘ ਦਿੱਤੇ ਗਏ ਸਨ। ਇਸ ਦਲ ਵਿਚ ਮਾਤਾ ਗੁਜਰੀ ਜੀ, ਮਾਤਾ ਸੁੰਦਰੀ ਜੀ, ਮਾਤਾ

ਸਾਹਿਬ ਕੌਰ ਜੀ ਸ਼ਾਮਿਲ ਸਨ। ਧਾਰਮਿਕ ਸਾਹਿਤ ਵੀ ਇਨ੍ਹਾਂ ਦੇ ਸਪੁਰਦ ਸੀ।

ਮਗਰੋਂ ਚੱਲਣ ਵਾਲੇ ਦਲ ਵਿਚ ਗੁਰੂ ਗੋਬਿੰਦ ਸਿੰਘ ਜੀ ਵੱਡੇ ਸਾਹਿਬਜ਼ਾਦੇ ਅਤੇ ਲਗਭਗ ਚਾਰ ਸੌ ਘੋੜ-ਸਵਾਰ ਸਿੱਖ ਸੈਨਿਕ ਸਨ।[21] ਇਨ੍ਹਾਂ ਤੋਂ ਇਲਾਵਾ ਪੈਦਲ ਵਹੀਰ ਵੀ ਸੀ, ਜਿਨ੍ਹਾਂ ਵਿਚ ਸੱਤ ਸੌ ਸਿੰਘ ਹੋਣਗੇ।

ਆਖ਼ਰ ਨੂੰ ਉਹੀ ਕੁਝ ਹੋਇਆ ਜਿਸ ਬਾਰੇ ਸਤਿਗੁਰਾਂ ਨੇ ਨਗਰ ਵਾਸੀਆਂ ਨੂੰ ਪਹਿਲਾਂ ਹੀ ਕਿਹਾ ਸੀ। ਮੁਗ਼ਲਾਂ ਨੇ ਕੁਰਾਨ ਦੀਆਂ ਕਸਮਾਂ ਤੋੜ ਦਿੱਤੀਆਂ। ਸਰਸਾ ਕਿਨਾਰੇ ਤੇ ਫਿਰ ਚਮਕੌਰ ਤੇ ਮੁਕਤਸਰ ਵਿਖੇ ਜੰਗ ਹੋਈ। ਅਨੇਕਾਂ ਸਿੰਘ ਸ਼ਹੀਦ ਹੋ ਗਏ। ਕਵੀਆਂ ਤੋਂ ਲਿਖਵਾਇਆ ਸਾਹਿਤ ਸਰਸਾ ਦੀ ਭੇਟ ਹੋ ਗਿਆ।

21. ਡਾ: ਹਰੀ ਰਾਮ ਗੁਪਤਾ, ਪੰਨਾ 291-92

# ਸਰਸਾ, ਚਮਕੌਰ ਦੀ ਜੰਗ ਤੇ ਸਾਕਾ ਸਰਹੰਦ

### *ਸਰਸਾ ਦੀ ਜੰਗ*

ਗੁਰੂ ਜੀ, ਉਨ੍ਹਾਂ ਦਾ ਪਰਿਵਾਰ ਅਤੇ ਸਿੰਘ ਅਨੰਦਪੁਰ ਖ਼ਾਲੀ ਕਰਕੇ ਅਜੇ ਕੀਰਤਪੁਰ ਕੋਲ ਹੀ ਪੁੱਜੇ ਸਨ ਕਿ ਕਹਿਲੂਰ ਦੀਆਂ ਪਹਾੜੀ ਫ਼ੌਜਾਂ ਅਤੇ ਸਰਹੰਦ ਦੇ ਵਜ਼ੀਰ ਖ਼ਾਨ ਦੀਆਂ ਫ਼ੌਜਾਂ ਨੇ ਉਨ੍ਹਾਂ ਉੱਪਰ ਹੱਲਾ ਬੋਲ ਦਿੱਤਾ। ਬਾਕੀ ਫ਼ੌਜ, ਜਹਾਦੀ ਅਤੇ ਲੁੱਟ-ਮਾਰ ਕਰਨ ਵਾਲੇ ਅਨੰਦਪੁਰ ਨੂੰ ਲੁੱਟਣ ਜਾਂ ਪਏ। ਬੜੀ ਅਜ਼ਮਾਇਸ਼ ਦਾ ਸਮਾਂ ਸੀ। ਗੁਰੂ ਜੀ ਨਾਲ ਕੇਵਲ ਕੁਝ ਸੌ ਸਿੰਘ ਹੀ ਸਨ। ਦੂਜੇ ਪਾਸੇ ਮੁਗ਼ਲਾਂ ਤੇ ਪਹਾੜੀਆਂ ਦੀ ਗਿਣਤੀ ਲੱਖਾਂ ਵਿਚ ਸੀ। ਵੈਰੀ ਨੇ ਜਾਨ-ਬਖ਼ਸ਼ੀ ਦੇ ਇਕਰਾਰ ਕਰਕੇ ਹਥਿਆਰ ਸੁੱਟਣ ਦੀ ਪ੍ਰੇਰਨਾ ਕੀਤੀ ਪਰ ਉਸ ਦੀ ਇਹ ਚਾਲ ਵੀ ਸਫ਼ਲ ਨਾ ਹੋਈ। ਸਿੰਘ ਗੁਰੂ-ਪਾਤਸ਼ਾਹ ਦੇ ਚਰਨਾਂ ਵਿਚ ਟਿਕੇ ਰਹੇ ਤੇ ਲੜਦੇ-ਭਿੜਦੇ ਰੋਪੜ ਵੱਲ ਨੂੰ ਵਧਦੇ ਗਏ।

ਕੀਰਤਪੁਰ ਤੋਂ ਨੌਂ ਕਿਲੋਮੀਟਰ ਦੀ ਵਿੱਥ ਤੇ ਸਰਸਾ ਨਦੀ ਹੈ। ਜਿਸ ਵੇਲੇ ਸਿੱਖਾਂ ਦਾ ਵਹੀਰ ਇਸ ਨਦੀ ਦੇ ਕਿਨਾਰੇ ਪੁੱਜਾ ਤਾਂ ਇਸ ਵਿਚ ਹੜ੍ਹ ਆਇਆ ਹੋਇਆ ਸੀ ਤੇ ਪਾਣੀ ਠਾਠਾਂ ਮਾਰ ਰਿਹਾ ਸੀ।

ਸਿੱਖ ਭਾਰੀ ਮੁਸੀਬਤ ਵਿਚ ਘਿਰ ਗਏ। ਉਨ੍ਹਾਂ ਦੇ ਪ੍ਰਿਛਲੇ ਪਾਸੇ ਵੈਰੀ-ਦਲ ਮਾਰ-ਮਾਰ ਕਰਦਾ ਆ ਰਿਹਾ ਸੀ ਤੇ ਸਾਹਮਣੇ ਸਰਸਾ ਨਦੀ ਪਈ ਸ਼ੂਕਦੀ ਸੀ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਕਿਹਾ ਕਿ ਜੰਗ ਵਿਚ ਕਿਸੇ ਹਾਲਤ ਵਿਚ ਵੀ ਵੈਰੀ ਅੱਗੇ ਹਥਿਆਰ ਨਹੀਂ ਸੁੱਟਣੇ, ਜੂਝਦਿਆਂ ਹੋਇਆਂ ਸ਼ਹੀਦ ਹੋ ਜਾਣਾ ਹੈ।

ਸਰਸਾ ਦੇ ਕਿਨਾਰੇ ਪੁੱਜਣ ਤੱਕ ਬਹੁਤੇ ਪੈਦਲ ਸਿੰਘ ਤਾਂ ਲੜਦੇ ਸ਼ਹੀਦ ਹੋ ਗਏ, ਬਾਕੀ ਹਨੇਰੇ ਵਿਚ ਬਚ ਕੇ ਨਿਕਲ ਗਏ। ਗੁਰੂ ਜੀ ਨਾਲ ਲਗਭਗ 600 ਘੋੜ-ਸਵਾਰ ਹੀ ਸਨ। ਸ਼ੂਕਦੀ ਨਦੀ ਨੂੰ ਪਾਰ ਕਰਨ ਦਾ ਫ਼ੈਸਲਾ ਕੀਤਾ ਗਿਆ। ਗੁਰੂ ਜੀ ਨੇ ਕੁਝ ਜਥਿਆਂ ਨੂੰ ਤਾਂ ਵੈਰੀ ਦਲ ਨੂੰ ਰੋਕਣ ਲਈ ਨਿਯਤ ਕਰ ਦਿੱਤਾ। ਗੁਰੂ ਜੀ ਦਾ ਪਰਿਵਾਰ ਵੀ ਤਿੰਨ ਹਿੱਸਿਆਂ ਵਿਚ ਵੰਡਿਆ ਗਿਆ। ਭਾਈ ਮਨੀ ਸਿੰਘ ਜੀ ਦੀ ਅਗਵਾਈ ਵਿਚ ਇਕ ਜਥੇ ਨਾਲ ਗੁਰੂ ਕੇ ਮਹਲ ਸਨ, ਮਾਤਾ ਗੁਜਰੀ ਜੀ ਛੋਟੇ ਸਾਹਿਬਜ਼ਾਦਿਆਂ ਨਾਲ ਸਨ ਅਤੇ ਵੱਡੇ ਸਾਹਿਬਜ਼ਾਦੇ ਬਾਬਾ ਅਜੀਤ ਸਿੰਘ ਜੀ ਤੇ ਬਾਬਾ ਜੁਝਾਰ ਸਿੰਘ ਜੀ ਗੁਰੂ ਜੀ ਦੇ ਨਾਲ ਸਨ। ਪਰਿਵਾਰ ਦੀ ਸਪੁਰਦਗੀ ਮਗਰੋਂ ਗੁਰੂ ਜੀ ਸਮੇਤ ਸਿੰਘਾਂ ਨੇ ਘੋੜੇ, ਸ਼ੂਕਦੀ ਸਰਸਾ ਨਦੀ ਵਿਚ ਠੇਲ੍ਹ ਦਿੱਤੇ।

ਇੰਨੇ ਨੂੰ ਵੈਰੀ-ਦਲ ਵੀ ਆ ਪੁੱਜਾ। ਸਰਸਾ ਕਿਨਾਰੇ ਲੜਾਈ ਅਰੰਭ ਹੋ ਗਈ, ਜਿਹੜੇ ਜਥੇ ਵੈਰੀ ਨੂੰ ਰੋਕਣ ਲਈ ਕਾਇਮ ਕੀਤੇ ਗਏ ਸਨ, ਉਹ ਜਾਨਾਂ ਹੂਲ ਕੇ ਲੜੇ। ਭਾਈ ਉਦੈ ਸਿੰਘ ਜੀ ਲੜਦਿਆਂ ਲੜਦਿਆਂ ਸ਼ਹੀਦ ਹੋ ਗਏ। ਉਨ੍ਹਾਂ ਦੀ ਥਾਂ ਭਾਈ ਜੀਵਨ ਸਿੰਘ ਜੀ (ਜਿਨ੍ਹਾਂ ਦਿੱਲੀ ਤੋਂ ਗੁਰੂ ਤੇਗ ਬਹਾਦਰ ਜੀ ਦਾ ਸੀਸ ਲਿਆਂਦਾ ਸੀ) ਨੇ ਮੱਲ

ਲਈ ਅਤੇ ਅੱਗੇ ਵਧ ਰਹੇ ਵੈਰੀਆਂ ਨੂੰ ਠੱਲ੍ਹ ਪਾ ਦਿੱਤੀ। ਪਰ ਇਹ ਵੇਖ ਕੇ ਕਿ ਸਾਹਿਬਜ਼ਾਦਾ ਅਜੀਤ ਸਿੰਘ ਜੀ ਲੜਦੇ ਹੋਏ ਵੈਰੀਆਂ ਦੇ ਘੇਰੇ ਵਿਚ ਆ ਗਏ ਹਨ ਆਪ ਵੀ ਉੱਧਰ ਹੀ ਆ ਗਏ। ਦੋਹਾਂ ਨੇ ਸਿੰਘਾਂ ਨੂੰ ਅਗਵਾਈ ਦਿੱਤੀ ਅਤੇ ਵੈਰੀਆਂ ਦੇ ਖ਼ੂਬ ਆਹੂ ਲਾਹੇ। ਸਾਹਿਬਜ਼ਾਦਾ ਅਜੀਤ ਸਿੰਘ ਜੀ ਲੜਦੇ ਲੜਦੇ ਵੈਰੀਆਂ ਦੇ ਘੇਰੇ ਵਿਚੋਂ ਨਿਕਲ ਗਏ।

ਸੈਂਕੜੇ ਸਿੰਘ ਸਰਸਾ ਨੂੰ ਪਾਰ ਕਰਦਿਆਂ ਹੋਇਆਂ ਮੌਤ ਦਾ ਸ਼ਿਕਾਰ ਹੋ ਗਏ ਕਿਉਂਕਿ ਪਾਣੀ ਦਾ ਵੇਗ ਬਹੁਤ ਤਿੱਖਾ ਸੀ। ਕਈ ਤਾਂ ਪਾਣੀ ਦੇ ਵਹਿਣ ਨਾਲ ਰੁੜ੍ਹਦੇ ਕਈ ਮੀਲ ਦੂਰ ਚਲੇ ਗਏ। ਪੋਹ ਦੇ ਦਿਨ ਸਨ, ਭਰ ਸਿਆਲ ਦੀ ਰੁੱਤ, ਉਤੋਂ ਵਰਖਾ, ਨਦੀ ਦਾ ਬਰਫ਼ ਵਰਗਾ ਠੰਡਾ ਪਾਣੀ– ਇਨ੍ਹਾਂ ਨੇ ਸਿੰਘਾਂ ਦੇ ਸਰੀਰ ਸੁੰਨ ਕਰ ਦਿੱਤੇ ਤੇ ਹੜ੍ਹ ਦੇ ਵੇਗ ਦਾ ਟਾਕਰਾ ਕਰਨ ਜੋਗੀ ਹਿੰਮਤ ਵੀ ਨਾ ਰਹੀ। ਵੈਰੀ ਦਲ ਨੇ ਸਰਸਾ ਪਾਰ ਕਰਨ ਦਾ ਖ਼ਤਰਾ ਮੁੱਲ ਨਾ ਲਿਆ।

ਗੁਰੂ ਗੋਬਿੰਦ ਸਿੰਘ ਜੀ, ਬਾਬਾ ਅਜੀਤ ਸਿੰਘ ਜੀ, ਬਾਬਾ ਜੁਝਾਰ ਸਿੰਘ ਜੀ ਅਤੇ ਕੁਝ ਘੋੜ-ਅਸਵਾਰ ਸਰਸਾ ਤੋਂ ਪਾਰ ਲੰਘ ਕੇ, ਇਕ ਜਥੇ ਦੇ ਰੂਪ ਵਿਚ ਇਕੱਠੇ ਹੋ ਕੇ ਰੋਪੜ ਵੱਲ ਨੂੰ ਹੋ ਪਏ। ਭਾਈ ਮਨੀ ਸਿੰਘ ਜੀ ਦੇ ਜਥੇ ਵਿਚ ਮਾਤਾ ਸਾਹਿਬ ਕੌਰ ਜੀ ਤੇ ਮਾਤਾ ਸੁੰਦਰ ਕੌਰ ਜੀ, ਦੋ ਟਹਿਲਣਾਂ ਤੇ ਦੋ ਸਿੰਘ ਭਾਈ ਜਵਾਹਰ ਸਿੰਘ ਤੇ ਧੰਨਾ ਸਿੰਘ, ਜੋ ਦਿੱਲੀ ਦੇ ਰਹਿਣ ਵਾਲੇ ਸਨ, ਹੀ ਸਰਸਾ ਪਾਰ ਕਰ ਸਕੇ। ਇਹ ਸੱਭੇ ਹਰਿਦੁਆਰ ਹੋ ਕੇ ਦਿੱਲੀ ਪੁੱਜੇ। ਇੱਥੇ ਭਾਈ ਜਵਾਹਰ ਸਿੰਘ ਇਨ੍ਹਾਂ ਨੂੰ ਆਪਣੇ ਘਰ ਲੈ ਗਿਆ। ਮਾਤਾ ਗੁਜਰੀ ਜੀ ਦੇ ਨਾਲ ਛੋਟੇ ਸਾਹਿਬਜ਼ਾਦੇ, ਬਾਬਾ ਜ਼ੋਰਾਵਰ ਸਿੰਘ ਤੇ ਬਾਬਾ ਫ਼ਤਹਿ ਸਿੰਘ ਜੀ ਸਨ। ਇਨ੍ਹਾਂ ਦੇ ਨਾਲ ਕੇਵਲ ਗੰਗਾ ਰਾਮ ਬ੍ਰਾਹਮਣ ਹੀ ਸੀ, ਜੋ ਗੁਰੂ-ਘਰ ਦਾ ਰਸੋਈਆ ਸੀ। ਇਸ ਦਾ ਪਿੰਡ ਸਹੇੜੀ (ਹੁਣ ਖੇੜੀ) ਇਥੋਂ ਤੀਹ ਕੁ ਕਿਲੋਮੀਟਰ ਦੀ ਦੂਰੀ ਉੱਤੇ ਮੋਰਿੰਡੇ ਦੇ ਕੋਲ ਸੀ। ਗੰਗਾ ਰਾਮ ਮਾਤਾ ਗੁਜਰੀ ਜੀ ਤੇ ਸਾਹਿਬਜ਼ਾਦਿਆਂ ਨੂੰ ਆਪਣੇ ਪਿੰਡ ਲੈ ਗਿਆ।

ਉੱਧਰ ਗੁਰੂ ਗੋਬਿੰਦ ਸਿੰਘ ਜੀ ਜਦੋਂ ਆਪਣੇ ਜਥੇ ਸਮੇਤ ਰੋਪੜ ਕੋਲ ਪੁੱਜੇ ਤਾਂ ਅੱਗੋਂ ਰੋਪੜ ਦੇ ਪਠਾਣਾਂ ਨੇ ਰਸਤਾ ਰੋਕ ਲਿਆ। ਦੁਹਾਂ ਪਾਸਿਆਂ ਤੋਂ ਤਲਵਾਰ ਚੱਲੀ ਅਤੇ ਜਾਨੀ ਨੁਕਸਾਨ ਹੋਇਆ। ਪਠਾਣਾਂ ਦੀ ਭੁਗਤ ਸੁਆਰ ਕੇ ਸਤਿਗੁਰੂ ਜੀ ਬੂਰ-ਮਾਜਰਾ ਤੇ ਬਾਮ੍ਹਣ-ਮਾਜਰਾ ਦੇ ਕੋਲੋਂ ਦੀ ਹੁੰਦੇ ਹੋਏ 7 ਪੋਹ ਦੀ ਸ਼ਾਮ ਨੂੰ ਚਮਕੌਰ ਪੁੱਜ ਗਏ। ਚਮਕੌਰ ਰੋਪੜ ਤੋਂ ਲਹਿੰਦੇ ਪਾਸੇ 24 ਕਿਲੋਮੀਟਰ ਦੀ ਵਿੱਥ 'ਤੇ ਹੈ। ਉਸ ਸਮੇਂ ਗੁਰੂ ਜੀ ਦੇ ਨਾਲ ਦੋਵੇਂ ਵੱਡੇ ਸਾਹਿਬਜ਼ਾਦੇ ਅਤੇ ਚਾਲੀ ਸਿੰਘ ਹੀ ਸਨ। ਬਾਕੀ ਸਿੰਘ ਰੋਪੜ ਦੀ ਲੜਾਈ ਵਿਚ ਸ਼ਹੀਦ ਤੇ ਫੱਟੜ ਹੋ ਗਏ ਸਨ।

ਚਮਕੌਰ ਪੁੱਜਣ ਤੇ ਇਹ ਪਤਾ ਲੱਗਾ ਕਿ ਦਿਲੀ ਤੋਂ ਹੋਰ ਮੁਗ਼ਲ ਫ਼ੌਜ ਆ ਰਹੀ ਹੈ ਤੇ ਚਮਕੌਰ ਦੇ ਨੇੜੇ ਹੀ ਪੁੱਜ ਗਈ ਹੈ। ਦਿੱਲੀ ਤੋਂ ਇਹ ਫ਼ੌਜ ਅਨੰਦਪੁਰ ਦੀ 6-7 ਮਹੀਨਿਆਂ ਦੀ ਲੰਮੀ ਲੜਾਈ ਨੂੰ ਕਾਮਯਾਬੀ ਨਾਲ ਮੁਕਾਉਣ ਲਈ ਭੇਜੀ ਗਈ ਸੀ।

### *ਚਮਕੌਰ ਦੀ ਜੰਗ*

ਚਮਕੌਰ ਪੁੱਜਣ ਉਤੇ ਉਥੇ ਦੇ ਲੋਕਾਂ ਨੇ ਗੁਰੂ ਜੀ ਦਾ ਨਿੱਘਾ ਸੁਆਗਤ ਕੀਤਾ। ਉੱਥੇ ਇਕ ਹਵੇਲੀ ਸੀ। ਹਵੇਲੀ ਦੇ ਮਾਲਕ ਨੇ ਗੁਰੂ ਜੀ ਨੂੰ ਬੇਨਤੀ ਕੀਤੀ ਕਿ ਉਹ ਸਿੰਘਾਂ ਸਮੇਤ ਹਵੇਲੀ ਵਿਚ ਡੇਰਾ ਲਾਉਣ। ਪ੍ਰਿੰਸੀਪਲ ਸਤਿਬੀਰ ਸਿੰਘ ਨੇ ਹਵੇਲੀ ਦੇ ਮਾਲਕ ਦਾ ਨਾਮ ਚੌਧਰੀ ਬੁਧੀ ਚੰਦ ਲਿਖਿਆ ਹੈ। ਨਗਰ ਵਾਸੀਆਂ ਨੇ ਲੰਗਰ ਅਤੇ ਕੱਪੜਿਆਂ ਆਦਿਕ ਨਾਲ ਸਿੰਘਾਂ ਦੀ ਸੇਵਾ ਕੀਤੀ। ਇਹ ਸੋਚ ਕੇ ਕਿ ਦਿੱਲੀ ਵਲੋਂ ਆ ਰਹੀ ਫ਼ੌਜ ਦੇ ਕਾਰਨ ਚਮਕੌਰ ਤੋਂ ਅੱਗੇ ਜਾਣਾ ਠੀਕ ਨਹੀਂ, ਗੁਰੂ ਜੀ ਨੇ ਇਸ ਹਵੇਲੀ ਵਿਚ, ਜਿਸਨੂੰ ਸਿੱਖ-ਇਤਿਹਾਸ ਨੇ 'ਕੱਚੀ-ਗੜ੍ਹੀ' ਕਰਕੇ ਲਿਖਿਆ ਹੈ, ਟਿਕ ਕੇ ਵੈਰੀ ਦਲਾਂ ਦਾ ਮੁਕਾਬਲਾ ਕਰਨ ਦਾ ਮਨ ਬਣਾ ਲਿਆ।

ਅਗਲੇ ਦਿਨ 8 ਪੋਹ (22 ਦਸੰਬਰ, 1704) ਨੂੰ ਸੰਸਾਰ ਦਾ ਅਨੋਖਾ ਯੁੱਧ ਸ਼ੁਰੂ ਹੋ ਗਿਆ। ਇਕ ਪਾਸੇ ਕੱਚੀ ਗੜ੍ਹੀ ਵਿਚ ਕੇਵਲ ਚਾਲ੍ਹੀ ਸਿੰਘ ਸਨ, ਉਹ ਵੀ ਭੁੱਖੇ-ਤਿਹਾਏ ਅਤੇ ਥੱਕੇ ਹੋਏ, ਤੇ ਦੂਜੇ ਪਾਸੇ ਲੱਖਾਂ ਦੀ ਗਿਣਤੀ ਵਿਚ ਸ਼ਾਹੀ ਫ਼ੌਜਾਂ ਸਨ, ਜਿਨ੍ਹਾਂ ਕੋਲ ਸਮੇਂ ਦੇ ਵਧੀਆ ਤੋਂ ਵਧੀਆ ਹਥਿਆਰ ਸਨ। ਮੁਗ਼ਲ-ਫ਼ੌਜਾਂ ਦੇ ਟਿੱਡੀ ਦਲ ਨੇ ਗੜ੍ਹੀ ਨੂੰ ਚੌਹਾਂ ਪਾਸਿਆਂ ਤੋਂ ਘੇਰ ਲਿਆ। ਸਰਹੰਦ ਦੇ ਨਵਾਬ ਵਜ਼ੀਰ ਖ਼ਾਨ ਨੇ ਸਵੇਰੇ ਹੀ ਢੰਡੋਰਾ ਪਿਟਵਾਇਆ ਕਿ ਜੇ ਗੁਰੂ ਜੀ ਆਪਣੇ ਆਪ ਨੂੰ ਸਾਥੀਆਂ ਸਮੇਤ ਮੁਗ਼ਲਾਂ ਦੇ ਹਵਾਲੇ ਕਰ ਦੇਣ ਤਾਂ ਉਨ੍ਹਾਂ ਦੀ ਜਾਨ-ਬਖਸ਼ੀ ਕਰ ਦਿੱਤੀ ਜਾਵੇਗੀ। ਇਸ ਢੰਡੋਰੇ ਦੇ ਜੁਆਬ ਵਿਚ ਗੁਰੂ ਜੀ ਨੇ ਮੁਗ਼ਲ ਫ਼ੌਜ ਉਤੇ ਤੀਰਾਂ ਦੀ ਬਾਰਸ਼ ਕਰਨੀ ਅਰੰਭ ਕਰ ਦਿੱਤੀ। ਵੈਰੀਆਂ ਨੇ ਵੀ ਤੀਰਾਂ ਦਾ ਮੀਂਹ ਵਰ੍ਹਾਉਣਾ ਸ਼ੁਰੂ ਕਰ ਦਿੱਤਾ। ਪਰ ਗੜ੍ਹੀ ਦੇ ਨੇੜੇ ਆਉਣ ਦੀ ਕਿਸੇ ਨੂੰ ਹਿੰਮਤ ਨਾ ਪਈ। ਮੁਗ਼ਲ ਜਰਨੈਲ ਨਾਹਰ ਖ਼ਾਨ ਨੇ ਪਉੜੀ ਲਗਾ ਕੇ ਗੜ੍ਹੀ ਉੱਤੇ ਚੜ੍ਹਨਾ ਚਾਹਿਆ, ਪਰ ਗੁਰੂ ਜੀ ਨੇ ਤੀਰ ਨਾਲ ਉਸ ਨੂੰ ਉੱਥੇ ਹੀ ਚਿੱਤ ਕਰ ਦਿੱਤਾ। ਫਿਰ ਗ਼ਨੀ ਖ਼ਾਨ ਨੇ ਦੀਵਾਰ ਉਪਰ ਚੜ੍ਹਨਾ ਸ਼ੁਰੂ ਕੀਤਾ। ਉਸ ਨੇ ਥੋੜ੍ਹਾ ਜਿਹਾ ਸਿਰ ਹੀ ਚੁੱਕਿਆ ਸੀ ਕਿ ਗੁਰੂ ਜੀ ਨੇ ਗੁਰਜ ਨਾਲ ਉਸ ਦਾ ਸਿਰ ਭੰਨ ਦਿੱਤਾ। ਇਕ ਹੋਰ ਜਰਨੈਲ ਖੁਆਜ਼ਾ ਮਹਿਮੂਦ ਅਲੀ ਨੇ ਜਦ ਸਾਥੀਆਂ ਨੂੰ ਮਰਦੇ ਦੇਖਿਆ ਤਾਂ ਉਹ ਕੰਧ ਦੇ ਉਹਲੇ ਵਿਚ ਨੱਸ ਗਿਆ। ਗੁਰੂ ਜੀ ਨੇ ਉਸ ਦੀ ਇਸ ਬੁਜ਼ਦਿਲੀ ਕਾਰਨ, ਜ਼ਫ਼ਰਨਾਮੇ ਵਿਚ ਉਸ ਨੂੰ ਖੁਆਜਾ ਮਰਦੂਦ ਕਰਕੇ ਲਿਖਿਆ ਹੈ। ਲਤੀਫ਼ ਨੇ ਇਹ ਵੀ ਲਿਖਿਆ ਹੈ ਕਿ ਖੁਆਜਾ ਮਹਿਮੂਦ ਅਲੀ ਨੇ ਇਕ ਏਲਚੀ ਵੀ ਚਮਕੌਰ ਦੀ ਗੜ੍ਹੀ ਅੰਦਰ ਭੇਜਿਆ। ਜਿਸ ਨੇ ਪੈਗ਼ਾਮ ਦੇਣ ਉਪਰੰਤ ਕੁਝ ਗੈਰ-ਵਾਜਿਬ ਗੱਲਾਂ ਕਹੀਆਂ, ਤਾਂ ਬਾਬਾ ਅਜੀਤ ਸਿੰਘ ਜੀ ਨੇ ਤਲਵਾਰ ਧੂਹ ਲਈ ਤੇ ਕਿਹਾ, "ਜੇ ਤੂੰ ਹੋਰ ਕੋਈ ਸ਼ਬਦ ਬੋਲੇ ਤਾਂ ਸਿਰ ਧੜ ਤੋਂ ਉਤਾਰ ਦੇਵਾਂਗਾ ਤੇ ਸਰੀਰ ਦੇ ਟੋਟੇ-ਟੋਟੇ ਕਰ ਦਿਆਂਗਾ। ਚੁੱਪ ਕਰ ਕੇ ਚਲਾ ਜਾ। ਗੱਲਾਂ ਮੈਦਾਨੇ-ਜੰਗ ਵਿਚ ਹੋਣਗੀਆਂ।" ਬਾਬਾ ਅਜੀਤ ਸਿੰਘ ਜੀ ਦੇ ਇਹ ਸ਼ਬਦ ਉਨ੍ਹਾਂ ਦੀ ਤੇ ਹੋਰ ਸਿੰਘਾਂ ਦਾ ਚੜ੍ਹਦੀ ਕਲਾ ਦੇ ਸੂਚਕ ਹਨ ਕਿ ਕਿਵੇਂ ਲੱਖਾਂ ਦੇ ਘੇਰੇ ਵਿਚ ਹੋਣ ਦੇ ਬਾਵਜੂਦ ਵੀ ਉਹ ਵੈਰੀ ਨੂੰ ਖਰੀਆਂ-ਖਰੀਆਂ ਸੁਣਾ ਸਕਦੇ ਹਨ।

ਸਰਹੰਦ ਦੇ ਨਵਾਬ ਨੇ ਫ਼ੌਜਾਂ ਨੂੰ ਇਕੋ ਵਾਰ ਹਮਲਾ ਕਰਨ ਦਾ ਐਲਾਨ ਕੀਤਾ। ਗੁਰੂ ਜੀ ਨੇ ਵੀ ਟਾਕਰੇ ਲਈ ਪੰਜ-ਪੰਜ ਸਿੰਘਾਂ ਦੇ ਜਥੇ ਗੜ੍ਹੀ ਅੰਦਰੋਂ ਬਾਹਰ ਭੇਜਣੇ ਅਰੰਭ ਕੀਤੇ। ਗੜ੍ਹੀ ਦੀਆਂ ਚੌਹਾਂ ਬਾਰੀਆਂ ਤੇ ਵੀ ਕੁਝ ਸਿੰਘ ਖੜ੍ਹੇ ਕਰ ਦਿੱਤੇ। ਗੁਰੂ ਜੀ ਆਪ ਸਾਹਿਬਜ਼ਾਦਿਆਂ ਨੂੰ ਨਾਲ ਲੈ ਕੇ ਗੜ੍ਹੀ ਦੀ ਮਮਟੀ ਤੇ ਚੜ੍ਹ ਗਏ।

ਸਿੰਘਾਂ ਦੇ ਜਥਿਆਂ ਨੇ ਗੜ੍ਹੀ ਤੋਂ ਬਾਹਰ ਆ ਕੇ ਵਧ ਰਹੀ ਮੁਗ਼ਲ ਫ਼ੌਜ ਨੂੰ ਕਰਾਰੇ ਹੱਥ ਵਿਖਾਏ। ਗੜ੍ਹੀ ਉਪਰੋਂ ਗੁਰੂ ਜੀ ਤੇ ਸਿੰਘ ਗੋਲੀਆਂ ਤੇ ਤੀਰਾਂ ਦੀ ਚੰਗੀ ਵਰਖਾ ਕਰ ਰਹੇ ਸਨ। ਦੋ ਘੜੀਆਂ ਖ਼ੂਬ ਲੋਹੇ ਤੇ ਲੋਹਾ ਵੱਜਾ। ਸੈਂਕੜੇ ਫ਼ੌਜੀ ਮੈਦਾਨ ਵਿਚ ਡਿਗ ਪਏ। ਅੰਤ ਪੰਜ ਸਿੰਘ ਵੀ ਸ਼ਹੀਦ ਹੋ ਗਏ। ਫਿਰ ਗੁਰੂ ਜੀ ਨੇ ਪੰਜ ਸਿੰਘਾਂ ਦਾ ਦੂਜਾ ਜਥਾ ਭੇਜਿਆ। ਉਸ ਜਥੇ ਦੇ ਸਿੰਘ ਵੀ ਵੈਰੀਆਂ ਦਾ ਚੰਗਾ-ਚੋਖਾ ਨੁਕਸਾਨ ਕਰਕੇ ਸ਼ਹੀਦ ਹੋ ਗਏ।

### *ਸਾਹਿਬਜ਼ਾਦਿਆਂ ਦੀ ਸ਼ਹਾਦਤ*

ਸਰਹੰਦ ਦੇ ਨਵਾਬ ਵਜ਼ੀਰ ਖ਼ਾਨ ਦੀਆਂ ਹਦਾਇਤਾਂ ਦਾ ਪਾਲਣ ਕਰਦੇ ਹੋਏ ਜਰਨੈਲ ਹਦਾਇਤ ਖ਼ਾਨ, ਇਸਮਾਈਲ ਖ਼ਾਨ, ਫੁਲਾਦ ਖ਼ਾਨ, ਸੁਲਤਾਨ ਖ਼ਾਨ, ਅਸਮਾਨ ਖ਼ਾਨ, ਜਹਾਨ ਖ਼ਾਨ, ਖਲੀਲ ਖ਼ਾਨ ਤੇ ਭੂਰੇ ਖ਼ਾਨ ਇਕੋ ਵਾਰ ਫ਼ੌਜਾਂ ਲੈ ਕੇ ਗੜ੍ਹੀ ਵੱਲ ਵਧੇ। ਸਭ ਨੂੰ ਪਤਾ ਸੀ ਕਿ ਏਡਾ ਵੱਡਾ ਹਮਲਾ ਰੋਕਣਾ ਬਹੁਤ ਮੁਸ਼ਕਿਲ ਹੈ। ਇਸ ਲਈ ਸਿੰਘਾਂ ਨੇ ਗੁਰੂ ਜੀ ਅੱਗੇ ਬੇਨਤੀ ਕੀਤੀ ਕਿ ਉਹ ਸਾਹਿਬਜ਼ਾਦਿਆਂ ਸਮੇਤ ਜੰਗ ਵਿਚੋਂ ਨਿਕਲ ਜਾਣ। ਇਹ ਸੁਣ ਕੇ ਗੁਰੂ ਜੀ ਨੇ ਸਿੰਘਾਂ ਨੂੰ ਕਿਹਾ, "ਤੁਸੀ ਕਿਹੜੇ ਸਾਹਿਬਜ਼ਾਦਿਆਂ ਦੀ ਗੱਲ ਕਰਦੇ ਹੋ, ਤੁਸੀ ਸਾਰੇ ਹੀ ਮੇਰੇ ਸਾਹਿਬਜ਼ਾਦੇ ਹੋ।" ਗੁਰੂ ਜੀ ਦਾ ਉੱਤਰ ਸੁਣ ਕੇ ਸਿੰਘ ਹੈਰਾਨ ਰਹਿ ਗਏ। ਸਤਿਗੁਰਾਂ ਨੇ ਸਾਹਿਬਜ਼ਾਦਾ ਅਜੀਤ ਸਿੰਘ ਜੀ ਨੂੰ ਜੰਗ ਵਿਚ ਜੂਝਣ ਦੀ ਆਗਿਆ ਦਿੱਤੀ। ਆਪ ਨੇ ਸਾਹਿਬਜ਼ਾਦੇ ਨੂੰ ਥਾਪੜਾ ਦਿੱਤਾ ਤੇ ਕਿਹਾ ਕਿ ਉਹ ਸਾਹਿਬਜ਼ਾਦੇ ਨੂੰ ਜੂਝਦਿਆਂ ਵੇਖ ਕੇ ਪ੍ਰਸੰਨ ਹੋਣਗੇ।

ਬਾਬਾ ਅਜੀਤ ਸਿੰਘ ਜੀ ਦੇ ਨਾਲ ਹੋਰ ਅੱਠ ਸਿੰਘਾਂ ਦਾ ਜਥਾ ਤੋਰਿਆ ਗਿਆ। ਬਾਬਾ ਜੀ ਦੀ ਉਮਰ ਉਸ ਵੇਲੇ 18 ਕੁ ਵਰ੍ਹਿਆਂ ਦੀ ਸੀ। ਗੜ੍ਹੀ ਵਿਚੋਂ ਬਾਹਰ ਨਿਕਲਦਿਆਂ ਹੀ ਸਿੰਘਾਂ ਨੇ ਜੈਕਾਰਾ ਛੱਡਿਆ। ਮੁਗ਼ਲ ਫ਼ੌਜਾਂ ਵੀ ਅੱਗੇ ਵਧੀਆਂ ਅਤੇ ਸਾਹਿਬਜ਼ਾਦੇ ਨੂੰ ਘੇਰ ਲਿਆ। ਬਾਬਾ ਅਜੀਤ ਸਿੰਘ ਨੇ ਤੀਰਾਂ ਨਾਲ ਕਈਆਂ ਦੀਆਂ ਛਾਤੀਆਂ ਵਿੰਨ੍ਹ ਸੁਟੀਆਂ। ਆਪ ਨੇ ਗੱਜ ਕੇ ਕਿਹਾ ਕਿ ਉਹੀ ਮਾਂ ਦਾ ਲਾਲ ਸਾਹਮਣੇ ਆਵੇ, ਜਿਸ ਨੂੰ ਮੌਤ ਪਿਆਰੀ ਹੋਵੇ। ਕਈ ਭੱਜ ਕੇ ਸਾਹਮਣੇ ਆਏ, ਪਰ ਬਾਬਾ ਜੀ ਨੇ ਐਸੀ ਮਾਰ ਮਾਰੀ ਕਿ ਉਹ ਅੱਲਾਹ-ਅੱਲਾਹ ਪੁਕਾਰ ਉਠੇ। ਬਾਬਾ ਜੀ ਤੇ ਹੋਰ ਸਿੰਘਾਂ ਕੋਲ ਤੀਰ ਮੁੱਕ ਗਏ। ਸਿੰਘਾਂ ਨੇ ਭਗੌਤੀਆਂ ਸੂਤ ਲਈਆਂ। ਬਾਬਾ ਜੀ ਨੇਜ਼ੇ ਨਾਲ ਵਾਰ ਕਰਨ ਲੱਗੇ। ਉਨ੍ਹਾਂ ਸੰਜੋਅ ਨਾਲ ਢਕੇ ਇਕ ਮੁਗ਼ਲ ਸਰਦਾਰ ਦੇ ਸੀਨੇ ਵਿਚ ਨੇਜ਼ਾ ਮਾਰਿਆ। ਅਣੀ ਮੁੜਨ ਕਰਕੇ ਨੇਜ਼ਾ ਖੁੱਭਿਆ ਹੀ ਰਿਹਾ। ਬਾਬਾ ਜੀ ਨੇ ਤਲਵਾਰ ਸੰਭਾਲ ਲਈ ਤੇ ਫ਼ੌਜਾਂ ਦੇ ਵਿਚਕਾਰ ਬੀਰਤਾ ਦੇ ਜੌਹਰ ਵਿਖਾਉਣ ਲੱਗੇ। ਲੜਦੇ-ਲੜਦੇ ਅੱਠੇ ਸਿੰਘ ਸ਼ਹੀਦ ਹੋ ਗਏ। ਇਕ ਮੁਗ਼ਲ ਸਰਦਾਰ ਦੇ ਨੇਜ਼ੇ ਨਾਲ ਬਾਬਾ ਜੀ ਦਾ ਘੋੜਾ ਜ਼ਖ਼ਮੀ

ਹੋ ਗਿਆ। ਆਪ ਪੈਦਲ ਹੀ ਤਲਵਾਰ ਵਾਹੁਣ ਲੱਗੇ। ਆਪ ਦੀ ਚਲਾਈ ਤਲਵਾਰ ਬਾਰੇ ਕਵੀ ਸੈਨਾਪਤੀ ਲਿਖਦਾ ਹੈ :

**ਟੂਟ ਕੈ ਸਾਂਗ, ਦੁਇ ਟੂਕ ਹੁਇ ਭੁਇ ਪਰੀ,**
**ਗਹੀ ਤਰਵਾਰ ਦਲ ਦਲ ਬਹੁਤ ਮਾਰੇ॥**
**ਏਕ ਕੇ ਸੀਸ ਧਰਿ, ਦੁਇ ਟੁਕਰੇ ਕਰੇ,**
**ਦੁਇ ਕੇ ਸੀਸ ਧਰਿ ਕਰਤ ਚਾਰੇ॥**
**ਭਾਂਤਿ ਇਹ ਪੂਰ ਪਰਵਾਹ ਦੀਨੇ ਕਈ,**
**ਰਕਤ ਦਰੀਆਉ ਮੈ ਪਰੇ ਸਾਰੇ॥**

ਬਾਬਾ ਅਜੀਤ ਸਿੰਘ ਜੀ ਨੂੰ ਇਕੱਲਿਆਂ ਲੜਦਿਆਂ ਵੇਖ ਕੇ ਵੈਰੀ ਇਕੋ ਵਾਰ ਉਨ੍ਹਾਂ ਉਤੇ ਆ ਪਏ। ਬਾਬਾ ਜੀ ਲੜਦਿਆਂ ਲੜਦਿਆਂ ਸ਼ਹੀਦ ਹੋ ਗਏ। ਗੁਰੂ ਜੀ ਯੁੱਧ ਨੂੰ ਬੜੇ ਗਹੁ ਨਾਲ ਵੇਖ ਰਹੇ ਸਨ। ਜਦੋਂ ਬਾਬਾ ਅਜੀਤ ਸਿੰਘ ਜੀ ਸ਼ਹੀਦ ਹੋ ਗਏ ਤਾਂ ਸਤਿਗੁਰਾਂ ਆਪੂੰ ਬੜੇ ਜ਼ੋਰ ਨਾਲ ਜੈਕਾਰਾ ਛੱਡਿਆ।

ਵੱਡੇ ਭਰਾ ਨੂੰ ਸ਼ਹੀਦ ਹੁੰਦਿਆਂ ਵੇਖ ਕੇ ਸਾਹਿਬਜ਼ਾਦਾ ਜੁਝਾਰ ਸਿੰਘ ਜੀ ਨੇ ਗੁਰੂ ਪਿਤਾ ਤੋਂ ਜੰਗ ਵਿਚ ਜਾਣ ਦੀ ਆਗਿਆ ਮੰਗੀ। ਗੁਰੂ ਜੀ ਨੇ ਬੜੀ ਖੁਸ਼ੀ ਨਾਲ ਬਾਬਾ ਜੀ ਨੂੰ ਜੰਗ ਕਰਨ ਲਈ ਤੋਰਿਆ। ਨਾਲ ਪੰਜ ਸਿੰਘ ਹੋਰ ਭੇਜੇ। ਬਾਬਾ ਜੀ ਦੀ ਉਮਰ ਚੌਦਾਂ ਸਾਲਾਂ ਦੀ ਸੀ। ਉਨ੍ਹਾਂ ਦੇ ਮੈਦਾਨ ਵਿਚ ਆਉਣ ਤੇ ਜੰਗ ਫਿਰ ਭਖ ਪਿਆ। ਮੁਗ਼ਲਾਂ ਨੇ ਬਾਬਾ ਜੀ ਦੇ ਜਥੇ ਨੂੰ ਘੇਰ ਲਿਆ। ਬਾਬਾ ਜੀ ਨੇ ਹੱਥ ਵਿਚ ਨੇਜ਼ਾ ਲੈ ਕੇ, ਵੈਰੀਆਂ ਦੀਆਂ ਛਾਤੀਆਂ ਫੁੰਡਣੀਆਂ ਅਰੰਭ ਕਰ ਦਿੱਤੀਆਂ। ਬੀਰ-ਬਾਲਕ ਨੇ ਚੰਗਾ ਯੁੱਧ ਮਚਾਇਆ। ਗੜ੍ਹੀ ਤੋਂ ਗੁਰੂ ਜੀ ਨੇ ਮੁਗ਼ਲ-ਫ਼ੌਜਾਂ 'ਤੇ ਤੀਰਾਂ ਦੀ ਝੜੀ ਲਾ ਦਿੱਤੀ। ਘੇਰਾ ਟੁੱਟ ਗਿਆ। ਬਾਬਾ ਜੀ ਤੀਰਾਂ ਦੀ ਛਾਂ ਹੇਠਾਂ ਅੱਗੇ ਵਧੀ ਗਏ। ਫਿਰ ਆਪ ਨੇ ਤਲਵਾਰ ਹੱਥ ਵਿਚ ਲੈ ਲਈ, ਤੇ ਵੈਰੀਆਂ ਦੇ ਚੰਗੇ ਆਹੂ ਲਾਹੇ। ਪਰ ਮੁਗ਼ਲ ਫ਼ੌਜਾਂ ਦੇ ਹੜ੍ਹ ਅੱਗੇ, 6 ਸਿੰਘ ਕਿੰਨੀ ਕੁ ਦੇਰ ਟਿਕ ਸਕਦੇ ਸਨ। ਇਕ-ਇਕ ਕਰਕੇ ਸ਼ਹੀਦ ਹੋ ਗਏ। ਪਰ ਉਨ੍ਹਾਂ ਨੇ ਇਹ ਸਿੱਧ ਕਰ ਦਿੱਤਾ ਕਿ ਇਕੱਲਾ ਖ਼ਾਲਸਾ ਲੱਖਾਂ ਵੈਰੀਆਂ ਵਿਚ ਵੀ ਯੁੱਧ ਮਚਾ ਸਕਦਾ ਹੈ। ਉੱਧਰ ਸੂਰਜ ਛਿਪ ਰਿਹਾ ਸੀ, ਤੇ ਇੱਧਰ ਚਮਕੌਰ ਦੇ ਮੈਦਾਨ ਵਿਚ ਸਾਹਿਬਜ਼ਾਦਾ ਜੁਝਾਰ ਸਿੰਘ ਜੀ ਵੀ ਸ਼ਹੀਦੀ ਪਾ ਗਏ। ਗੁਰੂ ਜੀ ਨੇ ਫਿਰ ਜੈਕਾਰਾ ਛੱਡਿਆ।

ਰਾਤ ਪੈ ਗਈ। ਜੰਗ ਬੰਦ ਹੋ ਗਈ। ਰਹਿਰਾਸ ਸਾਹਿਬ ਦੇ ਪਾਠ ਮਗਰੋਂ ਸਤਿਗੁਰਾਂ ਨੇ ਸਿੰਘਾਂ ਨੂੰ ਚੜ੍ਹਦੀ ਕਲਾ ਵਿਚ ਰਹਿ ਕੇ, ਜੂਝਦਿਆਂ ਹੋਇਆਂ ਸ਼ਹਾਦਤਾਂ ਪਾਉਣ ਦਾ ਉਪਦੇਸ਼ ਦਿੱਤਾ। ਅਹਿਮਦਸ਼ਾਹ ਬਟਾਲਵੀ ਅਨੁਸਾਰ ਆਪ ਨੇ ਕਿਹਾ, "ਸਾਡੇ ਸਾਹਮਣੇ ਹੁਣ ਸੂਰਮਿਆਂ ਵਾਂਗ ਜਾਨਾਂ ਵਾਰਨ ਤੋਂ ਬਿਨਾਂ ਹੋਰ ਕੋਈ ਰਾਹ ਨਹੀਂ। ਸਾਡੇ ਲਹੂ ਦੀ ਇਕ ਬੂੰਦ ਵੀ ਵਿਅਰਥ ਨਹੀਂ ਜਾਵੇਗੀ। ਜਦੋਂ ਤੱਕ ਸਾਡਾ ਨਾਂ-ਨਿਸ਼ਾਨ ਰਹੇਗਾ, ਵੈਰੀਆਂ ਤੋਂ ਇਸ ਖ਼ੂਨ ਦਾ ਬਦਲਾ ਖ਼ੂਨ ਲੈਂਦਾ ਰਹੇਗਾ।" ਸਤਿਗੁਰਾਂ ਇਹ ਵੀ ਕਿਹਾ ਕਿ ਉਹ

ਦਿਨ ਚੜ੍ਹਦੇ ਸਾਰ ਸਭ ਤੋਂ ਪਹਿਲਾਂ ਆਪਣਾ ਜਥਾ ਲੈ ਕੇ ਮੈਦਾਨ ਵਿਚ ਜਾਣਗੇ। ਸਤਿਗੁਰਾਂ ਦੇ ਇਸ ਫ਼ੈਸਲੇ ਤੋਂ ਸਿੰਘ ਬਹੁਤ ਘਬਰਾ ਗਏ। ਉਹ ਚਾਹੁੰਦੇ ਸਨ ਕਿ ਗੁਰੂ ਜੀ ਬਚ ਕੇ ਨਿਕਲ ਜਾਣ ਅਤੇ ਲੋਕਾਂ ਨੂੰ ਭਾਰੀ ਗਿਣਤੀ ਵਿਚ ਸਿੰਘ ਸਜਾ ਕੇ ਮੁਗ਼ਲਾਂ ਨਾਲ ਦੋ ਹੱਥ ਕਰਨ। ਸਿੰਘਾਂ ਨੇ ਇਸ ਭਾਂਤ ਦੀਆਂ ਬੇਨਤੀਆਂ ਸਤਿਗੁਰਾਂ ਅੱਗੇ ਕੀਤੀਆਂ, ਪਰ ਸਤਿਗੁਰੂ ਜੀ ਆਪਣਾ ਫ਼ੈਸਲਾ ਬਦਲਣ ਨੂੰ ਤਿਆਰ ਨਾ ਹੋਏ।

ਉਧਰ ਸਿੱਖ ਵੀ ਇਹ ਮਨ ਬਣਾਈ ਬੈਠੇ ਸਨ ਕਿ ਸਤਿਗੁਰੂ ਜੀ ਨੂੰ ਕਿਸੇ ਹਾਲਤ ਵਿਚ ਵੀ ਸ਼ਹੀਦ ਨਹੀਂ ਹੋਣ ਦੇਣਾ। ਉਹ ਸਮਝਦੇ ਸਨ ਕਿ ਸਤਿਗੁਰਾਂ ਦੀ ਇਸ ਸਮੇਂ ਦਿੱਤੀ ਸ਼ਹਾਦਤ ਪੰਥ ਲਈ ਕਰਾਰੀ ਸੱਟ ਸਾਬਤ ਹੋਵੇਗੀ। ਸੋ, ਭਾਈ ਦਇਆ ਸਿੰਘ ਜੀ ਦੀ ਪ੍ਰੇਰਨਾ ਨਾਲ ਸਿੰਘਾਂ ਨੇ ਆਪਣੇ ਵਿਚੋਂ ਪੰਜ ਪਿਆਰੇ ਚੁਣੇ। ਭਾਈ ਦਇਆ ਸਿੰਘ ਜੀ ਨੇ ਪੰਜ-ਪਿਆਰਿਆਂ ਵਲੋਂ ਗੁਰੂ ਜੀ ਨੂੰ ਪੰਥ ਦਾ ਹੁਕਮ ਸੁਣਾਇਆ ਕਿ ਉਹ ਜਿਵੇ ਕਿਵੇਂ ਵੀ ਹੋਵੇ ਰਾਤ ਨੂੰ ਗੜ੍ਹੀ ਵਿਚੋਂ ਨਿਕਲ ਕੇ ਸੁਰੱਖਿਅਤ ਥਾਂ ਤੇ ਚਲੇ ਜਾਣ। ਪੰਥ ਦੇ 'ਗੁਰੂ' ਹੋਣ ਦਾ ਸਿਧਾਂਤ ਗੁਰੂ ਜੀ ਨੇ ਖ਼ੁਦ ਉਸੇ ਦਿਨ ਤੋਂ ਚਾਲੂ ਕੀਤਾ ਸੀ, ਜਦੋਂ ਉਨ੍ਹਾਂ ਆਪ ਸੰਨ 1699 ਦੀ ਵੈਸਾਖੀ ਨੂੰ ਪੰਜ-ਪਿਆਰਿਆਂ ਤੋਂ ਅੰਮ੍ਰਿਤ ਛਕਿਆ ਸੀ। ਸੋ, ਆਪ ਨੇ ਪੰਥ ਦੇ ਹੁਕਮ ਅੱਗੇ ਸਿਰ ਝੁਕਾਇਆ ਤੇ ਗੜ੍ਹੀ ਛੱਡ ਜਾਣਾ ਪ੍ਰਵਾਨ ਕਰ ਲਿਆ। ਦਸਮ ਪਾਤਸ਼ਾਹ ਨੇ ਬਾਕੀ ਬਚੇ 11 ਸਿੰਘਾਂ ਨੂੰ ਗੜ੍ਹੀ ਵਿਚੋਂ ਬਾਹਰ ਜਾਣ ਦੀ ਵਿਉਂਤ ਸਮਝਾਈ ਤੇ ਦੱਸਿਆ ਕਿ ਉਹ ਆਪਣੇ ਨਾਲ ਭਾਈ ਦਇਆ ਸਿੰਘ, ਭਾਈ ਧਰਮ ਸਿੰਘ ਤੇ ਭਾਈ ਮਾਨ ਸਿੰਘ ਨੂੰ ਨਾਲ ਲੈ ਕੇ ਜਾਣਗੇ। ਬਾਕੀ ਅੱਠਾਂ ਵਿਚੋਂ ਆਪਣੀ ਸ਼ਕਲ ਨਾਲ ਮਿਲਦੀ-ਜੁਲਦੀ ਸ਼ਕਲ ਵਾਲੇ ਭਾਈ ਸੰਗਤ ਸਿੰਘ ਜੀ ਨੂੰ ਕਲਗੀ ਦੇ ਕੇ, ਆਪਣੀ ਪੌਸ਼ਾਕ ਪਹਿਨਾ ਕੇ, ਗੜ੍ਹੀ ਦੀ ਮਮਟੀ ਵਿਚ ਬੈਠਣ ਦੀ ਤਜਵੀਜ਼ ਸਮਝਾਈ, ਤਾਂ ਜੋ ਮੁਗ਼ਲਾਂ ਨੂੰ ਉਨ੍ਹਾਂ ਦੇ ਗੜ੍ਹੀ ਵਿਚ ਹੋਣ ਦਾ ਭੁਲੇਖਾ ਬਣਿਆ ਰਹੇ।

ਸਤਿਗੁਰਾਂ ਨੇ ਸਾਥੀ ਤਿੰਨ ਸਿੰਘਾਂ ਨੂੰ ਸਮਝਾ ਦਿੱਤਾ ਕਿ ਮਾਲਵੇ ਵੱਲ ਜਾਣਾ ਹੈ, ਇਹ ਵੀ ਸਮਝਾ ਦਿੱਤਾ ਕਿ ਕੁਝ ਵਿਸ਼ੇਸ਼ ਤਾਰਿਆਂ ਦੀ ਸੇਧੇ ਤੁਰਦੇ ਆਉਣਾ ਹੈ, ਤਾਂ ਜੋ ਮੁੜ ਕੇ ਇਕੱਠੇ ਹੋਇਆ ਜਾ ਸਕੇ।

ਅੱਧੀ ਰਾਤ ਤੋਂ ਕੁਝ ਸਮਾਂ ਮਗਰੋਂ ਗੁਰੂ ਜੀ ਤੇ ਤਿੰਨੋਂ ਸਿੰਘ ਗੜ੍ਹੀ ਤੋਂ ਬਾਹਰ ਆਏ। ਗੁਰੂ ਜੀ ਹਨੇਰੇ ਵਿਚ ਟੁਰਦਿਆਂ ਹੋਇਆਂ ਇਕ ਉੱਚੀ ਟਿੱਬੀ ਤੇ ਜਾ ਚੜ੍ਹੇ। ਇਕ ਸਿੰਘ ਜੋ ਗੁਰੂ ਜੀ ਤੋਂ ਕਾਫ਼ੀ ਦੂਰੀ ਤੇ ਸੀ, ਨੇ ਉੱਚੀ ਉੱਚੀ ਕਿਹਾ 'ਹਿੰਦ ਦਾ ਪੀਰ ਜਾ ਰਿਹਾ ਹੈ (ਪੀਰ ਹਿੰਦ ਮੇ ਰਵਦ), ਜਿਸਦੀ ਹਿੰਮਤ ਹੈ ਫੜ ਲਵੇ।' ਫਿਰ ਦੂਜੇ ਤੇ ਤੀਜੇ ਸਿੰਘ ਨੇ ਵੀ ਵੱਖ-ਵੱਖ ਥਾਵਾਂ ਤੋਂ ਇੰਝ ਹੀ ਕਿਹਾ। ਵੈਰੀ-ਦਲ ਅੱਭੜ-ਵਾਹੇ ਜਾਗਿਆ। ਕਿਰਪਾਨਾਂ-ਸੂਤੀਆਂ ਤੇ ਜਿਧਰੋਂ ਆਵਾਜ਼ਾਂ ਆਈਆਂ ਸਨ, ਉਧਰ ਕਟਾ-ਵੱਢ ਸ਼ੁਰੂ ਹੋ ਗਈ। ਵੈਰੀ ਸਮਝਦੇ ਸਨ ਕਿ ਸਿੰਘਾਂ ਦਾ ਜਥਾ ਆ ਪਿਆ ਹੈ। ਰਾਤ ਦੇ ਹਨੇਰੇ ਵਿਚ ਮੁਗ਼ਲ-ਫ਼ੌਜਾਂ ਦੇ ਸਿਪਾਹੀ ਆਪਸ ਵਿਚ ਹੀ ਭਿੜ ਪਏ। ਇਕ ਮਿਸ਼ਾਲਚੀ ਨੇ ਮਿਸ਼ਾਲ ਜਲਾ ਕੇ ਰੋਸ਼ਨੀ ਕੀਤੀ, ਪਰ ਸਤਿਗੁਰਾਂ ਨੇ ਮਿਸ਼ਾਲਚੀ ਦਾ ਐਸਾ ਨਿਸ਼ਾਨਾ ਬੰਨ੍ਹਿਆ ਕਿ ਉਸ ਦੇ ਹੱਥੋਂ ਮਿਸ਼ਾਲ ਡਿੱਗ ਪਈ ਤੇ ਬੁੱਝ ਗਈ। ਇਸ ਹਫ਼ੜਾ-ਦਫ਼ੜੀ ਵਿਚ ਗੁਰੂ

ਜੀ ਤੇ ਤਿੰਨੋਂ ਸਿੰਘ ਮੁਗ਼ਲ ਫ਼ੌਜਾਂ ਵਿਚੋਂ ਨਿਕਲ ਗਏ, ਭਾਵੇਂ ਕਿ ਉਹ ਸਭ ਖਿੰਡ ਗਏ ਸਨ। ਖ਼ਤਰੇ ਤੋਂ ਦੂਰ ਜਾ ਕੇ ਸਭ ਮਿੱਥੇ ਹੋਏ ਤਾਰਿਆਂ ਦੀ ਸੇਧ ਵਿਚ ਤੁਰ ਪਏ।

ਚਾਨਣਾ ਹੋਣ ਤੇ ਵੈਰੀ-ਦਲ ਨੂੰ ਭਾਰੀ ਨਿਰਾਸ਼ਾ ਹੋਈ, ਕਿਉਂਕਿ ਸਿੰਘਾਂ ਦੀ ਤਾਂ ਕੋਈ ਲਾਸ਼ ਨਾ ਲੱਭੀ, ਸਗੋਂ ਮੁਸਲਮਾਨਾਂ ਦੀਆਂ ਲਾਸ਼ਾਂ ਹੀ ਵਿਖਾਈ ਦਿੱਤੀਆਂ। ਗੁੱਸੇ ਵਿਚ ਭੜਕੇ ਹੋਏ ਵੈਰੀ-ਦਲ ਨੇ ਗੜ੍ਹੀ ਉਤੇ ਹੱਲਾ ਬੋਲ ਦਿੱਤਾ। ਗੜ੍ਹੀ ਅੰਦਰੋਂ ਸੱਤੇ ਸਿੰਘ ਲੜਦੇ ਹੋਏ ਬਾਹਰ ਆ ਗਏ ਤੇ ਸ਼ਹੀਦ ਹੋ ਗਏ। ਅਹਿਮਦ ਸ਼ਾਹ ਬਟਾਲਵੀ ਦੇ ਲਿਖਣ ਅਨੁਸਾਰ ਸਿੰਘਾਂ ਨੇ ਗੜ੍ਹੀ ਦੇ ਦਰਵਾਜ਼ੇ ਖੋਲ੍ਹ ਦਿੱਤੇ ਅਤੇ ਤਲਵਾਰਾਂ ਸੂਤ ਕੇ ਵੈਰੀਆਂ ਉੱਤੇ ਟੁੱਟ ਪਏ। ਉਨ੍ਹਾਂ ਬਹਾਦਰੀ ਦੇ ਅਜਿਹੇ ਕਾਰਨਾਮੇ ਵਿਖਾਏ ਕਿ ਰੁਸਤਮ ਦੀ ਯਾਦ ਦਿਲਾਂ ਵਿਚ ਤਾਜ਼ਾ ਹੋ ਗਈ।

ਭਾਈ ਸੰਗਤ ਸਿੰਘ ਜੀ ਗੁਰੂ ਜੀ ਦੀ ਪੁਸ਼ਾਕ ਪਾਈ ਗੜ੍ਹੀ ਦੇ ਸਿਖ਼ਰ ਉਤੇ ਸਨ। ਉਨ੍ਹਾਂ ਨੂੰ ਗੁਰੂ ਗੋਬਿੰਦ ਸਿੰਘ ਜੀ ਸਮਝ ਕੇ ਵੈਰੀ ਭਾਰੀ ਗਿਣਤੀ ਵਿਚ ਟੁੱਟ ਕੇ ਪੈ ਗਏ। ਭਾਈ ਸਾਹਿਬ ਨੇ ਲੜਦਿਆਂ ਹੋਇਆਂ ਸ਼ਹੀਦੀ ਪਾਈ। ਵੈਰੀ ਦਲ ਬੜਾ ਖ਼ੁਸ਼ ਸੀ ਕਿ ਉਸ ਨੇ ਗੁਰੂ ਜੀ ਨੂੰ ਸ਼ਹੀਦ ਕਰ ਦਿੱਤਾ ਹੈ। ਪਰ ਜਦੋਂ ਸਰਹੰਦ ਦੇ ਸੂਬੇ ਵਜ਼ੀਰ ਖ਼ਾਨ ਨੇ ਪੜਤਾਲ ਕਰਾਈ, ਤਾਂ ਅਸਲੀਅਤ ਸਾਹਮਣੇ ਆਈ ਕਿ ਗੁਰੂ ਜੀ ਤਾਂ ਮੁਗ਼ਲਾਂ ਨੂੰ ਭੁਲੇਖੇ ਵਿਚ ਪਾਉਣ ਲਈ ਆਪਣੇ ਸਿੰਘ ਨੂੰ ਆਪਣੀ ਪੁਸ਼ਾਕ ਤੇ ਕਲਗੀ ਪੁਆ ਕੇ ਆਪ ਫ਼ੌਜਾਂ ਵਿਚੋਂ ਸੁਰੱਖਿਅਤ ਚਲੇ ਗਏ ਹਨ।

ਇਹ ਮੁਗ਼ਲ ਹਕੂਮਤ ਨੂੰ ਇਕ ਕਰਾਰੀ ਚੋਟ ਸੀ ਕਿ ਕਸ਼ਮੀਰ, ਲਾਹੌਰ, ਦਿੱਲੀ ਅਤੇ ਸਰਹੰਦ ਦੀ ਸਾਰੀ ਮੁਗ਼ਲ ਤਾਕਤ ਸੱਤ ਮਹੀਨੇ ਅਨੰਦਪੁਰ ਨੂੰ ਘੇਰਾ ਪਾਉਣ ਦੇ ਬਾਵਜੂਦ ਵੀ ਨਾ ਤਾਂ ਗੁਰੂ ਗੋਬਿੰਦ ਸਿੰਘ ਜੀ ਨੂੰ ਫੜ ਸਕੀ ਤੇ ਨਾ ਹੀ ਸਿੰਘਾਂ ਨੂੰ ਈਨ ਮੰਨਣ ਲਈ ਮਜਬੂਰ ਹੀ ਕਰ ਸਕੀ। ਸਰਕਾਰੀ ਖ਼ਜ਼ਾਨੇ ਦੇ ਲੱਖਾਂ ਰੁਪਏ ਖ਼ਰਚ ਹੋ ਗਏ, ਹਜ਼ਾਰਾਂ ਦੀ ਗਿਣਤੀ ਵਿਚ ਫ਼ੌਜੀ ਮਾਰੇ ਗਏ, ਪਰ ਮੁਗ਼ਲ ਆਪਣੇ ਨਿਸ਼ਾਨੇ ਵਿਚ ਸਫ਼ਲਤਾ ਪ੍ਰਾਪਤ ਨਾ ਕਰ ਸਕੇ।

### *ਸਰਹੰਦ ਦਾ ਸਾਕਾ*

ਜਿਵੇਂ ਕਿ ਪਹਿਲਾਂ ਜ਼ਿਕਰ ਕੀਤਾ ਜਾ ਚੁੱਕਾ ਹੈ, ਗੁਰੂ-ਘਰ ਦਾ ਰਸੋਈਆ ਗੰਗਾ ਰਾਮ ਮਾਤਾ ਗੁਜਰੀ ਜੀ ਤੇ ਛੋਟੇ ਸਾਹਿਬਜ਼ਾਦਿਆਂ ਨੂੰ ਆਪਣੇ ਪਿੰਡ ਸਹੇੜੀ ਲੈ ਗਿਆ। ਹੁਣ ਜਿਸ ਦਾ ਨਾਮ 'ਖੇੜੀ' ਹੈ।

ਇਨ੍ਹਾਂ ਦਿਨਾਂ ਵਿਚ ਹੀ ਸਰਹੰਦ ਦੇ ਹਾਕਮ ਵਜ਼ੀਰ ਖ਼ਾਨ ਨੇ ਪਿੰਡ-ਪਿੰਡ ਵਿਚ ਡੌਂਡੀ ਪਿਟਵਾ ਦਿੱਤੀ ਕਿ ਗੁਰੂ ਜੀ ਤੇ ਉਨ੍ਹਾਂ ਦੇ ਪਰਿਵਾਰ ਨੂੰ ਕੋਈ ਪਨਾਹ ਨਾ ਦੇਵੇ, ਪਨਾਹ ਦੇਣ ਵਾਲਿਆਂ ਨੂੰ ਸਖ਼ਤ ਸਜ਼ਾਵਾਂ ਦਿੱਤੀਆਂ ਜਾਣਗੀਆਂ ਅਤੇ ਉਨ੍ਹਾਂ ਨੂੰ ਫੜਾਉਣ ਵਾਲਿਆਂ ਨੂੰ ਇਨਾਮ ਦਿੱਤੇ ਜਾਣਗੇ। ਗੰਗਾ ਰਾਮ ਪਹਿਲਾਂ ਤਾਂ ਇਹ ਐਲਾਨ ਸੁਣ ਕੇ ਡਰ ਗਿਆ ਕਿ ਖ਼ਾਹ-ਮਖ਼ਾਹ ਮੁਸੀਬਤ ਵਿਚ ਫਸ ਗਿਆ ਹਾਂ। ਫਿਰ ਉਸ ਸੋਚਿਆ ਕਿ ਜੇ ਮਾਤਾ ਜੀ ਤੇ ਸਾਹਿਬਜ਼ਾਦਿਆਂ ਨੂੰ ਫੜਾ ਦਿਆਂ ਤਾਂ ਇਕ ਤਾਂ ਸਰਕਾਰੀ ਕ੍ਰੋਪੀ ਤੋਂ

ਬਚ ਜਾਵਾਂਗਾ, ਦੂਜੇ ਇਨਾਮ ਵੀ ਮਿਲੇਗਾ ਅਤੇ ਮਾਤਾ ਜੀ ਕੋਲ ਪਿਆ ਧਨ (ਮੋਹਰਾਂ) ਵੀ ਉਹਦੇ ਹੱਥ ਆ ਜਾਵੇਗਾ। ਉਹ ਮੋਰਿੰਡੇ ਦੇ ਰੰਘੜਾਂ, ਜਾਨੀ ਖਾਂ ਤੇ ਮਾਨੀ ਖਾਂ ਨੂੰ ਬੁਲਾ ਲਿਆਇਆ। ਮਾਤਾ ਜੀ ਤੇ ਸਾਹਿਬਜ਼ਾਦਿਆਂ ਨੂੰ ਗ੍ਰਿਫ਼ਤਾਰ ਕਰਕੇ ਪਹਿਲਾਂ ਮੋਰਿੰਡੇ ਤੇ ਫਿਰ ਸਰਹੰਦ ਪਹੁੰਚਾਇਆ ਗਿਆ। ਸਾਹਿਬਜ਼ਾਦੇ ਕਿਲ੍ਹੇ ਦੇ ਬੁਰਜ ਵਿਚ ਕੈਦ ਕੀਤੇ ਗਏ। ਗੰਗਾ ਰਾਮ ਰਸੋਈਏ ਦੀ ਇਸ ਨੀਚਤਾ ਭਰੀ ਕਾਰਵਾਈ ਕਰਕੇ ਉਸ ਨੂੰ ਸਿੱਖ ਇਤਿਹਾਸ ਵਿਚ 'ਗੰਗੂ ਬ੍ਰਾਹਮਣ' ਕਰਕੇ ਲਿਖਿਆ ਗਿਆ ਹੈ।

ਦੂਜੇ ਦਿਨ ਸਵੇਰੇ ਸਾਹਿਬਜ਼ਾਦਿਆਂ ਨੂੰ ਕਚਹਿਰੀ ਵਿਚ ਪੇਸ਼ ਕਰਨ ਲਈ ਲਿਜਾਇਆ ਗਿਆ। ਕਚਹਿਰੀ ਦਾ ਵੱਡਾ ਦਰਵਾਜ਼ਾ ਬੰਦ ਕੀਤਾ ਹੋਇਆ ਸੀ। ਸਾਹਿਬਜ਼ਾਦਿਆਂ ਨੂੰ ਖਿੜਕੀ ਰਾਹੀਂ ਅੰਦਰ ਜਾਣ ਲਈ ਕਿਹਾ ਗਿਆ। ਰਾਹ ਵਿਚ ਉਨ੍ਹਾਂ ਨੂੰ ਵਾਰ-ਵਾਰ ਆਖਿਆ ਗਿਆ ਸੀ ਕਿ ਕਚਹਿਰੀ ਵਿਚ ਵੜਦਿਆਂ ਸਾਰ ਨਵਾਬ ਅੱਗੇ ਸਿਰ ਝੁਕਾਉਣਾ ਹੈ। ਜਿਹੜੇ ਸਿਪਾਹੀ ਨਾਲ ਜਾ ਰਹੇ ਸਨ, ਉਹ ਪਹਿਲਾਂ ਸਿਰ ਨੀਵਾਂ ਕਰਕੇ ਖਿੜਕੀ ਰਾਹੀਂ ਅੰਦਰ ਦਾਖ਼ਲ ਹੋਏ। ਉਹਨਾਂ ਦੇ ਮਗਰ ਸਾਹਿਬਜ਼ਾਦੇ ਸਨ। ਉਨ੍ਹਾਂ ਖਿੜਕੀ ਵਿਚ ਪਹਿਲਾਂ ਪੈਰ ਅੱਗੇ ਕੀਤੇ ਤੇ ਫਿਰ ਸਿਰ ਲੰਘਾਇਆ। ਕਚਹਿਰੀ ਵਿਚ ਦਾਖ਼ਲ ਹੁੰਦਿਆਂ ਹੀ ਉਨ੍ਹਾਂ ਗੱਜ ਕੇ ਫ਼ਤਹਿ ਬੁਲਾਈ। ਦਰਬਾਰ ਵਿਚ ਹਾਜ਼ਰ ਲੋਕ ਸਾਹਿਬਜ਼ਾਦਿਆਂ ਦੀ ਦ੍ਰਿੜ੍ਹਤਾ ਨੂੰ ਵੇਖ ਕੇ ਹੈਰਾਨ ਹੋ ਗਏ। ਉਹ ਸਾਹਿਬਜ਼ਾਦਿਆਂ ਦੇ ਸਿਰ ਤਾਂ ਨਿਵਾ ਨਾ ਸਕੇ, ਸਗੋਂ ਸ਼ਰਮ ਨਾਲ ਉਨ੍ਹਾਂ ਸਭਨਾਂ ਦੇ ਸਿਰ ਝੁਕ ਗਏ। ਸਰਹੰਦ ਦੇ ਨਵਾਬ ਨੇ ਕਈ ਤਰ੍ਹਾਂ ਦੇ ਲਾਲਚ ਅਤੇ ਡਰ ਦੇ ਕੇ ਇਸਲਾਮ ਕਬੂਲ ਕਰਨ ਲਈ ਪ੍ਰੇਰਨਾ ਦਿੱਤੀ, ਪਰ ਉਹ ਸਫ਼ਲ ਨਾ ਹੋਇਆ। ਫਿਰ ਕਾਜ਼ੀ ਨੂੰ ਸਾਹਿਬਜ਼ਾਦਿਆਂ ਬਾਰੇ ਫ਼ਤਵਾ ਦੇਣ ਲਈ ਕਿਹਾ ਗਿਆ। ਕਾਜ਼ੀ ਨੇ ਉੱਤਰ ਦਿੱਤਾ ਕਿ ਬੱਚਿਆਂ ਬਾਰੇ ਫ਼ਤਵਾ ਨਹੀਂ ਦਿੱਤਾ ਜਾ ਸਕਦਾ। ਵਜ਼ੀਰ ਸੁੱਚਾ ਨੰਦ ਵੀ ਉੱਥੇ ਹੀ ਸੀ। ਉਸ ਨੇ ਮੁਗ਼ਲਾਂ ਪ੍ਰਤੀ ਆਪਣੀ ਵਫ਼ਾਦਾਰੀ ਜ਼ਾਹਰ ਕਰਨ ਲਈ ਆਖਿਆ ਕਿ ਸੱਪਾਂ ਦੇ ਬੱਚੇ ਸੱਪ ਹੀ ਹੁੰਦੇ ਹਨ ਅਤੇ ਭੇੜੀਏ ਦੇ ਬੱਚੇ ਭੇੜੀਏ। ਸੱਪਾਂ ਤੇ ਭੇੜੀਆਂ ਦੇ ਬੱਚਿਆਂ ਨੂੰ ਪਾਲਣਾ ਕੋਈ ਸਿਆਣਪ ਨਹੀਂ, ਇਨ੍ਹਾਂ ਨੂੰ ਖ਼ਤਮ ਕਰ ਦੇਣਾ ਹੀ ਅਕਲਮੰਦੀ ਹੈ। ਭਾਈ ਦੁਨੀ ਚੰਦ ਆਪਣੀ ਰਚਨਾ, 'ਕਥਾ ਗੁਰੂ ਕੇ ਸੁਤਨ ਕੀ' ਵਿਚ ਲਿਖਦੇ ਹਨ ਕਿ ਸੁੱਚਾ ਨੰਦ ਨੇ ਵਜ਼ੀਰ ਖ਼ਾਨ ਨੂੰ ਕਿਹਾ :

ਨੀਕੇ ਬਾਰਕ ਤੁਮ ਮਤ ਜਾਨਹੁ॥
ਨਾਗਹੁ ਕੇ ਇਹ ਪੁਤ ਬਖਾਨਉ॥
ਤੁਮਰੇ ਹਾਥ ਆਜ ਯਹ ਆਏ॥
ਕਰਹੁ ਅਬੈ ਅਪਨੇ ਮਨ ਭਾਏ॥

ਸੁੱਚਾ ਨੰਦ ਨੇ ਆਪਣੇ ਉਪਰੋਕਤ ਵਿਚਾਰਾਂ ਨੂੰ ਠੀਕ ਸਾਬਤ ਕਰਨ ਲਈ, ਸਾਹਿਬਜ਼ਾਦਿਆਂ ਨੂੰ ਕਿਹਾ, "ਜੇ ਤੁਹਾਨੂੰ ਛੱਡ ਦੇਈਏ, ਤਾਂ ਤੁਸੀਂ ਕੀ ਕਰੋਗੇ?' ਬਾਬਾ ਜ਼ੋਰਾਵਰ ਸਿੰਘ ਜੀ ਨੇ ਜੁਆਬ ਦਿੱਤਾ, "ਜੰਗਲਾਂ ਵਿਚ ਜਾਵਾਂਗੇ, ਸਿੱਖ ਇਕੱਠੇ ਕਰਾਂਗੇ, ਘੋੜੇ ਲਿਆਵਾਂਗੇ ਤੇ ਤੁਹਾਡੇ ਨਾਲ ਲੜਾਂਗੇ।" ਸੁੱਚਾ ਨੰਦ ਨੇ ਫਿਰ ਕਿਹਾ, "ਤੁਸੀਂ ਫਿਰ

ਪਕੜੇ ਜਾਵੋਗੇ, ਫਿਰ ਕੀ ਕਰੋਗੇ ?' ਤਾਂ ਸਾਹਿਬਜ਼ਾਦਿਆਂ ਕੜਕ ਕੇ ਜੁਆਬ ਦਿੱਤਾ,"ਕੰਨ ਖੋਲ੍ਹ ਕੇ ਸੁਣ ਲੈ, ਜਦ ਤੱਕ ਇਹ ਜ਼ੁਲਮੀ ਰਾਜ ਨਸ਼ਟ ਨਹੀਂ ਹੋ ਜਾਂਦਾ, ਅਸੀਂ ਲੜਦੇ ਹੀ ਰਹਾਂਗੇ।" ਸੁੱਚਾ ਨੰਦ ਫਿਰ ਬੋਲ ਉੱਠਿਆ, "ਐਵੇਂ ਵਧ-ਚੜ੍ਹ ਕੇ ਨਾ ਬੋਲੋ, ਅਸੀਂ ਤਾਂ ਤੁਹਾਡੇ ਪਿਤਾ ਨੂੰ ਵੀ ਫੜ ਕੇ ਮਾਰ ਦਿੱਤਾ ਹੈ।" ਇਹ ਸੁਣਦਿਆਂ ਸਾਰ ਹੀ ਦੋਵੇਂ ਸਾਹਿਬਜ਼ਾਦੇ ਰੋਹ ਵਿਚ ਆ ਕੇ ਬੋਲੇ, "ਤੁਸੀਂ ਕੌਣ ਹੁੰਦੇ ਹੋ, ਸਾਡੇ ਪਿਤਾ ਨੂੰ ਮਾਰਨ ਵਾਲੇ, ਉਨ੍ਹਾਂ ਨੂੰ ਮਾਰਨ ਵਾਲਾ ਅਜੇ ਪੈਦਾ ਨਹੀਂ ਹੋਇਆ।" ਕਚਹਿਰੀ ਵਿਚ ਬੱਚਿਆਂ ਦੇ ਮੁੱਖੋਂ ਚੜ੍ਹਦੀ ਕਲਾ ਦੇ ਵਿਚਾਰ ਸੁਣ ਕੇ ਵਜ਼ੀਰ ਖਾਂ ਅਤੇ ਕਾਜ਼ੀ ਦੇ ਮਨ ਵਿਚ ਇਹ ਗੱਲ ਘਰ ਕਰ ਗਈ ਕਿ ਸੁੱਚਾ ਨੰਦ ਠੀਕ ਹੀ ਕਹਿੰਦਾ ਹੈ ਕਿ 'ਸੱਪ ਦੇ ਬੱਚੇ ਸੱਪ ਹੀ ਹੁੰਦੇ ਹਨ।' ਵਜ਼ੀਰ ਖ਼ਾਨ ਨੇ ਕਾਜ਼ੀ ਨਾਲ ਮਸ਼ਵਰਾ ਕਰਨ ਮਗਰੋਂ ਉਸ ਨੂੰ ਦੁਬਾਰਾ ਫ਼ਤਵਾ ਦੇਣ ਲਈ ਕਿਹਾ। ਕਾਜ਼ੀ ਨੇ ਕਿਹਾ ਕਿ ਬੱਚੇ ਕਸੂਰਵਾਰ ਹਨ, ਕਿਉਂਕਿ ਬਗ਼ਾਵਤ ਲਈ ਤੁਲੇ ਹੋਏ ਹਨ। ਇਨ੍ਹਾਂ ਨੂੰ ਨੀਹਾਂ ਵਿਚ ਚਿਣ ਕੇ ਕਤਲ ਕਰ ਦੇਣਾ ਚਾਹੀਦਾ ਹੈ। ਇਹ ਸੁਣਕੇ ਵਜ਼ੀਰ ਖ਼ਾਨ ਨੇ ਬੱਚਿਆਂ ਨੂੰ ਨੀਹਾਂ ਵਿਚ ਚਿਣ ਕੇ ਸ਼ਹੀਦ ਕਰਨ ਦਾ ਹੁਕਮ ਦੇ ਦਿੱਤਾ। ਮਲੇਰਕੋਟਲੇ ਦਾ ਨਵਾਬ ਸ਼ੇਰ ਮੁਹੰਮਦ ਖ਼ਾਨ ਚਮਕੌਰ ਦੀ ਜੰਗ ਤੋਂ ਵਜ਼ੀਰ ਖ਼ਾਨ ਦੇ ਨਾਲ ਹੀ ਵਾਪਸ ਆਇਆ ਸੀ ਅਤੇ ਸਰਹੰਦ ਵਿਚ ਹੀ ਸੀ। ਉਸ ਨੇ ਸਾਹਿਬਜ਼ਾਦਿਆਂ ਨੂੰ ਸ਼ਹੀਦ ਕਰਨ ਦੇ ਵਜ਼ੀਰ ਖ਼ਾਨ ਦੇ ਫ਼ੈਸਲੇ ਨੂੰ ਇਕ ਮੰਦੀ ਕਰਤੂਤ ਆਖਿਆ। ਉਸ ਨੇ ਕਿਹਾ, "ਬੱਚਿਆਂ ਨੂੰ ਕਤਲ ਕਰਨਾ ਇਸਲਾਮ ਦੀ ਕੋਈ ਸੇਵਾ ਨਹੀਂ ਹੈ, ਨਾ ਹੀ ਇਹ ਬਾਗ਼ੀ ਹਨ। ਬਾਗੀ ਤਾਂ ਇਨ੍ਹਾਂ ਦਾ ਪਿਤਾ ਹੈ, ਜੇ ਬਦਲਾ ਲੈਣਾ ਹੈ, ਤਾਂ ਉਸ ਤੋਂ ਲਓ।"

ਤੀਜੇ ਦਿਨ ਫਿਰ ਸਾਹਿਬਜ਼ਾਦਿਆਂ ਨੂੰ ਕਚਹਿਰੀ ਵਿਚ ਲਿਆ ਕੇ ਡਰਾਇਆ-ਧਮਕਾਇਆ ਗਿਆ। ਉਨ੍ਹਾਂ ਨੂੰ ਕਿਹਾ ਗਿਆ ਕਿ ਜੇ ਉਹ ਇਸਲਾਮ ਅਪਨਾ ਲੈਣ, ਤਾਂ ਉਨ੍ਹਾਂ ਨੂੰ ਛੱਡਿਆ ਜਾ ਸਕਦਾ ਹੈ ਅਤੇ ਉਨ੍ਹਾਂ ਨੂੰ ਸ਼ਹਿਜ਼ਾਦਿਆਂ ਵਰਗੇ ਸੁਖ ਪ੍ਰਾਪਤ ਹੋ ਸਕਦੇ ਹਨ। ਸਾਹਿਬਜ਼ਾਦੇ ਆਪਣੇ ਫ਼ੈਸਲੇ ਤੇ ਅਟਲ ਰਹੇ ਕਿ ਸਿੱਖੀ ਕੇਸਾਂ-ਸੁਆਸਾਂ ਸੰਗ ਨਿਭਾਉਣੀ ਹੈ। ਉਨ੍ਹਾਂ ਦੀ ਦ੍ਰਿੜ੍ਹਤਾ ਨੂੰ ਵੇਖ ਕੇ ਨੀਹਾਂ ਵਿਚ ਚਿਣਨ ਦੀਆਂ ਤਿਆਰੀਆਂ ਆਰੰਭ ਕਰ ਦਿੱਤੀਆਂ ਗਈਆਂ। ਪਰ ਅਜੀਬ ਖੇਡ ਬਣੀ ਕਿ ਬੱਚਿਆਂ ਨੂੰ ਸ਼ਹੀਦ ਕਰਨ ਲਈ ਕੋਈ ਜੱਲਾਦ ਤਿਆਰ ਨਾ ਹੋਵੇ।

ਅਗਲੇ ਦਿਨ ਦਿੱਲੀ ਦੇ ਸ਼ਾਹੀ ਜੱਲਾਦ ਸ਼ਾਸ਼ਲ ਬੇਗ ਤੇ ਬਾਸ਼ਲ ਬੇਗ ਆਪਣੇ ਇਕ ਮੁਕੱਦਮੇ ਦੇ ਸੰਬੰਧ ਵਿਚ ਸਰਹੰਦ ਆਏ। ਉਨ੍ਹਾਂ ਨੇ ਸਾਹਿਬਜ਼ਾਦਿਆਂ ਨੂੰ ਸ਼ਹੀਦ ਕਰਨਾ ਮੰਨ ਲਿਆ। ਬੱਚੇ ਉਨ੍ਹਾਂ ਦੇ ਹਵਾਲੇ ਕਰ ਦਿੱਤੇ ਗਏ। ਇਨ੍ਹਾਂ ਨੇ ਬਾਬਾ ਜ਼ੋਰਾਵਰ ਸਿੰਘ ਤੇ ਬਾਬਾ ਫ਼ਤਹਿ ਸਿੰਘ ਜੀ ਨੂੰ ਖੜ੍ਹਾ ਕਰਕੇ, ਉਨ੍ਹਾਂ ਦੁਆਲੇ ਦੀਵਾਰ ਚਿਣਨੀ ਸ਼ੁਰੂ ਕਰ ਦਿੱਤੀ। ਬੱਚਿਆਂ ਨੇ ਆਪਣਾ ਧਿਆਨ ਗੁਰੂ ਚਰਨਾਂ ਨਾਲ ਜੋੜਿਆ ਤੇ ਬਾਣੀ ਦਾ ਪਾਠ ਕਰਨ ਲੱਗ ਪਏ। ਕੋਲ ਖਲੋਤੇ ਕਾਜ਼ੀ ਨੇ ਕਿਹਾ, "ਅਜੇ ਵੀ ਮੁਸਲਮਾਨ ਬਣ ਜਾਵੋ, ਛੱਡ ਦਿੱਤੇ ਜਾਉਗੇ।" ਬੱਚਿਆਂ ਨੇ ਕਾਜ਼ੀ ਦੀ ਗੱਲ ਵੱਲ ਕੋਈ ਧਿਆਨ ਨਾ ਦਿੱਤਾ, ਸਗੋਂ ਉਹਨਾਂ ਪ੍ਰਭੂ ਨਾਲ ਚਿੱਤ ਜੋੜੀ ਰੱਖਿਆ। ਦੀਵਾਰਾਂ ਜਦ ਛਾਤੀਆਂ ਤੱਕ ਪੁੱਜ ਗਈਆਂ

ਤਾਂ ਦੋਵੇਂ ਸਾਹਿਬਜ਼ਾਦੇ ਬੇਹੋਸ਼ ਹੋ ਗੇ ਅਤੇ ਦੀਵਾਰ ਡਿੱਗ ਪਈ।[22]

ਦੋਹਾਂ ਸਾਹਿਬਜ਼ਾਦਿਆਂ ਨੂੰ ਜੇਲ੍ਹ ਵਿਚ ਭੇਜ ਦਿੱਤਾ ਗਿਆ। ਅਗਲੇ ਦਿਨ, 27 ਦਸੰਬਰ, 1704 ਨੂੰ ਜੱਲਾਦਾਂ ਨੇ ਗੋਡੇ ਥੱਲੇ ਦੇ ਕੇ ਜ਼ਿਬ੍ਹਾ ਕਰ ਕੇ ਸ਼ਹੀਦ ਕਰ ਦਿੱਤਾ।

ਭਾਈ ਰਤਨ ਸਿੰਘ, ਪ੍ਰਾਚੀਨ ਪੰਥ ਪ੍ਰਕਾਸ਼ ਵਿਚ ਸਾਹਿਬਜ਼ਾਦਿਆਂ ਨੂੰ ਛੁਰੇ ਨਾਲ ਜ਼ਿਬ੍ਹਾ (ਕੁਹ-ਕੁਹ ਕੇ ਕਤਲ) ਕਰਨ ਬਾਰੇ ਇੰਝ ਲਿਖਦੇ ਹਨ :

ਹੁਤੋ ਉਹਾਂ ਥੋ ਛੁਰਾ ਇਕ ਵਾਰੋ,
ਦੈ ਗੋਡੇ ਹੇਠ ਕਰ ਜਿਬਹ ਡਾਰੋ।
ਤੜਫ ਤੜਫ ਗਈ ਜਿੰਦ ਉਡਾਇ
ਇਮ ਸ਼ੀਰ ਖੋਰ ਦੁਇ ਦਏ ਕਤੰਲਾਇ।[23]

ਸਾਹਿਬਜ਼ਾਦਿਆਂ ਨੂੰ ਆਪਣੇ ਧਰਮ ਪੁਰ ਦ੍ਰਿੜ੍ਹ ਰਹਿ ਕੇ ਸ਼ਹੀਦੀ ਪ੍ਰਾਪਤ ਕਰਨ ਦੀ ਸਿੱਖਿਆ ਮਾਤਾ ਗੁਜਰੀ ਜੀ ਅਨੰਦਪੁਰ ਛੱਡਣ ਤੋਂ ਲੈ ਕੇ ਸ਼ਹੀਦੀ ਤੱਕ ਰੋਜ਼ ਹੀ ਦਿੰਦੇ ਰਹਿੰਦੇ ਸਨ। ਆਪ ਜੀ ਸਾਹਿਬਜ਼ਾਦਿਆਂ ਨੂੰ ਗੁਰੂ ਅਰਜਨ ਪਾਤਸ਼ਾਹ, ਗੁਰੂ ਤੇਗ ਬਹਾਦਰ ਜੀ ਤੇ ਭਾਈ ਮਤੀ ਦਾਸ, ਭਾਈ ਦਇਆਲਾ ਜੀ ਆਦਿਕ ਸਿੱਖਾਂ ਦੇ ਸ਼ਹੀਦੀ ਸਾਕੇ ਸੁਣਾਉਂਦੇ ਰਹਿੰਦੇ ਸਨ। ਜੰਗਾਂ-ਯੁੱਧਾਂ ਵਿਚ ਸ਼ਹੀਦ ਹੋਣ ਵਾਲੇ ਹਜ਼ਾਰਾਂ ਸਿੰਘਾਂ ਦੀ ਮਿਸਾਲ ਤਾਂ ਸਾਹਿਬਜ਼ਾਦਿਆਂ ਦੇ ਸਾਹਮਣੇ ਹੀ ਸੀ। ਗੁਰਬਾਣੀ ਦੇ ਅਭਿਆਸ ਅਤੇ ਸਤਿਗੁਰਾਂ ਦੇ ਉਪਦੇਸ਼ਾਂ ਨੇ ਮਨ ਏਨਾ ਤਕੜਾ ਕੀਤਾ ਹੋਇਆ ਸੀ ਕਿ ਉਹ ਹਰ ਤਰ੍ਹਾਂ ਦਾ ਜ਼ੁਲਮ ਸਹਿੰਦਿਆਂ ਹੋਇਆਂ ਵੱਡੀ ਉਮਰ ਵਾਲੇ ਸੂਰਬੀਰਾਂ ਦੀ ਤਰ੍ਹਾਂ ਚੜ੍ਹਦੀ ਕਲਾ ਵਿਚ ਰਹਿ ਕੇ ਸ਼ਹੀਦੀ ਪ੍ਰਾਪਤ ਕਰ ਗਏ। ਮਾਤਾ ਗੁਜਰੀ ਜੀ ਬਾਰੇ ਆਮ ਤੌਰ ਤੇ ਇਹ ਕਿਹਾ ਜਾਂਦਾ ਹੈ ਕਿ ਸਾਹਿਬਜ਼ਾਦਿਆਂ ਦੀ ਸ਼ਹੀਦੀ ਦੀ ਖ਼ਬਰ ਸੁਣ ਕੇ ਉਹ ਗਸ਼ ਖਾ ਕੇ ਬੁਰਜ ਤੋਂ ਹੇਠਾਂ ਡਿਗ ਪਏ ਤੇ ਚਲਾਣਾ ਕਰ ਗਏ। ਪਰ ਇਹ ਗੱਲ ਮਾਤਾ ਜੀ ਦੇ ਸਮੁੱਚੇ ਜੀਵਨ ਨੂੰ ਧਿਆਨ ਵਿਚ ਰਖਦਿਆਂ ਹੋਇਆਂ ਠੀਕ ਨਹੀਂ ਜਾਪਦੀ। ਮਾਤਾ ਜੀ ਨੇ ਆਪਣੇ ਪਤੀ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ ਨੂੰ ਸਬਰ-ਸੰਤੋਖ ਵਿਚ ਰਹਿ ਕੇ ਝੱਲਿਆ ਸੀ। ਗੁਰੂ ਗੋਬਿੰਦ ਸਿੰਘ ਜੀ ਦੁਆਰਾ ਜਬਰ-ਜ਼ੁਲਮ ਵਿਰੁੱਧ ਉਠਾਈ ਗਈ ਤਲਵਾਰ ਦੀ ਉਨ੍ਹਾਂ ਹਮੇਸ਼ਾ ਪ੍ਰਸ਼ੰਸਾ ਕੀਤੀ ਸੀ। ਅਨੰਦਪੁਰ ਵਿਚ ਔਖਿਆਈ ਦੇ ਦਿਨ ਉਹਨਾਂ ਸਹਿਜੇ ਹੀ ਝੱਲ ਲਏ ਸਨ। ਫਿਰ ਉਹ ਬੱਚਿਆਂ ਨੂੰ ਰੋਜ਼ ਆਪ ਹੀ ਤਾਂ ਧਰਮ ਉਤੋਂ ਜਾਨ ਕੁਰਬਾਨ ਕਰਨ ਦੀ ਪ੍ਰੇਰਨਾ ਦਿੰਦੇ ਰਹਿੰਦੇ ਸਨ। ਸੋ, ਅਜਿਹੇ ਬਲਵਾਨ ਇਰਾਦੇ ਦੇ ਮਾਲਕ ਮਾਤਾ ਜੀ ਦੀ ਗਸ਼ ਖਾ ਕੇ ਡਿੱਗ ਪੈਣ ਵਾਲੀ ਘਟਨਾ ਇਕ ਫ਼ਰਜ਼ੀ ਘਟਨਾ ਜਾਪਦੀ ਹੈ। ਇਸ ਗੱਲ ਦੀ ਸੰਭਾਵਨਾ ਵਧੇਰੇ ਹੈ ਕਿ ਮੁਗ਼ਲਾਂ ਨੇ ਆਪ ਮਾਤਾ ਜੀ ਨੂੰ ਬੁਰਜ ਉਪਰੋਂ ਧੱਕਾ ਦੇ ਕੇ ਹੇਠਾਂ ਸੁੱਟ ਦਿੱਤਾ ਹੋਵੇਗਾ, ਤੇ ਉਹ (ਮਾਤਾ ਜੀ) ਸ਼ਹੀਦ ਹੋ ਗਏ ਸਨ। ਆਪਣੇ

---

22. ਪ੍ਰਿੰ: ਸਤਿਬੀਰ ਸਿੰਘ, ਪੁਰਖ ਭਗਵੰਤ (1983), ਪੰਨਾ 190

23. ਭਾਈ ਰਤਨ ਸਿੰਘ ਭੰਗੂ, ਸ੍ਰੀ ਗੁਰੂ ਪੰਥ ਪ੍ਰਕਾਸ਼, ਸ਼੍ਰੋ. ਗੁ. ਪ੍ਰਬੰਧਕ ਕਮੇਟੀ, 1994, ਪੰਨਾ 104.

ਇਸ ਪਾਪ ਉੱਤੇ ਪਰਦਾ ਪਾਉਣ ਲਈ ਮੁਗ਼ਲਾਂ ਨੇ ਇਹ ਗੱਲ ਫੈਲਾਅ ਦਿੱਤੀ ਕਿ ਮਾਤਾ ਗੁਜਰੀ ਜੀ ਨੇ ਬੁਰਜ ਤੋਂ ਹੇਠਾਂ ਡਿੱਗ ਕੇ ਪ੍ਰਾਣ ਤਿਆਗ ਦਿੱਤੇ ਹਨ।

### *ਸਸਕਾਰ*

ਮਾਤਾ ਗੁਜਰੀ ਜੀ ਅਤੇ ਸਾਹਿਬਜ਼ਾਦਿਆਂ ਦੀਆਂ ਦੇਹਾਂ ਦਾ ਸਸਕਾਰ ਕਰਨ ਲਈ ਟੋਡਰ ਮੱਲ ਜੌਹਰੀ ਨੇ ਮੋਹਰਾਂ ਵਿਛਾ ਕੇ ਸਰਕਾਰ ਤੋਂ ਥਾਂ ਪ੍ਰਾਪਤ ਕੀਤੀ। 27 ਦਸੰਬਰ ਦੀ ਸ਼ਾਮ ਨੂੰ ਹੀ ਸਸਕਾਰ ਕਰ ਦਿੱਤਾ ਗਿਆ। ਸਸਕਾਰ ਵਾਲੀ ਥਾਂ 'ਤੇ ਗੁਰਦੁਆਰਾ 'ਜੋਤੀ ਸਰੂਪ' ਸਥਿਤ ਹੈ।

# ਚਮਕੌਰ ਤੋਂ ਮੁਕਤਸਰ

ਗੁਰੂ ਗੋਬਿੰਦ ਸਿੰਘ ਜੀ ਮੁਗ਼ਲ ਫ਼ੌਜਾਂ ਦੇ ਘੇਰੇ ਵਿਚੋਂ ਨਿਕਲ ਕੇ ਮਾਛੀਵਾੜੇ ਵੱਲ ਨੂੰ ਤੁਰ ਪਏ ਸਨ। ਰਾਤ ਹਨੇਰੀ ਸੀ, ਰਾਹ ਦਿਖਾਈ ਨਹੀਂ ਸੀ ਦਿੰਦਾ ਤੇ ਹਰ ਪਾਸੇ ਕੰਡਿਆਲੀਆਂ ਝਾੜੀਆਂ ਸਨ। ਸਾਰਾ ਇਲਾਕਾ ਵੀ ਮੁਸਲਮਾਨਾਂ ਦੀ ਜਾਗੀਰ ਸੀ। ਇਸ ਇਲਾਕੇ ਦੇ ਪਿੰਡਾਂ ਵਿਚੋਂ ਲੰਘਣਾ ਵੀ ਖ਼ਤਰੇ ਤੋਂ ਖ਼ਾਲੀ ਨਹੀਂ ਸੀ, ਕਿਉਂਕਿ ਗੁਰੂ ਜੀ ਨੂੰ ਫੜਨ ਲਈ ਮੁਗ਼ਲ ਸਿਪਾਹੀ ਹਰ ਥਾਂ ਘੁੰਮ ਰਹੇ ਸਨ। ਸਵੇਰ ਹੁੰਦਿਆਂ ਸਤਿਗੁਰੂ ਜੀ 'ਕਿਰ੍ਹੀ' ਪਿੰਡ ਕੋਲ ਪੁੱਜੇ। ਉੱਥੇ ਅਲਫੂ ਤੇ ਗਾਮੂ ਨਾਂ ਦੇ ਦੋ ਗੁੱਜਰਾਂ ਨੇ ਪਛਾਣ ਲਿਆ ਤੇ ਫੜਾਉਣ ਲਈ ਸ਼ੋਰ ਮਚਾਉਣਾ ਸ਼ੁਰੂ ਕਰ ਦਿੱਤਾ। ਗੁਰੂ ਜੀ ਨੇ ਉਨ੍ਹਾਂ ਨੂੰ ਇਸ਼ਾਰੇ ਨਾਲ ਚੁੱਪ ਰਹਿਣ ਲਈ ਕਿਹਾ, ਪਰ ਉਹ ਨਾ ਟਲੇ। ਗੁਰੂ ਜੀ ਨੇ ਦੋਹਾਂ ਨੂੰ ਝਟਕਾ ਦਿੱਤਾ।

ਦਿਨ ਵੇਲੇ ਪਛਾਣੇ ਜਾਣ ਦਾ ਖਤਰਾ ਵਧੇਰੇ ਸੀ, ਇਸ ਲਈ ਗੁਰੂ ਜੀ ਆਮ ਰਸਤੇ ਤੋਂ ਹਟ ਕੇ ਖੇਤਾਂ-ਬੇਲਿਆਂ ਵਿਚੋਂ ਦੀ ਹੋ ਕੇ ਤੁਰਨ ਲੱਗੇ। ਪੈਰ ਕੰਡਿਆਂ ਨਾਲ ਵਿੰਨ੍ਹੇ ਗਏ। ਪੈਦਲ ਤੁਰਨ ਕਰਕੇ ਛਾਲੇ ਵੀ ਪੈ ਗਏ ਸਨ। ਅੰਨ ਛਕਿਆਂ ਵੀ ਬਾਰ੍ਹਾਂ ਪਹਿਰਾਂ ਤੋਂ ਵਧੇਰੇ ਸਮਾਂ ਹੋ ਚੁੱਕਾ ਸੀ। ਮਲ੍ਹਿਆਂ ਨਾਲੋਂ ਬੇਰ ਖਾ ਕੇ ਭੁੱਖ ਮਿਟਾਈ ਤੇ ਦੁਪਹਿਰ ਸਮੇਂ ਸੰਘਣੇ ਝਾੜਾਂ ਵਿਚ ਆਰਾਮ ਕਰਨ ਲਈ ਲੇਟ ਗਏ। ਡੇਢ ਕੁ ਪਹਿਰ ਰਾਤ ਰਹਿੰਦੀ ਫਿਰ ਮਾਲਵੇ ਵੱਲ ਨੂੰ ਮਿੱਥੇ ਹੋਏ ਤਾਰਿਆਂ ਦੀ ਸੇਧ ਵਿਚ ਤੁਰ ਪਏ। 20 ਕੁ ਕਿਲੋਮੀਟਰ ਪੈਂਡਾ ਜੰਗਲ ਵਿਚ ਹੀ ਤੁਰੀ ਗਏ। ਇੰਨੇ ਨੂੰ ਦਿਨ ਚੜ੍ਹ ਪਿਆ ਤੇ ਪਿੰਡ ਮਾਛੀਵਾੜਾ ਸਾਹਮਣੇ ਦਿਖਾਈ ਦੇਣ ਲੱਗ ਪਿਆ। ਪਿੰਡੋਂ ਬਾਹਰ ਇਕ ਸੰਘਣਾ ਬਾਗ਼ ਸੀ। ਸਤਿਗੁਰੂ ਜੀ ਉਥੇ ਹੀ ਆਰਾਮ ਕਰਨ ਲਈ ਲੇਟ ਗਏ। ਸਿਰ੍ਹਾਣੇ ਸੱਖਣੀ ਟਿੰਡ ਰੱਖ ਲਈ। ਕੱਪੜੇ ਝਾੜੀਆਂ ਵਿਚ ਫਸ ਕੇ ਲੀਰੋ ਲੀਰ ਹੋ ਚੁੱਕੇ ਸਨ। ਇਹ ਬਾਗ਼ ਗੁਲਾਬੇ ਖੱਤਰੀ ਦਾ ਸੀ, ਜੋ ਪਹਿਲਾਂ ਮਸੰਦ ਹੁੰਦਾ ਸੀ।

ਮਿੱਥੇ ਤਾਰਿਆਂ ਦੀ ਸੇਧ ਵਿਚ ਚਲਦੇ ਹੋਏ ਭਾਈ ਦਇਆ ਸਿੰਘ, ਧਰਮ ਸਿੰਘ ਅਤੇ ਮਾਨ ਸਿੰਘ ਇਕੱਠੇ ਹੋ ਚੁੱਕੇ ਸਨ ਅਤੇ ਸਤਿਗੁਰੂ ਜੀ ਦੀ ਭਾਲ ਕਰ ਰਹੇ ਸਨ। ਉਨ੍ਹਾਂ ਨੂੰ ਬਾਗ਼ ਦਾ ਕਾਮਾ ਮਿਲਿਆ ਜਿਸਨੇ ਦੱਸਿਆ ਕਿ ਉਨ੍ਹਾਂ ਵਰਗਾ ਇਕ ਹੋਰ ਮਨੁੱਖ ਬਾਗ਼ ਵਿਚ ਸੁੱਤਾ ਪਿਆ ਹੈ। ਕਾਮੇ ਦੇ ਨਾਲ ਤਿੰਨੋਂ ਸਿੰਘ ਉੱਥੇ ਜਾ ਪਹੁੰਚੇ ਜਿੱਥੇ ਸਤਿਗੁਰੂ ਜੀ ਸੁੱਤੇ ਪਏ ਸਨ। ਸਿੱਖਾਂ ਨੇ ਜਦੋਂ ਆਪਣੇ ਸਤਿਗੁਰੂ-ਪਾਤਸ਼ਾਹ, ਪੰਥ ਦੇ ਵਾਲੀ, ਫ਼ੌਜਾਂ ਵਾਲੇ, ਕਲਗੀਆਂ ਵਾਲੇ ਤੇ ਨੀਲੇ ਦੇ ਸ਼ਾਹ ਸਵਾਰ ਨੂੰ ਫਟੇ ਕਪੜਿਆਂ ਵਿਚ, ਪੈਰੀਂ ਛਾਲੇ ਪਏ ਹੋਏ, ਭੁੰਜੇ ਸੁੱਤਾ ਵੇਖਿਆ ਤਾਂ ਉਹ ਆਪਣੇ ਮਨ ਦਾ ਰੁੱਗ ਭਰ ਕੇ ਰਹਿ ਗਏ। ਉਨ੍ਹਾਂ ਸਤਿਗੁਰਾਂ ਨੂੰ ਜਗਾਇਆ ਤੇ ਫ਼ਤਹਿ ਗਜਾਈ।

ਗੁਲਾਬੇ ਨੂੰ ਖ਼ਬਰ ਮਿਲੀ, ਉਹ ਸਭ ਨੂੰ ਆਪਣੇ ਘਰ ਲੈ ਗਿਆ। ਉਹ ਇਸ ਗੱਲੋਂ ਵੀ ਡਰਦਾ ਸੀ ਕਿ ਮੁਗ਼ਲ ਸਿਪਾਹੀਆਂ ਨੂੰ ਕਿਧਰੇ ਭਿਣਕ ਨਾ ਪੈ ਜਾਵੇ। ਇਸ ਲਈ

ਉਸ ਨੇ ਗੁਰੂ ਜੀ ਤੇ ਸਿੰਘਾਂ ਨੂੰ ਚੁਬਾਰੇ ਵਿਚ ਟਿਕਾਇਆ ਅਤੇ ਪ੍ਰੇਮ ਨਾਲ ਸੇਵਾ ਕੀਤੀ। ਇਥੋਂ ਦੇ ਹੀ ਦੋ ਪਠਾਣ ਗਨੀ ਖ਼ਾਨ ਤੇ ਨਬੀ ਖ਼ਾਨ ਸਤਿਗੁਰੂ ਜੀ ਦੇ ਸ਼ਰਧਾਲੂ ਸਨ। ਉਹ ਦੂਰ ਇਲਾਕਿਆਂ ਤੋਂ ਘੋੜੇ ਲਿਆ ਕੇ ਸਤਿਗੁਰਾਂ ਪਾਸ ਵੇਚਿਆ ਕਰਦੇ ਸਨ। ਪਤਾ ਲੱਗਣ ਤੇ ਉਹ ਵੀ ਸਤਿਗੁਰਾਂ ਦੇ ਦਰਸ਼ਨਾਂ ਨੂੰ ਆਏ। ਉਨ੍ਹਾਂ ਨੇ ਸਤਿਗੁਰਾਂ ਨੂੰ ਆਪਣੀਆਂ ਸੇਵਾਵਾਂ ਪੇਸ਼ ਕੀਤੀਆਂ।

### *ਉੱਚ ਦੇ ਪੀਰ*

ਸਰਹੰਦ ਦੇ ਹਾਕਮ ਵਜ਼ੀਰ ਖ਼ਾਨ ਦੇ ਭੇਜੇ ਹੋਏ ਫ਼ੌਜੀ ਦਸਤੇ ਪਿੰਡ-ਪਿੰਡ ਸਤਿਗੁਰਾਂ ਦੀ ਭਾਲ ਵਿਚ ਫਿਰ ਰਹੇ ਸਨ। ਸਤਿਗੁਰਾਂ ਨੂੰ ਫੜਾਉਣ ਦੇ ਸਰਕਾਰੀ ਹੁਕਮ ਅਤੇ ਫੜਾਉਣ ਵਾਲਿਆਂ ਨੂੰ ਇਨਾਮਾਂ ਦੇ ਇਕਰਾਰ ਵੀ ਪਿੰਡ-ਪਿੰਡ ਸੁਣਾਏ ਗਏ। ਮਾਛੀਵਾੜਾ ਸਰਹੰਦ ਤੋਂ ਬਹੁਤੀ ਦੂਰ ਵੀ ਨਹੀਂ ਸੀ। ਮਾਛੀਵਾੜਾ ਕਿਸੇ ਤਰ੍ਹਾਂ ਵੀ ਗੁਰੂ ਜੀ ਦੇ ਠਹਿਰਨ ਵਾਸਤੇ ਸੁਰੱਖਿਅਤ ਜਗ੍ਹਾ ਨਹੀਂ ਸੀ। ਸਭ ਨੇ ਇਹ ਸਲਾਹ ਬਣਾਈ ਕਿ ਗੁਰੂ ਜੀ ਨੂੰ 'ਉੱਚ ਦੇ ਪੀਰ' ਦੇ ਰੂਪ ਵਿਚ ਇਥੋਂ ਕਿਸੇ ਸੁਰੱਖਿਅਤ ਥਾਂ ਵੱਲ ਲੈ ਜਾਣਾ ਚਾਹੀਦਾ ਹੈ।

'ਉੱਚ ਦੇ ਪੀਰ' ਮੁਸਲਮਾਨਾਂ ਵਿਚ ਬਹੁਤ ਪ੍ਰਸਿੱਧ ਸਨ। 'ਉੱਚ' ਨਾਮ ਦਾ ਨਗਰ ਸੂਬਾ ਸਿੰਧ (ਪਾਕਿਸਤਾਨ) ਦੀ ਰਿਆਸਤ ਬਹਾਵਲਪੁਰ ਵਿਚ ਹੈ। ਇਸ ਇਲਾਕੇ ਦੇ ਕਈ ਮੁਸਲਮਾਨ ਅਜੇ ਵੀ ਸਿੰਘਾਂ ਦੀ ਤਰ੍ਹਾਂ ਕੇਸ ਦਾੜ੍ਹੀ ਸਾਬਤ ਰੱਖਦੇ ਹਨ, ਪਰ ਕੇਸਾਂ ਦਾ ਜੂੜਾ ਨਹੀਂ ਕਰਦੇ। ਇਹ ਕੇਸ ਪਿਛਾਂਹ ਨੂੰ ਖੁਲ੍ਹੇ ਛੱਡ ਦਿੰਦੇ ਸਨ ਤੇ ਉਤੋਂ ਪਗੜੀ ਬੰਨ੍ਹ ਲੈਂਦੇ ਸਨ। ਇਨ੍ਹਾਂ ਮੁਸਲਮਾਨਾਂ ਦੇ ਪੀਰ ਵੀ ਇਸੇ ਸਰੂਪ ਵਿਚ ਰਹਿੰਦੇ ਸਨ। ਆਪਣੇ ਮੁਰੀਦਾਂ ਕੋਲੋਂ ਕਾਰ-ਭੇਟ ਲੈਣ ਲਈ ਇਹ 'ਪੀਰ' ਪਿੰਡਾਂ ਵਿਚ ਚੱਕਰ ਲਾਉਂਦੇ ਰਹਿੰਦੇ ਸਨ। ਉਨ੍ਹਾਂ ਦੇ ਮੁਰੀਦ (ਸੇਵਕ) ਉਨ੍ਹਾਂ ਨੂੰ ਪਲੰਘ ਉਤੇ ਬਿਠਾ ਕੇ, ਪਲੰਘ ਆਪ ਚੁੱਕ ਕੇ, ਇਕ ਪਿੰਡ ਤੋਂ ਦੂੰਜੇ ਪਿੰਡ ਦੇ ਮੁਰੀਦਾਂ ਪਾਸ ਪਹੁੰਚਾ ਦਿੰਦੇ ਸਨ।

ਇਹ ਪੀਰ ਨੀਲੇ ਰੰਗ ਦੇ ਕੱਪੜੇ ਪਾਉਂਦੇ ਸਨ। ਸੋ, ਗੁਰੂ ਜੀ ਅਤੇ ਤਿੰਨਾਂ ਸਿੰਘਾਂ ਨੇ ਨੀਲੇ ਰੰਗ ਦੇ ਵਸਤਰ ਬਣਵਾ ਕੇ ਪਹਿਨ ਲਏ। ਸਭ ਨੇ ਕੇਸ ਪਿਛਾਂਹ ਖੁੱਲੇ ਛੱਡ ਦਿੱਤੇ ਉਤੋਂ ਦਸਤਾਰਾਂ ਸਜਾ ਲਈਆਂ। ਨਬੀ ਖ਼ਾਨ, ਗ਼ਨੀ ਖ਼ਾਨ, ਭਾਈ ਧਰਮ ਸਿੰਘ ਅਤੇ ਭਾਈ ਮਾਨ ਸਿੰਘ ਨੇ ਇਕ ਪਲੰਘ ਉਤੇ ਗੁਰੂ ਜੀ ਨੂੰ ਬਿਠਾ ਲਿਆ। ਭਾਈ ਦਇਆ ਸਿੰਘ ਜੀ ਨੇ ਮੋਰਾਂ ਦੇ ਖੰਭਾਂ ਦਾ ਚੌਰ ਹੱਥ ਵਿਚ ਲੈ ਲਿਆ।

ਇੰਝ ਗੁਰੂ ਜੀ 'ਉੱਚ ਦੇ ਪੀਰ' ਅਤੇ ਸਿੱਖ ਉਨ੍ਹਾਂ ਦੇ ਮੁਰੀਦਾਂ ਦੇ ਰੂਪ ਵਿਚ ਮਾਛੀਵਾੜੇ ਤੋਂ ਚੱਲ ਪਏ। ਰਸਤੇ ਵਿਚ ਲੋਕਾਂ ਨੂੰ ਇਹੀ ਦਸਦੇ ਗਏ ਕਿ ਪਲੰਘ ਉਤੇ ਉੱਚ ਦੇ ਪੀਰ ਬਿਰਾਜਮਾਨ ਹਨ। ਗ਼ਨੀ ਖ਼ਾਨ ਤੇ ਨਬੀ ਖ਼ਾਨ ਧਨ-ਜਾਇਦਾਦ ਦੇ ਮਾਲਕ ਹੋਣ ਕਾਰਨ ਚੰਗੇ ਅਸਰ ਰਸੂਖ ਵਾਲੇ ਸਨ। ਇਹ ਘੋੜਿਆਂ ਦੇ ਵਪਾਰੀ ਵੀ ਸਨ। ਸੋ, ਇਨ੍ਹਾਂ ਦੇ ਕਹਿਣ ਨਾਲ ਆਮ ਮੁਸਲਮਾਨ ਇਹ ਸਮਝਦੇ ਰਹੇ ਕਿ ਪਲੰਘ ਉਤੇ ਉੱਚ ਦੇ ਪੀਰ ਹੀ ਹਨ।

ਮਾਛੀਵਾੜੇ ਤੋਂ ਚੱਲ ਕੇ 12 ਕੁ ਮੀਲਾਂ ਦੀ ਵਿੱਥ ਤੇ ਘੁੰਗਰਾਲੀ ਪਹੁੰਚੇ। ਰਾਤ ਵਿਸ਼ਰਾਮ ਕੀਤਾ ਤੇ ਅਗਲੇ ਦਿਨ ਇਥੋਂ 13 ਕੁ ਮੀਲਾਂ ਦੀ ਵਿੱਥ ਤੇ ਪਿੰਡ ਲੱਲ ਪੁੱਜੇ। ਇੱਥੇ ਪਿੰਡੋਂ ਬਾਹਰ ਇਕ ਤਲਾਅ ਦੇ ਕੰਢੇ ਬੋਹੜ ਹੇਠਾਂ ਆਰਾਮ ਕੀਤਾ। ਇੱਥੇ ਸ਼ਾਹੀ ਫ਼ੌਜ ਨੇ ਰੋਕ

ਲਿਆ ਅਤੇ ਇਹ ਜਾਣਨਾ ਚਾਹਿਆ ਕਿ ਉੱਚ ਦੇ ਪੀਰ ਦੇ ਰੂਪ ਵਿਚ ਕਿਧਰੇ ਗੁਰੂ ਗੋਬਿੰਦ ਸਿੰਘ ਜੀ ਹੀ ਤਾਂ ਨਹੀਂ ਹਨ। ਗੁਰੂ ਜੀ ਨੇ ਫ਼ੌਜੀਆਂ ਨਾਲ ਫ਼ਾਰਸੀ ਵਿਚ ਬਚਨ-ਬਿਲਾਸ ਕੀਤੇ। ਸਲੋਹ ਪਿੰਡ ਦੇ ਕਾਜ਼ੀ ਮੀਰ ਮੁਹੰਮਦ ਨੇ ਗੁਰੂ ਜੀ ਨੂੰ ਪਛਾਣ ਲਿਆ, ਪਰ ਉਸ ਨੇ ਮੁਗ਼ਲ ਸਿਪਾਹੀਆਂ ਨੂੰ ਇਹ ਹੀ ਕਿਹਾ ਕਿ ਉਹ ਸਚਮੁਚ 'ਉੱਚ ਦੇ ਪੀਰ' ਹਨ, ਗੁਰੂ ਗੋਬਿੰਦ ਸਿੰਘ ਜੀ ਨਹੀਂ। ਇਸ ਕਾਜ਼ੀ ਤੋਂ ਗੁਰੂ ਜੀ ਨੇ ਬਚਪਨ ਵਿਚ ਫਾਰਸੀ ਅੱਖਰ ਪੜ੍ਹੇ ਸਨ।

ਲੱਲ ਤੋਂ ਚਲ ਕੇ ਪਿੰਡ ਕਟਾਣੇ ਪੁੱਜੇ। ਇੱਥੇ ਗੁਰਦੁਆਰਾ ਕਟਾਣਾ ਸਾਹਿਬ ਹੈ। ਫਿਰ ਕਨੇਚ ਦੇ ਰਸਤੇ ਆਲਮਗੀਰ* ਪਹੁੰਚੇ। ਆਲਮਗੀਰ ਪਿੰਡ ਦੇ ਸ. ਨੌਧਾ ਸਿੰਘ ਨੇ ਆਪ ਨੂੰ ਇਕ ਘੋੜਾ ਭੇਟ ਕੀਤਾ।[24] ਆਪ ਨੇ ਪਾਲਕੀ ਤਿਆਗ ਦਿੱਤੀ ਤੇ ਅੱਗੇ ਲਈ ਘੋੜੇ ਦੀ ਸਵਾਰੀ ਕੀਤੀ। ਪਿੰਡ ਤੋਂ ਇਕ ਕਿਲੋਮੀਟਰ ਬਾਹਰ ਆਪ ਦੇ ਠਹਿਰਨ ਦਾ ਅਸਥਾਨ ਸੀ, ਜਿੱਥੇ ਹੁਣ 'ਮੰਜੀ ਸਾਹਿਬ, ਆਲਮਗੀਰ' ਨਾਮ ਦਾ ਆਲੀਸ਼ਾਨ ਗੁਰਦੁਆਰਾ ਸ਼ੋਭ ਰਿਹਾ ਹੈ। ਗੁਰਦੁਆਰੇ ਦੀ ਹੱਦ ਅੰਦਰ 'ਤੀਰ ਸਰ' ਨਾਮ ਦਾ ਸਰੋਵਰ ਵੀ ਹੈ।

ਆਲਮਗੀਰ ਤੋਂ ਪਿੰਡ ਹੇਹਰ ਆਏ। ਉੱਥੇ ਉਦਾਸੀ-ਮਹੰਤ ਕਿਰਪਾਲ ਦਾਸ ਦਾ ਡੇਰਾ ਸੀ, ਜਿਨ੍ਹਾਂ ਨੇ ਭੰਗਾਣੀ ਦੇ ਜੰਗ ਵਿਚ ਆਪਣੇ ਮੋਟੇ-ਸੋਟੇ ਨਾਲ ਹੀ ਫ਼ੌਜੀ ਸਰਦਾਰ ਹਯਾਤ ਖ਼ਾਨ ਨੂੰ ਮਾਰ ਸੁੱਟਿਆ ਸੀ। ਹੁਣ ਉਸ ਦੀ ਥਾਂ ਉਤੇ ਉਸ ਦਾ ਇਕ ਚੇਲਾ ਮਹੰਤ ਸੀ। ਪਹਿਲਾਂ ਉਸ ਨੇ ਬੜਾ ਸਤਿਕਾਰ ਕੀਤਾ, ਪਰ ਜਦੋਂ ਪਤਾ ਲੱਗਾ ਕਿ ਮੁਗ਼ਲ ਫ਼ੌਜ ਸਤਿਗੁਰਾਂ ਦੀ ਭਾਲ ਕਰ ਰਹੀ ਹੈ, ਤਾਂ ਉਹ ਘਬਰਾ ਗਿਆ। ਇਥੋਂ ਆਪ ਜੀ ਨੇ ਗ਼ਨੀ ਖ਼ਾਨ ਤੇ ਨਬੀ ਖ਼ਾਨ ਨੂੰ ਆਦਰ-ਸਤਿਕਾਰ ਨਾਲ ਵਿਦਾ ਕੀਤਾ ਅਤੇ ਇਕ ਯਾਦਗਾਰੀ ਪੱਤਰ ਲਿਖ ਕੇ ਦਿੱਤਾ, ਜਿਸ ਵਿਚ ਉਨ੍ਹਾਂ ਦੀ ਵਡਮੁੱਲੀ ਸੇਵਾ ਦਾ ਜ਼ਿਕਰ ਕਰ ਕੇ ਖ਼ਾਲਸਾ ਪੰਥ ਨੂੰ ਉਨ੍ਹਾਂ ਦਾ ਆਦਰ ਕਰਨ ਦਾ ਹੁਕਮ ਕੀਤਾ। ਇਨ੍ਹਾਂ ਭਰਾਵਾਂ ਨੇ ਗੁਰੂ ਜੀ ਦੀ ਉਸ ਸਮੇਂ ਸੇਵਾ ਕੀਤੀ ਸੀ, ਜਦੋਂ ਮੁਗ਼ਲ ਫ਼ੌਜਾਂ ਗੁਰੂ ਜੀ ਨੂੰ ਲੱਭ ਕੇ ਗ੍ਰਿਫ਼ਤਾਰ ਕਰਨ ਲਈ ਪੂਰੀ ਤਰ੍ਹਾਂ ਸਰਗਰਮ ਸਨ। ਗੁਰੂ ਜੀ ਦੀ ਖ਼ਾਤਰ ਇਨ੍ਹਾਂ ਨੇ ਆਪਣੀ ਜਾਨ ਦੀ ਵੀ ਪਰਵਾਹ ਨਾ ਕੀਤੀ।

ਅਗਲੇ ਦਿਨ ਸਵੇਰੇ ਹੀ ਗੁਰੂ ਜੀ ਹੇਹਰ ਤੋਂ ਚਲ ਕੇ **ਸੀਲੋਆਣੀ** (ਤਹਿਸੀਲ ਜਗਰਾਵਾਂ) ਪੁੱਜੇ। ਉੱਥੇ ਰਾਇ ਕੋਟ (ਜੱਟ-ਪੁਰੇ) ਦਾ ਚੌਧਰੀ ਰਾਇ ਕੱਲਾ ਆਇਆ ਹੋਇਆ ਸੀ। ਉਹ ਬੜੇ ਆਦਰ-ਸਤਿਕਾਰ ਨਾਲ ਸਤਿਗੁਰਾਂ ਨੂੰ ਜੱਟ-ਪੁਰੇ ਲੈ ਗਿਆ। ਉਥੇ ਆਪਣੇ ਮਕਾਨ ਵਿਚ ਉਤਾਰਾ ਦਿੱਤਾ। ਗੁਰੂ ਜੀ ਦੀਆਂ ਮੁਸੀਬਤਾਂ ਅਤੇ ਕਸ਼ਟਾਂ ਦਾ ਹਾਲ ਸੁਣ ਕੇ ਰਾਇ ਕੱਲਾ ਤ੍ਰਿਪ ਤ੍ਰਿਪ ਅਥਰੂ ਕੇਰਨ ਲਗ ਪਿਆ ਅਤੇ ਜ਼ਾਲਮਾਂ ਨੂੰ ਬਦਸੀਸਾਂ ਦੇਣ ਤੇ ਲਾਹਨਤਾਂ ਪਾਉਣ ਲਗ ਪਿਆ। ਉਸ ਨੇ ਬੇਨਤੀ ਕੀਤੀ ਕਿ ਮੈਂ ਹਰ ਪ੍ਰਕਾਰ ਦੀ ਸੇਵਾ ਲਈ ਹਾਜ਼ਰ ਹਾਂ, ਕੋਈ ਸੇਵਾ ਬਖਸ਼ੋ। ਸਤਿਗੁਰਾਂ ਨੇ ਰਾਇ ਕੱਲੇ ਨੂੰ ਕਿਹਾ ਕਿ ਕਿਸੇ ਸਿਆਣੇ ਆਦਮੀ ਨੂੰ ਸਰਹੰਦ ਭੇਜੋ ਜੋ ਪਤਾ ਲਿਆਵੇ ਕਿ ਸਰਸਾ ਪਾਰ ਕਰਨ

---

* ਆਲਮਗੀਰ ਲੁਧਿਆਣੇ ਤੋਂ 15 ਕੁ ਕਿਲੋਮੀਟਰ ਦੀ ਦੂਰੀ ਉੱਤੇ ਹੈ ਅਤੇ ਗਿੱਲ ਰੇਲਵੇ ਸਟੇਸ਼ਨ ਤੋਂ ਦੋ ਮੀਲ ਦੂਰ ਹੈ। ਇੱਥੇ ਵੀ ਗੁਰਦੁਆਰਾ ਮੰਜੀ ਸਾਹਿਬ ਬਣਿਆ ਹੋਇਆ ਹੈ।

24. S. Gurmukh Singh, Historical Sikh Shrines, p. 196

ਸਮੇਂ ਵਿਛੜੇ ਵਹੀਰ ਵਿਚੋਂ ਕੋਈ ਪਕੜਿਆ ਤਾਂ ਨਹੀਂ ਗਿਆ। ਚੌਧਰੀ ਨੇ 'ਮਾਹੀ' ਨਾਮ ਦੇ ਇਕ ਆਦਮੀ ਨੂੰ ਸਰਹੰਦ ਭੇਜਿਆ।

ਉਥੋਂ ਸਰਹੰਦ ਲਗਭਗ 70 ਕਿਲੋਮੀਟਰ ਦੀ ਵਿਥ ਤੇ ਸੀ। ਮਾਹੀ ਅਗਲੇ ਦਿਨ ਹੀ ਸਾਹਿਬਜ਼ਾਦਿਆਂ ਅਤੇ ਮਾਤਾ ਜੀ ਦੀ ਸ਼ਹੀਦੀ ਦੀ ਖ਼ਬਰ ਲੈ ਕੇ ਆ ਪੁੱਜਿਆ। ਉਸ ਨੇ ਰੋ-ਰੋ ਕੇ ਸਾਰੇ ਹਾਲਾਤ ਵਰਣਨ ਕੀਤੇ ਕਿ ਕਿਵੇਂ ਗੰਗਾ ਰਾਮ ਰਸੋਈਏ ਨੇ ਮਾਤਾ ਗੁਜਰੀ ਜੀ ਤੇ ਸਾਹਿਬਜ਼ਾਦਿਆਂ ਨੂੰ ਮੁਗਲਾਂ ਦੇ ਹਵਾਲੇ ਕੀਤਾ ਸੀ ਤੇ ਕਿਵੇਂ ਸਰਹੰਦ ਵਿਚ ਹਰ ਤਰ੍ਹਾਂ ਦੇ ਲਾਲਚ ਨੂੰ ਸਾਹਿਬਜ਼ਾਦਿਆਂ ਨੇ ਠੁਕਰਾਇਆ ਸੀ ਅਤੇ ਜਬਰ-ਜ਼ੁਲਮ ਨੂੰ ਸਹਿੰਦਿਆਂ ਹੋਇਆਂ ਸ਼ਹਾਦਤ ਦਿੱਤੀ ਸੀ। ਸੁਣਨ ਵਾਲਿਆਂ ਦੇ ਅੱਥਰੂ ਰੋਕਿਆਂ ਵੀ ਨਹੀਂ ਸਨ ਰੁਕ ਰਹੇ, ਪਰ ਸਤਿਗੁਰੂ ਜੀ ਅਡੋਲ ਬੈਠੇ ਸਨ। ਜਦ ਮਾਹੀ ਸਾਰਾ ਹਾਲ ਸੁਣਾ ਚੁੱਕਾ ਤਾਂ ਸਤਿਗੁਰਾਂ ਨੇ ਅਕਾਲਪੁਰਖ ਦਾ ਧੰਨਵਾਦ ਕੀਤਾ ਕਿ ਉਸ ਨੇ ਸਾਹਿਬਜ਼ਾਦਿਆਂ ਨੂੰ ਇੰਨੀ ਦ੍ਰਿੜ੍ਹਤਾ ਬਖਸ਼ੀ ਤੇ ਉਹ ਭਿਆਨਕ ਤਸੀਹੇ ਵੀ ਹੱਸ-ਹੱਸ ਕੇ ਜਰ ਗਏ ਤੇ ਧਰਮ ਦੀ ਖ਼ਾਤਰ ਜਾਨਾਂ ਵਾਰ ਗਏ।

ਕਿਹਾ ਜਾਂਦਾ ਹੈ ਕਿ ਇਥੋਂ ਹੀ ਸਤਿਗੁਰਾਂ ਨੇ ਔਰੰਗਜ਼ੇਬ ਨੂੰ ਇਕ ਚਿੱਠੀ ਲਿਖੀ, ਜਿਸਦੀ ਅਸਲ ਤਾਂ ਨਹੀਂ ਮਿਲਦੀ, ਪਰ ਕੁਝ (23) ਸ਼ੇਅਰ ਜ਼ਰੂਰ ਮਿਲਦੇ ਹਨ, ਜਿਹਨਾਂ ਨੂੰ ਸਿੱਖ ਸਾਹਿਤ ਵਿਚ 'ਫ਼ਤਹਿ-ਨਾਮਾ' ਦਾ ਨਾਮ ਦਿੱਤਾ ਗਿਆ ਹੈ। ਇਸ ਚਿੱਠੀ ਵਿਚ ਸਤਿਗੁਰਾਂ ਨੇ ਔਰੰਗਜ਼ੇਬ ਨੂੰ ਲਿਖਿਆ :

(1) ਉਸੇ ਰੱਬ ਨੇ ਜਿਸਨੇ ਤੈਨੂੰ (ਔਰੰਗਜ਼ੇਬ ਨੂੰ) ਪਾਤਸ਼ਾਹੀ ਦਿੱਤੀ ਹੈ, ਮੈਨੂੰ ਧਰਮ ਦੀ ਰੱਖਿਆ ਲਈ ਭੇਜਿਆ ਹੈ। (ਸ਼ੇਅਰ – ੩)

(2) ਤੈਨੂੰ 'ਔਰੰਗਜ਼ੇਬ' ਨਾਮ ਸ਼ੋਭਦਾ ਨਹੀਂ, ਕਿਉਂਕਿ ਰਾਜ-ਗੱਦੀ ਤੇ ਬੈਠਣ ਵਾਲੇ ਧੋਖੇਬਾਜ਼ ਤੇ ਫ਼ਰੇਬੀ ਨਹੀਂ ਹੁੰਦੇ। (ਸ਼ੇਅਰ – ੫)

(3) ਮੈਂ ਤੇਰੇ ਘੋੜਿਆਂ ਦੇ ਸੁੰਮਾਂ ਥੱਲੇ ਅੱਗ ਵਿਛਾ ਦਿਆਂਗਾ, ਅਤੇ ਤੈਨੂੰ ਪੰਜਾਬ ਵਿਚੋਂ ਪਾਣੀ-ਪੀਣਾ ਵੀ ਨਸੀਬ ਨਹੀਂ ਹੋਵੇਗਾ। (ਸ਼ੇਅਰ – ੧੩)

(4) ਫਿਰ ਕੀ ਹੋਇਆ ਜੇ ਬਘਿਆੜ ਨੇ ਧੋਖੇ ਨਾਲ ਸ਼ੇਰ ਦੇ ਦੋ ਬੱਚਿਆਂ ਨੂੰ ਮਾਰ ਦਿੱਤਾ ਹੈ। (ਸ਼ੇਅਰ – ੧੪)

(5) ਮੈਨੂੰ ਤੇਰੀਆਂ ਕਸਮਾਂ ਉਤੇ ਕੋਈ ਭਰੋਸਾ ਨਹੀਂ ਰਿਹਾ ਤੇ ਮੇਰੇ ਕੋਲ ਕਿਰਪਾਨ ਚੁੱਕਣ ਤੋਂ ਸਿਵਾ ਹੋਰ ਕੋਈ ਚਾਰਾ ਵੀ ਨਹੀਂ ਹੈ। (ਸ਼ੇਅਰ – ੧੭)

(6) ਜੇ ਕਦੇ ਤੈਨੂੰ ਮਿਲਣ ਦਾ ਸਮਾਂ ਮਿਲਿਆ, ਤਾਂ ਮੈਂ ਤੈਨੂੰ ਠੀਕ ਅਤੇ ਸੱਚਾ ਰਸਤਾ ਵਿਖਾਵਾਂਗਾ। (ਸ਼ੇਅਰ – ੧੯)

(7) ਤੂੰ ਆਪਣੀਆਂ ਫ਼ੌਜਾਂ ਸਣੇ ਆ। ਅਸੀਂ ਦੋਹਾਂ ਫ਼ੌਜਾਂ ਨੂੰ 5 ਕੋਹਾਂ (12 ਕਿਲੋਮੀਟਰ) ਦੀ ਦੂਰੀ ਤੇ ਰੱਖੀਏ। ਮੈਂ ਜੰਗ ਵਿੱਚ ਇਕੱਲਾ ਆਵਾਂਗਾ, ਤੂੰ ਆਪਣੇ ਦੋ ਘੋੜ-ਸਵਾਰ ਸੈਨਕਾਂ ਨਾਲ ਆਵੀ। ਤੂੰ ਖ਼ੁਦ ਮੈਦਾਨੇ-ਜੰਗ ਵਿਚ ਤਲਵਾਰ ਲੈ ਕੇ ਆ (ਤੇ ਮੇਰੇ ਨਾਲ ਦੋ ਹੱਥ ਕਰ), ਰੱਬ ਦੀ ਖਲਕਤ ਨੂੰ ਐਵੇਂ ਨਾ ਮਰਵਾ। (ਸ਼ੇਅਰ-੨੦,੨੧,੨੨,੨੪)

ਸਤਿਗੁਰੂ ਜੀ ਅਗਲੇ ਦਿਨ ਰਾਇ ਕੱਲੇ ਤੋਂ ਵਿਦਾ ਹੋਏ। ਉਸ ਨੇ ਵਧੀਆ-ਘੋੜੇ ਅਤੇ ਸ਼ਸਤਰ ਆਦਿ ਭੇਟ ਕੀਤੇ। ਗੁਰੂ ਜੀ ਨੇ ਵੀ ਉਸ ਦੇ ਪਿਆਰ ਤੇ ਸੇਵਾ ਦੀ ਕਦਰ ਕਰਦਿਆਂ ਇਕ ਤਲਵਾਰ ਯਾਦਗਾਰ ਵਜੋਂ ਦਿੱਤੀ।

ਜੱਟਪੁਰੇ ਤੋਂ ਚਲ ਕੇ ਗੁਰੂ ਜੀ ਦੀਨੇ ਪਿੰਡ ਪੁੱਜੇ। ਉਥੇ ਚੌਧਰੀ ਲਖਮੀਰ, ਸ਼ਮੀਰ ਤੇ ਤਖ਼ਤ ਮੱਲ ਨੇ ਆਪ ਦਾ ਨਿੱਘਾ ਸੁਆਗਤ ਕੀਤਾ ਅਤੇ ਆਪਣੇ ਚੁਬਾਰੇ ਵਿਚ ਉਤਾਰਾ ਦਿੱਤਾ। ਇਹ ਤਿੰਨੇ ਭਰਾ ਭਾਈ ਜੋਧ ਰਾਇ ਦੇ ਪੋਤਰੇ ਸਨ, ਜਿਸਨੇ ਗੁਰੂ ਹਰਿਗੋਬਿੰਦ ਸਾਹਿਬ ਤੋਂ ਸਿੱਖੀ ਧਾਰਨ ਕੀਤੀ ਸੀ ਅਤੇ ਆਪਣੀ ਫ਼ੌਜ ਸਮੇਤ ਗੁਰੂਸਰ ਦੇ ਜੰਗ ਵਿਚ ਹਿੱਸਾ ਲਿਆ ਸੀ ਤੇ ਬਹਾਦਰੀ ਦੇ ਜੌਹਰ ਵਿਖਾਏ ਸਨ।

ਜਿਉਂ ਜਿਉਂ ਸਿੱਖਾਂ ਨੂੰ ਗੁਰੂ ਜੀ ਦੇ ਦੀਨੇ ਪਿੰਡ ਵਿਚ ਆਉਣ ਦਾ ਪਤਾ ਲਗਦਾ ਗਿਆ, ਉਹ ਰੋਜ਼ ਦਰਸ਼ਨਾਂ ਨੂੰ ਆਉਣ ਲੱਗ ਪਏ। ਚੰਗੀਆਂ ਰੌਣਕਾਂ ਲੱਗਣ ਲੱਗ ਪਈਆਂ। ਭਾਈ ਰੂਪ ਚੰਦ* ਦੇ ਪੁੱਤਰ ਭਾਈ ਧਰਮ ਸਿੰਘ ਤੇ ਪਰਮ ਸਿੰਘ ਵੀ ਦਰਸ਼ਨਾਂ ਨੂੰ ਆਏ। ਗੁਰੂ ਜੀ ਨੇ ਸਿੱਖਾਂ ਨੂੰ ਹੁਕਮਨਾਮੇ ਭੇਜੇ ਕਿ ਹਥਿਆਰਬੰਦ ਹੋ ਕੇ ਜਲਦੀ ਹੀ ਉਨ੍ਹਾਂ (ਸਤਿਗੁਰਾਂ) ਪਾਸ ਆਉਣ।

ਸਰਹੰਦ ਦੇ ਨਵਾਬ ਵਜ਼ੀਰ ਖ਼ਾਨ ਨੂੰ ਵੀ ਇਹ ਖ਼ਬਰ ਮਿਲ ਗਈ ਕਿ ਗੁਰੂ ਸਾਹਿਬ ਦੀਨੇ ਪਿੰਡ ਵਿਚ ਹਨ।

ਦੀਨੇ ਦੇ ਇਕ ਸਾਧੂ ਸੀਤਲਪੁਰੀ ਦਾ ਚੇਲਾ ਸਰਹੰਦ ਦਾ ਰਹਿਣ ਵਾਲਾ ਸੀ। ਉਨ੍ਹੀਂ ਦਿਨੀਂ ਉਹ ਦੀਨੇ ਆਇਆ ਹੋਇਆ ਸੀ। ਜਦੋਂ ਉਹ ਸਰਹੰਦ ਵਾਪਸ ਗਿਆ ਤਾਂ ਉਸ ਦੀ ਰਾਹੀਂ ਉਥੇ ਇਹ ਖ਼ਬਰ ਫੈਲ ਗਈ ਕਿ ਗੁਰੂ ਜੀ ਸਹੀ ਸਲਾਮਤ ਮਾਲਵੇ ਦੇ ਪਿੰਡ ਦੀਨੇ ਵਿਚ ਪੁੱਜੇ ਹੋਏ ਹਨ। ਇਹ ਖ਼ਬਰ ਵਜ਼ੀਰ ਖ਼ਾਨ ਤੱਕ ਵੀ ਜਾ ਪੁੱਜੀ। ਸੁਣਦਿਆਂ ਹੀ ਉਸ ਦੀ ਛਾਤੀ ਤੇ ਸੱਪ ਲੇਟ ਗਿਆ। ਉਸ ਨੇ ਚੌਧਰੀ ਸ਼ਮੀਰ ਦੇ ਨਾਮ ਤੁਰਤ ਹੁਕਮ ਭੇਜਿਆ ਕਿ ਗੁਰੂ (ਸਾਹਿਬ) ਨੂੰ ਗ੍ਰਿਫ਼ਤਾਰ ਕਰਕੇ ਸਰਹੰਦ ਵਿਚ ਹਾਜ਼ਰ ਕਰੇ। ਚੌਧਰੀ ਸ਼ਮੀਰ ਅਤੇ ਉਸ ਦੇ ਭਰਾ ਸਿਦਕੀ ਸਿੱਖਾਂ ਦੀ ਤਰ੍ਹਾਂ ਅਡੋਲ ਰਹੇ। ਉਨ੍ਹਾਂ ਨਵਾਬ ਨੂੰ ਜੁਆਬ ਭੇਜਿਆ, "ਅਸੀਂ ਆਪਣੇ ਦੀਨ-ਪੈਗੰਬਰ, ਆਪਣੇ ਗੁਰੂ, ਦੀ ਸੇਵਾ ਕਰਦੇ ਹਾਂ। ਇਹ ਪਾਪ ਨਹੀਂ, ਤੇ ਨਾ ਹੀ ਜੁਰਮ ਹੈ। ਸਾਡੀਆਂ ਜਾਨਾਂ ਭਾਵੇਂ ਚਲੀਆਂ ਜਾਣ ਅਸੀਂ ਆਪਣੇ ਸਤਿਗੁਰੂ ਨੂੰ ਤੁਹਾਡੇ ਹਵਾਲੇ ਨਹੀਂ ਕਰਾਂਗੇ।" ਇਸ ਭਾਂਤ ਦੀ ਚਿੱਠੀ ਦੇ ਕੇ ਉਨ੍ਹਾਂ ਨਵਾਬ ਦੇ ਬੰਦੇ ਨੂੰ ਵਾਪਸ ਤੋਰ ਦਿੱਤਾ। ਉਸ ਦੇ ਮਗਰ ਹੀ ਆਪਣਾ ਸਿਆਣਾ ਇਤਬਾਰੀ ਬੰਦਾ ਵੀ ਭੇਜ ਦਿੱਤਾ ਤੇ ਉਸ ਨੂੰ ਤਾਕੀਦ ਕੀਤੀ ਕਿ ਹੁਸ਼ਿਆਰ ਹੋ ਕੇ ਸੂਹ

---

*ਮਾਲਵੇ ਦੇ ਇਸ ਇਲਾਕੇ ਦੇ ਭਾਈ ਸਾਧੂ ਨੇ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਤੋਂ ਸਿੱਖੀ ਧਾਰਨ ਕੀਤੀ ਸੀ। ਉਸ ਦੇ ਘਰ ਇਕ ਪੁੱਤਰ ਜੰਮਿਆ ਜਿਸ ਦਾ ਨਾਉਂ ਰੂਪਾ ਰੱਖਿਆ ਸੀ। ਦੋਵੇਂ ਪਿਉ-ਪੁੱਤਰ ਉੱਘੇ ਸਿਦਕੀ ਸਿੱਖ ਸਨ। ਗੁਰੂਸਰ ਦੇ ਜੰਗ ਵਿਚ ਇਨ੍ਹਾਂ ਨੇ ਵੀ ਸੇਵਾ ਨਿਭਾਈ। ਛੇਵੇਂ ਪਾਤਸ਼ਾਹ ਦੇ ਹੁਕਮ ਅਨੁਸਾਰ ਹੀ ਇਨ੍ਹਾਂ ਨੇ 'ਭਾਈ ਰੂਪਾ' ਨਾਮ ਦਾ ਪਿੰਡ ਵਸਾਇਆ ਸੀ। ਭਾਈ ਰੂਪਾ ਰੇਲਵੇ ਸਟੇਸ਼ਨ ਰਾਮਪੁਰਾ ਫੂਲ ਤੋਂ 18 ਕਿਲੋਮੀਟਰ ਉੱਤਰ ਵੱਲ ਹੈ।

ਰੱਖਣੀ ਕਿ ਨਵਾਬ ਦਾ ਕੀ ਇਰਾਦਾ ਹੈ। ਇਸ ਆਦਮੀ ਨੇ ਖ਼ਬਰ ਭੇਜੀ ਕਿ ਨਵਾਬ ਨੇ ਫ਼ੌਜ ਨੂੰ ਤਿਆਰ ਰਹਿਣ ਦਾ ਹੁਕਮ ਦੇ ਦਿੱਤਾ ਹੈ, ਪਰ ਹਾਲੇ ਕੂਚ ਦਾ ਹੁਕਮ ਨਹੀਂ ਦਿੱਤਾ।

ਗੁਰੂ ਜੀ ਦੀਨਾ ਪਿੰਡ ਵਿਖੇ ਕਾਫ਼ੀ ਸਮਾਂ ਠਹਿਰੇ। ਇੱਥੇ ਬਹੁਤ ਸਾਰੇ ਸਿੱਖ-ਯੋਧੇ ਸਤਿਗੁਰਾਂ ਦੀ ਸੇਵਾ ਵਿਚ ਆ ਹਾਜ਼ਰ ਹੋਏ। ਗੁਰੂ ਜੀ ਨੇ ਕੁਝ ਆਦਮੀ ਤਨਖ਼ਾਹਦਾਰ ਵੀ ਭਰਤੀ ਕਰ ਲਏ।

***ਜ਼ਫ਼ਰਨਾਮਾ***

ਚੌਧਰੀ ਸ਼ਮੀਰ ਪਾਸ ਰਹਿਣ ਸਮੇਂ ਹੀ ਦਸਮ-ਪਾਤਸ਼ਾਹ ਨੇ ਔਰੰਗਜ਼ੇਬ ਵੱਲ ਫ਼ਾਰਸੀ ਵਿਚ ਇਕ ਚਿੱਠੀ ਲਿੱਖੀ ਜਿਸ ਦਾ ਨਾਂ ਆਪ ਨੇ 'ਜ਼ਫ਼ਰਨਾਮਾ' (ਫ਼ਤਹਿ ਜਾਂ ਜਿੱਤ ਦੀ ਚਿੱਠੀ) ਰੱਖਿਆ। ਇਹ 112 ਸ਼ੇਅਰਾਂ (ਪਦਿਆਂ) ਦੀ ਰਚਨਾ ਹੈ। ਇਸਦੇ ਪਹਿਲੇ 12 ਸ਼ੇਅਰ ਅਕਾਲਪੁਰਖ ਦੀ ਉਸਤਤੀ ਦੇ ਹਨ। ਉਪਰੰਤ ਔਰੰਗਜ਼ੇਬ ਦੀਆਂ ਕਸਮਾਂ ਤੇ ਉਨ੍ਹਾਂ ਤੋਂ ਮੁਕਰਨ ਦਾ ਬਿਆਨ ਹੈ, ਜਿਸ ਦੇ ਨਾਲ ਹੀ ਉਸ ਦੇ ਅਤਿਆਚਾਰੀ ਜੀਵਨ ਦਾ ਸੰਕੇਤ ਹੈ। ਬਾਦਸ਼ਾਹਾਂ ਦੇ ਫ਼ਰਜ਼, ਰਾਜਨੀਤੀ ਤੇ ਮਨੁੱਖ ਦੇ ਉੱਚੇ ਆਦਰਸ਼ਕ ਜੀਵਨ ਸੰਬੰਧੀ ਅਗਵਾਈ ਵੀ ਕੀਤੀ ਹੈ। ਧਾਰਮਿਕ ਜੀਵਨ ਅਤੇ ਅਕਾਲ ਪੁਰਖ ਵਿਚ ਅਟੱਲ ਭਰੋਸਾ ਦ੍ਰਿੜ ਕਰਵਾਇਆ ਹੈ। ਚਮਕੌਰ ਦੀ ਲੜਾਈ ਦਾ ਸੰਖੇਪ ਜਿਹਾ ਦ੍ਰਿਸ਼ ਪੇਸ਼ ਕਰਕੇ ਸਿੱਖਾਂ ਦੀ ਸੂਰਬੀਰਤਾ ਨੂੰ ਪ੍ਰਗਟਾਇਆ ਹੈ। ਬਾਦਸ਼ਾਹ ਨੂੰ ਸੱਚੇ ਮਾਰਗ ਤੇ ਚੱਲਣ ਦੀ ਪ੍ਰੇਰਨਾ ਦਿੰਦੇ ਹੋਇਆਂ ਉਸ ਨੂੰ ਦੀਨੇ-ਕਾਂਗੜ ਮੁਲਾਕਾਤ ਕਰਨ ਦੀ ਪੇਸ਼ਕਸ਼ ਕੀਤੀ ਹੈ। ਇਸ ਰਚਨਾ ਵਿਚੋਂ ਹੇਠਾਂ ਉਨ੍ਹਾਂ ਪਦਾਂ ਦੇ ਅਰਥ ਦਿੱਤੇ ਜਾਂਦੇ ਹਨ, ਜਿਨ੍ਹਾਂ ਵਿਚ ਔਰੰਗਜ਼ੇਬ ਨੂੰ ਝੰਜੋੜਿਆ ਗਿਆ ਹੈ ਤੇ ਅੰਤ-ਸੰਕਟ ਸਮੇਂ ਵੀ ਚੜ੍ਹਦੀਆਂ ਕਲਾਂ ਵਿਚ ਰਹਿਣ ਦੀ ਗਵਾਹੀ ਮਿਲਦੀ ਹੈ :

(1) ਹੇ ਪਰਮੇਸ਼ਰ! ਤੂੰ ਅਲੌਕਿਕ ਸ਼ਕਤੀਆਂ ਦਾ ਮਾਲਕ ਹੈਂ, ਹਮੇਸ਼ਾ ਰਹਿਣ ਵਾਲਾ ਹੈ, ਤੇ ਕਿਰਪਾਲੂ ਹੈਂ। ਤੂੰ ਖ਼ੁਸ਼ੀਆਂ ਬਖਸ਼ਣ ਵਾਲਾ, ਰਿਜ਼ਕਦਾਤਾ, ਮੁਕਤੀ-ਦਾਤਾ ਅਤੇ ਰਹਿਮ ਕਰਨ ਵਾਲਾ ਹੈਂ॥ ੧॥

(ਇਸ ਪਹਿਲੇ ਸ਼ੇਅਰ ਵਿਚ ਅਕਾਲ ਪੁਰਖ ਦਾ ਮੰਗਲਾਚਰਣ ਕੀਤਾ ਗਿਆ ਹੈ। ਅਗਲੇ 11 ਸ਼ੇਅਰਾਂ ਵਿਚ ਵੀ ਪ੍ਰਭੂ ਦੀ ਉਸਤਤਿ ਹੀ ਕੀਤੀ ਹੈ। ਫਿਰ ਚਿੱਠੀ ਦਾ ਅਸਲ ਮਜ਼ਮੂਨ ਆਰੰਭਿਆ ਹੈ।)

(2) ਇਕੋ ਇਕ ਵਾਹਿਗੁਰੂ ਸਾਖੀ ਹੈ, ਮੈਨੂੰ ਤੇਰੀ (ਔਰੰਗਜ਼ੇਬ ਦੀ) ਇਸ ਕਸਮ ਉਤੇ ਕੋਈ ਭਰੋਸਾ ਨਹੀਂ ॥ ੧੩॥

(3) ਮੈਨੂੰ ਉਸ ਉੱਤੇ ਰਤਾ ਭਰ ਵੀ ਭਰੋਸਾ ਨਹੀਂ, ਜਿਸ ਦੇ ਬਖਸ਼ੀ ਤੇ ਦੀਵਾਨ (ਅਰਥਾਤ ਸੈਨਿਕ ਤੇ ਅਸੈਨਿਕ ਅਧਿਕਾਰੀ) ਸਾਰੇ ਹੀ ਝੂਠ ਬੋਲਣ ਵਾਲੇ ਹੋਣ॥ ੧੪॥

(4) ਜੋ ਆਦਮੀ (ਤੇਰੀ) ਕੁਰਾਨ ਦੀ ਸਹੁੰ ਉਤੇ ਵਿਸ਼ਵਾਸ ਕਰ ਲਵੇ, ਉਹ ਅੰਤ

ਨੂੰ ਖੁਆਰ ਹੁੰਦਾ ਹੈ ॥ ੧੫॥

(5) ਜੇ ਕੋਈ ਹੁਮਾ-ਪੰਛੀ ਦੇ ਪਰਛਾਂਵੇਂ ਥੱਲੇ ਆ ਗਿਆ, ਉਸ ਨੂੰ ਕਾਂ ਹੱਥ ਨਹੀਂ ਪਾ ਸਕਦਾ। ਭਾਵ ਕਿ ਮੇਰੇ ਸਿਰ ਉੱਤੇ ਪਰਮੇਸ਼ਰ ਦਾ ਸਾਇਆ ਹੈ, ਇਸ ਲਈ ਚਲਾਕ ਕਾਂ ਮੇਰਾ ਕੁਝ ਨਹੀਂ ਵਿਗਾੜ ਸਕਦੇ॥ ੧੬॥

(ਹੁਮਾ - ਇਹ ਇਕ ਪ੍ਰਕਾਰ ਦਾ ਪੰਛੀ ਹੈ, ਜਿਸ ਬਾਰੇ ਇਹ ਪ੍ਰਸਿੱਧ ਹੈ ਕਿ ਉਹ ਜਿਸ ਦੇ ਸਿਰ ਉਤੋਂ ਲੰਘ ਜਾਵੇ, ਉਹ ਬਾਦਸ਼ਾਹ ਬਣ ਜਾਂਦਾ ਹੈ।

(6) ਜੇਕਰ ਮੈਂ ਕੁਰਾਨ ਦੀ ਕਸਮ ਗੁਪਤ ਰੂਪ ਵਿਚ ਵੀ ਖਾਧੀ ਹੁੰਦੀ, ਤਾਂ ਮੈਂ ਆਪਣੀ ਪਿਆਰੀ ਫੌਜ ਨੂੰ ਇਕ ਕਦਮ ਵੀ ਅੱਗੇ ਨਾ ਵਧਾਉਂਦਾ। (ਭਾਵ ਤੂੰ ਕਸਮ ਖਾ ਕੇ ਵੀ ਉਸ ਉੱਤੇ ਕਾਇਮ ਨਹੀਂ ਰਿਹਾ)॥ ੧੮॥

(7) ਭੁੱਖੇ-ਭਾਣੇ ਚਾਲ੍ਹੀ ਆਦਮੀ ਕੀ ਕਰ ਸਕਦੇ ਸਨ, ਜੇ ਉਨ੍ਹਾਂ ਉਤੇ ਅਚਨਚੇਤ ਦਸ ਲੱਖ (ਅਣਗਿਣਤ) ਦੀ ਫ਼ੌਜ ਟੁੱਟ ਪਵੇ॥ ੧੯॥ (ਚਮਕੌਰ ਦੀ ਜੰਗ ਵੱਲ ਸੰਕੇਤ)

(8) ਤੇਰਾ ਇਹ ਬਚਨ ਭੰਗ ਕਰਨ ਵਾਲਾ ਲਸ਼ਕਰ, ਤੇਗ, ਤੀਰ ਤੇ ਬੰਦੂਕਾਂ ਲੈ ਕੇ ਝਟਪਟ ਬੇਤਹਾਸ਼ਾ ਆ ਪਿਆ॥ ੨੦॥

(9) ਇਸ ਲਈ ਮੈਨੂੰ ਮਜਬੂਰਨ ਜੰਗ ਦੇ ਮੈਦਾਨ ਵਿਚ ਆਉਣਾ ਪਿਆ ਅਤੇ ਤੀਰ-ਕਮਾਨ ਆਦਿ ਸ਼ਸਤਰ ਵਰਤਣੇ ਪਏ॥ ੨੧॥

(10) **ਜਦੋਂ ਕੋਈ ਕੰਮ ਸਾਰੇ ਹੀਲੇ, ਉਪਾਵਾਂ ਤੋਂ ਲੰਘ ਜਾਵੇ ਤਾਂ ਹੱਥ ਵਿਚ ਤਲਵਾਰ ਲੈਣਾ ਹੀ ਜਾਇਜ਼ ਹੈ॥ ੨੨॥**

(11) ਹੁਣ ਮੈਂ ਤੇਰੀ ਕੁਰਾਨ ਦੀ ਕਸਮ ਦਾ ਕੀ ਇਤਬਾਰ ਕਰਾਂ। ਵਰਨਾ ਤੂੰਹੀਉਂ ਦੱਸ ਮੇਰਾ ਇਸ (ਲੜਾਈ-ਭਿੜਾਈ ਦੇ) ਰਾਹ ਨਾਲ ਕੀ ਵਾਸਤਾ॥ ੨੩॥

(12) ਜਿਹੜਾ ਆਦਮੀ ਕੁਰਾਨ ਦੀ ਸਹੁੰ ਉੱਤੇ ਵਿਸ਼ਵਾਸ ਕਰ ਲਵੇ ਉਸ ਨੂੰ ਕੈਦ ਵਿਚ ਬੰਨ੍ਹਣਾ ਜਾਂ ਮਾਰਨਾ ਠੀਕ ਨਹੀਂ। ੨੫।

(13) ਆਖਰ ਲੜਾਈ ਵਿਚ ਇਕੱਲੀ ਸੁਰਮਗਤੀ ਕੀ ਕਰ ਸਕਦੀ ਹੈ, ਜੇਕਰ ਚਾਲੀ ਆਦਮੀਆਂ ਉੱਤੇ ਅਣਗਿਣਤ ਫ਼ੌਜ ਧਾਵਾ ਬੋਲ ਦੇਵੇ॥ ੪੧॥

(14) ਮੈਨੂੰ ਇਹ ਪਤਾ ਨਹੀਂ ਸੀ ਕਿ ਇਕਰਾਰ ਤੋੜਨ ਵਾਲਾ (ਔਰੰਗਜ਼ੇਬ) ਟਕੇ (ਧਨ) ਦਾ ਮੁਰੀਦ ਹੈ, ਤੇ ਧਰਮ-ਈਮਾਨ ਨੂੰ ਪਰੇ ਸੁਟ ਦੇਣ ਵਾਲਾ ਹੈ॥ ੪੫॥

(15) ਨਾ ਤੂੰ ਦੀਨ-ਇਮਾਨ ਉਤੇ ਕਾਇਮ ਹੈਂ, ਨਾ ਹੀ ਤੂੰ ਸ਼ਰ੍ਹਾ-ਸ਼ਰੀਅਤ ਦਾ ਪਾਬੰਦ ਹੈਂ। ਨਾ ਤੈਨੂੰ ਪਰਮਾਤਮਾ ਦੀ ਪਛਾਣ ਹੈ ਅਤੇ ਨਾ ਹੀ ਤੇਰਾ ਹਜ਼ਰਤ ਮੁਹੰਮਦ ਉਤੇ ਹੀ ਭਰੋਸਾ ਹੈ। ੪੬।

(16) ਭਾਵੇਂ ਤੂੰ ਕੁਰਾਨ ਦੀਆਂ ਸੌ ਕਸਮਾਂ ਵੀ ਖਾਵੇਂ, ਮੈਨੂੰ ਤੇਰੇ ਉਤੇ ਰਤਾ ਵੀ ਇਤਬਾਰ ਨਹੀਂ॥ ੪੯॥

(17) ਜੋ ਕੁਝ ਤੇਰੇ ਕਾਜ਼ੀ ਨੇ ਮੈਨੂੰ ਕਿਹਾ ਹੈ, ਮੈਂ ਉਸ ਤੋਂ ਬਾਹਰ ਨਹੀਂ। ਜੇ ਤੂੰ ਸਚਾਈ

ਉੱਤੇ ਹੈਂ, ਤਾਂ ਤੂੰ ਖ਼ੁਦ ਸਾਡੇ ਪਾਸ ਆ॥ ੫੬॥

(18) ਜੇ ਤੂੰ ਕਾਂਗੜ* ਵਿਚ ਤਸ਼ਰੀਫ਼ ਲਿਆਵੇਂ ਤਾਂ ਉਸ ਉਪਰੰਤ ਆਪਣੀ ਮੁਲਾਕਾਤ ਹੋ ਸਕੇਗੀ॥ ੫੮॥

(19) ਤੈਨੂੰ ਏਸ ਰਸਤੇ ਆਉਣ ਵਿਚ ਕੋਈ ਖ਼ਤਰਾ ਨਹੀਂ ਕਿਉਂਕਿ ਇਸ ਇਲਾਕੇ ਵਿਚ ਵੱਸਣ ਵਾਲੀ ਸਾਰੀ ਬੈਰਾੜ ਕੌਮ ਮੇਰੇ ਹੁਕਮ ਵਿਚ ਹੈ॥ ੫੯॥

(20) ਤੈਨੂੰ ਇਹ ਚਾਹੀਦਾ ਹੈ ਕਿ ਤੂੰ ਸੱਚੇ ਰੱਬ ਨੂੰ ਪਛਾਣੇਂ ਅਤੇ ਕਿਸੇ ਦੇ ਕਹਿਣ ਉਤੇ ਜ਼ੁਲਮ ਨਾ ਕਰੇਂ। ੬੫।

(21) ਤੇਰਾ ਇਹ ਇਨਸਾਫ਼ ਤੇ ਤੇਰੀ ਇਹ ਧਰਮ ਪਾਲਣਾ ਅਨੋਖੀ ਜਿਹੀ ਹੈ। ਤੇਰੀ ਇਸ ਸਰਦਾਰੀ ਉੱਤੇ ਅਫ਼ਸੋਸ ਹੈ, ਸੌ ਵਾਰੀ ਅਫਸੋਸ॥ ੬੭॥

(22) ਤੂੰ ਕਿਸੇ ਉਤੇ ਬੇਫਿਕਰ ਹੋ ਕੇ ਤਲਵਾਰ ਨਾ ਚਲਾ, ਕਿਉਂਕਿ ਤੇਰਾ ਲਹੂ ਵੀ ਗੈਬੀ ਸ਼ਕਤੀ (ਮੌਤ) ਨੇ ਤੇਗ ਨਾਲ ਵੀਟਣਾ ਹੈ॥ ੬੯॥

(23) ਕੀ ਹੋਇਆ ਜੇ ਮੇਰੇ ਚਾਰ ਬੱਚੇ ਮਾਰੇ ਗਏ; ਅਜੇ ਤਾਂ ਕੁੰਡਲੀਦਾਰ ਭੁਝੰਗੀ (ਖ਼ਾਲਸਾ) ਬਾਕੀ ਹੈ॥ ੭੮॥

(24) ਚੰਗਿਆੜਿਆਂ ਨੂੰ ਬੁਝਾਉਣ ਵਿਚ ਤੇਰੀ ਕੀ ਬਹਾਦਰੀ ਹੈ, ਜਦ ਕਿ ਤੂੰ ਇਕ ਪ੍ਰਚੰਡ ਜੁਆਲਾ ਨੂੰ ਹੋਰ ਭੜਕਾ ਰਿਹਾ ਹੈਂ॥ ੭੯॥

(25) ਕਿਰਪਾਲੂ ਪ੍ਰਮੇਸ਼ਵਰ ਤੈਨੂੰ ਨਹੀਂ ਪਛਾਣਦਾ (ਕੁਝ ਨਹੀਂ ਸਮਝਦਾ)। ਤੇਰੀ ਵੱਡੀ ਦੌਲਤ ਤੇ ਪਾਤਸ਼ਾਹੀ ਦੇ ਬਾਵਜੂਦ ਵੀ ਉਹ ਤੈਨੂੰ ਨਹੀਂ ਪਛਾਣਦਾ। ੮੬।

(26) ਜੇ ਤੇਰੀ ਨਜ਼ਰ ਆਪਣੀਆਂ ਫ਼ੌਜਾਂ ਤੇ ਦੌਲਤ ਦੇ ਖਜ਼ਾਨਿਆਂ ਉਤੇ ਹੈ, ਤਾਂ ਸਾਡੀ ਨਿਗਾਹ ਉਸ ਅਕਾਲ ਪੁਰਖ ਦੇ ਸ਼ੁਕਰਾਨੇ ਵੱਲ ਹੈ॥ ੧੦੫॥

(27) ਜੇ ਤੂੰ ਤਕੜਾ ਜਾਬਰ ਵੀ ਹੈਂ, ਤਾਂ ਗਰੀਬਾਂ ਨੂੰ ਨਾ ਸਤਾ ਅਤੇ ਆਪਣੀ ਖਾਧੀ ਕਸਮ ਨੂੰ ਤੇਸੇ ਨਾਲ ਨਾ ਛਿਲ। (ਅਰਥਾਤ ਤੂੰ ਆਪਣਾ ਬਚਨ ਭੰਗ ਨਾ ਕਰ)॥ ੧੦੯॥

(28) ਜੇ ਰੱਬ ਦੋਸਤ ਹੋਵੇ, ਤਾਂ ਦੁਸ਼ਮਣ ਕੀ ਵਿਗਾੜ ਸਕਦਾ ਹੈ, ਭਾਵੇਂ ਉਹ ਸੌ ਗੁਣਾ ਵੈਰ ਵੀ ਕਰੇ॥ ੧੧੦॥

ਜਿਸ ਅਸਥਾਨ 'ਤੇ 'ਜ਼ਫਰਨਾਮਾ' ਲਿਖਿਆ ਗਿਆ ਸੀ, ਉੱਥੇ ਹੁਣ ਗੁਰਦੁਆਰਾ 'ਗੁਰਦੁਆਰਾ ਜ਼ਫ਼ਰਨਾਮਾ ਸਾਹਿਬ' ਸੁਸ਼ੋਭਿਤ ਹੈ। ਇਹ ਪਿੰਡ 'ਦਿਆਲਪੁਰਾ ਭਾਈ ਕਾ' ਦੀ ਹੱਦ ਵਿਚ ਆਉਂਦਾ ਹੈ ਅਤੇ ਦੀਨਾ ਤੇ ਕਾਂਗੜ ਤੋਂ ਵੀ ਨੇੜੇ ਹੈ।

ਦੀਨੇ ਪਿੰਡ ਜਿਸ ਚੁਬਾਰੇ ਵਿਚ ਗੁਰੂ ਸਾਹਿਬ ਦੀ ਰਿਹਾਇਸ਼ ਸੀ, ਉੱਥੇ ਗੁਰਦੁਆਰਾ 'ਲੋਹਗੜ੍ਹ ਸਾਹਿਬ' ਸੁਸ਼ੋਭਿਤ ਹੈ।

ਸਤਿਗੁਰਾਂ ਨੇ ਇਹ ਚਿੱਠੀ ਭਾਈ ਦਇਆ ਸਿੰਘ ਜੀ ਦੇ ਹਵਾਲੇ ਕੀਤੀ। ਚਾਰ ਸਿੰਘਾਂ

---

*ਕਾਂਗੜ ਨਾਮ ਦਾ ਪਿੰਡ ਦੀਨੇ ਪਿੰਡ ਤੋਂ ਚਾਰ ਕਿਲੋਮੀਟਰ ਦੀ ਵਿੱਥ 'ਤੇ ਹੈ।

ਨੂੰ ਉਨ੍ਹਾਂ ਦੇ ਨਾਲ ਤੋਰਿਆ ਤੇ ਹੁਕਮ ਕੀਤਾ ਕਿ ਇਹ ਦੱਖਣ ਵਿਚ ਜਾ ਕੇ ਔਰੰਗਜ਼ੇਬ ਨੂੰ ਦੇਣੀ ਹੈ। ਭਾਈ ਸਾਹਿਬ ਨੇ ਅਹਿਮਦ ਨਗਰ ਪਹੁੰਚ ਕੇ 'ਜ਼ਫ਼ਰਨਾਮਾ' ਔਰੰਗਜ਼ੇਬ ਤੱਕ ਪਹੁੰਚਾਇਆ। ਇਸ ਨੂੰ ਪੜ੍ਹ ਕੇ ਔਰੰਗਜ਼ੇਬ ਦੇ ਦਿਲ ਉਤੇ ਬੜਾ ਡੂੰਘਾ ਅਸਰ ਹੋਇਆ। ਉਸ ਨੂੰ ਗੁਰੂ ਜੀ ਵਿਰੁੱਧ ਕੀਤੀ ਗਈ ਸਖ਼ਤੀ ਬਾਰੇ ਪਛਤਾਵਾ ਮਹਿਸੂਸ ਹੋਇਆ। ਉਸ ਨੇ ਭਾਈ ਦਇਆ ਸਿੰਘ ਤੇ ਹੋਰ ਸਿੰਘਾਂ ਨੂੰ ਸਹੀ ਸਲਾਮਤ ਤੇ ਬਿਨਾਂ ਰੋਕ-ਟੋਕ ਵਾਪਸ ਜਾਣ ਦਾ ਪ੍ਰਵਾਨਾ ਦਿੱਤਾ। ਨਾਲ ਹੀ ਉਸ ਨੇ ਆਪਣੇ ਅਹਿਲਕਾਰਾਂ ਤੇ ਤਾਅਬੇਦਾਰਾਂ ਦੇ ਨਾਮ ਹੁਕਮ ਜਾਰੀ ਕੀਤੇ ਕਿ ਗੁਰੂ ਜੀ ਨਾਲ ਕੋਈ ਲੜਾਈ ਨਾ ਕਰੇ, ਉਨ੍ਹਾਂ ਨੂੰ ਦੁੱਖ-ਤਕਲੀਫ਼ ਨਾ ਦੇਵੇ। ਉਹ ਜਿੱਥੇ ਚਾਹੁਣ, ਉਨ੍ਹਾਂ ਨੂੰ ਉੱਥੇ ਰਹਿਣ ਤੇ ਜਾਣ ਦੀ ਪੂਰੀ ਖੁਲ੍ਹ ਹੋਵੇ।

ਔਰੰਗਜ਼ੇਬ ਦੇ ਇਨ੍ਹਾਂ ਹੁਕਮਾਂ ਤੋਂ ਹੀ ਪਤਾ ਲਗਦਾ ਹੈ ਕਿ ਉਸ ਦੇ ਮਨ ਉੱਤੇ ਜ਼ਫ਼ਰਨਾਮੇ ਦਾ ਡੂੰਘਾ ਅਸਰ ਹੋਇਆ ਸੀ। ਉਸ ਦੀ ਮਾਨਸਿਕ ਦਸ਼ਾ ਆਪਣੇ ਬੇਟੇ ਆਜ਼ਮ ਨੂੰ ਲਿਖੇ ਪੱਤਰ ਤੋਂ ਹੋਰ ਨਿਖਰ ਕੇ ਪ੍ਰਗਟ ਹੁੰਦੀ ਹੈ। ਸਰ ਜਾਦੂਨਾਥ ਸਰਕਾਰ ਦੇ ਕਥਨ ਅਨੁਸਾਰ ਔਰੰਗਜ਼ੇਬ ਨੇ ਲਿਖਿਆ,"ਪਿਛਲੀ ਉਮਰੇ ਬੁਢੇਪੇ ਦੀ ਕਮਜ਼ੋਰੀ ਨੇ ਢਾਹ ਲਿਆ ਹੈ। ਮੇਰੇ ਅੰਗ ਤੇ ਨੈਣ ਸ਼ਕਤੀਹੀਨ ਹੋ ਗਏ ਹਨ। ਮੈ ਇਕੱਲਾ ਆਇਆ ਸੀ ਤੇ ਇਕੱਲਾ ਜਾ ਰਿਹਾ ਹਾਂ। ਮੈਨੂੰ ਇਤਨਾ ਵੀ ਗਿਆਨ ਨਹੀਂ ਕਿ ਮੈਂ ਕੌਣ ਹਾਂ, ਕੀ ਕਰਦਾ ਰਿਹਾ ਹਾਂ, ਤੇ ਕਿੱਥੇ ਜਾਣਾ ਹੈ। ਜੋ ਸਮਾਂ ਬੰਦਗੀ ਤੋਂ ਬਗ਼ੈਰ ਮੈਂ ਗੁਜ਼ਾਰ ਦਿੱਤਾ ਹੈ, ਉਸ ਦਾ ਮੈਨੂੰ ਪਛਤਾਵਾ ਹੈ। ਮੈਂ ਆਪਣੇ ਰਾਜ ਵਿਚ ਚੰਗੀ ਹਕੂਮਤ ਨਹੀਂ ਕਰ ਸਕਿਆ ਤੇ ਨਾ ਹੀ ਲੋਕਾਂ ਦਾ ਪਿਆਰ ਜਿੱਤ ਸਕਿਆ ਹਾਂ। ਮੈਂ ਦੁਨੀਆਂ ਵਿਚ ਖ਼ਾਲੀ ਹੱਥ ਆਇਆ ਸਾਂ, ਪਰ ਜਾਂਦੀ ਵਾਰੀ ਪਾਪਾਂ ਦਾ ਭਾਰ ਲੈ ਕੇ ਜਾ ਰਿਹਾ ਹਾਂ। ਪਤਾ ਨਹੀਂ ਕਿ ਕੀਤੇ ਗੁਨਾਹਾਂ ਬਦਲੇ ਮੈਨੂੰ ਕਿਤਨੀ ਕੁ ਸਜ਼ਾ ਮਿਲੇਗੀ।"

ਹਮੀਦ-ਉਦ-ਦੀਨ ਨੇ ਆਪਣੀ ਪੁਸਤਕ ਦੇ ਪੰਨਾ 183 ਤੇ ਔਰੰਗਜ਼ੇਬ ਦੀ ਆਖ਼ਰੀ ਵਸੀਅਤ ਲਿਖੀ ਹੈ। ਉਸ ਦੇ ਸਿਰ੍ਹਾਣੇ ਹੇਠੋਂ ਕਾਗਜ਼ ਦੇ ਕੁਝ ਟੁਕੜੇ ਨਿਕਲੇ ਸਨ। ਖ਼ਤ ਦੇ ਕੁਝ ਅੰਸ਼ ਹੇਠਾਂ ਲਿਖੇ ਜਾਂਦੇ ਹਨ :

"ਕੋਈ ਸ਼ੱਕ ਨਹੀਂ ਕਿ ਮੈਂ ਹਿੰਦੁਸਤਾਨ ਦਾ ਬਾਦਸ਼ਾਹ ਰਿਹਾ ਹਾਂ, ਪਰ ਅਫ਼ਸੋਸ ਹੈ ਕਿ ਕੋਈ ਭਲਾ ਕੰਮ ਨਹੀਂ ਕੀਤਾ। ਮੇਰੀ ਆਤਮਾ ਫਿਟਕਾਰ ਕੇ ਮੈਨੂੰ ਕਹਿ ਰਹੀ ਹੈ : ਮੈਂ ਗੁਨਾਹਗਾਰ ਹਾਂ।"

"ਮੇਰੀ ਕਬਰ ਦੇ ਨੇੜੇ ਤੇੜੇ ਕੋਈ ਦਰੱਖ਼ਤ ਨਾ ਲਾਉਣਾ। ਮੇਰੇ ਜੈਸੇ ਪਾਪੀ ਨੂੰ ਕੋਈ ਹੱਕ ਨਹੀਂ ਕਿ ਉਸ ਦੀ ਲਾਸ਼ ਵੀ ਦਰੱਖਤ ਦੀ ਠੰਢੀ ਛਾਂ ਮਾਣੇ।"

ਅੰਤ ਵਿਚ ਲਿਖਿਆ ਹੈ :

"ਰੱਬ ਕਿਸੇ ਨੂੰ ਬਾਦਸ਼ਾਹ ਨਾ ਬਣਾਏ। ਬਾਦਸ਼ਾਹ ਦੁਨੀਆਂ ਦਾ ਸਭ ਤੋਂ ਬਦਬਖ਼ਤ ਮਨੁੱਖ ਹੁੰਦਾ ਹੈ। ਰੱਬ ਵਾਸਤੇ ਮੇਰੇ ਪਾਪਾਂ ਦਾ ਜ਼ਿਕਰ ਨਾ ਕੀਤਾ ਜਾਵੇ। ਮੇਰੀ ਜ਼ਿੰਦਗੀ ਅਜਾਈਂ ਗਈ। ਮੇਰੀ ਜ਼ਿੰਦਗੀ ਦੀ ਕੋਈ ਕਹਾਣੀ ਨਾ ਦੱਸੀ ਜਾਵੇ।"[25]

ਅਜੇ ਔਰੰਗਜ਼ੇਬ ਦੇ ਹੁਕਮ ਪੰਜਾਬ ਵਿਚ ਨਹੀਂ ਸਨ ਪੁੱਜੇ ਕਿ ਸਰਹੰਦ ਦੇ ਨਵਾਬ ਨੇ ਗੁਰੂ ਜੀ ਵਿਰੁੱਧ ਫ਼ੌਜ ਚਾੜ੍ਹ ਦਿੱਤੀ।

### *ਮੁਕਤਸਰ ਦਾ ਜੰਗ*

ਗੁਰੂ ਜੀ ਨੂੰ ਦੀਨੇ ਪਿੰਡ ਹੀ ਪਤਾ ਲੱਗ ਗਿਆ ਕਿ ਵਜ਼ੀਰ ਖ਼ਾਨ ਨੇ ਫ਼ੌਜ ਨੂੰ ਕੂਚ ਦਾ ਹੁਕਮ ਦੇ ਦਿੱਤਾ ਹੈ। ਸਤਿਗੁਰਾਂ ਨੇ ਨਗਰ ਵਾਸੀਆਂ ਦੇ ਭਲੇ ਖ਼ਾਤਰ ਨਗਰ ਵਿਚ ਲੜਾਈ ਕਰਨੀ ਠੀਕ ਨਾ ਸਮਝੀ ਤੇ ਅਗਾਂਹ ਜੰਗਲ ਵੱਲ ਕਿਸੇ ਢੁਕਵੀਂ ਥਾਂ ਤੇ ਦੁਸ਼ਮਣਾਂ ਦਾ ਮੁਕਾਬਲਾ ਕਰਨ ਦਾ ਫ਼ੈਸਲਾ ਕੀਤਾ। ਆਪ ਦੀਨੇ ਪਿੰਡ ਤੋਂ ਤੁਰ ਪਏ। ਆਪ ਜੀ ਨਾਲ ਕਾਫ਼ੀ ਸਿੱਖ-ਸੂਰਮੇ ਸਨ ਜੋ ਹਰ ਪ੍ਰਕਾਰ ਦੀ ਕੁਰਬਾਨੀ ਕਰਨ ਨੂੰ ਤਿਆਰ ਸਨ। ਇਨ੍ਹਾਂ ਤੋਂ ਸਿਵਾ ਤਨਖ਼ਾਹਦਾਰ ਫ਼ੌਜੀ ਵੀ ਸਨ ਅਤੇ ਆਪ ਨੇ ਗੋਲੀ ਸਿੱਕਾ ਤੇ ਸ਼ਸਤਰ ਵੀ ਚੋਖੀ ਗਿਣਤੀ ਵਿਚ ਇਕੱਠੇ ਕਰ ਲਏ ਸਨ।

ਜਲਾਲ, ਭਗਤਾ ਪੱਤੋ, ਲੰਭਾਂਵਾਲੀ, ਮਲੂਕੇ ਦਾ ਕੋਟ ਆਦਿਕ ਪਿੰਡਾਂ ਥਾਣੀਂ ਗੁਰੂ ਜੀ ਕੋਟ ਕਪੂਰੇ ਪੁੱਜੇ। ਇਹ ਥਾਂ ਇਕ ਢਾਬ ਦੇ ਵਿਚਕਾਰ ਉੱਚੇ ਧੋੜੇ ਉੱਪਰ ਸੀ ਤੇ ਵੈਰੀ ਦਲ ਦਾ ਵਾਰ ਰੋਕਣ ਲਈ ਬੜੀ ਢੁਕਵੀਂ ਸੀ। ਗੁਰੂ ਜੀ ਨੇ ਇਸਦੇ ਮਾਲਕ ਕਪੂਰੇ ਨੂੰ ਕਿਹਾ ਕਿ ਸਾਨੂੰ ਇਸ ਗੜ੍ਹੀ ਵਿਚ ਮੋਰਚੇ ਲਾ ਕੇ ਮੁਗ਼ਲਾਂ ਨਾਲ ਦੋ ਹੱਥ ਕਰ ਲੈਣ ਦਿਓ। ਪਹਿਲਾਂ ਤਾਂ ਕਪੂਰੇ ਨੇ ਆਪ ਦਾ ਸੁਆਗਤ ਕੀਤਾ, ਪਰ ਪਿਛੋਂ ਡਰ ਗਿਆ। ਉਸ ਨੇ ਗੜ੍ਹੀ ਵਿਚ ਥਾਂ ਦੇਣ ਤੋਂ ਨਾਂਹ ਕਰ ਦਿੱਤੀ ਤੇ ਕਿਹਾ, 'ਤੁਰਕ ਮੈਨੂੰ ਮਾਰ ਦੇਣਗੇ।' ਇਹ ਸੁਣ ਕੇ ਕਪੂਰੇ ਤੋਂ ਗੁਰੂ ਜੀ ਨੇ ਇਨੀ ਸਹਾਇਤਾ ਹੀ ਮੰਗੀ ਉਹ ਰਾਹ ਦੱਸ ਦੇਵੇ ਅਤੇ ਇਹ ਸੂਹ ਦੇਵੇ ਕਿ ਮੁਗ਼ਲ ਕਿਧਰੋਂ ਆ ਰਹੇ ਹਨ। ਕਪੂਰੇ ਨੇ ਆਪਣੇ ਭਤੀਜੇ ਖ਼ਾਨ ਬਰਾੜ ਨੂੰ ਗੁਰੂ ਜੀ ਨਾਲ ਤੋਰ ਦਿੱਤਾ।

ਕੋਟ ਕਪੂਰੇ ਤੋਂ ਦੋ ਕੋਹਾਂ ਤੇ ਪਿੰਡ ਢਿਲਵਾਂ ਕੁਲਰੇ ਹੈ। ਬਾਬਾ ਪ੍ਰਿਥੀ ਚੰਦ ਦੀ ਸੰਤਾਨ ਵਿਚੋਂ ਸੋਢੀ ਕੌਲ ਜੀ ਇੱਥੇ ਹੀ ਰਹਿੰਦੇ ਸਨ। ਗੁਰੂ ਜੀ ਕੋਟ ਕਪੂਰੇ ਤੋਂ ਢਿਲਵੀਂ ਆਏ। ਅਜੇ ਤੱਕ ਉਨ੍ਹਾਂ ਨੇ ਨੀਲੇ ਬਸਤਰ ਹੀ ਪਹਿਨੇ ਹੋਏ ਸਨ। ਸੋਢੀ ਜੀ ਦੀ ਬੇਨਤੀ ਕਰਨ ਉਤੇ ਉਹ ਲਾਹ ਦਿੱਤੇ ਤੇ ਸਫ਼ੈਦ ਬਸਤਰ ਧਾਰਨ ਕਰ ਲਏ। ਸਿੱਖ ਇਤਿਹਾਸ ਲਿਖਦਾ ਹੈ ਕਿ ਸਤਿਗੁਰੂ ਜੀ ਉਸ ਨੀਲੇ ਬਾਣੇ ਦੀ ਲੀਰ-ਲੀਰ ਕਰਕੇ ਅੱਗ ਵਿਚ ਸੁੱਟਦੇ ਗਏ। ਅਖ਼ੀਰ ਤੇ ਜਦੋਂ ਇਕ ਲੀਰ ਰਹਿ ਗਈ, ਤਾਂ ਪਾਸ ਖੜ੍ਹੇ ਭਾਈ ਮਾਨ ਸਿੰਘ ਨੇ ਉਹ ਮੰਗ ਲਈ ਤੇ ਆਪਣੇ ਸਿਰ ਉੱਤੇ ਬੰਨ੍ਹ ਲਈ। ਨਿਹੰਗ ਸਿੰਘ ਭਾਈ ਮਾਨ ਸਿੰਘ ਤੋਂ ਹੀ, ਉਸ ਵੇਲੇ ਦੀ ਆਪਣੀ ਸੰਪ੍ਰਦਾਇ ਚੱਲੀ ਦੱਸਦੇ ਹਨ।

ਢਿਲਵਾਂ ਤੋਂ ਗੁਰੂ ਜੀ ਜੈਤੋ ਪੁਜੇ। ਇੱਥੇ ਖ਼ਬਰ ਮਿਲੀ ਕਿ ਸੂਬਾ ਸੱਤ-ਅੱਠ ਹਜ਼ਾਰ ਦੀ ਫ਼ੌਜ ਲੈ ਕੇ ਆ ਰਿਹਾ ਹੈ। ਅਗਲਾ ਪੜਾਅ ਗੁਰੂ ਜੀ ਨੇ ਸੁਨੀਅਰ ਪਿੰਡ ਦੀ ਜੂਹ ਵਿਚ ਕੀਤਾ। ਇਥੇ ਕਪੂਰਾ ਫਿਰ ਆ ਮਿਲਿਆ। ਉਸ ਨੇ ਸਲਾਹ ਦਿੱਤੀ ਕਿ ਵੈਰੀ ਦਾ ਮੂੰਹ ਭੰਨਣ ਲਈ ਇਸ ਇਲਾਕੇ ਵਿਚ ਖਿਦਰਾਣੇ ਦੀ ਢਾਬ ਸਭ ਤੋਂ ਵਧੀਆ ਥਾਂ ਹੈ।

---

25. ਪ੍ਰਿੰ: ਸਤਿਬੀਰ ਸਿੰਘ, ਪੰਨਾ 199-200

ਸਿਰਫ਼ ਉਥੇ ਹੀ ਪਾਣੀ ਹੈ, ਉਸ ਦੇ ਆਲੇ-ਦੁਆਲੇ ਮੀਲਾਂ ਤੱਕ ਪਾਣੀ ਦਾ ਨਾਂ-ਨਿਸ਼ਾਨ ਨਹੀਂ। ਸਤਿਗੁਰਾਂ ਨੂੰ ਇਹ ਸਲਾਹ ਪਸੰਦ ਆਈ ਤੇ ਕਪੂਰੇ ਦੇ ਦਿੱਤੇ ਆਦਮੀ ਨਾਲ ਸਾਰਾ ਵਹੀਰ ਖਿਦਰਾਣੇ ਦੀ ਢਾਬ ਵੱਲ ਨੂੰ ਹੋ ਪਿਆ।

### *ਵਿਛੜੇ ਮੁੜ ਮਿਲੇ*

ਸਰਸਾ ਨਦੀ ਪਾਰ ਕਰਨ ਸਮੇਂ ਸਿੱਖਾਂ ਦਾ ਸਾਰਾ ਵਹੀਰ ਖਿੰਡ-ਪੁੰਡ ਗਿਆ ਸੀ। ਗੁਰੂ-ਪਾਤਸ਼ਾਹ ਤੋਂ ਵਿਛੜ ਕੇ ਕਈ ਸਿੰਘ ਆਪਣੇ ਘਰਾਂ ਨੂੰ ਚਲੇ ਗਏ ਸਨ। ਕਾਫ਼ੀ ਸਮਾਂ ਤਾਂ ਸਿੱਖਾਂ ਨੂੰ ਗੁਰੂ ਜੀ ਤੇ ਉਨ੍ਹਾਂ ਦੇ ਪਰਿਵਾਰ ਬਾਰੇ ਕੋਈ ਖ਼ਬਰ ਨਾ ਮਿਲੀ। ਪਰ ਜਦੋਂ ਪਿੰਡਾਂ ਵਿਚ ਚਮਕੌਰ ਤੇ ਸਰਹੰਦ ਦੀਆਂ ਸਾਰੀਆਂ ਖ਼ਬਰਾਂ ਪੁੱਜੀਆਂ ਕਿ ਸਤਿਗੁਰੂ ਪਾਤਸ਼ਾਹ ਦੇ ਚਾਰੇ ਸਾਹਿਬਜ਼ਾਦੇ ਸ਼ਹੀਦ ਹੋ ਚੁੱਕੇ ਹਨ ਅਤੇ ਸਤਿਗੁਰੂ ਜੀ ਆਪ ਮਾਲਵੇ ਵਿਚ ਹਨ, ਤਾਂ ਸਭ ਨੂੰ ਘਰੀਂ ਆਉਣ ਦਾ ਬੜਾ ਦੁੱਖ ਹੋਇਆ। ਉਹ ਸੋਚਣ ਲੱਗੇ ਕਿ ਜਦੋਂ ਗੁਰੂ ਜੀ ਬਿਪਤਾ ਵਿਚ ਘਿਰੇ ਪਏ ਸਨ, ਤਾਂ ਉਨ੍ਹਾਂ ਨੂੰ ਘਰ ਆਉਣ ਦੀ ਬਜਾਇ ਸਤਿਗੁਰੂ ਜੀ ਨੂੰ ਲੱਭ ਕੇ ਉਨ੍ਹਾਂ ਦਾ ਸਾਥ ਦੇਣਾ ਚਾਹੀਦਾ ਸੀ। ਕਈਆਂ ਨੂੰ ਤਾਂ ਇਝ ਜਾਪਿਆ ਜਿਵੇਂ ਕਿ ਉਨ੍ਹਾਂ ਨੇ ਗੁਰੂ ਜੀ ਨਾਲ ਬੇਵਫ਼ਾਈ ਕੀਤੀ ਹੋਵੇ। ਇਨੇ ਨੂੰ ਸਤਿਗੁਰਾਂ ਦੇ ਹੁਕਮਨਾਮੇ ਵੀ ਮਿਲ ਗਏ ਤੇ ਇਹ ਖ਼ਬਰਾਂ ਵੀ ਪੁੱਜ ਗਈਆਂ ਕਿ ਸਰਹੰਦ ਦਾ ਨਵਾਬ ਗੁਰੂ ਸਾਹਿਬ ਉਤੇ ਫਿਰ ਹਮਲਾ ਕਰਨ ਦੀ ਤਿਆਰੀ ਕਰ ਰਿਹਾ ਹੈ। ਸਾਹਿਬਜ਼ਾਦਿਆਂ ਦੀ ਸ਼ਹੀਦੀ ਖ਼ਾਲਸਾ-ਪੰਥ ਲਈ ਇਕ ਅਸਹਿ ਸੱਲ੍ਹ ਸੀ। ਸੂਬੇ ਦੀ ਨਵੀਂ ਵਧੀਕੀ ਨੇ ਸਿੰਘਾਂ ਦੇ ਅੱਲੇ ਜ਼ਖ਼ਮਾਂ ਉੱਤੇ ਲੂਣ ਛਿੜਕਣ ਦਾ ਕੰਮ ਹੀ ਕੀਤਾ। ਫ਼ਸਲਾਂ ਦੇ ਦਿਨ ਸਨ, ਫਿਰ ਵੀ ਸੈਂਕੜੇ ਸਿੰਘ, ਸਰਸਾ ਤੋਂ ਬਚ ਕੇ ਆਏ ਸਿੰਘਾਂ ਦੇ ਨਾਲ ਹੋ ਟੁਰੇ। ਮਾਝੇ ਦੇ ਨਗਰ ਝਬਾਲ ਦੀ ਬੀਬੀ ਮਾਈ ਭਾਗੋ ਨੇ ਸਿੰਘਾਂ ਨੂੰ ਪ੍ਰੇਰਨ ਵਿਚ ਚੰਗਾ ਰੋਲ ਅਦਾ ਕੀਤਾ। ਉਹ ਆਪ ਵੀ ਜਥੇ ਦੇ ਨਾਲ ਹੋ ਤੁਰੀ।

ਉੱਧਰ ਸਤਿਗੁਰੂ ਜੀ ਅਜੇ ਰਾਮੇਆਣੇ ਤੇ ਖਿਦਰਾਣੇ ਦੇ ਵਿਚਕਾਰ ਪੁੱਜੇ ਸਨ। ਸਿੰਘਾਂ ਦਾ ਉਪਰੋਕਤ ਜਥਾ ਵੀ ਉੱਥੇ ਆ ਗਿਆ। ਮਜਬੂਰੀ ਦੀ ਹਾਲਤ ਵਿਚ ਗੁਰੂ ਸਾਹਿਬ ਤੋਂ ਵਿਛੜਨ ਬਾਰੇ ਸਿੰਘਾਂ ਨੇ ਗੁਰੂ ਜੀ ਤੋਂ ਖਿਮਾਂ ਮੰਗੀ। ਸਤਿਗੁਰਾਂ ਨੇ ਸਭ ਨੂੰ ਚੜ੍ਹਦੀਆਂ ਕਲਾਂ ਵਿਚ ਰਹਿਣ ਦਾ ਉਪਦੇਸ਼ ਦਿੱਤਾ।

ਢਾਬ ਦੇ ਨੇੜੇ ਪਹੁੰਚ ਕੇ ਸਤਿਗੁਰਾਂ ਨੇ ਆਪਣਾ ਟਿਕਾਣਾ ਇਕ ਉੱਚੇ ਟਿੱਬੇ ਉੱਤੇ ਕਰ ਲਿਆ, ਜਿੱਥੇ ਹੁਣ ਟਿੱਬੀ ਸਾਹਿਬ ਨਾਂ ਦਾ ਗੁਰਦੁਆਰਾ ਬਣਿਆ ਹੋਇਆ ਹੈ। ਢਾਬ ਤੋਂ ਕਾਫ਼ੀ ਦੂਰ, ਜਿਸ ਪਾਸਿਓਂ ਸਰਹੰਦ ਦਾ ਨਵਾਬ ਫ਼ੌਜਾਂ ਲਈ ਆ ਰਿਹਾ ਸੀ, ਮਾਝੇ ਤੇ ਦੁਆਬੇ ਵਲੋਂ ਆਏ ਸਿੰਘਾਂ ਨੇ ਜਥੇ ਮੋਰਚਾ-ਬੰਦ ਕਰ ਦਿੱਤੇ। ਇਨ੍ਹਾਂ ਸਿੰਘਾਂ ਨੇ ਵਣਾਂ ਉਪਰ ਚਾਦਰਾਂ ਪਾ ਦਿੱਤੀਆਂ, ਤਾਂ ਜੁ ਮੁਗਲ ਫ਼ੌਜਾਂ ਇਨ੍ਹਾਂ ਨੂੰ ਤੰਬੂ ਸਮਝ ਕੇ ਸਿਧਾ ਇਧਰ ਨੂੰ ਆਉਣ ਤੇ ਗੁਰੂ ਜੀ ਵੱਲ ਨਾ ਜਾਣ। ਨਾਲੇ ਮੁਗ਼ਲ ਫ਼ੌਜਾਂ ਨੂੰ ਇਹ ਵੀ ਭੁਲੇਖਾ ਪੈ ਜਾਵੇ ਕਿ ਖ਼ਾਲਸੇ ਦੀ ਬਹੁਤ ਸਾਰੀ ਫ਼ੌਜ ਤੰਬੂਆਂ ਵਿਚ ਉਤਰੀ ਹੋਈ ਹੈ।

ਸੰਨ 1705 ਦੇ ਵੈਸਾਖ ਦੀ 20-21 ਤ੍ਰੀਕ ਸੀ (ਮਈ ਦਾ ਪਹਿਲਾ ਹਫ਼ਤਾ) ਕਿ ਦੋਹਾਂ ਦਲਾਂ ਦਾ ਟਾਕਰਾ ਹੋ ਗਿਆ। ਲੜਾਈ ਦਾ ਬਹੁਤਾ ਭਾਰ ਢਾਬ ਤੋਂ ਪੂਰਬ ਪਾਸੇ ਦੇ ਸਿੰਘਾਂ ਉੱਤੇ ਹੀ ਸੀ, ਜਿੱਥੇ ਮਾਝੇ-ਦੁਆਬੇ ਦੇ ਸਿੰਘ ਡਟੇ ਹੋਏ ਸਨ। ਬੜੇ ਘਮਸਾਨ ਦਾ ਯੁੱਧ ਹੋਇਆ। ਸਿੱਖ ਸਦਾ ਦੀ ਤਰ੍ਹਾਂ ਹੈਰਾਨ ਕਰਨ ਵਾਲੀ ਬਹਾਦਰੀ ਨਾਲ ਲੜੇ। ਉਧਰੋਂ ਟਿੱਬੀ ਤੋਂ ਦਸਮ-ਪਾਤਸ਼ਾਹ ਜੀ ਨੇ ਵੈਰੀ-ਦਲ ਉਪਰ ਤੀਰਾਂ ਦੀ ਝੜੀ ਲਾ ਦਿੱਤੀ ਅਤੇ ਅਨੇਕਾਂ ਵੈਰੀਆਂ ਨੂੰ ਵਿੰਨ੍ਹ ਕੇ ਨਿੱਸਲ ਕਰ ਦਿੱਤਾ। ਤੁਰਕਾਂ ਦੇ ਬੜੇ ਆਹੂ ਲੱਥੇ। ਗੁਰੂ ਜੀ ਟਿੱਬੀ ਤੋਂ ਲੋੜ ਅਨੁਸਾਰ ਸਿੰਘ ਵੀ ਭੇਜਦੇ ਰਹੇ। ਸਿੰਘਾਂ ਦਾ ਪਾਣੀ ਉਤੇ ਕਬਜ਼ਾ ਹੋਣ ਕਰਕੇ ਵੈਰੀ ਬਹੁਤੇ ਸਮੇਂ ਲਈ ਟਾਕਰੇ ਤੇ ਡਟ ਨਾ ਸਕੇ। ਅੰਤ ਵਿਚ ਵੈਰੀਆਂ ਨੇ ਇਕ ਵੱਡਾ ਹਮਲਾ ਬੋਲਿਆ। ਸਿੱਖ ਵੀ ਵੱਡੀ ਗਿਣਤੀ ਵਿਚ ਸ਼ਹੀਦ ਹੋਏ। ਸ਼ਹੀਦ ਹੋਣ ਵਾਲਿਆਂ ਦੀ ਗਿਣਤੀ ਲਗਪਗ 300 ਸੀ। ਪਰ ਸਿੱਖ ਤਾਂ ਵੀ ਵੈਰੀ ਨੂੰ ਲਲਕਾਰਦੇ ਰਹੇ। ਵੈਰੀ ਇਸ ਗੱਲੋਂ ਹੈਰਾਨ ਸਨ ਕਿ ਪਿਛੋਂ ਸਿੰਘ ਕਿਥੋਂ ਆਈ ਜਾ ਰਹੇ ਹਨ। ਉਨ੍ਹਾਂ ਸਮਝਿਆ ਕਿ ਸਿੱਖ ਜ਼ਰੂਰ ਭਾਰੀ ਗਿਣਤੀ ਵਿਚ ਹਨ। ਦੂਜਾ ਗਰਮੀਆਂ ਦੇ ਦਿਨ, ਵੈਰੀ-ਦਲ ਦੇ ਸਿਪਾਹੀ ਪਿਆਸ ਨਾਲ ਤ੍ਰਾਹ-ਤ੍ਰਾਹ ਕਰ ਉਠੇ। ਗੁਰੂ ਜੀ ਵੀ ਟਿੱਬੀ ਤੋਂ ਥੱਲੇ ਆ ਗਏ। ਵੈਰੀਆਂ ਸਮਝਿਆ ਕਿ ਉਹ ਜੰਗ ਦੇ ਮੈਦਾਨ ਵਿਚੋਂ ਖਿਸਕ ਗਏ ਹਨ।

ਵਜ਼ੀਰ ਖ਼ਾਨ ਕੋਟ-ਕਪੂਰੇ ਤੋਂ ਲੰਘਦਿਆਂ ਕਪੂਰੇ ਨੂੰ ਵੀ ਨਾਲ ਲੈ ਆਇਆ ਸੀ। ਉਸ ਨੇ ਜਦੋਂ ਕਪੂਰੇ ਨੂੰ ਪੁੱਛਿਆ ਕਿ ਪਾਣੀ ਕਿਥੋਂ ਮਿਲ ਸਕਦਾ ਹੈ, ਤਾਂ ਕਪੂਰੇ ਨੇ ਆਖਿਆ ਕਿ ਪਾਣੀ ਤਾਂ ਪਿਛਾਂਹ ਦਸ ਕੋਹਾਂ ਤੇ ਹੀ ਰਹਿ ਗਿਆ ਹੈ। ਇਥੇ ਕਿਤੇ ਪਾਣੀ ਦਾ ਨਾਮ-ਨਿਸ਼ਾਨ ਨਹੀਂ। ਇਹ ਸੁਣਕੇ ਫ਼ੌਜਦਾਰਾਂ ਨੇ ਸਲਾਹ ਦਿੱਤੀ ਕਿ ਸਲਾਮਤੀ ਪਿਛਾਂਹ ਜਾਣ ਵਿਚ ਹੀ ਹੈ। ਜਿਹੜਾ ਗੁਰੂ ਲੱਖਾਂ ਦੀ ਗਿਣਤੀ ਵਿਚ ਘਿਰਿਆ ਹੋਇਆ ਸਾਡੇ ਹੱਥ ਨਹੀਂ ਆਇਆ, ਇਨ੍ਹਾਂ ਖੁਲ੍ਹੀਆਂ ਜੂਹਾਂ ਵਿਚ ਕਦੋਂ ਕਾਬੂ ਆਵੇਗਾ? ਤੇ ਪਾਣੀ ਖੁਣੋਂ ਹੋਰ ਲੜਿਆ ਤਾਂ ਜਾ ਨਹੀਂ ਸਕਦਾ। ਇਸ ਤਰ੍ਹਾਂ ਬੜੀ ਲਾਚਾਰੀ ਦੀ ਹਾਲਤ ਵਿਚ ਮੁਗ਼ਲ ਫ਼ੌਜ ਮੈਦਾਨ ਛੱਡ ਕੇ ਵਾਪਸ ਤੁਰ ਪਈ।

ਸ਼ਾਹੀ ਫ਼ੌਜ ਦੇ ਜਾਣ ਮਗਰੋਂ ਗੁਰੂ ਜੀ ਰਣ-ਭੂਮੀ ਦਾ ਗੇੜਾ ਲਾਉਣ ਲੱਗੇ। ਜ਼ਖਮੀ ਸਿੰਘਾਂ ਦੀ ਮਰ੍ਹਮ-ਪੱਟੀ ਕੀਤੀ ਗਈ ਸੀ। ਮਾਈ ਭਾਗੋ ਵੀ ਜ਼ਖ਼ਮੀ ਹੋ ਗਈ ਸੀ। ਉਸ ਨੇ ਹੱਥ ਵਿਚ ਡਾਂਗ ਫੜ ਕੇ ਵੈਰੀਆਂ ਦਾ ਮੁਕਾਬਲਾ ਕੀਤਾ ਸੀ। ਜ਼ਖ਼ਮੀਆਂ ਵਿਚ ਭਾਈ ਮਹਾਂ ਸਿੰਘ ਜੀ ਵੀ ਸਨ। ਉਨ੍ਹਾਂ ਨੂੰ ਬਹੁਤ ਡੂੰਘੇ ਫੱਟ ਲੱਗੇ ਸਨ, ਬੱਸ ਆਖਰੀ ਦਮਾਂ ਉੱਤੇ ਹੀ ਸਨ। ਗੁਰੂ ਪਾਤਸ਼ਾਹ ਦੇ ਦਰਸ਼ਨ ਕਰਕੇ ਉਨ੍ਹਾਂ ਦੀਆਂ ਅੱਖਾਂ ਅੱਗੇ ਸਰਸਾ ਨਦੀ ਦਾ ਦ੍ਰਿਸ਼ ਆ ਗਿਆ। ਉਸ ਸਮੇਂ ਸਤਿਗੁਰਾਂ ਤੋਂ ਅਲੱਗ ਹੋਣ ਦੀ ਚੋਭ ਨੇ ਵਿਆਕੁਲ ਕਰ ਦਿੱਤਾ। ਆਪਣੀ ਕਮਜ਼ੋਰ ਆਵਾਜ਼ ਵਿਚ ਸਤਿਗੁਰਾਂ ਪਾਸੋਂ ਸਰਸਾ ਉੱਤੇ ਵਿਛੜੇ ਸਾਥੀਆਂ ਵਲੋਂ ਮੁੜ ਮਾਫ਼ੀ ਮੰਗੀ। ਬੜਾ ਦਰਦਨਾਕ ਦ੍ਰਿਸ਼ ਸੀ। ਗੁਰੂ ਜੀ ਤੇ ਨਾਲ ਖੜ੍ਹੇ ਸਿੰਘਾਂ ਵਿਚ ਵੈਰਾਗ ਦੀ ਕਾਂਗ ਆ ਗਈ। ਭਾਵੇਂ ਸਤਿਗੁਰੂ ਤਾਂ ਸਮਝਦੇ ਸਨ ਕਿ ਭਾਈ

ਮਹਾਂ ਸਿੰਘ ਤੇ ਉਸ ਦੇ ਸਾਥੀਆਂ ਦਾ ਸਰਸਾ ਨਦੀ ਦੇ ਕਿਨਾਰੇ ਵਿਛੜਨਾ ਹਾਲਾਤ ਦੀ ਮਜਬੂਰੀ ਸੀ, ਪਰ ਮਹਾਂ ਸਿੰਘ ਜੀ ਦੀਆਂ ਅੱਖਾਂ ਵਿਚ ਖ਼ੁਸ਼ੀ ਦੇ ਹੰਝੂ ਆ ਗਏ। ਉਨ੍ਹਾਂ ਲੰਮਾ ਸਾਹ ਲਿਆ ਤੇ ਪ੍ਰਾਣ ਤਿਆਗ ਦਿੱਤੇ। ਜਿਸ ਥਾਂ ਇਹ ਜੰਗ ਹੋਈ ਉਸ ਦਾ ਨਾਂ ਮੁਕਤਸਰ ਰੱਖਿਆ ਗਿਆ। ਉਦੋਂ ਉਸ ਇਲਾਕੇ ਅੰਦਰ ਪਾਣੀ ਦੀ ਥੁੜ ਅਤੇ ਫ਼ਸਲਾਂ ਦੀਆਂ ਵਾਢੀਆਂ ਕਾਰਨ ਵੈਸਾਖ ਵਿਚ ਸੰਗਤਾਂ ਦੇ ਇਕੱਠ ਕਰਨੇ ਬੜੀ ਔਖੀ ਗੱਲ ਸੀ। ਇਸ ਲਈ ਮਾਘੀ ਦੇ ਦਿਨ ਇਸ ਜੰਗ ਦੀ ਯਾਦ ਵਿਚ ਹਰ ਸਾਲ ਸੰਗਤਾਂ ਦਾ ਭਾਰੀ ਜੋੜ-ਮੇਲ ਹੁੰਦਾ ਹੈ।

# ਮਾਲਵੇ ਵਿਚ ਪ੍ਰਚਾਰ

ਮੁਕਤਸਰ ਦੀ ਜੰਗ ਤੋਂ ਬਾਅਦ ਸਤਿਗੁਰਾਂ ਨੇ ਮਾਲਵੇ ਦੇ ਪਿੰਡਾਂ ਦਾ ਦੌਰਾ ਕੀਤਾ। ਲੋਕਾਂ ਨੂੰ ਸਿੱਖੀ ਨਾਲ ਜੋੜਿਆ ਤੇ ਅੰਮ੍ਰਿਤ ਛਕਾ ਕੇ ਸਿੰਘ ਸਜਾਇਆ।

ਸਭ ਤੋਂ ਪਹਿਲਾਂ ਆਪ ਫਿਰੋਜ਼ਪੁਰ ਦੇ ਨੇੜੇ ਬਜੀਦਪੁਰ ਗਏ। ਫਿਰ ਬਜੀਦਪੁਰ ਤੋਂ ਪਿਛਾਂਹ ਨੂੰ ਰੁਪੇਆਣੇ ਪਿੰਡ ਆਏ। ਰੁਪੇਆਣਾ ਮੁਕਤਸਰ ਤੋਂ ਚਾਰ ਕੁ ਮੀਲ ਦੱਖਣ ਵੱਲ ਹੈ। ਅਗਾਂਹ ਥੇਹੜੀ, ਭੂੰਦੜ, ਹਰੀਪੁਰ, ਕਾਲ ਝਰਾਣੀ, ਬੰਬੀਹਾ, ਛਤੇਆਣਾ ਆਦਿਕ ਪਿੰਡਾਂ ਵਿਚ ਗਏ। ਲੋਕਾਂ ਦੇ ਭਾਰੀ ਗਿਣਤੀ ਵਿਚ ਸਿੰਘ ਸਜਣ ਨਾਲ ਸਿੱਖ-ਜਥੇਬੰਦੀ ਮਜ਼ਬੂਤ ਹੁੰਦੀ ਗਈ।

ਛੱਤੇਆਣੇ ਇਕ ਮੁਸਲਮਾਨ ਫ਼ਕੀਰ ਰਹਿੰਦਾ ਸੀ, ਜਿਸ ਨੂੰ ਲੋਕ 'ਵਹਿਮੀ' ਕਰਕੇ ਸੱਦਦੇ ਸਨ। ਉਹ ਵੀ ਅੰਮ੍ਰਿਤ ਛਕ ਕੇ ਸਿੰਘ ਸਜ ਗਿਆ। ਸਤਿਗੁਰਾਂ ਨੇ ਉਸ ਦਾ ਨਾਮ ਅਜਮੇਰ ਸਿੰਘ ਰੱਖਿਆ। ਜਦੋਂ ਗੁਰੂ ਜੀ ਦੱਖਣ ਨੂੰ ਗਏ, ਤਾਂ ਉਹ ਉਨ੍ਹਾਂ ਦੇ ਨਾਲ ਹੀ ਚਲਾ ਗਿਆ ਸੀ।

ਜਿਵੇਂ ਕਿ ਪਹਿਲਾਂ ਜ਼ਿਕਰ ਆ ਚੁੱਕਾ ਹੈ ਕਿ ਗੁਰੂ ਜੀ ਨੇ ਕਈ ਤਨਖ਼ਾਹਦਾਰ ਫ਼ੌਜੀ ਵੀ ਭਰਤੀ ਕੀਤੇ ਹੋਏ ਸਨ। ਉਨ੍ਹਾਂ ਨੂੰ ਕੁਝ ਸਮੇਂ ਤੋਂ ਤਨਖ਼ਾਹ ਨਹੀਂ ਸੀ ਦਿੱਤੀ ਜਾ ਸਕੀ। ਜਦ ਗੁਰੂ ਜੀ ਛੱਤੇਆਣੇ ਪੁੱਜੇ ਤਾਂ ਬੈਰਾੜ-ਫ਼ੌਜੀ ਅੜ ਖਲੋਤੇ, ਅਖੇ ਪਹਿਲਾਂ ਹਿਸਾਬ-ਕਿਤਾਬ ਚੁਕਤਾ ਕਰੋ ਫਿਰ ਅੱਗੇ ਤੁਰਨਾ। ਗੁਰੂ ਜੀ ਨੇ ਬੜਾ ਸਮਝਾਇਆ ਪਰ ਉਹ ਨਾ ਮੰਨੇ। ਇੰਨੇ ਨੂੰ ਇਕ ਸਿੰਘ ਆਪਣੀ ਤੇ ਹੋਰ ਇਲਾਕੇ ਦੀ ਦਸਵੰਧ ਦੀ ਰਕਮ ਲੈ ਕੇ ਹਾਜ਼ਰ ਹੋਇਆ। ਸਤਿਗੁਰਾਂ ਨੇ ਸਭ ਨੂੰ ਤਨਖ਼ਾਹਾਂ ਵੰਡੀਆਂ। ਜਦ ਬੈਰਾੜਾਂ ਦੇ ਆਗੂ ਭਾਈ ਦਾਨੇ ਦੀ ਵਾਰੀ ਆਈ, ਤਾਂ ਗੁਰੂ ਜੀ ਨੇ ਉਸ ਨੂੰ ਕਿਹਾ, "ਕਿਉਂ ਭਾਈ ਦਾਨਿਆ! ਤੂੰ ਇਨ੍ਹਾਂ ਦਾ ਸਰਦਾਰ ਹੈਂ, ਦਸ ਤੈਨੂੰ ਕਿਸ ਹਿਸਾਬ ਨਾਲ ਤਨਖ਼ਾਹ ਦੇਈਏ?" ਅਗੋਂ ਦਾਨੇ ਨੇ ਹੱਥ ਜੋੜ ਕੇ ਬੇਨਤੀ ਕੀਤੀ, "ਸੱਚੇ ਪਾਤਸ਼ਾਹ, ਮੈਨੂੰ ਤਾਂ ਸਿੱਖੀ ਦਾਨ ਦਿਓ ਅਤੇ ਆਪਣੇ ਚਰਨਾਂ ਵਿਚ ਟਿਕਾਈ ਰੱਖੋ। ਮੇਰੇ ਘਰ ਦੁੱਧ, ਪੁੱਤ, ਸਭ ਕੁਝ ਹੈ।" ਇਹ ਸੁਣ ਕੇ ਜਿੱਥੇ ਗੁਰੂ ਜੀ ਪ੍ਰਸੰਨ ਹੋਏ, ਉੱਥੇ ਬਾਕੀ ਬੈਰਾੜਾਂ ਨੂੰ ਬੜੀ ਸ਼ਰਮ ਆਈ। ਸਤਿਗੁਰਾਂ ਨੇ ਦਾਨੇ ਨੂੰ ਅੰਮ੍ਰਿਤ ਛਕਾ ਕੇ ਉਸ ਦਾ ਨਾਮ ਦਾਨ ਸਿੰਘ ਰੱਖਿਆ।

ਛੱਤੇਆਣੇ ਤੋਂ ਅਗਾਂਹ ਕਈ ਪਿੰਡਾਂ ਵਿਚੋਂ ਹੁੰਦੇ ਹੋਏ ਗੁਰੂ ਗੋਬਿੰਦ ਸਿੰਘ ਜੀ ਬਾਜਕ ਪਿੰਡ ਪਹੁੰਚੇ। ਇਥੇ ਸੁੱਖੂ ਤੇ ਬੁੱਧੂ ਨਾਂ ਦੇ ਦਿਵਾਨੇ ਸਾਧਾਂ ਨੇ ਬੜੇ ਪ੍ਰੇਮ ਨਾਲ ਸੇਵਾ ਕੀਤੀ। ਬਾਜਕ ਤੋਂ ਜੱਸੀ ਦੇ ਰਸਤੇ ਪੱਕੇ ਪਿੰਡ ਗਏ। ਇਹ ਪਿੰਡ ਤਲਵੰਡੀ ਸਾਬੋ ਕੀ ਦੇ ਚੌਧਰੀ ਡੱਲੇ ਦੇ ਤਹਿਤ ਸੀ। ਚੌਧਰੀ ਡੱਲਾ ਇਥੋਂ ਸਤਿਗੁਰਾਂ ਨੂੰ ਆਪਣੇ ਨਗਰ ਲੈ ਗਿਆ।

### ਸਾਬੋ ਕੀ ਤਲਵੰਡੀ ਵਿਚ

ਜੰਗਾ-ਯੁੱਧਾਂ ਅਤੇ ਅਨੇਕਾਂ ਕਸ਼ਟਾਂ-ਭਰੇ ਹਾਲਾਤ ਵਿਚੋਂ ਨਿਕਲ ਕੇ ਸਾਬੋ ਕੀ ਤਲਵੰਡੀ ਵਿਖੇ ਸਤਿਗੁਰਾਂ ਕਮਰਕੱਸਾ ਖੋਲ੍ਹਿਆ ਸੀ ਤੇ ਦਮ ਲਿਆ ਸੀ। ਇਸ ਥਾਂ ਦਾ ਨਾਮ ਦਮਦਮਾ ਸਾਹਿਬ ਪੈ ਗਿਆ। ਗੁਰੂ ਜੀ ਇੱਥੇ ਲਗਪਗ ਡੇਢ ਸਾਲ* ਰਹੇ ਅਤੇ ਸਿੱਖ ਪੰਥ ਦੀ ਮਜ਼ਬੂਤੀ ਲਈ ਅਨੇਕਾਂ ਯਤਨ ਕੀਤੇ।

### ਹੁਕਮ ਮੰਨਣ ਦੀ ਪਰਖ

ਡੱਲਾ ਅਕਸਰ ਕਿਹਾ ਕਰਦਾ ਸੀ ਕਿ ਉਸ ਦੀ ਫ਼ੌਜ ਵਿਚ ਬੜੇ ਸੂਰਬੀਰ ਸਿਪਾਹੀ ਹਨ, ਜਿਨ੍ਹਾਂ ਦਾ ਕੋਈ ਮੁਕਾਬਲਾ ਨਹੀਂ। ਉਹ ਸਿਪਾਹੀ ਉਸ ਤੋਂ ਜਾਨ ਵਾਰਨ ਲਈ ਤਿਆਰ ਰਹਿੰਦੇ ਹਨ। ਉਸ ਨੇ ਇਹ ਵੀ ਕਿਹਾ ਕਿ ਮੇਰੇ ਜੁਆਨ ਤੁਹਾਡੇ (ਗੁਰੂ ਜੀ) ਨਾਲ ਹੁੰਦੇ ਤਾਂ ਸਾਹਿਬਜ਼ਾਦੇ ਕਦੇ ਵੀ ਸ਼ਹੀਦ ਨਾ ਹੁੰਦੇ। ਸਤਿਗੁਰੂ ਜੀ ਡੱਲੇ ਨੂੰ ਸਮਝਾਉਣ ਲਈ ਕਹਿ ਦਿੰਦੇ ਕਿ ਬਹਾਦਰੀ ਦਾ ਸੰਬੰਧ ਨਿਰਾ ਡੌਲਿਆਂ ਦੇ ਬਲ ਨਾਲ ਹੀ ਨਹੀਂ ਹੈ, ਸਗੋਂ ਮਨ ਦੀ ਦ੍ਰਿੜ੍ਹਤਾ ਤੇ ਆਪਾ ਵਾਰਨ ਦੀ ਭਾਵਨਾ ਦਾ ਹੋਣਾ ਵੀ ਬਹੁਤ ਜ਼ਰੂਰੀ ਹੈ। ਪਰ ਡੱਲੇ ਨੂੰ ਇਹ ਗੱਲਾਂ ਵਾਧੂ ਦੀਆਂ ਜਾਪਦੀਆਂ ਸਨ। ਉਸ ਨੂੰ ਇਹੀ ਭੁਲੇਖਾ ਸੀ ਕਿ ਕਮਜ਼ੋਰ ਸਰੀਰ ਵਾਲੇ ਸਿੰਘਾਂ ਨੇ ਸ਼ਾਇਦ ਤਲਵਾਰ ਦੇ ਹੱਥ ਵਿਖਾਉਣ ਅਤੇ ਕੁਰਬਾਨ ਹੋਣ ਵਿਚ ਕੋਈ ਕਮੀ ਰਹਿਣ ਦਿੱਤੀ ਸੀ।

ਇਕ ਦਿਨ ਲਾਹੌਰ-ਨਿਵਾਸੀ ਇਕ ਸਿੰਘ ਨਵੀਂ ਬੰਦੂਕ ਲੈ ਕੇ ਹਾਜ਼ਿਰ ਹੋਇਆ। ਚੌਧਰੀ ਡੱਲਾ ਤੇ ਉਸ ਦੇ ਕਈ ਜੁਆਨ ਦੀਵਾਨ ਵਿਚ ਬੈਠੇ ਹੋਏ ਸਨ। ਸਤਿਗੁਰੂ-ਪਾਤਸ਼ਾਹ ਨੇ ਡੱਲੇ ਨੂੰ ਕਿਹਾ ਕਿ ਬੰਦੂਕ ਦਾ ਨਿਸ਼ਾਨਾ ਪਰਖਣਾ ਹੈ, ਇਸ ਲਈ ਕੋਈ ਜੁਆਨ ਪੇਸ਼ ਕਰੋ। ਹੈਰਾਨੀ ਨਾਲ ਡੱਲੇ ਦਾ ਮੂੰਹ ਅੱਡਿਆ ਗਿਆ। ਉਸ ਦੇ ਜੁਆਨ ਵੀ ਡਰ ਗਏ ਅਤੇ ਇੱਕ-ਇੱਕ ਕਰਕੇ ਦੀਵਾਨ ਵਿਚੋਂ ਚਲੇ ਗਏ। ਡੱਲੇ ਨੇ ਵੱਖਰੇ ਜਾ ਕੇ ਵੀ ਜੁਆਨਾਂ ਨੂੰ ਕਿਹਾ ਕਿ ਕੋਈ ਨਿਤਰੋ ਤੇ ਮੇਰੀ ਲਾਜ ਰੱਖੋ। ਸਭ ਨੇ ਕਿਹਾ ਕਿ ਜੇ ਜੰਗ ਹੁੰਦੀ ਤਾਂ ਅਸੀਂ ਆਪਣੀਆਂ ਜਾਨਾਂ ਵਾਰ ਵੀ ਦਿੰਦੇ, ਨਿਰਾ ਨਿਸ਼ਾਨਾ ਪਰਖਣ ਲਈ ਮਰਨ ਨੂੰ ਕੌਣ ਤਿਆਰ ਹੋ ਸਕਦਾ ਹੈ, ਨਿਸ਼ਾਨਾ ਤਾਂ ਕਿਸੇ ਚੀਜ਼ ਉੱਤੇ ਵੀ ਪਰਖਿਆ ਜਾ ਸਕਦਾ ਹੈ, ਜ਼ਰੂਰ ਕਿਸੇ ਬੰਦੇ ਦੀ ਬਲੀ ਦੇਣੀ ਹੈ। ਡੱਲੇ ਨੂੰ ਇੰਨੀ ਹਿੰਮਤ ਨਾ ਪਈ ਕਿ ਆਪਣੇ ਆਪ ਨੂੰ ਹੀ ਪੇਸ਼ ਕਰ ਦੇਵੇ। ਬੜੀ ਨਿੰਮੋਝੂਣੀ ਹਾਲਤ ਵਿਚ ਉਸ ਨੇ ਗੁਰੂ ਸਾਹਿਬ ਨੂੰ ਕਿਹਾ ਕਿ ਨਿਸ਼ਾਨੇ ਦੀ ਪਰਖ ਲਈ ਕੋਈ ਜੁਆਨ ਜੀਵਨ ਵਾਰਨ ਲਈ ਤਿਆਰ ਨਹੀਂ ਹੈ।

ਦੀਵਾਨ ਦੇ ਬਾਹਰ ਪਿਉ-ਪੁੱਤਰ ਸ: ਬੀਰ ਸਿੰਘ ਤੇ ਧੀਰ ਸਿੰਘ ਦੋ ਸਿੱਖ ਖਲੋਤੇ ਸਨ। ਗੁਰੂ ਜੀ ਨੇ ਇਕ ਸਿੱਖ ਨੂੰ ਭੇਜਿਆ ਕਿ ਉਨ੍ਹਾਂ ਵਿਚੋਂ ਇਕ ਨੂੰ ਬੰਦੂਕ ਦੇ ਨਿਸ਼ਾਨੇ ਦੀ ਪਰਖ ਲਈ ਬੁਲਾ ਲਿਆਓ। ਸਿੱਖ ਨੇ ਜਾ ਕੇ ਜਿਉਂ ਹੀ ਇਹ ਕਿਹਾ ਕਿ ਇਕ ਜਣਾ ਦਰਬਾਰ ਵਿਚ ਚੱਲੋ ਸਤਿਗੁਰਾਂ ਨੇ ਨਿਸ਼ਾਨਾ ਪਰਖਣਾ ਹੈ, ਪਿਓ ਤੇ ਪੁੱਤਰ ਦੋਵੇਂ ਵਾਹੋ-ਦਾਹੀ ਦੀਵਾਨ ਵੱਲ ਨੂੰ ਦੌੜ ਪਏ। ਦੋਵੇਂ ਇਕ ਦੂਜੇ ਤੋਂ ਮੂਹਰੇ ਖੜੋਣ ਦੇ ਯਤਨ

---

*ਕੁਝ ਸਰੋਤਾਂ ਅਨੁਸਾਰ 9 ਮਹੀਨੇ।

ਕਰਨ ਲੱਗੇ। ਜਦ ਸਤਿਗੁਰਾਂ ਕਿਹਾ ਕਿ ਸਾਨੂੰ ਇਕ ਸਿੱਖ ਦੀ ਹੀ ਲੋੜ ਹੈ, ਤਾਂ ਦੋਵੇਂ ਆਖਣ ਲੱਗੇ, 'ਪਹਿਲਾਂ ਹੁਕਮ ਮੈਂ ਸੁਣਿਆ ਹੈ — ਪਹਿਲਾਂ ਹੁਕਮ ਮੈਂ ਸੁਣਿਆ ਹੈ।' ਸਤਿਗੁਰੂ ਜੀ ਨੇ ਦੋਹਾਂ ਨੂੰ ਅੱਗੇ-ਪਿੱਛੇ ਖੜ੍ਹੇ ਕਰ ਦਿੱਤਾ। ਪਿਛਲਾ ਅੱਡੀਆਂ ਚੁੱਕ ਕੇ ਸਿਰ ਉੱਚਾ ਕਰ ਖਲੋਤਾ, ਤਾਂ ਕਿ ਉਹ ਹੀ ਨਿਸ਼ਾਨਾ ਬਣੇ। ਡੱਲੇ ਦੇ ਜੁਆਨਾਂ ਨੇ ਇਨ੍ਹਾਂ ਦੋਹਾਂ ਸਿੰਘਾਂ ਵੱਲ ਵੇਖ-ਵੇਖ ਕੇ ਮੂੰਹ ਵਿਚ ਉਂਗਲਾਂ ਪਾ ਲਈਆਂ। ਗੁਰੂ ਜੀ ਨੇ ਦੋਹਾਂ ਦਾ ਨਿਸ਼ਾਨਾ ਬੰਨ੍ਹਿਆ। ਦੋਵੇਂ ਸਿੰਘ ਅਡੋਲ ਖੜ੍ਹੇ ਰਹੇ। ਗੁਰੂ ਜੀ ਨੇ ਬੰਦੂਕ ਦਾ ਮੂੰਹ ਉਤਾਂਹ ਕਰਕੇ ਗੋਲੀ ਚਲਾ ਦਿੱਤੀ। ਉਹ ਸਿੰਘ ਫਿਰ ਵੀ ਰਤਾ ਨਾ ਘਬਰਾਏ। ਗੋਲੀ ਉਨ੍ਹਾਂ ਦੇ ਸਿਰ ਉਪਰੋਂ ਦੀ ਸਾਂਅ ਕਰਕੇ ਲੰਘ ਗਈ।

ਚੌਧਰੀ ਡੱਲੇ ਨੂੰ ਇਹ ਕੌਤਕ ਵੇਖ ਕੇ ਸਮਝ ਆ ਗਈ ਕਿ ਉਸ ਦੇ ਜੁਆਨ ਤਾਂ ਨੌਕਰੀ ਖ਼ਾਤਰ ਹੀ ਜੰਗਾਂ ਵਿਚ ਹਿੱਸਾ ਲੈਂਦੇ ਹਨ, ਪਰ ਸਤਿਗੁਰਾਂ ਦੇ ਪ੍ਰੀਤਵਾਨ ਸਿੱਖ ਸਤਿਗੁਰਾਂ ਦੀ ਖੁਸ਼ੀ ਹਾਸਿਲ ਕਰਨ ਲਈ ਜਾਨ ਵਾਰਨ ਨੂੰ ਹਮੇਸ਼ਾ ਤਤਪਰ ਰਹਿੰਦੇ ਹਨ। ਇਸ ਘਟਨਾ ਦੇ ਮਗਰੋਂ ਡੱਲੇ ਨੇ ਆਪਣੇ ਜੁਆਨਾਂ ਦੀ ਵਡਿਆਈ ਕਰਨੀ ਛੱਡ ਦਿੱਤੀ।

### *ਇਲਾਕੇ ਵਿਚ ਪ੍ਰਚਾਰ*

ਕੁਝ ਦਿਨ ਆਰਾਮ ਕਰਨ ਮਗਰੋਂ ਗੁਰੂ ਜੀ ਸਿੰਘਾਂ ਨੂੰ ਨਾਲ ਲੈ ਕੇ ਇਲਾਕੇ ਵਿਚ ਧਰਮ-ਪ੍ਰਚਾਰ ਲਈ ਨਿਕਲ ਪਏ। ਭਾਗੀ ਬਾਂਦਰ, ਬਾਚਕ, ਭੁੱਚੋ ਆਦਿਕ ਪਿੰਡਾਂ ਤੋਂ ਹੁੰਦੇ ਹੋਏ ਬਠਿੰਡੇ ਗਏ। ਚੌਧਰੀ ਡੱਲਾ ਵੀ ਇੱਥੇ ਆ ਰਲਿਆ। ਕੁਝ ਦਿਨ ਬਠਿੰਡੇ ਵਿਚ ਨਿਵਾਸ ਰੱਖ ਕੇ ਦੂਰ-ਨੇੜੇ ਦੇ ਪਿੰਡਾਂ ਵਿਚ ਦੌਰਾ ਕਰਦੇ ਰਹੇ। ਅਨੇਕਾਂ ਗਭਰੂ ਸਿੱਖ ਸਜ ਗਏ। ਸਰਦਾਰ ਡੱਲੇ ਨੇ ਮੁੜ ਤਲਵੰਡੀ ਪਰਤਣ ਦੀ ਬੇਨਤੀ ਕੀਤੀ। ਬਠਿੰਡੇ ਤੋਂ ਮਹਿਮੇ ਪਿੰਡ, ਸਮੀਰ ਕੋਟ ਤੇ ਭੁਖੜੀ ਆਦਿਕ ਪਿੰਡਾਂ ਵਿਚ ਡੇਰਾ ਕਰਦੇ ਤਲਵੰਡੀ ਵਾਪਸ ਆ ਗਏ। ਇਸ ਦੌਰੇ ਵਿਚ ਸੈਂਕੜੇ ਬੰਦੇ ਅੰਮ੍ਰਿਤ ਛਕ ਕੇ ਖ਼ਾਲਸਾ-ਪੰਥ ਵਿਚ ਦਾਖ਼ਲ ਹੋਏ।

### *ਸਰਹੰਦ ਤੋਂ ਡੱਲੇ ਨੂੰ ਹੁਕਮ*

ਸਰਹੰਦ ਵਿਚ ਨਵਾਬ ਵਜ਼ੀਰ ਖ਼ਾਨ ਨੂੰ ਖ਼ਬਰ ਮਿਲੀ ਕਿ ਗੁਰੂ ਗੋਬਿੰਦ ਸਿੰਘ ਜੀ ਸਾਬੋ ਕੀ ਤਲਵੰਡੀ ਠਹਿਰੇ ਹੋਏ ਹਨ, ਤਾਂ ਉਸ ਨੇ ਚੌਧਰੀ ਡੱਲੇ ਨੂੰ ਹੁਕਮ ਲਿਖ ਭੇਜਿਆ ਕਿ ਮੁਗ਼ਲ ਹਕੂਮਤ ਦੇ ਬਾਗੀ ਗੁਰੂ ਨੂੰ ਮੇਰੇ ਹਵਾਲੇ ਕਰ ਦੇਵੇ। ਔਰੰਗਜ਼ੇਬ ਪਾਸੋਂ ਇਨਾਮ ਦਿਵਾਉਣ ਦੇ ਲਾਲਚ ਵੀ ਦਿੱਤੇ ਤੇ ਹੁਕਮ-ਅਦੂਲੀ ਕਰਨ ਦੀ ਹਾਲਤ ਵਿਚ ਡਰਾਵੇ ਵੀ ਦਿੱਤੇ। ਚੌਧਰੀ ਡੱਲੇ ਉਤੇ ਇਨ੍ਹਾਂ ਲਾਲਚਾਂ ਅਤੇ ਡਰਾਵਿਆਂ ਦਾ ਕੋਈ ਅਸਰ ਨਾ ਹੋਇਆ। ਉਹ ਅਡੋਲ ਰਿਹਾ। ਉਸ ਨੇ ਸਰਹੰਦ ਦੇ ਨਵਾਬ ਨੂੰ ਜਵਾਬ ਵਿਚ ਲਿਖਿਆ ਕਿ ਜੇ ਉਸ ਨੇ ਹਮਲਾ ਕਰਨ ਦੀ ਕੋਸ਼ਿਸ਼ ਕੀਤੀ, ਤਾਂ ਉਸ ਦਾ ਮੂੰਹ-ਤੋੜਵਾਂ ਉੱਤਰ ਦਿੱਤਾ ਜਾਵੇਗਾ। ਇਸ ਪਾਣੀ-ਹੀਣ ਧਰਤੀ ਤੋਂ ਉਸ ਦਾ ਬਚ ਕੇ ਜਾਣਾ ਕੋਈ ਸੌਖੀ ਖੇਡ ਨਹੀਂ ਹੋਵੇਗੀ।

ਸਰਹੰਦ ਦੇ ਨਵਾਬ ਨੇ ਕੋਈ ਹਮਲਾ ਨਾ ਕੀਤਾ। ਜਾਪਦਾ ਹੈ ਕਿ ਇਨ੍ਹਾਂ ਦਿਨਾਂ ਵਿਚ ਉਸ ਨੂੰ ਔਰੰਗਜ਼ੇਬ ਦੇ ਹੁਕਮ ਮਿਲ ਗਏ ਹੋਣਗੇ ਕਿ ਗੁਰੂ ਗੋਬਿੰਦ ਸਿੰਘ ਜੀ ਦੇ ਰਾਹ ਵਿਚ ਕੋਈ ਰੁਕਾਵਟ ਨਾ ਪਾਈ ਜਾਵੇ ਤੇ ਜਿੱਥੇ ਉਹ ਜਾਣ, ਜਾਣ ਦਿੱਤਾ ਜਾਵੇ।

## *ਮਹਿਲਾਂ ਨਾਲ ਮਿਲਾਪ*

ਦਿੱਲੀ ਵਿਚ ਜਦੋਂ ਗੁਰੂ ਕੇ ਮਹਿਲਾਂ ਮਾਤਾ ਸੁੰਦਰੀ ਜੀ ਤੇ ਸਾਹਿਬ ਕੌਰ ਜੀ ਨੂੰ ਇਹ ਪਤਾ ਲੱਗਾ ਕਿ ਸਤਿਗੁਰੂ ਜੀ ਸਾਬੋ ਕੀ ਤਲਵੰਡੀ (ਦਮਦਮਾ ਸਾਹਿਬ) ਵਿਖੇ ਠਹਿਰੇ ਹੋਏ ਹਨ, ਤਾਂ ਉਹ ਭਾਈ ਮਨੀ ਸਿੰਘ ਜੀ ਦੇ ਨਾਲ ਇੱਥੇ ਆਈਆਂ। ਉਨ੍ਹਾਂ ਜਦੋਂ ਚਾਰੇ ਸਾਹਿਬਜ਼ਾਦਿਆਂ ਦੀ ਸ਼ਹੀਦੀ ਦੀ ਗਾਥਾ ਸੁਣੀ, ਤਾਂ ਉਨ੍ਹਾਂ ਦੇ ਨੈਣ ਭਰ ਆਏ। ਸਤਿਗੁਰਾਂ ਨੇ ਸਭ ਨੂੰ ਪ੍ਰਭੂ ਦਾ ਭਾਣਾ ਮਿੱਠਾ ਕਰਕੇ ਮੰਨਣ ਦਾ ਉਪਦੇਸ਼ ਦਿੱਤਾ। ਮਾਤਾ ਸੁੰਦਰੀ ਜੀ ਨੂੰ ਕਿਹਾ ਕਿ ਉਹ ਤਾਂ ਸਗੋਂ ਭਾਗਾਂ ਵਾਲੀ ਹੈ ਜਿਸ ਦੇ ਬੱਚੇ ਧਰਮ ਦੀ ਖ਼ਾਤਰ ਕੁਰਬਾਨ ਹੋ ਗਏ ਹਨ :

ਤੋਹਿ ਪੁਤਰ ਬਡ ਬੀਰ ਬਹਾਦਰ॥ ਗਯੇ ਸਵਰਗ ਦੇਵਨ ਤੇ ਸਾਦਰ॥
ਜਗ ਮੈ ਜਸ ਅਖੰਡ ਕੋ ਪਾਵਾ॥ ਜਨਮ ਲਾਭ ਕੋ ਕਰਮ ਕਮਾਵਾ॥
ਅਸ ਬੀਰਨ ਕੀ ਜਨਨੀ ਸੋਇ॥ ਸ਼ੋਕ ਕਰਨ ਕੇ ਉਚਿਤ ਨ ਸੋਇ॥

## *ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਨਵਾਂ ਉਤਾਰਾ*

ਗੁਰੂ ਅਰਜਨ ਦੇਵ ਜੀ ਦੇ ਸਮੇਂ ਅਤੇ ਉਨ੍ਹਾਂ ਦੇ ਮਗਰੋਂ (ਗੁਰੂ) ਗ੍ਰੰਥ ਸਾਹਿਬ ਜੀ ਦੇ ਕਈ ਉਤਾਰੇ ਹੋ ਚੁੱਕੇ ਸਨ। ਅਨੇਕਾਂ ਲਿਖਾਰੀਆਂ ਨੇ ਇਸ ਕੰਮ ਨੂੰ ਆਪਣਾ ਕਿੱਤਾ ਬਣਾ ਲਿਆ ਸੀ। ਹਰੇਕ ਗੁਰੂ ਵਿਅਕਤੀ ਨੇ ਸਿੱਖ-ਲਿਖਾਰੀਆਂ ਨੂੰ ਉਤਾਰੇ ਕਰਨ ਦੀ ਪ੍ਰੇਰਨਾ ਕੀਤੀ। ਦਸਮ ਪਾਤਸ਼ਾਹ ਦੇ ਸਮੇਂ ਤੱਕ ਗੁਰੂ ਗ੍ਰੰਥ ਸਾਹਿਬ ਜੀ ਦੇ ਅਨੇਕਾਂ ਉਤਾਰੇ ਹੋ ਚੁੱਕੇ ਸਨ।

ਗੁਰੂ ਗੋਬਿੰਦ ਸਿੰਘ ਜੀ ਨੇ ਵੀ ਦਮਦਮਾ ਸਾਹਿਬ ਵਿਖੇ ਆਪਣੀ ਨਿਗਰਾਨੀ ਵਿਚ ਭਾਈ ਮਨੀ ਸਿੰਘ ਜੀ ਤੋਂ ਇਕ ਨਵੀਂ 'ਬੀੜ' ਲਿਖਵਾਈ। ਇਸ ਵਿਚ ਗੁਰੂ ਤੇਗ ਬਹਾਦਰ ਜੀ ਦੀ ਬਾਣੀ ਸੰਬੰਧਤ ਰਾਗਾਂ ਵਿਚ ਦਰਜ ਕਰਵਾਈ।

## *ਗੁਰੂ-ਚਰਨਾਂ ਵਿਚ ਪੀੜ੍ਹੀ ਜਿੰਨੀ ਥਾਂ*

ਭਾਈ (ਚੌਧਰੀ) ਡੱਲੇ ਨੇ ਗੁਰੂ ਪਾਤਸ਼ਾਹ ਦੀ ਸੇਵਾ ਕਰਨ ਵਿਚ ਬੜੀ ਦਲੇਰੀ ਵਿਖਾਈ ਸੀ। ਉਸ ਨੇ ਸਰਹੰਦ ਦੇ ਨਵਾਬ ਦੀਆਂ ਧਮਕੀਆਂ ਦੀ ਕੋਈ ਪ੍ਰਵਾਹ ਨਹੀਂ ਸੀ ਕੀਤੀ, ਸਗੋਂ ਉਸ ਨੂੰ ਸਾਫ਼ ਲਿਖ ਦਿੱਤਾ ਸੀ ਕਿ ਉਹ ਗੁਰੂ ਗੋਬਿੰਦ ਸਿੰਘ ਸਾਹਿਬ ਨੂੰ ਫੜਨ ਦੀ ਗ਼ਲਤੀ ਬਿਲਕੁਲ ਨਾ ਕਰੇ। ਗੁਰੂ ਜੀ ਭਾਈ ਡੱਲੇ ਦੀ ਇਸ ਕੁਰਬਾਨੀ ਦੀ ਕਦਰ ਕਰਦੇ ਸਨ।

ਇਕ ਦਿਨ ਸਤਿਗੁਰਾਂ ਨੇ ਪ੍ਰਸੰਨ ਹੋ ਕੇ ਭਾਈ ਡੱਲੇ ਨੂੰ ਕਿਹਾ, "ਡੱਲਿਆ! ਗੁਰੂ ਨਾਨਕ ਦੇ ਘਰ ਵਿਚ ਕਿਸੇ ਚੀਜ਼ ਦੀ ਕੋਈ ਕਮੀ ਨਹੀਂ ਹੈ। ਜੋ ਕੁਝ ਤੂੰ ਚਾਹੁੰਨਾ ਹੈਂ, ਦੱਸ?" ਭਾਈ ਡੱਲੇ ਨੇ ਬੜੀ ਨਿਮਰਤਾ ਨਾਲ ਜੁਆਬ ਦਿੱਤਾ, "ਸੱਚੇ ਪਾਤਸ਼ਾਹ! ਧਨ, ਜ਼ਮੀਨ, ਇੱਜ਼ਤ ਆਦਿਕ ਦੁਨੀਆਵੀ ਪਦਾਰਥ ਅੱਗੇ ਹੀ ਤੁਹਾਡੀ ਕਿਰਪਾ ਨਾਲ ਬਥੇਰੇ ਹਨ। ਇਨ੍ਹਾਂ ਪਦਾਰਥਾਂ ਦੀ ਹੋਰ ਚਾਹ ਨਹੀਂ। ਜੇ ਤੁੱਠੇ ਹੋ, ਤਾਂ ਆਪਣੇ ਚਰਨਾਂ ਵਿਚ ਇਕ ਪੀੜ੍ਹੀ ਜਿੰਨੀ ਥਾਂ ਦੇ ਦਿਓ।"

ਗੁਰੂ ਸਾਹਿਬ ਨੇ ਉੱਤਰ ਦਿੱਤਾ, "ਡੱਲਿਆ! ਤੂੰ ਸਾਡੀ ਸੇਵਾ ਕਰਨ ਵਿਚ ਦੁਨਿਆਵੀ

ਪਦਾਰਥ ਖ਼ਤਰੇ ਵਿਚ ਪਾਏ ਹਨ। ਉਨ੍ਹਾਂ ਦੇ ਬਦਲੇ ਦੁਨਿਆਵੀ ਪਦਾਰਥ ਹੀ ਮਿਲ ਸਕਦੇ ਹਨ। ਜੋ ਕੁਝ ਤੂੰ ਮੰਗਦਾ ਹੈ, ਉਹ ਦੁਨਿਆਵੀ ਪਦਾਰਥਾਂ ਦੇ ਵੱਟੇ ਨਹੀਂ ਮਿਲ ਸਕਦਾ। ਗੁਰੂ ਨਾਲ ਨੇੜਤਾ ਤਾਂ ਪ੍ਰੇਮ ਦਾ ਸੌਦਾ ਹੈ। ਪ੍ਰੇਮ ਪੈਸੇ ਨਾਲ ਨਹੀਂ ਖਰੀਦਿਆ ਜਾ ਸਕਦਾ। ਇੱਥੇ ਤਾਂ ਤਨ-ਮਨ ਭੇਟ ਕਰਨਾ ਪੈਂਦਾ ਹੈ। ਜੇ ਤੂੰ ਸਾਡੀ ਨੇੜਤਾ ਚਾਹੁੰਦਾ ਹੈਂ, ਤਾਂ ਉਹੀ ਪ੍ਰਣ ਕਰ, ਜੋ ਸਿੰਘਾਂ ਨੇ ਕੀਤਾ ਹੈ, ਜੋ ਅਸੀਂ ਵੀ ਕੀਤਾ ਹੈ। ਸੋ ਅੰਮ੍ਰਿਤ ਛਕ ਕੇ ਸਿੱਖੀ ਮਾਰਗ ਤੇ ਚੱਲ। ਇੰਝ ਕੀਤਿਆਂ ਗੁਰੂ-ਘਰ ਵਿਚ ਸਦਾ ਲਈ ਥਾਂ ਮਿਲ ਜਾਵੇਗੀ।"

ਭਾਈ ਡੱਲੇ ਨੇ ਗੁਰੂ ਜੀ ਦੇ ਉਪਦੇਸ਼ ਅੱਗੇ ਸਿਰ ਨਿਵਾਇਆ। ਅੰਮ੍ਰਿਤ ਛਕ ਕੇ ਉਹ ਭਾਈ ਡੱਲਾ ਸਿੰਘ ਬਣਿਆ ਤੇ ਆਪਣੇ ਸਾਰੇ ਪਰਿਵਾਰ ਨੂੰ ਅੰਮ੍ਰਿਤ ਛਕਵਾਇਆ।

### *ਕਵੀ ਦਰਬਾਰ*

ਜਿਵੇਂ ਪਾਉਂਟਾ ਸਾਹਿਬ ਵਿਖੇ ਰੋਜ਼ ਕਵੀ-ਦਰਬਾਰ ਲਗਦੇ ਸਨ, ਉਵੇਂ ਦਮਦਮਾ ਸਾਹਿਬ ਵਿਖੇ ਵੀ ਕਵੀ-ਦਰਬਾਰ ਲੱਗਣ ਲਗ ਪਏ, ਕਿਉਂਕਿ ਬਹੁਤ ਸਾਰੇ ਕਵੀ ਉਥੇ ਫਿਰ ਸਤਿਗੁਰਾਂ ਦੇ ਦਰਬਾਰ ਵਿਚ ਆ ਢੁੱਕੇ ਸਨ। ਹਜ਼ਾਰਾਂ ਦੀ ਗਿਣਤੀ ਵਿਚ ਸੰਗਤਾਂ ਵੀ ਨਗਰ-ਨਗਰ, ਪਿੰਡ-ਪਿੰਡ ਤੋਂ ਪਹੁੰਚਦੀਆਂ ਸਨ ਤੇ ਖ਼ੂਬ ਰੰਗ ਬੱਝਦਾ ਸੀ। ਕਵੀਆਂ ਕੋਲੋਂ ਜੁਸ਼ੀਲੀਆਂ ਕਵਿਤਾਵਾਂ ਸੁਣ ਕੇ, ਉਹ ਬੰਦੇ ਵੀ ਅੰਮ੍ਰਿਤ ਛਕਣ ਲਈ ਤਿਆਰ ਹੋ ਜਾਂਦੇ, ਜਿਨ੍ਹਾਂ ਅਜੇ ਅੰਮ੍ਰਿਤ ਨਹੀਂ ਸੀ ਛਕਿਆ। ਲੋਕੀਂ ਸਮਝਦੇ ਸਨ ਕਿ ਅੰਮ੍ਰਿਤ ਛਕ ਕੇ ਹੀ ਇਕੱਲਾ ਬੰਦਾ ਸਵਾ-ਸਵਾ ਲੱਖ ਨਾਲ ਜੂਝ ਸਕਦਾ ਹੈ ਤੇ ਇੰਝ ਗ਼ੁਲਾਮੀ ਦੀਆਂ ਜ਼ੰਜੀਰਾਂ ਤੋੜੀਆਂ ਜਾ ਸਕਦੀਆਂ ਹਨ।

### *ਪ੍ਰਚਾਰ ਦਾ ਅਸਰ*

ਸਾਬੋ ਕੀ ਤਲਵੰਡੀ (ਦਮਦਮਾ ਸਾਹਿਬ) ਵਿਖੇ ਨਿਵਾਸ ਰੱਖਣ ਸਮੇਂ ਸਤਿਗੁਰਾਂ ਨੇ ਗੁਰਮਤਿ ਪ੍ਰਚਾਰ ਦੇ ਭਰਵੇਂ ਯਤਨ ਕੀਤੇ। ਵੱਧ ਤੋਂ ਵੱਧ ਲੋਕਾਂ ਨੂੰ ਅੰਮ੍ਰਿਤ ਦੀ ਦਾਤ ਬਖਸ਼ੀ। ਸਤਿਗੁਰਾਂ ਦੇ ਯਤਨਾਂ ਸਦਕਾ ਟਰੰਪ ਦੇ ਕਥਨ ਅਨੁਸਾਰ ਇਕ ਲੱਖ ਵੀਹ ਹਜ਼ਾਰ ਦੀ ਭਾਰੀ ਗਿਣਤੀ ਨੇ ਅੰਮ੍ਰਿਤ ਛਕਿਆ।

### *ਦੱਖਣ ਨੂੰ ਕੂਚ*

ਭਾਈ ਦਇਆ ਸਿੰਘ ਜੀ ਨੂੰ ਜ਼ਫ਼ਰਨਾਮਾ ਲੈ ਕੇ ਗਿਆਂ ਡੇਢ ਸਾਲ ਹੋ ਚੁਕਿਆ ਸੀ, ਪਰ ਔਰੰਗਜ਼ੇਬ ਵਲੋਂ ਕੋਈ ਉੱਤਰ ਨਹੀਂ ਸੀ ਆਇਆ। ਗੁਰੂ ਜੀ ਨੇ ਖ਼ੁਦ ਹੀ ਇਹ ਫ਼ੈਸਲਾ ਕੀਤਾ ਕਿ ਔਰੰਗਜ਼ੇਬ ਨੂੰ ਆਪ ਮਿਲਿਆ ਜਾਵੇ, ਤੇ ਉਸ ਨੂੰ ਧਰਮ ਦਾ ਸਹੀ ਰਸਤਾ ਦੱਸ ਕੇ, ਜਨਤਾ ਦੇ ਦੋਖੀਆਂ ਨੂੰ ਸਜ਼ਾਵਾਂ ਦੇਣ ਅਤੇ ਅਗੋਂ ਤੋਂ ਅਤਿਆਚਾਰ ਬੰਦ ਕਰਨ ਦੀ ਪ੍ਰੇਰਨਾ ਦਿੱਤੀ ਜਾਵੇ। ਸਤਿਗੁਰੂ ਜੀ ਸਿੰਘਾਂ ਸਮੇਤ, 20 ਅਕਤੂਬਰ ਸੰਨ 1706 ਨੂੰ ਦੱਖਣ ਲਈ ਚੱਲ ਪਏ। ਇਸ ਤੋਂ ਪਹਿਲਾਂ ਉਨ੍ਹਾਂ ਨੇ ਮਾਤਾ ਸੁੰਦਰੀ ਜੀ ਤੇ ਮਾਤਾ ਸਾਹਿਬ ਕੌਰ ਜੀ ਨੂੰ ਦਿੱਲੀ ਵਾਪਿਸ ਭੇਜ ਦਿੱਤਾ ਸੀ।

# ਦਮਦਮਾ ਸਾਹਿਬ ਤੋਂ ਨੰਦੇੜ

ਤਲਵੰਡੀ ਤੋਂ ਚਲ ਕੇ ਸਤਿਗੁਰੂ ਜੀ ਕੇਵਲ, ਝੋਰੜ, ਝੰਡਾ ਪਿੰਡਾਂ ਵਿਚ ਠਹਿਰਦੇ ਹੋਏ ਅਜੋਕੇ ਹਰਿਆਣਾ ਪ੍ਰਾਂਤ ਦੇ ਨਗਰ ਸਰਸਾ ਪੁਜੇ। ਭਾਈ ਡੱਲਾ ਸਿੰਘ ਅਤੇ ਭਾਈ ਫ਼ਤਹਿ ਸਿੰਘ, ਜਿਹੜੇ ਗੁਰੂ ਜੀ ਨਾਲ ਆਏ ਸਨ, ਆਪਣੇ ਨਗਰਾਂ ਨੂੰ ਵਾਪਸ ਚਲੇ ਗਏ।

ਸਤਿਗੁਰੂ ਜੀ ਸਰਸਾ ਤੋਂ ਸਿੱਧੇ ਦੱਖਣ ਨੂੰ ਨੌਹਰ, ਭਾਦੜਾ ਆਦਿਕ ਕਸਬਿਆਂ ਵਿਚ ਟਿਕਦੇ-ਟਿਕਦੇ ਸੁਹੇਵਾ ਪੁੱਜੇ। ਸੁਹੇਵਾ ਰਿਆਸਤ ਬੀਕਾਨੇਰ (ਰਾਜਸਥਾਨ) ਦੀ ਤਹਿਸੀਲ ਰਾਣੀ ਦਾ ਇਕ ਪਿੰਡ ਹੈ। ਕੁਝ ਦਿਨ ਆਰਾਮ ਕਰਕੇ ਪਿੰਡ ਮਧੂ ਸਿੰਘਾਣੇ ਜਾ ਟਿਕੇ। ਇਥੋਂ ਅਗਾਂਹ ਅਜਮੇਰ ਸ਼ਹਿਰ ਦੇ ਕੋਲ ਹਿੰਦੂਆਂ ਦੇ ਪ੍ਰਸਿੱਧ ਤੀਰਥ ਪੁਸ਼ਕਰ ਜਾ ਡੇਰਾ ਕੀਤਾ। ਇੱਥੇ 'ਗੋਬਿੰਦ ਘਾਟ' ਨਾਮ ਦਾ ਯਾਦਗਾਰੀ ਗੁਰਦੁਆਰਾ ਬਣਿਆ ਹੋਇਆ ਹੈ।

ਪੁਸ਼ਕਰ ਤੋਂ ਦੱਖਣ ਵੱਲ ਪੰਜਾਹ ਕੁ ਮੀਲਾਂ ਉਤੇ ਨਰਾਇਣਾ ਨਾਂ ਦਾ ਇਕ ਪਿੰਡ ਹੈ, ਜੋ ਜੈਪੁਰ ਰਿਆਸਤ ਵਿਚ ਹੈ। ਇਥੇ ਦਾਦੂ ਦੀ ਸਮਾਧ ਹੈ ਤੇ ਦਾਦੂ-ਪੰਥੀਆਂ ਦਾ ਡੇਰਾ ਹੈ। ਮਹੰਤ ਜੈਤ ਰਾਮ ਉਦੋਂ ਗੱਦੀ ਤੇ ਬੈਠਾ ਹੋਇਆ ਸੀ। ਉਸ ਨੇ ਤੇ ਉਸ ਦੇ ਸੇਵਕਾਂ ਨੇ ਗੁਰੂ ਜੀ ਦਾ ਨਿੱਘਾ ਸਵਾਗਤ ਕੀਤਾ। ਗੁਰੂ ਜੀ ਨੇ ਇੱਥੇ ਕੁਝ ਦਿਨ ਵਿਸ਼ਰਾਮ ਕੀਤਾ।

ਇੱਥੇ ਇਕ ਦਿਨ ਗੁਰੂ ਜੀ ਨੇ ਦਾਦੂ ਦੀ ਸਮਾਧ ਨੂੰ ਤੀਰ ਨਾਲ 'ਨਮਸਕਾਰ' ਕੀਤੀ। ਸਿਘ ਇਹ ਵੇਖ ਕੇ ਬਹੁਤ ਹੈਰਾਨ ਹੋਏ। ਸਿੰਘਾਂ ਨੇ ਕਿਹਾ, "ਗੁਰੂ ਜੀ ਤੁਸੀਂ ਸਾਨੂੰ ਤਾਂ ਮੜ੍ਹੀਆਂ ਦੀ ਪੂਜਾ ਤੋਂ ਵਰਜਦੇ ਹੋ ਤੇ ਆਪ੍ਹੂ ਦਾਦੂ ਦੀ ਸਮਾਧ ਨੂੰ ਤੀਰ ਨਾਲ ਨਮਸਕਾਰ ਕੀਤੀ ਹੈ। ਤੁਸੀਂ ਤਾਂ ਤਨਖ਼ਾਹੀਏ ਹੋ ਗਏ ਹੋ। ਅਸੀਂ ਤੁਹਾਨੂੰ ਤਨਖ਼ਾਹ ਲਾਵਾਂਗੇ।" ਸਤਿਗੁਰੂ ਜੀ ਸਿੰਘਾਂ ਦੇ ਇਹ ਬਚਨ ਸੁਣਕੇ ਬਹੁਤ ਪ੍ਰਸੰਨ ਹੋਏ ਕਿ ਸਿੰਘਾਂ ਅੰਦਰ ਕਿੰਨੀ ਜਾਗ੍ਰਤੀ ਹੈ। ਆਪ ਨੇ ਫ਼ੁਰਮਾਇਆ,"ਮੈਂ ਤਾਂ ਤੁਹਾਡੀ ਪਰਖ ਕਰਨੀ ਚਾਹੁੰਦਾ ਸਾਂ, ਸਮਾਧ ਨੂੰ ਨਮਸਕਾਰ ਕਰਨ ਦਾ ਕੋਈ ਇਰਾਦਾ ਨਹੀਂ ਸੀ। ਫਿਰ ਵੀ ਤਨਖ਼ਾਹ ਦਾ ਭਾਗੀ ਹਾਂ, ਜੋ ਵੀ ਤਨਖ਼ਾਹ (ਡੰਡ) ਲਾਓ ਮਨਜ਼ੂਰ ਹੈ।"

ਨਰਾਇਣੇ ਤੋਂ ਚੱਲ ਕੇ ਲਾਲੀ, ਘਮਰੌਦਾ ਆਦਿਕ ਪਿੰਡਾਂ ਤੋਂ ਲੰਘਦੇ ਹੋਏ ਸਤਿਗੁਰੂ ਜੀ ਕੁਲਾਇਤ (ਕਲੌਤ) ਪੁੱਜੇ। ਭਾਈ ਦਇਆ ਸਿੰਘ ਜੀ ਦੱਖਣ ਤੋਂ ਵਾਪਸ ਆਉਂਦਿਆਂ ਇਥੇ ਹੀ ਆਪ ਜੀ ਨੂੰ ਮਿਲੇ ਸਨ।

ਕੁਲਾਇਤ ਤੋਂ ਅਰਾਵਲੀ ਪਰਬਤ ਲੰਘ ਕੇ ਗੁਰੂ ਜੀ ਬਘੌਰ ਪੁੱਜੇ। ਇੱਥੇ ਉਨ੍ਹਾਂ ਨੂੰ ਔਰੰਗਜ਼ੇਬ ਦੀ ਮੌਤ* ਦੀ ਖ਼ਬਰ ਮਿਲੀ। ਇਹ ਵੀ ਪਤਾ ਲੱਗਾ ਕਿ ਔਰੰਗਜ਼ੇਬ ਦੇ ਪੁੱਤਰਾਂ

*ਔਰੰਗਜ਼ੇਬ ਦੀ ਮੌਤ 20 ਫ਼ਰਵਰੀ ਸੰਨ 1707 ਨੂੰ ਸਵੇਰੇ ਅਹਿਮਦਨਗਰ ਵਿਚ ਹੋਈ ਸੀ।

ਵਿਚ ਰਾਜਗੱਦੀ ਲਈ ਝਗੜਾ ਹੋ ਗਿਆ ਹੈ। ਹੁਣ ਅਗਾਂਹ ਜਾਣ ਦਾ ਕੋਈ ਲਾਭ ਨਹੀਂ ਸੀ, ਇਸ ਲਈ ਕੁਝ ਸਮਾਂ ਉਥੇ ਹੀ ਟਿਕੇ ਰਹਿਣ ਮਗਰੋਂ ਦਿੱਲੀ ਆ ਗਏ।

ਜਦੋਂ ਔਰੰਗਜ਼ੇਬ ਦੀ ਮੌਤ ਹੋਈ ਤਾਂ ਉਸ ਦਾ ਵੱਡਾ ਪੁੱਤਰ, ਸ਼ਹਿਜ਼ਾਦਾ ਮੁਅੱਜ਼ਮ (ਬਹਾਦਰ ਸ਼ਾਹ) ਅਫ਼ਗਾਨਿਸਤਾਨ ਵੱਲ ਇਕ ਮੁਹਿਮ ਤੇ ਗਿਆ ਹੋਇਆ ਸੀ। ਮੁਅੱਜ਼ਮ ਦੀ ਗੈਰ-ਹਾਜ਼ਰੀ ਵਿਚ ਉਸ ਦੇ ਛੋਟੇ ਭਰਾ ਸ਼ਹਿਜ਼ਾਦਾ ਆਜ਼ਮ ਨੇ ਅਹਿਮਦ ਨਗਰ ਵਿਖੇ ਹੀ ਆਪਣੇ ਆਪ ਨੂੰ ਰਾਜਾ ਘੋਸ਼ਿਤ ਕਰ ਦਿੱਤਾ ਅਤੇ ਉਹ ਆਗਰੇ ਵੱਲ ਤੇਜ਼ੀ ਨਾਲ ਫ਼ੌਜਾਂ ਸਣੇ ਤੁਰ ਪਿਆ। ਮੁਅੱਜ਼ਮ ਵੀ ਰਾਜ ਗੱਦੀ ਤੇ ਕਬਜ਼ਾ ਕਰਨ ਲਈ (ਜੋ ਕਿ ਉਸ ਦਾ ਹੱਕ ਬਣਦਾ ਸੀ) ਵਾਹੋ-ਦਾਹੀ ਵਾਪਸ ਪਰਤਿਆ। ਪਰ ਉਸ ਨੂੰ ਇੰਝ ਜਾਪਿਆ ਕਿ ਆਜ਼ਮ ਨਾਲ ਮੁਕਾਬਲਾ ਕਰਨਾ ਕੋਈ ਸੌਖੀ ਗੱਲ ਨਹੀਂ। ਉਸ ਨੇ ਭਾਈ ਨੰਦ ਲਾਲ ਸਿੰਘ ਜੀ ਰਾਹੀਂ ਗੁਰੂ ਜੀ ਨੂੰ ਸਹਾਇਤਾ ਲਈ ਬੇਨਤੀ ਕੀਤੀ। ਉਸ ਨੇ ਇਹ ਵੀ ਭਰੋਸਾ ਦੁਆਇਆ ਕਿ ਉਹ ਪੰਜਾਬ ਵਿਚ ਉਨ੍ਹਾਂ ਲੋਕਾਂ ਨੂੰ ਸਜ਼ਾਵਾਂ ਦੇਵੇਗਾ ਜਿਨ੍ਹਾਂ ਨੇ ਗੁਰੂ-ਪਰਿਵਾਰ, ਸਿੰਘਾਂ ਅਤੇ ਆਮ-ਜਨਤਾ ਉਤੇ ਜ਼ੁਲਮ ਢਾਹੇ ਸਨ।

ਗੁਰੂ ਜੀ ਨੇ ਮੁਅੱਜ਼ਮ ਦੀ ਬੇਨਤੀ ਮੰਨ ਕੇ ਭਾਈ ਧਰਮ ਸਿੰਘ ਜੀ ਨੂੰ ਸਿੰਘਾਂ ਦਾ ਇਕ ਵੱਡਾ ਜਥਾ ਦੇ ਕੇ ਮੁਅੱਜ਼ਮ ਦੀ ਸਹਾਇਤਾ ਲਈ ਤੋਰਿਆ। ਦੋਹਾਂ ਭਰਾਵਾਂ ਸ਼ਹਿਜ਼ਾਦਾ ਮੁਅੱਜ਼ਮ ਅਤੇ ਆਜ਼ਮ ਦਾ ਟਾਕਰਾ ਆਗਰਾ ਅਤੇ ਧੌਲਪੁਰ ਦੇ ਵਿਚਕਾਰ 8 ਜੂਨ, 1707 ਨੂੰ ਜਾਜੋਂ ਵਿਖੇ ਹੋਇਆ। ਬੜੀ ਸਖ਼ਤ ਲੜਾਈ ਹੋਈ। ਪਹਿਲਾਂ ਆਜ਼ਮ ਦਾ ਪੁੱਤਰ ਬੇਦਾਰ ਬਖ਼ਤ ਮਾਰਿਆ ਗਿਆ। ਫਿਰ ਆਜ਼ਮ ਵੀ ਇਕ ਤੀਰ ਦਾ ਸ਼ਿਕਾਰ ਹੋਇਆ। ਮੈਦਾਨ ਸ਼ਹਿਜ਼ਾਦਾ ਮੁਅੱਜ਼ਮ ਦੇ ਹੱਥ ਰਿਹਾ। ਉਹ ਜਿੱਤ ਦੇ ਡੰਕੇ ਵਜਾਉਂਦਾ ਫ਼ੌਜਾਂ ਸਮੇਤ ਆਗਰੇ ਆ ਗਿਆ। ਇੱਥੇ ਉਹ ਬਹਾਦਰ ਸ਼ਾਹ ਦੇ ਨਾਮ ਨਾਲ ਹਿੰਦੁਸਤਾਨ ਦਾ ਬਾਦਸ਼ਾਹ ਬਣਿਆ। ਉਹ ਸਮਝਦਾ ਸੀ ਕਿ ਰਾਜਗੱਦੀ ਪ੍ਰਾਪਤ ਕਰਨ ਵਿਚ ਗੁਰੂ ਜੀ ਦੁਆਰਾ ਭੇਜੀ ਗਈ ਸਹਾਇਤਾ ਬਹੁਤ ਕਾਰਗਰ ਸਿੱਧ ਹੋਈ ਹੈ। ਇਸ ਲਈ ਉਸ ਨੇ ਗੁਰੂ ਜੀ ਨੂੰ ਬੇਨਤੀ ਕੀਤੀ ਕਿ ਆਗਰੇ ਆ ਕੇ ਦਰਸ਼ਨ ਦਿਓ। ਉਸ ਨੇ ਸੁਨੇਹਾ ਭਿਜਵਾਇਆ ਕਿ ਉਸ ਦੀ ਇੱਛਾ ਤਾਂ ਇਹ ਸੀ ਕਿ ਉਹ ਦਰਸ਼ਨਾਂ ਨੂੰ ਆਪ ਆਉਂਦਾ, ਪਰ ਰਾਜਸੀ ਸੰਕਟ ਕਰਕੇ ਅਤੇ ਮੁੱਲਾਂ-ਮੌਲਾਣਿਆਂ ਦੇ ਡਰ ਕਰ ਕੇ ਅਜਿਹਾ ਨਹੀਂ ਕਰ ਸਕਦਾ।

ਗੁਰੂ ਜੀ ਉਸ ਸਮੇਂ ਦਿੱਲੀ ਵਿਚ ਸਨ। ਪਹਿਲਾਂ ਉਹ ਹਮਾਯੂੰ ਦੇ ਮਕਬਰੇ ਦੇ ਨੇੜੇ ਠਹਿਰੇ ਸਨ, ਜਿੱਥੇ ਹੁਣ ਗੁਰਦੁਆਰਾ ਦਮਦਮਾ ਸਾਹਿਬ ਬਣਿਆ ਹੋਇਆ ਹੈ, ਫਿਰ ਮੋਚੀ ਬਾਗ਼ ਨਾਂ ਦੀ ਮੋਚੀਆਂ ਦੀ ਬਸਤੀ ਵਿਚ ਚਲੇ ਗਏ; ਜਿੱਥੇ ਹੁਣ ਗੁਰਦੁਆਰਾ ਮੋਤੀ ਬਾਗ਼ ਸਾਹਿਬ ਹੈ। ਡਾ: ਹਰੀ ਰਾਮ ਗੁਪਤਾ ਅਨੁਸਾਰ ਗੁਰੂ ਜੀ ਨੇ ਬਸਤੀ ਦਾ ਨਾਂ ਬਦਲ ਕੇ ਮੋਤੀ ਬਾਗ਼ ਕਰ ਦਿੱਤਾ[26]। ਇੰਝ ਗੁਰੂ ਜੀ ਨੇ ਜੁੱਤੀਆਂ ਬਣਾਉਣ ਵਾਲੇ ਮੋਚੀਆਂ ਨੂੰ ਬਹੁਮੁੱਲੇ ਮੋਤੀਆਂ ਦਾ ਦਰਜਾ ਦਿੱਤਾ। ਗੁਰਦੁਆਰੇ ਦੇ ਪਿੱਛੇ ਨਾਲ ਲਗਦੇ ਮੁਹੱਲੇ ਦਾ ਨਾਮ ਅਜੇ ਵੀ ਮੋਚੀ ਬਾਗ਼ ਹੈ। ਦਿੱਲੀ ਵਿਚ ਗੁਰੂ ਜੀ ਮਾਤਾ ਸੁੰਦਰੀ ਤੇ ਸਾਹਿਬ ਕੌਰ

26. ਡਾ: ਹਰੀ ਰਾਮ ਗੁਪਤਾ, ਪੰਨਾ 313

ਜੀ ਨਾਲ ਰਹੇ।

ਜਦੋਂ ਬਹਾਦਰ ਸ਼ਾਹ ਦਾ ਬੇਨਤੀ-ਪੱਤਰ ਪੁੱਜਾ ਤਾਂ ਕਈ ਸਿੱਖਾਂ ਨੇ ਗੁਰੂ ਜੀ ਨੂੰ ਕਿਹਾ ਕਿ ਉਹ ਆਗਰੇ ਨਾ ਜਾਣ। ਉਨ੍ਹਾਂ ਨੂੰ ਡਰ ਸੀ ਕਿ ਬਹਾਦਰਸ਼ਾਹ ਆਪਣੇ ਪੂਰਵਜਾਂ ਦੀ ਤਰ੍ਹਾਂ ਕੋਈ ਧੋਖਾ-ਫ਼ਰੇਬ ਨਾ ਕਰੇ ਅਤੇ ਗੁਰੂ ਜੀ ਨੂੰ ਕੋਈ ਨੁਕਸਾਨ ਨਾ ਪਹੁੰਚਾਵੇ। ਗੁਰੂ ਜੀ ਸਿੱਖਾਂ ਨੂੰ ਧੀਰਜ ਦੇ ਕੇ ਆਗਰੇ ਨੂੰ ਤੁਰ ਪਏ। ਤੀਜੇ ਦਿਨ ਗੁਰੂ ਜੀ ਮਥਰਾ ਪੁੱਜੇ ਅਤੇ ਜਮਨਾ-ਕਿਨਾਰੇ ਸੂਰਜ-ਕੁੰਡ ਕੋਲ ਠਹਿਰੇ। ਬ੍ਰਿੰਦਾਬਨ ਵੀ ਗਏ। ਆਗਰੇ ਪੁੱਜਣ ਤੇ ਉਨ੍ਹਾਂ ਦਾ ਸ਼ਾਹੀ-ਸਨਮਾਨਾਂ ਨਾਲ ਸੁਆਗਤ ਕੀਤਾ ਗਿਆ।

ਬਹਾਦਰ ਸ਼ਾਹ ਨਾਲ ਮੁਲਾਕਾਤ ਵਾਲੇ ਦਿਨ 23 ਜੁਲਾਈ, 1707 ਨੂੰ ਸਤਿਗੁਰੂ ਜੀ ਤਲਵਾਰ ਪਹਿਨ, ਕਲਗੀ ਸਜਾ ਤੇ ਘੋੜੇ ਤੇ ਸਵਾਰ ਹੋ ਕੇ ਆਗਰੇ ਦੇ ਕਿਲ੍ਹੇ ਆਏ। ਬਹਾਦਰ ਸ਼ਾਹ ਅੱਗੋਂ ਕਿਲ੍ਹੇ ਦੇ ਦਰਵਾਜ਼ੇ ਤੇ ਲੈਣ ਆਇਆ। ਭਰੇ ਦਰਬਾਰ ਵਿਚ ਉਸ ਨੇ ਸਤਿਗੁਰੂ ਜੀ ਨੂੰ ਖ਼ਿਲਅਤ (ਸਿਰੋਪਾ) ਅਤੇ 60,000/- ਰੁਪਏ ਦੀ ਕੀਮਤੀ ਧੁਖਧੁਖੀ, ਹੀਰਿਆਂ ਜੜੀ ਕਲਗੀ ਭੇਟ ਕੀਤੀ। ਗੁਰੂ ਜੀ ਨੇ ਸਾਰੀਆਂ ਵਸਤਾਂ ਇਕ ਸਿੱਖ ਰਾਹੀਂ ਆਪਣੇ ਕੈਂਪ ਪਹੁੰਚਾ ਦਿੱਤੀਆਂ। ਸ਼ਾਹੀ ਰਿਵਾਜ ਮੁਤਾਬਿਕ ਖ਼ਿਲਅਤ ਦੇ ਬਸਤਰ ਬਾਦਸ਼ਾਹ ਦੇ ਸਾਹਮਣੇ ਪਹਿਨਣੇ ਪੈਂਦੇ ਸਨ। ਉਨ੍ਹਾਂ ਨੂੰ ਸਤਿਗੁਰਾਂ ਦਾ ਦਰਬਾਰ ਵਿਚ ਨਾ ਪਹਿਨਣਾ ਇਸ ਗੱਲ ਦਾ ਪ੍ਰਤੀਕ ਹੈ ਕਿ ਗੁਰੂ ਜੀ ਗੁਰਗੱਦੀ ਦੇ ਸਨਮਾਨ ਨੂੰ ਹਰ ਕੀਮਤ ਤੇ ਬਰਕਰਾਰ ਰੱਖਣਾ ਚਾਹੁੰਦੇ ਸਨ। ਭਾਵੇਂ ਕੁਝ ਦਰਬਾਰੀਆਂ ਨੇ ਇਸ ਦਾ ਬੁਰਾ ਵੀ ਮਨਾਇਆ, ਪਰ ਬਹਾਦਰ ਸ਼ਾਹ ਨੇ ਕਿਹਾ ਕਿ ਗੁਰੂ ਜੀ ਦੀਨ-ਦੁਨੀਆਂ ਦੋਹਾਂ ਦੇ ਆਗੂ ਹਨ, ਉਹਨਾਂ ਦਾ ਸਨਮਾਨ ਬਾਦਸ਼ਾਹਾਂ ਦੀ ਤਰ੍ਹਾਂ ਹੀ ਹੋਣਾ ਚਾਹੀਦਾ ਹੈ। ਉਨ੍ਹਾਂ ਦਾ ਆਮ ਲੋਕਾਂ ਦੀ ਤਰ੍ਹਾਂ ਖਿਲਅਤ ਨੂੰ ਦਰਬਾਰ ਵਿਚ ਨਾ ਪਹਿਨਣਾ ਉਚਿਤ ਹੀ ਹੈ।

ਜਦੋਂ ਗੁਰੂ ਜੀ ਤੇ ਬਹਾਦਰ ਸ਼ਾਹ ਦੇ ਮੇਲ-ਮਿਲਾਪ ਦੀ ਖ਼ਬਰ ਪੰਜਾਬ ਵਿਚ ਪਹੁੰਚੀ ਤਾਂ ਸਰਹੰਦ ਅਤੇ ਲਾਹੌਰ ਦੇ ਨਵਾਬਾਂ ਦੇ ਦਿਲ ਤੇ ਤਾਂ ਮਾਨੋਂ ਸੱਪ ਲੇਟ ਗਿਆ। ਉਨ੍ਹਾਂ ਨੂੰ ਇੰਝ ਲੱਗਣ ਲੱਗਾ ਕਿ ਕੁਝ ਦਿਨਾਂ ਵਿਚ ਹੀ ਉਨ੍ਹਾਂ ਨੂੰ ਕੀਤੇ ਦੀ ਸਜ਼ਾ ਭੁਗਤਣੀ ਪਵੇਗੀ। ਸਰਹੰਦ ਦੇ ਵਜ਼ੀਰ ਖ਼ਾਨ ਨੇ ਤਾਂ ਸਾਹਿਬਜ਼ਾਦਿਆਂ ਨੂੰ ਨੀਹਾਂ ਵਿਚ ਚਿਣਾ ਕੇ ਸ਼ਹੀਦ ਕੀਤਾ ਸੀ। ਉਸ ਦੇ ਪਾਪ ਕੰਬਣ ਲਗ ਪਏ। ਉਹ ਇਸ ਮੇਲ ਮਿਲਾਪ ਨੂੰ ਖ਼ਤਮ ਕਰਨ ਤੇ ਗੁਰੂ ਜੀ ਨੂੰ ਕਤਲ ਕਰਾਉਣ ਦੀਆਂ ਵਿਉਂਤਾਂ ਸੋਚਣ ਲਗ ਪਿਆ।

ਔਰੰਗਜ਼ੇਬ ਦਾ ਤੀਜਾ ਪੁੱਤਰ ਕਾਮਬਖ਼ਸ਼ ਉਸ ਸਮੇਂ ਬੀਜਾਪੁਰ ਵਿਚ ਸੀ। ਉਸ ਨੇ ਉੱਥੇ ਹੀ ਆਪਣੇ ਬਾਦਸ਼ਾਹ ਹੋਣ ਦਾ ਐਲਾਨ ਕਰ ਦਿੱਤਾ। ਇਸ ਸਮੇਂ ਰਾਜਪੂਤਾਨੇ ਵਿਚੋਂ ਵੀ ਬਗ਼ਾਵਤ ਦੀਆਂ ਖ਼ਬਰਾਂ ਮਿਲੀਆਂ। ਜੋਧਪੁਰ ਵਿਚ ਅਜੀਤ ਸਿੰਘ ਨੇ, ਔਰੰਗਜ਼ੇਬ ਦੀ ਮੌਤ ਮਗਰੋਂ, ਮੁਹਕਮਦੀਨ ਨੂੰ ਹਮਲਾ ਕਰਕੇ ਭਜਾ ਦਿੱਤਾ ਸੀ। ਜਦ ਬਹਾਦਰ ਸ਼ਾਹ ਨੂੰ ਖ਼ਬਰ ਪੁੱਜੀ ਤਾਂ ਉਹ ਕਾਮਬਖ਼ਸ਼ ਦੀ ਬਗ਼ਾਵਤ ਦਬਾਉਣ ਦੱਖਣ ਨੂੰ ਚੱਲ ਪਿਆ। ਉਸ ਨੇ ਗੁਰੂ ਜੀ ਨੂੰ ਵੀ ਨਾਲ ਚੱਲਣ ਦੀ ਬੇਨਤੀ ਕੀਤੀ। ਬਹਾਦਰ ਸ਼ਾਹ ਨੇ ਕਿਹਾ ਕਿ ਉਹ ਕੀਤੇ ਹੋਏ ਕੌਲ-ਕਰਾਰ ਜ਼ਰੂਰ ਪੂਰੇ ਕਰੇਗਾ। ਸਤਿਗੁਰਾਂ ਨੇ ਉਸ ਦੀ ਬੇਨਤੀ ਮੰਨ ਕੇ ਉਸ ਨਾਲ ਜਾਣਾ ਪ੍ਰਵਾਨ ਕਰ ਲਿਆ।

ਗੁਰੂ ਗੋਬਿੰਦ ਸਿੰਘ ਜੀ ਬਹਾਦਰ ਸ਼ਾਹ ਦੇ ਨਾਲ ਚੱਲ ਪਏ, ਭਾਵੇਂ ਕਿ ਸਿੰਘਾਂ ਅਤੇ ਮੁਗ਼ਲ ਫ਼ੌਜਾਂ ਦੇ ਕੈਂਪ ਵੱਖਰੇ-ਵੱਖਰੇ ਸਨ। ਰਸਤੇ ਵਿਚ ਬਹਾਦਰ ਸ਼ਾਹ ਨਾਲ ਸਮੇਂ-ਸਮੇਂ ਸਿਰ ਵਿਚਾਰਾਂ ਹੁੰਦੀਆਂ ਰਹੀਆਂ। ਇਹ ਵਿਚਾਰਾਂ ਆਮ ਤੌਰ ਤੇ ਅਧਿਆਤਮਕ ਅਤੇ ਰਾਜਨੀਤਿਕ ਮਸਲਿਆਂ ਬਾਰੇ ਹੁੰਦੀਆਂ ਸਨ। ਕਦੇ-ਕਦੇ ਗੁਰੂ ਜੀ ਆਪਣਾ ਜਥਾ ਸ਼ਾਹੀ ਕੈਂਪ ਤੋਂ ਦੂਰ ਲੈ ਜਾਂਦੇ ਸਨ ਅਤੇ ਪਿੰਡਾਂ ਵਿਚ ਲੋਕਾਂ ਨੂੰ ਉਪਦੇਸ਼ ਦਿੰਦੇ ਸਨ।

ਕਦੇ-ਕਦਾਈ ਸਿੰਘਾਂ ਵਿਚ ਤੇ ਮੁਗ਼ਲ ਫ਼ੌਜੀਆਂ ਵਿਚ ਝੜਪਾਂ ਵੀ ਹੋ ਜਾਂਦੀਆਂ ਸਨ। ਮੁਗ਼ਲ-ਫ਼ੌਜ ਵਿਚ ਵਜ਼ੀਰ ਖ਼ਾਨ ਦੀ ਫ਼ੌਜ ਦੇ ਉਹ ਸਿਪਾਹੀ ਵੀ ਸਨ, ਜਿਹੜੇ ਅਨੰਦਪੁਰ ਸਾਹਿਬ ਵਿਚ ਸਿੰਘਾਂ ਨਾਲ ਲੜੇ ਸਨ। ਉਹ ਸਿੰਘਾਂ ਤੋਂ ਬਹੁਤ ਈਰਖਾ ਕਰਦੇ ਸਨ। ਉਹ ਇਸ ਗੱਲੋਂ ਵੀ ਦੁਖੀ ਸਨ ਕਿ ਗੁਰੂ ਜੀ ਅਤੇ ਬਹਾਦਰ ਸ਼ਾਹ ਵਿਚ ਦੋਸਤੀ ਕਿਉਂ ਹੋ ਗਈ ਹੈ। ਇਹ ਸਿੱਖਾਂ ਨੂੰ ਆਮ ਤੌਰ ਤੇ ਭੜਕਾਉਂਦੇ ਸਨ, ਅਤੇ ਸਿੱਖ ਵੀ ਅਗੋਂ ਵਿਰੋਧੀ ਕਾਰਵਾਈ ਕਰਦੇ ਸਨ। ਇਕ ਵਾਰ ਅਜਿਹੀਆਂ ਝੜਪਾਂ ਨੂੰ ਰੋਕਣ ਲਈ ਗੁਰੂ ਜੀ ਨੇ ਭਾਈ ਮਾਨ ਸਿੰਘ ਨੂੰ ਮੁਗ਼ਲ ਸਿਪਾਹੀਆਂ ਨਾਲ ਗੱਲਬਾਤ ਕਰਨ ਲਈ ਭੇਜਿਆ। ਪਰ ਮੁਗ਼ਲ ਸਿਪਾਹੀਆਂ ਨੇ ਗੁਰੂ ਜੀ ਦੇ ਇਸ ਯਤਨ ਦੀ ਪ੍ਰਸ਼ੰਸਾ ਕਰਨ ਦੀ ਥਾਵੇਂ ਭਾਈ ਮਾਨ ਸਿੰਘ ਨੂੰ ਹੀ ਸ਼ਹੀਦ ਕਰ ਦਿੱਤਾ। ਬਾਦਸ਼ਾਹ ਨੇ ਇਸ ਗੱਲ ਦਾ ਬਹੁਤ ਬੁਰਾ ਮਨਾਇਆ ਅਤੇ ਗੁਰੂ ਜੀ ਤੋਂ ਮਾਫ਼ੀ ਮੰਗੀ। ਦੋਸ਼ੀਆਂ ਨੂੰ ਫੜ ਕੇ ਗੁਰੂ ਜੀ ਦੇ ਹਵਾਲੇ ਕੀਤਾ ਗਿਆ, ਪਰ ਬਖਸ਼ਿੰਦ-ਸਤਿਗੁਰਾਂ ਨੇ ਉਨ੍ਹਾਂ ਨੂੰ ਬਖਸ਼ ਦਿੱਤਾ।

ਪਹਿਲਾਂ ਬਹਾਦਰ ਸ਼ਾਹ ਰਾਜਪੂਤ ਬਗ਼ਾਵਤਾਂ ਨੂੰ ਦਬਾਉਣ ਲਈ ਆਗਰੇ ਤੋਂ ਰਾਜਸਥਾਨ ਗਿਆ। ਗੁਰੂ ਜੀ ਵੀ ਉਸ ਦੇ ਨਾਲ ਹੀ ਸਨ। ਬਾਦਸ਼ਾਹ ਜਲਦੀ ਹੀ ਭਰਤਪੁਰ ਅਤੇ ਦਾਓਸਾ ਰਾਹੀਂ ਅੰਬੇਰ (ਅਜ ਕਲ ਜੈਪੁਰ) ਵੱਲ ਚਲਾ ਗਿਆ। ਗੁਰੂ ਜੀ ਨੇ ਵੀ ਉਹੀ ਰਸਤਾ ਅਪਣਾਇਆ। ਅੰਬੇਰ ਤੋਂ ਗੁਰੂ ਜੀ ਬਾਦਸ਼ਾਹ ਦੇ ਨਾਲ ਦਾਹਮੀ, ਮਦਨ ਗੰਜ ਅਤੇ ਕਿਸ਼ਨਗੜ੍ਹ ਰਾਹੀਂ ਅਜਮੇਰ ਗਏ। ਅਜਮੇਰ ਠਹਿਰਨ ਸਮੇਂ ਗੁਰੂ ਜੀ ਪੁਸ਼ਕਰ ਝੀਲ ਉਤੇ ਗਏ।

ਬਹਾਦਰ ਸ਼ਾਹ ਬਗ਼ਾਵਤ ਦਬਾਉਣ ਲਈ ਅਜਮੇਰ ਤੋਂ ਮੇੜਤਾ ਗਿਆ। ਗੁਰੂ ਜੀ ਵੀ ਉਸ ਨਾਲ ਮੇੜਤਾ ਗਏ ਤੇ ਫਿਰ ਵਾਪਿਸ ਆ ਗਏ। ਇਥੋਂ ਬਹਾਦਰ ਸ਼ਾਹ ਨੇ ਚਿਤੌੜ ਰਾਹੀਂ ਦੱਖਣ ਨੂੰ ਜਾਣ ਦਾ ਮਨ ਬਣਾਇਆ। ਉਹ ਕਾਮ ਬਖਸ਼ ਦੀ ਬਗ਼ਾਵਤ ਦਬਾਉਣ ਲਈ ਬਹੁਤ ਕਾਹਲਾ ਸੀ। ਗੁਰੂ ਜੀ ਉਸ ਦੇ ਨਾਲ ਹੀ ਸਨ। ਉਹ ਨਸੀਰਾਬਾਦ, ਭੀਲਵਾੜਾ ਅਤੇ ਹਮੀਰਗੜ੍ਹ ਵਿਚੋਂ ਦੀ ਲੰਘੇ। ਇਉਂ ਜਾਪਦਾ ਹੈ ਕਿ ਜਦ ਗੁਰੂ ਜੀ ਚਿਤੌੜਗੜ੍ਹ ਸਨ, ਤਾਂ ਥੋੜ੍ਹੀ ਦੇਰ ਲਈ ਉਦੈਪੁਰ ਵੀ ਗਏ ਸਨ, ਜਿੱਥੇ ਹੁਣ ਤੱਕ ਉਨ੍ਹਾਂ ਦੀਆਂ ਕੁਝ ਚੀਜ਼ਾਂ ਯਾਦਗਾਰ ਵਜੋਂ ਸਾਂਭੀਆਂ ਹੋਈਆਂ ਸਨ। ਫਿਰ ਗੁਰੂ ਜੀ ਤੇ ਬਹਾਦਰ ਸ਼ਾਹ ਬੁਰਹਾਨਪੁਰ ਲਈ ਚਲ ਪਏ, ਜਿਥੋਂ ਅੱਗੇ ਉਨ੍ਹਾਂ ਹੈਦਰਾਬਾਦ (ਦੱਖਣ) ਨੂੰ ਜਾਣਾ ਸੀ। ਨਿੰਮਬਹੇਰਾ, ਨਯਾ ਗਾਉਂ, ਨੀਮਚ, ਮਲਹਾਰ ਗੜ੍ਹ, ਪਿਪਲੀਆ, ਮੰਦਸੌਰ, ਉਜੈਨ ਉਨ੍ਹਾਂ ਦੇ ਰਾਹ ਵਿਚ ਪੈਂਦੇ ਸਨ। ਫਿਰ ਨਰਬਦਾ ਤੇ ਤਾਪਤੀ ਨਦੀਆਂ ਪਾਰ ਕੀਤੀਆਂ। ਤਾਪਤੀ ਤੋਂ ਇਕਦਮ ਪਾਰ ਬੁਰਹਾਨਪੁਰ ਦਾ ਸ਼ਹਿਰ ਸੀ। ਗੁਰੂ ਸਾਹਿਬ ਉੱਥੇ ਕਈ ਦਿਨ ਠਹਿਰੇ।

ਉਥੇ ਯਾਦਗਾਰੀ ਗੁਰਦੁਆਰਾ ਵੀ ਬਣਿਆ ਹੋਇਆ ਹੈ। ਬੁਰਹਾਨ ਪੁਰ ਦੇ ਯੋਗੀ ਜੀਵਨ ਦਾਸ ਨੇ ਬੜੀ ਸ਼ਰਧਾ ਨਾਲ ਗੁਰੂ ਜੀ ਦੀ ਸੇਵਾ ਕੀਤੀ। ਦਾਦੂ-ਦਆਰੇ ਦਾ ਮਹੰਤ ਜੈਤ ਰਾਮ ਵੀ ਬੁਰਹਾਨਪੁਰ ਆਇਆ ਹੋਇਆ ਸੀ। ਉਹ ਵੀ ਗੁਰੂ ਜੀ ਦੇ ਦਰਸ਼ਨਾਂ ਨੂੰ ਆਇਆ। ਯੋਗੀ ਅਤੇ ਮਹੰਤ ਦੋਹਾਂ ਨੇ ਗੁਰੂ ਜੀ ਨੂੰ ਬੈਰਾਗੀ ਮਾਧੋ ਦਾਸ ਅਤੇ ਉਸਦੀਆਂ ਕਰਾਮਾਤੀ ਸ਼ਕਤੀਆਂ ਬਾਰੇ ਦੱਸ ਪਾਈ। ਗੁਰੂ ਜੀ ਨੇ ਮਾਧੋ ਦਾਸ ਨੂੰ ਮਿਲਣ ਦਾ ਮਨ ਬਣਾ ਲਿਆ। ਬੁਰਹਾਨਪੁਰ ਤੋਂ ਬਾਲਾਪੁਰ ਦੇ ਰਾਹੀਂ ਹਿੰਗੋਲੀ ਪੁੱਜੇ। ਇਥੇ ਪੁੱਜਣ ਤੱਕ ਕਾਫ਼ੀ ਸਮਾਂ ਲੱਗ ਗਿਆ ਸੀ, ਪਰ ਬਾਦਸ਼ਾਹ ਬਹਾਦਰ ਸ਼ਾਹ ਆਪਣੇ ਕੌਲ-ਇਕਰਾਰਾਂ ਨੂੰ ਨਿਭਾਉਣ ਬਾਰੇ ਕੋਈ ਪੱਕੀ ਗੱਲ ਨਹੀਂ ਸੀ ਕਰ ਰਿਹਾ। ਇੰਝ ਜਾਪਦਾ ਹੈ ਕਿ ਬਹਾਦਰ ਸ਼ਾਹ ਨੂੰ ਇਹ ਮਹਿਸੂਸ ਹੋਣ ਲੱਗ ਪਿਆ ਸੀ ਕਿ ਜੇ ਉਸ ਨੇ ਗੁਰੂ ਜੀ ਨਾਲ ਕੀਤੇ ਵਾਇਦੇ ਨਿਭਾਏ, ਤਾਂ ਮੁਸਲਮਾਨਾਂ ਵਿਚ ਹੀ ਉਸ ਦਾ ਵਿਰੋਧ ਹੋਣਾ ਸ਼ੁਰੂ ਹੋ ਜਾਵੇਗਾ ਅਤੇ ਕੱਟੜਪੰਥੀ ਉਸ ਨੂੰ ਸਹਾਰਨ ਲਈ ਤਿਆਰ ਨਹੀਂ ਹੋਣਗੇ। ਪਰ ਉਹ ਲਾਰਾ ਲਾਈ ਜਾ ਰਿਹਾ ਸੀ ਤਾਂ ਜੋ ਬਗ਼ਾਵਤਾਂ ਨੂੰ ਦਬਾਉਣ ਵਿਚ ਗੁਰੂ ਜੀ ਦੀ ਮਦਦ ਪ੍ਰਾਪਤ ਕਰ ਸਕੇ। ਗੁਰੂ ਜੀ ਉਸ ਦੀ ਨੀਅਤ ਨੂੰ ਤਾੜ ਗਏ ਅਤੇ ਹੰਗੋਲੀ ਵਿਖੇ ਉਸ ਤੋਂ ਅੱਡ ਹੋ ਕੇ ਨੰਦੇੜ ਵੱਲ ਨੂੰ ਰਵਾਨਾ ਹੋ ਗਏ। ਆਪ ਜੀ ਸੰਨ 1708 ਦੇ ਅਗਸਤ ਦੇ ਅਖ਼ੀਰ ਵਿਚ ਜਾਂ ਸਤੰਬਰ ਦੇ ਅਰੰਭ ਵਿਚ ਨੰਦੇੜ ਪਹੁੰਚੇ ਅਤੇ ਮਾਧੋ ਦਾਸ ਦੇ ਡੇਰੇ ਗਏ।

### *ਮਾਧੋ ਦਾਸ ਤੋਂ ਬੰਦਾ ਸਿੰਘ*

ਮਾਧੋ ਦਾਸ ਦਾ ਬਚਪਨ ਦਾ ਨਾਮ ਲਛਮਣ ਦਾਸ ਸੀ। ਉਸ ਦਾ ਜਨਮ 16 ਅਕਤੂਬਰ ਸੰਨ 1670 ਵਿਚ ਜੰਮੂ ਦੀ ਰਿਆਸਤ ਪੁਣਛ ਦੇ ਇਕ ਪਿੰਡ ਰਾਜੌਰੀ ਵਿਖੇ ਰਾਮਦੇਵ ਰਾਜਪੂਤ ਦੇ ਘਰ ਹੋਇਆ। 14-15 ਸਾਲ ਦੀ ਉਮਰ ਵਿਚ ਸ਼ਿਕਾਰ ਸਮੇਂ ਉਸ ਨੇ ਇਕ ਹਿਰਨੀ ਮਾਰੀ, ਜਿਸਦਾ ਪੇਟ ਪਾੜਨ ਮਗਰੋਂ, ਉਸ 'ਚੋਂ ਨਿਕਲੇ ਦੋ ਬੱਚੇ ਤੜਫ਼-ਤੜਫ਼ ਕੇ ਮਰ ਗਏ। ਇਸ ਘਟਨਾ ਨਾਲ ਉਸ ਦੇ ਮਨ ਉਤੇ ਅਜਿਹੀ ਸੱਟ ਵੱਜੀ ਕਿ ਉਹ ਘਰ-ਘਾਟ ਛੱਡ ਕੇ ਸਾਧੂਆਂ ਦੀ ਸੰਗਤ ਵਿਚ ਰਹਿਣ ਲੱਗਾ। ਪਹਿਲਾਂ ਉਸ ਨੇ ਰਾਜੌਰੀ ਵਿਚ ਹੀ ਜਾਨਕੀ ਪ੍ਰਸ਼ਾਦ ਨਾਂ ਦਾ ਗੁਰੂ ਧਾਰਨ ਕੀਤਾ, ਜਿਸ ਨੇ ਉਸ ਦਾ ਨਾਂ ਬਦਲ ਕੇ ਮਾਧੋ ਦਾਸ ਰੱਖ ਦਿੱਤਾ। ਮਾਧੋ ਦਾਸ ਦੀ ਬੇਚੈਨੀ ਵਧਦੀ ਗਈ। ਅਗਲੇ ਸਾਲ ਸੰਨ 1686 ਦੀ ਵਿਸਾਖੀ ਉਤੇ ਉਸ ਨੇ ਲਾਹੌਰ ਦੀ ਰਿਆਸਤ ਕਸੂਰ ਦੇ ਪਿੰਡ ਰਾਮਥੰਮਣ ਵਿਖੇ ਇਕ ਹੋਰ ਗੁਰੂ ਰਾਮਦਾਸ ਧਾਰਨ ਕੀਤਾ। ਫਿਰ ਵੀ ਮਨ ਦੀ ਭਟਕਣ ਨਾ ਮੁੱਕੀ। ਉਹ ਫਿਰਦਾ ਫਿਰਾਂਦਾ ਦੱਖਣ ਵਿਖੇ, ਨਾਸਿਕ ਵਿਚ ਪੰਚਵਟੀ ਦੇ ਕੋਲ ਪੁੱਜ ਗਿਆ, ਜਿੱਥੇ ਇਕ ਜੋਗੀ ਔਘੜ ਨਾਥ ਨੂੰ ਆਪਣਾ ਗੁਰੂ ਧਾਰਨ ਕੀਤਾ ਅਤੇ ਉਸ ਕੋਲੋਂ ਰਿਧੀਆਂ ਸਿਧੀਆਂ ਦੀ ਵਿੱਦਿਆ ਪ੍ਰਾਪਤ ਕੀਤੀ। ਜੋਗੀ ਦੀ ਮੌਤ ਮਗਰੋਂ ਉਹ ਨੰਦੇੜ ਆ ਗਿਆ ਤੇ ਆਪਣਾ ਡੇਰਾ ਕਾਇਮ ਕੀਤਾ। ਇਨ੍ਹਾਂ 22-23 ਵਰ੍ਹਿਆਂ ਵਿਚ, ਭਾਵੇਂ ਉਸ ਨੇ ਕਈ ਗੁਰੂ ਧਾਰਨ ਕੀਤੇ ਸਨ, ਪਰ ਉਸ ਦੇ ਜੀਵਨ ਵਿਚ ਕੋਈ ਤਬਦੀਲੀ ਨਹੀਂ ਸੀ ਆਈ। ਉਹ ਤਿਆਗੀ ਤੋਂ ਵੈਰਾਗੀ ਹੀ ਬਣਿਆ ਸੀ ਜਾਂ ਫਿਰ ਆਪਣੇ ਡੇਰੇ ਵਿਚ ਆਏ ਸਾਧੂ-ਸੰਤਾਂ ਦੀ ਹੇਠੀ ਕਰਕੇ ਆਪਣਾ ਮਨ-ਪ੍ਰਸੰਨ ਕਰਦਾ ਸੀ।

ਗੁਰੂ ਜੀ ਸਿੰਘਾਂ ਸਮੇਤ 3 ਸਤੰਬਰ 1708 ਨੂੰ ਮਾਧੋ ਦਾਸ ਦੇ ਡੇਰੇ ਆਏ। ਸੂਰਜ ਗ੍ਰਹਿਣ ਦਾ ਦਿਨ ਸੀ।

ਸਿੰਘਾਂ ਨੇ ਉਸ ਦਾ ਬਗੀਚਾ ਉਜਾੜ ਦਿੱਤਾ। ਗੁਰੂ ਜੀ ਮਾਧੋ ਦਾਸ ਦੇ ਪਲੰਘ ਤੇ ਬਿਰਾਜ ਗਏ। ਮਾਧੋ ਦਾਸ ਆਪ ਤਾਂ ਡੇਰੇ ਵਿਚ ਨਹੀਂ ਸੀ। ਉਸ ਦੇ ਚੇਲਿਆਂ ਨੇ ਬਥੇਰੇ ਮੰਤਰ ਪੜ੍ਹੇ ਪਰ ਉਹ ਗੁਰੂ ਜੀ ਦਾ ਕੁਝ ਨਾ ਵਿਗਾੜ ਸਕੇ। ਉਹ ਮਾਧੋ ਦਾਸ ਨੂੰ ਬੁਲਾ ਲਿਆਏ। ਉਸਨੇ ਵੀ ਬਥੇਰੇ ਯਤਨ ਕੀਤੇ ਪਰ ਕਾਮਯਾਬ ਨਾ ਹੋਇਆ। ਅੰਤ ਹਾਰ ਕੇ ਬੋਲਿਆ,"ਤੁਸੀਂ ਕੌਣ ਹੋ?'

ਗੁਰੂ ਜੀ : "ਉਹ ਹੀ ਜਿਸ ਨੂੰ ਤੂੰ ਜਾਣਦਾ ਹੈਂ!"
ਮਾਧੋ ਦਾਸ : "ਮੈਂ ਕੀ ਜਾਣਦਾ ਹਾਂ?"
ਗੁਰੂ ਜੀ : "ਆਪਣੇ ਅੰਦਰ ਝਾਤੀ ਮਾਰ!"
ਮਾਧੋ ਦਾਸ : "ਸੋ, ਤੁਸੀਂ ਗੁਰੂ ਗੋਬਿੰਦ ਸਿੰਘ ਜੀ ਹੋ?"
ਗੁਰੂ ਜੀ : "ਹਾਂ!"
ਮਾਧੋ ਦਾਸ : "ਤੁਹਾਡਾ ਇਧਰ ਆਉਣਾ ਕਿਵੇਂ ਹੋਇਆ?"
ਗੁਰੂ ਜੀ : "ਇਸ ਲਈ ਕਿ ਮੈਂ ਤੈਨੂੰ ਆਪਣਾ ਸਿੰਘ ਸਜਾਵਾਂ!"
ਮਾਧੋ ਦਾਸ : "ਮੈਨੂੰ ਪਰਵਾਨ ਹੈ ਮਹਾਰਾਜ। ਮੈਂ ਤੁਹਾਡਾ ਬੰਦਾ ਹਾਂ!"

ਇਹ ਗੱਲਬਾਤ ਅਹਿਮਦ ਸ਼ਾਹ ਬਟਾਲਵੀ ਨੇ ਆਪਣੀ ਪੁਸਤਕ 'ਇਬਤਦਾਇ ਸਿੰਘਾਂ ਵਾ ਮਜ਼ਹਬਿ ਏਸ਼ਾਂ' ਵਿਚ ਅੰਕਿਤ ਕੀਤੀ ਹੈ।

ਗੁਰੂ ਜੀ ਨੇ ਮਾਧੋ ਦਾਸ ਨੂੰ ਆਪਣਾ ਸਿੰਘ ਸਜਾਇਆ, ਤੇ ਉਸ ਦਾ ਨਾਮ ਬੰਦਾ ਸਿੰਘ ਰੱਖਿਆ। ਕੁਝ ਦਿਨਾਂ ਦੀ ਸੰਗਤ ਨੇ ਹੀ ਉਹ ਕੁਝ ਕਰ ਵਿਖਾਇਆ ਜੋ ਪਿਛਲੇ ਬਾਈ-ਤੇਈ ਸਾਲਾਂ ਵਿਚ ਨਕਲੀ ਸਾਧਾਂ ਤੇ ਅਧੂਰੇ ਗੁਰੂਆਂ ਨੇ ਨਹੀਂ ਸੀ ਕੀਤਾ। ਗੁਰਬਾਣੀ ਅਤੇ ਸਿੱਖ ਇਤਿਹਾਸ ਦੀਆਂ ਘਟਨਾਵਾਂ ਸੁਣ-ਸੁਣ ਕੇ ਉਸ ਦਾ ਮਨ ਹੀ ਬਦਲ ਗਿਆ। ਜਦ ਉਸ ਨੇ ਸ਼ਹੀਦੀਆਂ ਬਾਰੇ ਸੁਣਿਆਂ ਤਾਂ ਉਸ ਦੇ ਮਨ ਵਿਚ ਵੈਰੀਆਂ ਨੂੰ ਦੰਡ ਦੇਣ ਦੇ ਖ਼ਿਆਲ ਆਉਣ ਲਗ ਪਏ। ਦਿਨਾਂ ਵਿਚ ਹੀ ਉਸ ਨੇ ਸ਼ਸਤਰ-ਅਭਿਆਸ ਕਰਕੇ ਸ਼ਸਤਰ ਚਲਾਉਣ ਵਿਚ ਮੁੜ ਕੇ ਨਿਪੁੰਨਤਾ ਪ੍ਰਾਪਤ ਕਰ ਲਈ।

ਇਨ੍ਹਾਂ ਦਿਨਾਂ ਵਿਚ ਹੀ ਸਰਹੰਦ ਦੇ ਨਵਾਬ ਵਜ਼ੀਰ ਖ਼ਾਨ ਦੇ ਭੇਜੇ ਹੋਏ ਦੋ ਪਠਾਣਾਂ ਵਿਚੋਂ ਇਕ ਨੇ ਗੁਰੂ ਜੀ ਉੱਤੇ ਮਾਰੂ ਹਮਲਾ ਕੀਤਾ। ਇਹ ਪਠਾਣ ਵਜ਼ੀਰ ਖ਼ਾਨ ਨੇ ਉਦੋਂ ਹੀ ਨਿਯੁਕਤ ਕਰ ਦਿੱਤੇ ਸਨ, ਜਦੋਂ ਗੁਰੂ ਜੀ ਤੇ ਬਹਾਦਰ ਸ਼ਾਹ ਵਿਚ ਮੁਲਾਕਾਤ ਹੋਈ ਸੀ, ਤੇ ਉਹ ਦੱਖਣ ਨੂੰ ਚੱਲੇ ਸਨ।

ਇਕ ਦਿਨ ਸ਼ਾਮ ਨੂੰ ਰਹਿਰਾਸ ਦੇ ਪਾਠ ਮਗਰੋਂ ਗੁਰੂ ਜੀ ਆਪਣੇ ਤੰਬੂ ਵਿਚ ਆਰਾਮ ਕਰ ਰਹੇ ਸਨ। ਇਕ ਪਠਾਣ ਤੰਬੂ ਦੇ ਬਾਹਰ ਖਲੋ ਗਿਆ। ਦੂਜੇ ਨੇ ਅੰਦਰ ਜਾ ਕੇ ਅਚਨਚੇਤ ਗੁਰੂ ਜੀ ਉਤੇ ਛੁਰੇ ਨਾਲ ਵਾਰ ਕਰ ਦਿੱਤਾ। ਉਹ ਦੂਜਾ ਵਾਰ ਕਰਨ ਹੀ ਲੱਗਾ ਸੀ ਕਿ ਗੁਰੂ ਜੀ ਨੇ ਉਸ ਨੂੰ ਤਲਵਾਰ ਨਾਲ ਝਟਕਾ ਦਿੱਤਾ ਤੇ ਦੂਜੇ ਭੱਜਦੇ ਹੋਏ ਪਠਾਣ

ਨੂੰ ਸਿੰਘਾਂ ਨੇ ਫੜ ਲਿਆ। ਉਸ ਸਾਰਾ ਭੇਤ ਖੋਲ੍ਹ ਦਿੱਤਾ ਕਿ ਵਜ਼ੀਰ ਖ਼ਾਨ ਨੇ ਹੀ ਉਨ੍ਹਾਂ ਨੂੰ ਭੇਜਿਆ ਸੀ। ਉਸ ਪਠਾਣ ਨੂੰ ਵੀ ਸਿੰਘਾਂ ਨੇ ਤਲਵਾਰ ਦੀ ਭੇਟ ਕਰ ਦਿੱਤਾ। ਸਾਰਿਆਂ ਨੇ ਜਦ ਗੁਰੂ ਜੀ ਨੂੰ ਖ਼ੂਨ ਨਾਲ ਲਥ-ਪਥ ਵੇਖਿਆ ਤਾਂ ਸਭ ਘਬਰਾ ਗਏ। ਜ਼ਖਮ ਕਾਫ਼ੀ ਡੂੰਘਾ ਸੀ। ਮਹਾਰਾਜ ਨੇ ਕਿਹਾ ਅਕਾਲ ਪੁਰਖ ਨੇ ਹੱਥ ਦੇ ਕੇ ਬਚਾਇਆ ਹੈ।

ਇਕ ਜਰਾਹ ਨੂੰ ਉਸੇ ਵੇਲੇ ਲਿਆਂਦਾ ਗਿਆ, ਜਿਸ ਨੇ ਜ਼ਖ਼ਮ ਸਾਫ਼ ਕਰਕੇ ਸਿਉਂ ਦਿੱਤੇ। ਗੁਰੂ ਜੀ ਉਤੇ ਮਾਰੂ ਹਮਲੇ ਦਾ ਬਾਬਾ ਬੰਦਾ ਸਿੰਘ ਦੇ ਮਨ ਤੇ ਬਹੁਤ ਅਸਰ ਹੋਇਆ। ਉਹ ਸਤਿਗੁਰਾਂ ਪਾਸ ਆਏ ਤੇ ਬੇਨਤੀ ਕੀਤੀ, "ਹੇ ਸੱਚੇ ਪਾਤਸ਼ਾਹ ਮੈਨੂੰ ਆਗਿਆ ਦਿਓ, ਮੈਂ ਪੰਜਾਬ ਵਿਚ ਜਾਵਾਂ, ਸਿੱਖਾਂ ਤੇ ਜਨਤਾ ਦੇ ਦੋਖੀਆਂ ਨੂੰ ਸਜ਼ਾਵਾਂ ਦਿਆਂ।" ਗੁਰੂ ਜੀ ਖ਼ੁਦ ਵੀ ਮਨ ਵਿਚ ਕਿਸੇ ਨੂੰ ਪੰਜਾਬ ਭੇਜਣ ਦੀ ਸੋਚ ਰਹੇ ਸਨ। ਉਨ੍ਹਾਂ ਨੇ ਬੰਦਾ ਸਿੰਘ ਨੂੰ ਪੰਥ ਦਾ ਜਥੇਦਾਰ ਥਾਪਿਆ ਤੇ ਉਸ ਨੂੰ 'ਬਹਾਦਰ' ਦਾ ਖ਼ਿਤਾਬ ਦਿੱਤਾ। ਉਸ ਨੂੰ ਪੰਜ ਤੀਰ, ਇਕ ਨਗਾਰਾ ਤੇ ਨਿਸ਼ਾਨ ਸਾਹਿਬ ਦੇ ਕੇ ਪੰਜਾਬ ਲਈ ਤੋਰਿਆ। ਵੱਖ-ਵੱਖ ਸਿੱਖ-ਸੰਗਤਾਂ ਤੇ ਸਿੱਖ-ਸਰਦਾਰਾਂ ਦੇ ਨਾਮ ਹੁਕਮਨਾਮੇ ਵੀ ਲਿਖ ਕੇ ਭਾਈ ਦਇਆ ਸਿੰਘ ਤੇ ਭਾਈ ਰਣ ਸਿੰਘ ਵੀ ਤੋਰੇ ਤੇ ਹੁਕਮ ਕੀਤਾ ਕਿ ਇਨ੍ਹਾਂ ਦੀ ਸਲਾਹ ਨਾਲ ਤੁਰਨਾ ਹੈ।

### *ਗੁਰੂ ਗ੍ਰੰਥ ਤੇ ਪੰਥ ਨੂੰ ਗੁਰਿਆਈ*

ਗੁਰੂ ਜੀ ਨੂੰ ਫੱਟ ਤਾਂ ਭਾਵੇਂ ਡੂੰਘੇ ਲੱਗੇ ਸਨ, ਪਰ ਕੁਝ ਦਿਨਾਂ ਵਿਚ ਹੀ ਜ਼ਖਮ ਭਰ ਗਏ ਤੇ ਅੰਗੂਰ ਵੀ ਪੈ ਗਿਆ। ਪਰ 6 ਅਕਤੂਬਰ 1708 ਨੂੰ ਕਮਾਨ ਤੇ ਚਿੱਲਾ ਚੜ੍ਹਾਉਣ ਵੇਲੇ ਸੀਤੇ ਫੱਟਾਂ ਦੇ ਤੋਪੇ ਉਖੜ ਗਏ। ਕੋਸ਼ਿਸ਼ ਕਰਨ ਤੇ ਜ਼ਖਮ ਸੀਤੇ ਗਏ, ਪਰ ਗੁਰੂ ਜੀ ਨੇ ਕਿਹਾ ਹੁਣ ਸਭ ਹੀਲੇ ਵਿਅਰਥ ਹਨ, ਅੰਤ ਸਮਾਂ ਆਣ ਪੁੱਜਾ ਹੈ।

ਉਸੇ ਦਿਨ ਹੀ ਗੁਰੂ ਜੀ ਨੇ ਦੀਵਾਨ ਸਜਾਇਆ। ਭਾਰੀ ਸੰਗਤ ਦੇ ਸਾਹਮਣੇ ਹੁਕਮ ਕੀਤਾ ਕਿ ਸ਼ਖ਼ਸੀ ਗੁਰਿਆਈ ਦਾ ਸਿਲਸਿਲਾ ਖ਼ਤਮ ਕੀਤਾ ਜਾਂਦਾ ਹੈ। ਗੁਰੂ-ਗ੍ਰੰਥ ਅਤੇ ਪੰਥ ਹੀ ਸਾਂਝੇ ਰੂਪ ਵਿਚ ਗੁਰੂ ਹੋਣਗੇ। ਦਸਾਂ-ਗੁਰੂ ਸਾਹਿਬਾਨ ਦੀ ਜੋਤਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਹਨ ਅਤੇ ਜੁਗਤਿ ਖ਼ਾਲਸੇ ਨੇ ਵਰਤਾਣੀ ਹੈ। ਗੁਰੂ ਗ੍ਰੰਥ ਸਾਹਿਬ ਜੀ ਦੀ ਸਿੱਖਿਆ ਉਤੇ ਚੱਲਣ ਵਾਲੇ ਪੰਜ ਤਿਆਰ-ਬਰ-ਤਿਆਰ ਸਿੰਘ ਸਮੁੱਚੇ ਖ਼ਾਲਸਾ ਪੰਥ ਦੀ ਪ੍ਰਤੀਨਿਧਤਾ ਕਰਨਗੇ।

ਖ਼ਾਲਸਾ ਪੰਥ ਦੇ 'ਪੰਜ-ਪਿਆਰਿਆਂ' ਦੇ ਰੂਪ ਵਿਚ ਗੁਰੂ ਹੋਣ ਦੇ ਸਿਧਾਂਤ ਨੂੰ ਤਾਂ ਗੁਰੂ ਗੋਬਿੰਦ ਸਿੰਘ ਜੀ ਪਹਿਲਾਂ ਹੀ ਪਰਗਟ ਕਰ ਚੁੱਕੇ ਸਨ। ਇਕ 1699 ਦੀ ਵਿਸਾਖੀ ਸਮੇਂ, ਜਦੋਂ ਉਨ੍ਹਾਂ ਨੇ ਪੰਜ-ਪਿਆਰਿਆਂ ਦੀ ਚੋਣ ਕਰਕੇ, ਉਨ੍ਹਾਂ ਤੋਂ ਖ਼ੁਦ ਅੰਮ੍ਰਿਤ ਦੀ ਜਾਚਨਾ ਕੀਤੀ ਸੀ ਤੇ ਅੰਮ੍ਰਿਤ ਛਕਿਆ ਸੀ। ਦੂਜਾ, ਚਮਕੌਰ ਦੀ ਕੱਚੀ ਗੜ੍ਹੀ ਵਿਚ, ਜਦੋਂ ਉਨ੍ਹਾਂ ਨੇ ਪੰਜ-ਪਿਆਰਿਆਂ ਦੇ ਹੁਕਮ ਅੱਗੇ ਸਿਰ ਝੁਕਾ ਕੇ ਗੜ੍ਹੀ ਵਿਚੋਂ ਸਹੀ ਸਲਾਮਤ ਬਾਹਰ ਜਾਣ ਦਾ ਹੁਕਮ ਮੰਨਿਆ ਸੀ।

ਗੁਰੂ ਗ੍ਰੰਥ ਤੇ ਪੰਥ ਨੂੰ ਗੁਰਿਆਈ ਬਖਸ਼ਣ ਬਾਰੇ ਤਤਕਾਲੀ ਪੁਸਤਕਾਂ ਵਿਚੋਂ ਸਪੱਸ਼ਟ

ਹਵਾਲੇ ਮਿਲਦੇ ਹਨ। ਹਜ਼ੂਰੀ ਕਵੀ ਸੈਨਾਪਤੀ ਨੇ 'ਸ੍ਰੀ ਗੁਰ ਸੋਭਾ' ਵਿਚ ਲਿਖਿਆ ਹੈ :

ਏਕ ਦਿਵਸ ਕਾਰਨ ਤੇ ਆਗੇ।
ਮਿਲਿ ਕੈ ਸਿੰਘ ਪੂਛਨੈ ਲਾਗੇ।
ਕਵਨ ਰੂਪ ਆਪਨ ਪ੍ਰਭੁ ਕੀਨੋ।
ਤਿਨ ਕੋ ਜੁਾਬ ਭਾਂਤਿ ਇਹ ਦੀਨੋ। ੪੦॥ ੮੦੫॥
ਵਾਹਿ ਸਮੈ ਗੁਰੁ ਬੈਨ ਸੁਨਾਯੋ।
ਖਾਲਸ ਅਪਨੋ ਰੂਪ ਬਤਾਯੋ।
ਖਾਲਸ ਹੀ ਸੋ ਹੈ ਮਮ ਕਾਮਾ।
ਬਖਸ਼ ਕਿਯੋ ਖਾਲਸ ਕੋ ਜਾਮਾ॥ ੪੧॥ ੮੦੬॥

ਦੋਹਿਰਾ :

ਖਾਲਸ ਮੇਰੋ ਰੂਪ ਹੈ, ਹੌਂ ਖਾਲਸ ਕੇ ਪਾਸ॥
ਆਦਿ ਅੰਤ ਹੀ ਹੋਤ ਹੈ, ਖਾਲਸ ਹੀ ਮੇਂ ਬਾਸ॥ ੪੨॥ ੮੦੭॥

ਫਿਰ ਜਦੋਂ ਸਿੱਖਾਂ ਪੁੱਛ ਕੀਤੀ ਕਿ ਸਰੀਰਕ ਜਾਮਾ ਤਾਂ ਖ਼ਾਲਸੇ ਨੂੰ ਬਖਸ਼ਿਆ ਹੈ, ਆਤਮਾ ਕਿਥੇ ਹੈ? ਅਜਰ ਰੂਪ ਕਿਹੜਾ ਹੈ? ਜੋਤਿ ਕਿਥੇ ਹੈ? ਸਤਿਗੁਰਾਂ ਜੁਆਬ ਦਿੱਤਾ :

ਸਤਿਗੁਰੂ ਹਮਰਾ ਅਪਰ ਅਪਾਰਾ, ਸਬਦ ਬਿਚਾਰਾ ਅਜਰ ਜਰੰ॥
ਹਿਰਦੇ ਧਰਿ ਧਿਆਨੀ, ਉਚਰੀ ਬਾਨੀ, ਪਦ ਨਿਰਬਾਨੀ ਅਪਰ ਪਰੰ॥
ਗਤਿ ਮਿਤਿ ਅਪਾਰੰ, ਬਹੁਤ ਬਿਸਥਾਰੰ ਵਾਰੁ ਨਾ ਪਾਰੰ ਕਿਆ ਕਥਨੰ॥
ਤਵ ਜੋਤਿ ਪ੍ਰਕਾਸੀ, ਸਰਬ ਨਿਵਾਸੀ, ਸਰਬ ਉਦਾਸੀ ਤਵ ਸਰਨੰ॥ ੪੩॥ ੮੦੮॥[27]

ਗੁਰੂ ਜੀ ਦੇ ਅਨਿੰਨ ਸ਼ਰਧਾਲੂ ਅਤੇ ਪ੍ਰੀਤਵਾਨ ਸਿੱਖ ਭਾਈ ਨੰਦ ਲਾਲ ਸਿੰਘ ਜੀ ਨੇ ਗੁਰੂ ਗ੍ਰੰਥ-ਪੰਥ ਦੀ ਗੱਲ ਨੂੰ ਇਨ੍ਹਾਂ ਅੱਖਰਾਂ ਰਾਹੀਂ ਆਪਣੇ 'ਰਹਿਤਨਾਮੇ' ਵਿਚ ਪਰਗਟ ਕੀਤਾ ਹੈ :

ਸ੍ਰੀ ਗੁਰੂ ਵਾਚ ॥ ਦੋਹਾ॥

ਤੀਨ ਰੂਪ ਹੈਂ ਮੋਹਿ ਕੇ, ਸੁਨਹੁ ਨੰਦ ਚਿਤ ਲਾਇ॥
ਨਿਰਗੁਣ ਸਰਗੁਣ ਗੁਰ ਸ਼ਬਦ, ਕਹਹੁੰ ਤੋਹਿ ਸਮਝਾਇ॥

ਚੌਪਈ

ਏਕ ਰੂਪ ਤਿਹੁੰ ਗੁਣ ਤੇ ਪਰੇ।
ਨੇਤਿ ਨੇਤਿ ਜਿਹ ਨਿਗਮ ਉਚਰੇ।

---

27. ਸ੍ਰੀ ਗੁਰੁ ਸੋਭਾ, ਕਵਿ ਸੈਨਾਪਤਿ, ਸੰਪਾਦਕ : ਸ਼ਮਸ਼ੇਰ ਸਿੰਘ ਅਸ਼ੋਕ, ਸਿੱਖ ਇਤਿਹਾਸ ਰੀਸਰਚ ਬੋਰਡ, ਸ਼੍ਰੋ: ਗੁ: ਪ੍ਰਬੰਧਕ ਕਮੇਟੀ, ਅੰਮ੍ਰਿਤਸਰ, 1967, ਪੰਨਾ 132

ਘਟਿ ਘਟਿ ਬਿਆਪਕ ਅੰਤਰਜਾਮੀ।
ਪੂਰਿ ਰਹਯੋ ਜਿਉਂ ਜਲ ਘਟ ਭਾਨੀ। ੭।
ਦੂਸਰ ਰੂਪ ਗ੍ਰੰਥ ਜੀ ਜਾਨਹੁ।
ਆਪਨ ਅੰਗ ਮੇਰ ਕਰ ਮਾਨਹੁ।
ਰੋਮ ਰੋਮ ਅਛਰ ਸੋ ਲਹਹੁ।
ਬਾਤ ਯਥਾਰਥ ਤੁਮ ਸੋਂ ਕਹਹੁੰ। ੮।
ਜੋ ਸਿਖ ਗੁਰ ਦਰਸ਼ਨ ਕੀ ਚਾਹਿ।
ਦਰਸ਼ਨ ਕਰੈ ਗ੍ਰੰਥ ਜੀ ਆਹਿ।....
ਜੋ ਮਮ ਸਾਥ ਚਾਹੈ ਕਰਿ ਬਾਤ।
ਗ੍ਰੰਥ ਜੀ ਪੜ੍ਹੇ, ਬਿਚਾਰਹਿਂ ਸਾਥ। ੧੦।
ਜੋ ਮੁਝ ਬਚਨ ਸੁਨਨ ਕੀ ਚਾਹਿ।
ਗ੍ਰੰਥ ਵਿਚਾਰ ਸੁਨਹਿ ਚਿਤ ਲਾਇ।
ਮੇਰਾ ਰੂਪ ਗ੍ਰੰਥ ਜੀ ਜਾਨ।
ਇਸ ਮੇਂ ਭੇਦ ਨ ਰੰਚਕ ਮਾਨ। ੧੧।
ਤੀਸਰ ਰੂਪ ਸਿਖ (ਖਾਲਸਾ) ਹੈ ਮੋਰ।
ਗੁਰਬਾਣੀ ਰਤਿ ਜਿਹ ਨਿਸ ਭੋਰ।

'ਗੁਰ ਬਿਲਾਸ ਪਾਤਸ਼ਾਹੀ ਛੇਵੀਂ' ਵਿਚ ਜੋ ਮਈ 1717 ਤੋਂ 22 ਜੁਲਾਈ, 1718 ਦੇ ਸਮੇਂ ਵਿਚ ਲਿਖਿਆ ਗਿਆ, ਅੰਕਤ ਹੇਠ ਲਿਖੀਆਂ ਸਤਰਾਂ ਬੜੀਆਂ ਮਹੱਤਵਪੂਰਨ ਹਨ :

ਮਮ ਆਗਯਾ ਸਭ ਹੀ ਸੁਨੋ, ਸਤਿ ਬਾਤ ਨਿਰਧਾਰ।
ਗ੍ਰਿੰਥ ਗੁਰੂ ਸਮ ਮਾਨੀਯੋ, ਭੇਦ ਨ ਕੋਊ ਬਿਚਾਰ। ੬੮੭।....
ਗੁਰੂ ਗ੍ਰਿੰਥ ਕਲਿਜੁਗ ਭਯੋ, ਸ੍ਰੀ ਗੁਰ ਰੂਪ ਮਹਾਨ।
ਦਸ ਪਾਤਸ਼ਾਹੀਆਂ ਰੂਪ ਇਹ ਗੁਰੂ ਗ੍ਰਿੰਥ ਸੁਖ ਖਾਨ। ੬੯੩।
ਗੁਰੂ ਦਰਸ ਜਿਹ ਦੇਖਨਾ, ਸ੍ਰੀ ਗੁਰ ਗ੍ਰਿੰਥ ਦਰਸਾਇ।
ਬਾਤਾਂ ਕਰਿ ਗੁਰ ਸੋ ਚਹੈ, ਪੜ੍ਹੇ ਗ੍ਰਿੰਥ ਮਨ ਲਾਇ। ੬੯੪।[28]

'ਗੁਰੂ ਸਾਹਿਬ ਦਸਵੇਂ ਪਾਤਸ਼ਾਹ ਜੀ ਕੇ ਜੋਤੀ-ਜੋਤਿ ਸਮਾਵਣੇ ਦਾ ਪ੍ਰਸੰਗ' ਨਾਮੀ ਹੱਥ-ਲਿਖਤ ਖਰੜੇ ਦਾ ਹਵਾਲਾ ਦੇਣਾ ਵੀ ਬਹੁਤ ਜ਼ਰੂਰੀ ਹੈ। ਇਸ ਖਰੜੇ ਦੀ ਇਕ ਨਕਲ "ਅੰਮ੍ਰਿਤ ਗੁਟਕੇ" ਵਿਚ ਦਰਜ ਹੈ, ਜੋ ਕਿ ਪੰਜਾਬ ਸਟੇਟ ਆਰਕਾਈਵਜ਼ ਵਿਚ ਪਿਆ ਹੋਇਆ ਹੈ, ਉਸ ਵਿਚ ਲਿਖਿਆ ਹੈ :

"ਤਬ ਸਿਖਹੁੰ ਨੇ ਪੁਨਹ ਅਰਦਾਸ ਕਰੀ। ਹੇ ਕਰਨ ਕਾਰਨ ਸਮਰਥ, ਆਗੇ ਜੋ ਨੌਂ

---

28. ਗੁਰ ਬਿਲਾਸ ਪਾ: ੬, ਪ੍ਰਕਾਸ਼ਕ ਸ਼੍ਰੋ: ਗੁ: ਪ੍ਰਬੰਧਕ ਕਮੇਟੀ, 1998, ਪੰਨਾ 118.

ਰੂਪ ਆਪ ਨੇ ਧਾਰੇ ਹੈਂ। ਤਿਨਹੂ ਮੈਂ ਇਹੁ ਮਿਰਜਾਦਾ ਰਾਖੀ ਹੈ। ਜਬ ਆਪਣੇ ਸਰੀਰ ਕੋ ਅਦ੍ਰਿਸਟਿ ਕੀਆ ਚਾਹਤੇ ਥੇ। ਤਬ ਜਿਸ ਮੇ ਆਪਣੀ ਕਥਾ ਧਾਰਤੇ ਥੇ। ਸੰਗਤ ਕੋ ਜਿਸਕਾ ਅੰਚਲ ਪਕੜਵਾਤੇ ਥੇ। ਸੋ ਆਪ ਨੇ ਜੋ ਇਹੀ ਭਾਣਾ ਕਰਨਾ ਚਾਹਿਆ ਹੈ। ਤੋ ਸੰਗਤ ਕੋ ਕਿਸ ਕਾ ਪਲਾ ਪਕੜਾਇਆ ਹੈ। ਤਬ ਹੁਕਮ ਹੂਆ ਅਬ ਕਲਯੁਗ ਨੇ ਬਲ ਪਾਇਆ ਹੈ। ਏਕ ਸ਼ਰੀਰ ਪਰ ਲੋਕਹੁ ਕੀ ਪਰਤੀਤ ਨਾ ਰਹੇਗੀ। ਅਰ ਸਤਿ ਸ੍ਰੀ ਗੁਰੂ ਨਾਨਕ ਸਾਹਿਬ ਕੀ ਇੱਛਾ ਭੀ ਇਸੀ ਭਾਂਤ ਥੀ। ਜਾਂ ਤੇ ਏਕ ਸਮੇਂ ਬੁਢੇ ਰਾਮਦਾਸ ਕੋ ਆਗਿਆ ਕਰੀ ਥੀ ਜੋ ਦਸ ਅਵਤਾਰ ਹਮਾਰੇ ਹੋਹਿੰਗੇ। ਅਰ ਦਸਿ ਪੀੜੀਆਂ ਪਰਜੰਤ ਹੀ ਤੁਮਾਰੀ ਕੁਲ ਰਹੇਗੀ। ਤਾਂ ਤੇ ਅਬ ਕਿਸੀ ਕੋ ਗੁਰਿਆਈ ਕਾ ਤਿਲਕ ਦੇਣਾ ਜੋਗ ਨਹੀ। ਅਰ ਤੁਮ ਜੋ ਸਰਬਤ ਸੰਗਤ ਮੇਰਾ ਖ਼ਾਲਸਾ ਹੋ ਤੁਮ ਕੋ ਸ੍ਰੀ ਸਾਹਿਬ (ਵਾਹਿਗੁਰੂ) ਕੀ ਗੋਦ ਮਹਿ ਪਾਇਆ ਅਰ ਸਬਦ ਕਾ ਲੜ ਪਕੜਾਇਆ ਹੈ। ਅਰ ਜੋ ਕੁਛ ਗਿਰੰਥ ਸਾਹਿਬ ਮੈਂ ਉਪਦੇਸ਼ ਕੀਆ ਹੈ। ਸ੍ਰੀ ਗੁਰੂ ਨਾਨਕ ਜੀ ਨੇ। ਸਾਧਨ ਭੀ ਅਰ ਸਿਖਨ ਭੀ। ਸੋਈ ਸਰਬਤ ਕੋ ਕ੍ਰਿਤਾਰਥ ਕਰੇਗਾ। ਯਥਾ ਅਧਕਾਰ ਗ੍ਰਿੰਥ ਸਾਹਿਬ ਦੇ ਵਾਕ ਸਭ ਕੋ ਅੰਗੀਕਾਰ ਕਰਣੇ ਜੋਗ ਹੈ।"

'ਬੰਸਾਵਲੀਨਾਮਾ' ਵਿਚ ਭਾਈ ਕੇਸਰ ਸਿੰਘ (ਛਿੱਬਰ) ਨੇ ਗੁਰੂ ਗੋਬਿੰਦ ਸਿੰਘ ਜੀ ਦੇ ਜੋਤੀ-ਜੋਤਿ ਸਮਾਉਣ ਅਤੇ ਗੁਰੂ ਗ੍ਰੰਥ ਸਾਹਿਬ ਜੀ ਤੇ ਪੰਥ ਨੂੰ ਗੁਰਗੱਦੀ ਬਖਸ਼ਣ ਬਾਰੇ ਇੰਝ ਲਿਖਿਆ ਹੈ :

ਅੱਲੇ ਆਹੇ ਘਾਉ, ਕਮਾਣਾਂ ਗਹਿ ਦਿਤੀ ਕਸੀਸ।
ਸਭੇ ਮਨ੍ਹੇ ਕਰ ਰਹੇ, ਬੇਪਰਵਾਹ ਜਗਦੀਸ।
ਜਖਮ ਗਏ ਖੁਲ੍ਹ, ਫੁਟਿ ਲੋਹੂ ਚਲਿਆ।
ਸਮਾ ਪਹੁਤਾ ਆਇ, ਰਹੇ ਨਹੀਂ ਠਲ੍ਹਿਆ। (੬੭੮)
ਦੋਇ ਜਾਮ ਰੈਨਿ ਗਈ, ਤਾਂ ਤਿਆਰੀ ਬਜਾਈ।
ਸਿੱਖਾਂ ਹਥ ਜੋੜਿ ਕਰਿ ਬੇਨਤੀ ਪੁਛਾਈ।
ਗਰੀਬ ਨਿਵਾਜ, ਸਿੱਖ ਸੰਗਤਿ ਹੈ ਤੇਰੀ, ਇਸ ਦਾ ਕੀ ਹਵਾਲ।
ਬਚਨ ਕੀਤਾ, ਗ੍ਰੰਥ ਹੈ ਗੁਰੂ, ਲੜ ਪਕੜੋ ਅਕਾਲ। (੬੭੯)
ਗੁਰੂ ਹੈ ਖਾਲਸਾ ਅਤੇ ਖਾਲਸਾ ਹੈ ਗੁਰੂ।
ਗੋਦੀ ਸ੍ਰੀ ਸਾਹਿਬ ਦੇਵੀ ਮਾਤਾ ਦੀ ਪਾਏ, ਭਜਨ ਕਰਨਾ ਸ਼ੁਰੂ।
ਆਪਸ ਵਿਚਿ ਕਰਨਾ ਪਿਆਰ, ਪੰਥ ਦੇ ਵਾਧੇ ਨੂੰ ਲੋਚਣਾ।
ਆਗਿਆ ਗ੍ਰੰਥ ਸਾਹਿਬ ਦੀ, ਕਰਨੀ ਸ਼ਬਦ ਦੀ ਖੋਜਣਾ। (੬੮੦)
ਜੋ ਸਿੱਖ ਸਿਖੀ ਦੇ ਕਰਮ ਕਮਾਸੀ।
ਸੋ ਗੁਰੂ ਕੀ ਪੁਰੀ ਵਿਚਿ ਵਾਸਾ ਪਾਸੀ।
ਰਹਿਤ ਬਿਬੇਕ ਗੁਰਮਤਿ ਕਮਾਣੀ।
ਬਿਨਾ ਅਪਨੇ ਵਾਹਗੁਰੂ ਅਵਰ ਨ ਜਾਣੀ। (੬੮੧)

ਦੋ ਘੜੀਆਂ ਸਿਖ ਜਬਾਬੁ ਸੁਆਲ ਕਰਿ ਪੁਛਦੇ ਰਹੇ।
ਫੇਰ ਸਾਹਿਬ ਬੈਕੁੰਠ ਪੁਰਿ ਨੂੰ ਸਵਾਰਾ ਕਰਿ ਗਏ।
ਜੋਤਿ ਨਾਲਿ ਜੋਤਿ ਜਾਇ ਅਕਾਲ ਪੁਰਖ ਵਿਚਿ ਸਮਾਣੀ।
ਰਾਤੋਂ ਰਾਤੀਂ ਕੀਤਾ ਸਿਸਕਾਰੁ ਇਸ਼ਨਾਨ ਕਰਾਇ ਗੁਲਾਬ ਦੇ ਪਾਣੀ। (੬੮੨)

ਚਰਨ ਚੌਧਵਾਂ :

ਸੁਣੋ ਵੇ ਭਾਈ ਸਿਖੋ, ਐਸਾ ਸੰਤ ਬਾਬਾ ਨਾਨਕ ਸਚੁ ਜਾਨੋ।
ਦਸੇ ਮਹਲ ਇਕ ਬਾਬਾਂ ਨਾਨਕ ਜੀ ਪਛਾਨੋ।
ਦਸਵਾਂ ਪਾਤਸ਼ਾਹ ਗੱਦੀ ਗੁਰਿਆਈ ਦੀ ਗ੍ਰੰਥ ਸਾਹਿਬ ਨੂੰ ਦੇ ਹੈ ਗਿਆ।
ਅਜ ਪ੍ਰਤਖ ਗੁਰੂ ਅਸਾਡਾ ਗ੍ਰੰਥ ਸਾਹਿਬ ਹੈ,
ਸੋਈ ਗਿਆ, ਜੋ ਗ੍ਰੰਥੋਂ ਗਿਆ। (੨੬੪)[29]

'ਮਹਿਮਾ ਪ੍ਰਕਾਸ਼ ਵਿਚ ਸਰੂਪ ਦਾਸ ਭੱਲੇ ਨੇ ਇਂਝ ਲਿਖਿਆ ਹੈ :

"ਜੋ ਦਸ ਸਰੂਪ ਹਮਾਰੇ ਪੂਰਨ ਭਏ। ਅਬ ਮੇਰੀ ਜਾਹਗਾ ਗੁਰ ਗਿਰੰਥ ਸਾਹਿਬ ਕੋ ਜਾਨਨਾ। ਜਿਸ ਨੇ ਮੇਰੇ ਸੇ ਬਾਤ ਕਰਨੀ ਹੋਇ ਤੇ ਆਦਿ ਗਿਰੰਥ ਸਾਹਿਬ ਦਾ ਪਾਠ ਕਰਨਾ। ਮੇਰੇ ਸੇ ਬਾਤਾਂ ਹੋਵੇਗੀ।"

ਭਟ ਵਹੀ ਤਲੌਡਾ ਪਰਗਨਾ ਜੀਂਦ, ਪੋਥੀ ਗੁਰਬਿਲਾਸ ਕੀ, ਗੁਰਬਿਲਾਸ ਪਾਤਸ਼ਾਹੀ ਦਸ (ਕੋਇਰ ਸਿੰਘ), ਪੰਥ ਪ੍ਰਕਾਸ਼, ਤਵਾਰੀਖ ਗੁਰੂ ਖ਼ਾਲਸਾ ਅਤੇ ਹਰ ਸਿੱਖ-ਇਤਿਹਾਸਕ ਪੁਸਤਕਾਂ ਵਿਚ ਗੁਰੂ ਜੀ ਦੇ ਜੋਤੀ-ਜੋਤਿ ਸਮਾਉਣ ਅਤੇ ਗੁਰੂ-ਪੰਥ ਨੂੰ ਗੁਰਿਆਈ ਦੇਣ ਦਾ ਸਪੱਸ਼ਟ ਜ਼ਿਕਰ ਹੈ।*

### *ਜੋਤੀ-ਜੋਤਿ ਸਮਾਉਣਾ*

ਗੁਰੂ ਗ੍ਰੰਥ ਤੇ ਪੰਥ ਨੂੰ ਗੁਰਿਆਈ ਬਖਸ਼ਣ ਮਗਰੋਂ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ 7 ਅਕਤੂਬਰ 1708 ਅੰਮ੍ਰਿਤ ਵੇਲੇ (ਕੱਤਕ ਸੁਦੀ 5, ਸੰਮਤ 1765) ਨੂੰ ਨੰਦੇੜ ਵਿਖੇ ਜੋਤੀ-ਜੋਤਿ ਸਮਾ ਗਏ। ਸਿੰਘਾਂ ਨੇ ਚਿਖਾ ਤਿਆਰ ਕਰ ਕੇ ਸਸਕਾਰ ਕਰ ਦਿੱਤਾ।

ਜਿੱਥੇ ਗੁਰੂ ਜੀ ਜੋਤੀ-ਜੋਤਿ ਸਮਾਏ ਸਨ ਉਥੇ ਹੁਣ ਸ੍ਰੀ ਹਜ਼ੂਰ ਸਾਹਿਬ ਨਾਮ ਦਾ ਗੁਰਦੁਆਰਾ ਹੈ, ਜੋ ਕਿ ਸਿੱਖ ਪੰਥ ਦੇ ਪੰਜ-ਤਖ਼ਤਾਂ ਵਿਚੋਂ ਇਕ ਤਖ਼ਤ ਵੀ ਹੈ।

---

29. ਬੰਸਾਵਲੀਨਾਮਾ ਦਸਾਂ ਪਾਤਸ਼ਾਹੀਆਂ ਕਾ, ਭਾ: ਕੇਸਰ ਸਿੰਘ ਛਿੱਬਰ, ਸੰਪਾਦਕ–ਪ੍ਰੋ. ਪਿਆਰਾ ਸਿੰਘ ਪਦਮ, 1997.

*ਇਸ ਸੰਬੰਧ ਵਿਚ ਡਾਕਟਰ ਗੰਡਾ ਸਿੰਘ ਜੀ ਨੇ ਆਪਣੀ ਪੁਸਤਕ 'Guru Gobind Singh's Death at Nanded' ਵਿਚ ਵਿਸਥਾਰ ਸਹਿਤ ਚਰਚਾ ਕੀਤੀ ਹੈ ਤੇ ਇਤਿਹਾਸਕ ਹਵਾਲੇ ਦਿੱਤੇ ਹਨ।

# ਗੁਰੂ ਗੋਬਿੰਦ ਸਿੰਘ ਜੀ ਦੀ ਬਾਣੀ

ਗੁਰੂ ਗੋਬਿੰਦ ਸਿੰਘ ਜੀ ਨੇ ਜਿੱਥੇ ਆਪ ਗੁਰਬਾਣੀ ਉਚਾਰੀ ਉਥੇ ਆਪ ਨੇ, ਆਪਣੇ ਦਰਬਾਰੀ ਕਵੀਆਂ ਤੋਂ ਸਾਹਿਤ ਰਚਨਾ ਕਰਵਾਈ। ਇਹ ਸਾਰਾ ਸਾਹਿਤ ਗੁਰੂ ਜੀ ਦੇ ਆਪਣੇ ਸਮੇਂ 'ਵਿਦਿਆਧਾਰ' ਜਾਂ 'ਵਿਦਿਆ ਸਾਗਰ' ਨਾਂ ਦੇ ਗ੍ਰੰਥ ਵਿਚ ਸੰਕਲਿਤ ਕੀਤਾ ਗਿਆ ਸੀ। ਸੰਨ 1704 ਈ: ਵਿਚ ਸਰਸਾ ਨਦੀ ਪਾਰ ਕਰਨ ਸਮੇਂ ਇਹ ਸਾਰਾ ਸਾਹਿਤ ਤੇ ਹੋਰ ਕੀਮਤੀ ਸਾਮਾਨ ਸਰਸਾ ਵਿਚ ਰੁੜ੍ਹ ਗਿਆ ਸੀ। ਗੁਰੂ ਜੀ ਦੇ ਜੋਤੀ-ਜੋਤਿ ਸਮਾਉਣ ਮਗਰੋਂ ਭਾਈ ਮਨੀ ਸਿੰਘ ਜੀ ਦੇ ਯਤਨਾਂ ਸਦਕਾ ਇਕ ਗ੍ਰੰਥ ਤਿਆਰ ਕਰਵਾਇਆ ਗਿਆ, ਜਿਸ ਵਿਚ ਦਸਮ-ਪਾਤਸ਼ਾਹ ਰਚਿਤ ਬਾਣੀਆਂ ਦੇ ਨਾਲ-ਨਾਲ ਕਵੀਆਂ ਦੀਆਂ ਰਚਨਾਵਾਂ ਵੀ ਸੰਕਲਿਤ ਕੀਤੀਆਂ ਗਈਆਂ। ਮਗਰੋਂ ਬਾਬਾ ਦੀਪ ਸਿੰਘ ਜੀ ਤੇ ਭਾਈ ਸੁਖਾ ਸਿੰਘ ਨੇ ਹੋਰ ਪ੍ਰਾਪਤ ਸਮੱਗਰੀ ਨੂੰ ਰਲਾ ਕੇ ਆਪਣੀ ਰੁਚੀ ਅਨੁਸਾਰ ਇਸ ਗ੍ਰੰਥ ਦੀਆਂ ਹੋਰ 'ਬੀੜਾਂ' ਤਿਆਰ ਕੀਤੀਆਂ। ਅੱਜ ਕੱਲ੍ਹ ਇਹ ਗ੍ਰੰਥ 'ਦਸਮ ਗ੍ਰੰਥ' ਦੇ ਨਾਮ ਨਾਲ ਮਸ਼ਹੂਰ ਹੈ।

ਇਸ ਗ੍ਰੰਥ ਦੀ ਰਚਨਾ ਬਾਰੇ ਜਾਣਕਾਰੀ ਦਿੰਦੇ ਹੋਏ ਭਾਈ ਕਾਨ੍ਹ ਸਿੰਘ ਜੀ ਨਾਭਾ ਮਹਾਨ ਕੋਸ਼ ਵਿਚ ਲਿਖਦੇ ਹਨ :

"ਮਾਤਾ ਸੁੰਦਰੀ ਜੀ ਦੀ ਆਗਯਾ ਅਨੁਸਾਰ ਸੰਮਤ 1778 (ਸੰਨ 1721) ਵਿਚ ਭਾਈ ਮਨੀ ਸਿੰਘ ਜੀ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਜੀ ਦੇ ਗ੍ਰੰਥੀ ਥਾਪੇ ਗਏ। ਭਾਈ ਸਾਹਿਬ ਨੇ ਇਹ ਸੇਵਾ ਬਹੁਤ ਉੱਤਮ ਰੀਤੀ ਨਾਲ ਨਿਬਾਹੀ ਅਤੇ ਸਿੱਖ ਧਰਮ ਦਾ ਪ੍ਰਚਾਰ ਚੰਗੀ ਤਰ੍ਹਾਂ ਕੀਤਾ। ਇਸ ਅਧਿਕਾਰ ਵਿਚ ਹੋਰ ਪੁਸਤਕ ਰਚਣ ਤੋਂ ਛੁੱਟ, ਭਾਈ ਸਾਹਿਬ ਨੇ ਇਕ ਚੌਥੀ ਬੀੜ ਗੁਰੂ ਗ੍ਰੰਥ ਸਾਹਿਬ ਜੀ ਦੀ ਬਣਾਈ, ਜਿਸ ਵਿਚ ਰਾਗਾਂ ਦੇ ਕ੍ਰਮ ਅਨੁਸਾਰ ਹਰੇਕ ਸਤਿਗੁਰੂ ਅਤੇ ਭਗਤ ਦੀ ਬਾਣੀ ਇਕ-ਇਕ ਥਾਂ ਜੁਦੀ ਕਰਕੇ ਲਿਖੀ। ਇਸ ਤੋਂ ਵੱਖ ਜਿੱਥੋਂ ਕਿੱਥੋਂ ਵੱਡੇ ਯਤਨ ਨਾਲ ਦਸਮ ਸਤਿਗੁਰੂ ਦੀ ਉਪਦੇਸ਼ਮਈ ਬਾਣੀ ਅਤੇ ਸੰਸਕ੍ਰਿਤ ਗ੍ਰੰਥਾਂ ਦੇ ਅਨੁਵਾਦ ਏਕਤ੍ਰ ਕਰਕੇ ਇਕ ਜਿਲਦ—"ਦਸਵੇਂ ਪਾਤਸ਼ਾਹ ਕਾ ਗ੍ਰੰਥ" ਨਾਮ ਕਰਕੇ ਲਿਖੀ।

ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਚੌਥੀ ਬੀੜ ਗੁਰੂ ਅਰਜਨ ਦੇਵ ਜੀ ਦੀ ਰਚਨਾ ਦੇ ਵਿਰੁੱਧ ਦੇਖ ਕੇ ਪੰਥ ਦਾ ਭਾਈ ਸਾਹਿਬ ਉੱਤੇ ਵੱਡਾ ਕੋਪ ਹੋਇਆ ਅਤੇ ਗੁਰੂ ਖ਼ਾਲਸੇ ਨੇ ਬੀੜ ਅਪ੍ਰਮਾਣ ਕੀਤੀ। ਸੰਮਤ 1794 ਵਿਚ ਭਾਈ ਮਨੀ ਸਿੰਘ ਜੀ, ਸਿੱਖੀ ਦਾ ਸੱਚਾ ਨਮੂਨਾ ਦੱਸ ਕੇ ਲਾਹੌਰ ਵਿਚ ਸ਼ਹੀਦ ਹੋਏ। ਇਨ੍ਹਾਂ ਦੇ ਦੇਹਾਂਤ ਪੁਰ ਪੰਥ ਨੇ ਦਸਮ ਗ੍ਰੰਥ ਨੂੰ ਦਮਦਮੇ ਸਾਹਿਬ, ਜੋ ਉਸ ਸਮੇਂ ਵਿਦਯਾ ਦੀ ਟਕਸਾਲ (ਸਿੱਖਾਂ ਦੀ ਕਾਂਸ਼ੀ ਕਰਕੇ ਪ੍ਰਸਿੱਧ) ਸੀ, ਵਿਚਾਰ ਲਈ ਭੇਜ ਦਿੱਤਾ। ਖ਼ਾਲਸਾ ਦੀਵਾਨ ਵਿਚ ਚਿਰ ਤੋੜੀ ਇਸ ਬੀੜ ਤੇ ਚਰਚਾ ਹੋਈ। ਕਿਤਨਿਆਂ ਨੇ ਕਿਹਾ ਕਿ ਜੁਦਾ-ਜੁਦਾ ਪੋਥੀਆਂ ਵਿਚ ਬਾਣੀ ਦਾ ਰਹਿਣਾ ਯੋਗ ਨਹੀਂ, ਇਕੋ ਜਿਲਦ ਵਿਚ ਹੀ ਸਭ ਦਾ ਏਕੱਤ੍ਰ ਰਹਿਣਾ ਠੀਕ ਹੈ। ਕਈਆਂ ਨੇ ਆਖਿਆ ਕਿ ਇਸ ਬੀੜ ਦੀਆਂ

ਜੁਦੀਆਂ-ਜੁਦੀਆਂ ਪੋਥੀਆਂ ਰਹਿਣ, ਜਿਨ੍ਹਾਂ ਨੂੰ ਅਧਿਕਾਰ ਅਨੁਸਾਰ ਗੁਣੀ ਗਿਆਨੀ, ਵਿਦਿਆਰਥੀ ਪਠਨ-ਪਾਠਨ ਕਰ ਸਕਨ, ਬਹੁਤਿਆਂ ਨੇ ਆਖਿਆ ਕਿ ਇਸ ਦੀਆਂ ਦੋ ਜਿਲਦਾਂ ਬਣਾਈਆਂ ਜਾਣ। ਇਕ ਵਿਚ ਉਹ ਬਾਣੀ ਹੋਵੇ ਜੋ ਸ੍ਰੀ ਕਲਗੀਧਰ ਦੀ ਸ੍ਰੀ ਮੁਖਵਾਕ ਰਚਨਾ ਨੌਂ ਸਤਿਗੁਰਾਂ ਦੀ ਅਕਾਲੀ ਬਾਣੀ ਤੁਲ ਹੈ, ਅਰ ਦੂਜੀ ਵਿਚ ਇਤਿਹਾਸ ਆਦਿਕ ਲਿਖੇ ਜਾਵਨ। ਬਹੁਤਿਆਂ ਨੇ ਰਾਇ ਦਿੱਤੀ ਕਿ ਹੋਰ ਸਭ ਬਾਣੀਆਂ ਤਾਂ ਭਾਈ ਮਨੀ ਸਿੰਘ ਜੀ ਦੀਆਂ ਲਿਖੀਆਂ ਜਿਉਂ ਦੀ ਤਿਉਂ ਰਹਿਣ, ਪਰ (ਤ੍ਰਿਆ) ਚਰਿਤ੍ਰ ਅਤੇ ਜ਼ਫ਼ਰਨਾਮੇ ਦੇ ਨਾਲ ਜੋ 11 ਹਕਾਯਤਾਂ ਲਿਖੀਆਂ ਹਨ, ਇਹ ਬੀੜ ਤੋਂ ਅਲੱਗ ਕੀਤੀਆਂ ਜਾਣ।

ਇਸ ਤਰ੍ਹਾਂ ਹੋਰ ਤਰਕ ਵਿਤਰਕ ਚਿਰ ਤਾਈਂ ਹੁੰਦੀ ਰਹੀ, ਪਰ ਕੋਈ ਫ਼ੈਸਲਾ ਨਹੀਂ ਹੋਇਆ। ਇਤਨੇ ਵਿਚ ਭਾਈ ਮਤਾਬ ਸਿੰਘ ਜੀ, ਮੱਸੇ ਰੰਘੜ ਦੇ ਹੱਥੋਂ, ਸੰਮਤ 1797 (ਸੰਨ 1740 ਈ:) ਵਿਚ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਦੀ ਹੋਈ ਬੇਅਦਬੀ ਦਾ ਹਾਲ ਸੁਣ ਕੇ ਬੀਕਾਨੇਰ ਤੋਂ (ਬਦਲਾ ਲੈਣ ਲਈ) ਅੰਮ੍ਰਿਤਸਰ ਜੀ ਉਪੜਨ ਲਈ ਰਾਹ ਜਾਂਦੇ, ਦਮਦਮੇ ਆ ਪੁੱਜੇ। ਪੰਥ ਨੇ ਉਨ੍ਹਾਂ ਦੀ ਰਾਇ ਵੀ ਦਸਮ ਗ੍ਰੰਥ ਬਾਬਤ ਲਈ ਤਾਂ ਉਨ੍ਹਾਂ ਨੇ ਆਖਿਆ ਕਿ ਜੇ ਮੈਂ ਮੱਸੇ ਨੂੰ ਮਾਰ ਕੇ ਦਮਦਮੇ ਸਾਹਿਬ ਮੁੜ ਆਇਆ, ਤਾਂ ਬੀੜ ਭਾਈ ਮਨੀ ਸਿੰਘ ਜੀ ਦੀ ਲਿਖੀ ਕਾਇਮ ਰਹੇ, ਜੇ ਮੈਂ ਅੰਮ੍ਰਿਤਸਰ ਜੀ ਸ਼ਹੀਦ ਹੋ ਗਿਆ ਤਾਂ ਜਿਲਦ ਖੋਲ੍ਹ ਕੇ ਜੁਦੀਆਂ-ਜੁਦੀਆਂ ਪੋਥੀਆਂ ਬਣਾਈਆਂ ਜਾਣ। ਭਾਈ ਮਤਾਬ ਸਿੰਘ ਜੀ ਬਹਾਦੁਰੀ ਨਾਲ ਪਾਮਰ ਅਨਯਾਈ ਮੱਸੇ ਨੂੰ ਮਾਰ ਕੇ ਜੈਕਾਰੇ ਗਜਾਉਂਦੇ ਦਮਦਮੇ ਸਾਹਿਬ ਆਏ। ਪੰਥ ਨੇ ਭਾਈ ਮਤਾਬ ਸਿੰਘ ਜੀ ਦਾ ਭਾਰੀ ਸਨਮਾਨ ਕੀਤਾ ਅਰ ਉਨ੍ਹਾਂ ਦੇ ਬਚਨ ਅਨੁਸਾਰ ਦਸਮ ਗ੍ਰੰਥ ਦੀ ਬੀੜ ਭਾਈ ਮਨੀ ਸਿੰਘ ਜੀ ਦੇ ਲਿਖੇ ਕ੍ਰਮ ਅਨੁਸਾਰ ਕਾਇਮ ਰੱਖੀ।

ਦਸਮ ਗ੍ਰੰਥ ਦੀ ਬੀੜ ਇਕ ਭਾਈ ਸੁਖਾ ਸਿੰਘ (ਪਟਨੇ ਸਾਹਿਬ ਦੇ ਗ੍ਰੰਥੀ) ਨੇ ਭੀ ਲਿਖੀ ਹੈ, ਜਿਸ ਵਿਚ ਛੱਕੇ ਭਗੌਤੀ ਸਤੋਤ੍ਰ ਆਦਿਕ ਸ਼ਾਮਿਲ ਕਰ ਦਿੱਤੇ ਹਨ। ਅੰਞਾਣ ਅਤੇ ਮਨਮੌਜੀ ਲਿਖਾਰੀਆਂ ਦੀ ਕਿਰਪਾ ਨਾਲ ਕਈ ਹੋਰ ਬੀੜਾਂ ਭੀ ਬਣ ਗਈਆਂ ਹਨ ਅਤੇ ਅਰਥਾਂ ਤੋਂ ਅਨਰਥ ਹੋ ਗਏ ਹਨ, ਪਰ ਕਿਸੇ ਗੁਰਮਤ ਪ੍ਰੇਮੀ ਨੇ ਇਸ ਦੇ ਸੁਧਾਰ ਦਾ ਉਪਾਉ ਨਹੀਂ ਕੀਤਾ। ਭਾਵੇਂ ਬੀੜਾਂ ਤਾਂ ਬੇਅੰਤ ਹਨ, ਪਰ ਮੁੱਖ ਦੋ ਹੀ ਹਨ ਇਕ ਭਾਈ ਮਨੀ ਸਿੰਘ ਦੀ, ਜਿਸ ਦਾ ਦੂਜਾ ਨਾਉਂ ਭਾਈ ਦੀਪ ਸਿੰਘ ਵਾਲੀ ਵੀ ਹੈ; ਦੂਜੀ ਭਾਈ ਸੁੱਖਾ ਸਿੰਘ ਦੀ, ਜਿਸ ਨੂੰ ਲੋਕ ਖਾਸ ਬੀੜ ਕਰਕੇ ਵੀ ਸਦਦੇ ਹਨ।"[30]

ਇੰਝ, 'ਦਮਸ ਗ੍ਰੰਥ' ਹੋਂਦ ਵਿਚ ਆਉਣ ਦੇ ਸਮੇਂ ਤੋਂ ਹੀ ਵਿਵਾਦ-ਗ੍ਰਸਤ ਰਿਹਾ ਹੈ। ਕੁਝ ਕੁ ਵਿਦਵਾਨਾਂ ਦਾ ਮਤ ਇਹ ਹੈ ਕਿ ਇਸ ਗ੍ਰੰਥ ਵਿਚ ਬਹੁਤੀਆਂ ਰਚਨਾਵਾਂ ਕਵੀਆਂ ਦੀਆਂ ਹਨ ਅਤੇ ਕੁਝ ਰਚਨਾਵਾਂ ਦਸ਼ਮੇਸ਼ ਪਿਤਾ ਜੀ ਦੀ 'ਬਾਣੀ' ਹਨ।

ਜਿਹੜੇ ਵਿਦਵਾਨ ਸਮੁੱਚੇ ਦਸਮ ਗ੍ਰੰਥ ਨੂੰ ਦਸਮ-ਗੁਰੂ ਜੀ ਦੀ ਰਚਨਾ ਮੰਨਦੇ ਹਨ ਉਹ ਹਨ— ਭਾਈ ਬਿਸ਼ਨ ਸਿੰਘ, ਭਾਈ ਸ਼ੇਰ ਸਿੰਘ (ਕਸ਼ਮੀਰ), ਡਾਕਟਰ ਜਸਵੰਤ ਸਿੰਘ (ਲਖਨਊ), ਡਾਕਟਰ ਤ੍ਰਿਲੋਚਨ ਸਿੰਘ, ਪ੍ਰੋ. ਪਿਆਰਾ ਸਿੰਘ 'ਪਦਮ', ਸਰਦਾਰ ਰਣਧੀਰ

---

30. ਭਾਈ ਕਾਨ੍ਹ ਸਿੰਘ ਨਾਭਾ, ਗੁਰੁਸ਼ਬਦ ਰਤਨਾਕਰ, ਮਹਾਨ ਕੋਸ਼, ਸੰਸਕਰਣ—1981 ਪੰਨਾ 616.

ਸਿਘ (ਸਿੱਖ ਹਿਸਟਰੀ ਰੀਸਰਚ ਸੁਸਾਇਟੀ), ਡਾਕਟਰ ਧਰਮਪਾਲ ਆਸ਼ਟਾ, ਡਾਕਟਰ ਹਰਿਭਜਨ ਸਿੰਘ (ਦਿੱਲੀ), ਡਾਕਟਰ ਪ੍ਰਸਿਨੀ ਸਹਿਗਲ ਆਦਿ।

ਜਿਹੜੇ ਵਿਦਵਾਨ ਇਹ ਮੰਨਦੇ ਰਹੇ ਹਨ ਕਿ ਸਾਰਾ ਦਸਮ ਗ੍ਰੰਥ ਗੁਰੂ ਗੋਬਿੰਦ ਸਿੰਘ ਜੀ ਦੀ ਰਚਨਾ ਨਹੀਂ ਹੈ ਜਾਂ ਇਸ ਵਿਚ ਬਹੁਤ ਥੋੜ੍ਹੀਆਂ ਬਾਣੀਆਂ ਹੀ ਦਸਮ ਪਾਤਸ਼ਾਹ ਜੀ ਦੀਆਂ ਹਨ, ਉਨ੍ਹਾਂ ਦੇ ਨਾਮ ਹਨ :

ਸਿੰਘ ਸਭਾ ਲਹਿਰ ਦੇ ਮੋਢੀ ਪ੍ਰੋ. ਗੁਰਮੁਖ ਸਿੰਘ ਜੀ ਤੇ ਗਿਆਨੀ ਦਿਤ ਸਿੰਘ ਜੀ, ਪੰਚ ਖ਼ਾਲਸਾ ਦੀਵਾਨ, ਭਸੌੜ, ਦੇ ਬਾਬੂ ਤੇਜਾ ਸਿੰਘ ਤੇ ਡਾ: ਰਣ ਸਿੰਘ ਜੀ, ਗੁਰਮੁਖ ਸਿੰਘ 'ਪ੍ਰਦੇਸੀ', ਸਰਦਾਰ ਸ਼ਮਸ਼ੇਰ ਸਿੰਘ 'ਅਸ਼ੋਕ', ਡਾ: ਸੀ. ਐਚ. ਲੋਹਲੀਨ, ਗਿਆਨੀ ਹਰਨਾਮ ਸਿੰਘ 'ਬੱਲਭ', ਡਾਕਟਰ ਰਤਨ ਸਿੰਘ 'ਜੱਗੀ', ਗਿਆਨੀ ਭਾਗ ਸਿੰਘ (ਅੰਬਾਲਾ), ਡਾਕਟਰ ਕਰਤਾਰ ਸਿੰਘ (ਸੋਲਨ) ਆਦਿ। ਸਿੱਖ ਪੰਥ ਦੀ ਮਹਾਨ ਸ਼ਖ਼ਸੀਅਤ ਭਾਈ ਸਾਹਿਬ ਭਾਈ ਅਰਦਮਨ ਸਿੰਘ ਜੀ ਬਾਗੜੀਆਂ, ਸਰਦਾਰ ਮਨੋਹਰ ਸਿੰਘ 'ਮਾਰਕੋ', ਸ. ਮਾਨ ਸਿੰਘ 'ਮਾਨ ਸਰੋਵਰ ਵੀਕਲੀ', ਪ੍ਰੋ. ਜਗਜੀਤ ਸਿੰਘ ਚੰਡੀਗੜ੍ਹ, ਗਿਆਨੀ ਅੰਮ੍ਰਿਤਪਾਲ ਸਿੰਘ (ਜੰਮੂ) ਆਦਿ ਵਿਦਵਾਨ ਸੱਜਣ ਵੀ ਇਸੇ ਸ਼੍ਰੇਣੀ ਵਿਚ ਆਉਂਦੇ ਹਨ।

ਦਸਮ ਗ੍ਰੰਥ ਬਾਰੇ ਹੋਈ ਖੋਜ ਦੇ ਆਧਾਰ ਉੱਤੇ ਇਸ ਵਿਚਲੀਆਂ ਰਚਨਾਵਾਂ ਨੂੰ ਹੇਠ ਲਿਖੇ ਤਿੰਨ ਹਿੱਸਿਆਂ ਵਿਚ ਵੰਡਿਆ ਜਾ ਸਕਦਾ ਹੈ :

**(ੳ) ਕਵੀਆਂ ਦੀਆਂ ਰਚਨਾਵਾਂ**

| | |
|---|---|
| 1. ਆਪਣੀ ਕਥਾ (ਬਚਿਤ੍ਰ ਨਾਟਕ) | 2. ਚੰਡੀ ਚਰਿਤ੍ਰ 'ਉਕਤ ਬਿਲਾਸ' |
| 3. ਚੰਡੀ ਚਰਿਤ੍ਰ ਦੂਜਾ | 4. ਚੌਬੀਸ ਅਵਤਾਰ |
| 5. ਬ੍ਰਹਮਾ ਅਵਤਾਰ | 6. ਰੁਦਰ ਅਵਤਾਰ .... ਆਦਿਕ |
| 7. ਵਾਰ ਦੁਰਗਾ ਕੀ | 8. ਚਰਿਤ੍ਰੋ ਪਾਖਿਆਨ (ਤ੍ਰਿਆ ਚਰਿਤ੍ਰ) |
| 9. ਸ਼ਸਤਰਨਾਮ ਮਾਲਾ | 10. ਹਕਾਇਤਾਂ (ਜੋ ਜ਼ਫ਼ਰਨਾਮੇ ਦੇ ਬਾਅਦ ਹਨ) |

(ਅ) ਉਹ ਰਚਨਾਵਾਂ ਜਿਨ੍ਹਾਂ ਬਾਰੇ ਪੱਕੀ ਤਰ੍ਹਾਂ ਕੁਝ ਨਹੀਂ ਕਿਹਾ ਜਾ ਸਕਦਾ ਕਿ ਉਹ ਕਵੀਆਂ ਦੀਆਂ ਰਚਨਾਵਾਂ ਹਨ, ਜਾਂ ਦਸਮ-ਗੁਰੂ ਜੀ ਦੀ ਬਾਣੀ। ਇਨ੍ਹਾਂ ਬਾਰੇ ਹੋਰ ਖੋਜ ਦੀ ਲੋੜ ਹੈ : ਸ਼ਬਦ ਹਜ਼ਾਰੇ, ਗਿਆਨ ਪ੍ਰਬੋਧ।

**(ੲ) ਦਸਮ ਪਾਤਸ਼ਾਹ ਦੀ ਦੀਆਂ ਪ੍ਰਮਾਣਿਕ ਬਾਣੀਆਂ :**

| | | |
|---|---|---|
| 1. ਜਾਪੁ ਸਾਹਿਬ | 2. ਅਕਾਲ ਉਸਤਤਿ (211 ਤੋਂ 230 ਛੰਦ ਛੱਡ ਕੇ) | |
| 3. ਤੇਤੀ ਸਵੈਯੇ | 4. ਜ਼ਫ਼ਰਨਾਮਾ | 5. ਖ਼ਾਲਸਾ ਮਹਿਮਾ |

ਉਪਰੋਕਤ ਸਿੱਟੇ ਵੱਖ-ਵੱਖ ਲੇਖਕਾਂ ਦੀ ਖੋਜ ਤੇ ਆਧਾਰਿਤ ਹਨ। ਕੋਈ ਪੱਕਾ ਨਿਰਣਾ ਤਾਂ ਪੰਥਕ ਤੌਰ ਤੇ ਹੀ ਲਿਆ ਜਾ ਸਕਦਾ ਹੈ। ਕਿੰਨਾ ਚੰਗਾ ਹੋਵੇ ਜੇ ਪੰਥ ਦੀ ਕੇਂਦਰੀ ਜਥੇਬੰਦੀ, "ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ" ਦਸਮ ਗ੍ਰੰਥ ਦੀ ਖੋਜ ਬਾਰੇ ਵਿਦਵਾਨਾਂ ਦੀ ਕਮੇਟੀ ਬਣਾਵੇ, ਜਿਸ ਦੇ ਕੱਢੇ ਹੋਏ ਸਿੱਟਿਆਂ ਨੂੰ ਪੰਥਕ ਪ੍ਰਵਾਨਗੀ ਦੇਣ ਮਗਰੋਂ ਸਾਰੇ ਪੰਥ ਉੱਪਰ ਲਾਗੂ ਕੀਤਾ ਜਾਵੇ।

# ਗੁਰੂ ਗੋਬਿੰਦ ਸਿੰਘ ਜੀ ਦੇ ਉਪਦੇਸ਼

(ਉਹਨਾਂ ਦੀ ਬਾਣੀ ਵਿਚੋਂ)

ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਪ੍ਰਥਮ ਗੁਰੂ, ਗੁਰੂ ਨਾਨਕ ਸਾਹਿਬ, ਜੀ ਦਾ ਦਸਵਾਂ ਰੂਪ ਹੀ ਸਨ। ਉਨ੍ਹਾਂ ਨੇ ਆਪਣੇ ਵੱਲੋਂ ਕੋਈ ਨਵੇਂ ਸਿਧਾਂਤ ਨਹੀਂ ਘੜੇ, ਸਗੋਂ ਗੁਰੂ ਨਾਨਕ ਪਾਤਸ਼ਾਹ ਜੀ ਦੇ ਵਿਚਾਰਾਂ ਨੂੰ ਹੀ ਪ੍ਰਚਾਰਿਆ। ਇਹ ਗੱਲ ਵੱਖਰੀ ਹੈ ਕਿ ਉਨ੍ਹਾਂ ਦੀ ਭਾਸ਼ਾ ਤੇ ਸ਼ੈਲੀ ਜ਼ਰੂਰ ਵੱਖਰੀ ਸੀ। ਆਪ ਜੀ ਨੇ ਆਪਣੀ ਬਾਣੀ ਵਿਚ ਪ੍ਰਭੂ ਦੇ ਸਰੂਪ ਤੇ ਪਹਿਚਾਣ ਬਾਰੇ, ਪ੍ਰਭੂ ਦੀ ਸਿਫ਼ਤ-ਸਲਾਹ, ਮਨੁੱਖੀ ਏਕਤਾ ਅਤੇ ਧਰਮ ਦੇ ਨਾਂ ਹੇਠਾਂ ਪ੍ਰਚਲਤ ਗ਼ਲਤ ਵਿਸ਼ਵਾਸਾਂ, ਪਖੰਡਾਂ, ਕਰਮ-ਕਾਂਡਾਂ ਬਾਰੇ ਮੁਖ ਤੌਰ ਤੇ ਵਿਚਾਰ ਪ੍ਰਗਟ ਕੀਤੇ ਹਨ। ਪ੍ਰਭੂ ਦੇ ਵੱਖ-ਵੱਖ ਗੁਣਾਂ ਨੂੰ ਗਾਇਨ ਕਰਕੇ, ਪ੍ਰਭੂ ਦੀਆਂ ਦਾਤਾਂ ਦਾ ਜ਼ਿਕਰ ਕਰਕੇ ਅਤੇ ਪ੍ਰਭੂ ਦੀ ਸਰਬੱਗਤਾ ਤੇ ਉੱਚਤਾ ਅਤੇ ਉਸ ਸਾਹਮਣੇ ਮਨੁੱਖ ਦੀ ਤੁੱਛ ਹਸਤੀ ਦਾ ਬਿਆਨ ਕਰਕੇ ਜਗਿਆਸੂ ਦੇ ਮਨ ਨੂੰ ਪ੍ਰਭੂ ਦੇ ਚਰਨਾਂ ਵਿਚ ਜੋੜ ਦੇਣਾ ਗੁਰੂ ਗੋਬਿੰਦ ਸਿੰਘ ਜੀ ਦੀ ਬਾਣੀ ਦਾ ਕਰਾਮਾਤੀ ਗੁਣ ਹੈ। ਹੇਠਾਂ ਆਪ ਜੀ ਦੀ ਬਾਣੀ ਵਿਚੋਂ ਮੁੱਖ ਉਪਦੇਸ਼ ਅੰਕਤ ਕੀਤੇ ਜਾਂਦੇ ਹਨ :

1. ਪ੍ਰਭੂ ਦਾ ਸਰੂਪ : ਜਿਵੇਂ ਗੁਰੂ ਨਾਨਕ ਦੇਵ ਜੀ ਨੇ 'ਜਪੁ' ਜੀ ਦੇ ਆਰੰਭ ਤੋਂ ਪਹਿਲਾਂ ਮੂਲ ਮੰਤਰ ਰਾਹੀਂ ਅਕਾਲ ਪੁਰਖ ਦੇ ਗੁਣਾਂ ਦੀ ਵਿਆਖਿਆ ਕੀਤੀ ਹੈ, ਤਿਵੇਂ ਹੀ ਗੁਰੂ ਗੋਬਿੰਦ ਸਿੰਘ ਜੀ ਨੇ 'ਜਾਪੁ' ਸਾਹਿਬ ਦੇ ਪਹਿਲੇ ਛੰਦ ਵਿਚ ਪਰਮਾਤਮਾ ਦਾ ਸਰੂਪ ਬਿਆਨਿਆ ਹੈ। ਆਪ ਫ਼ੁਰਮਾਉਂਦੇ ਹਨ ਕਿ ਪ੍ਰਭੂ ਦਾ ਕੋਈ ਪਹਿਰਾਵਾ ਨਹੀਂ, ਉਸ ਵਿਚ ਅਥਾਹ ਸ਼ਕਤੀ ਹੈ, ਉਸ ਦਾ ਪ੍ਰਕਾਸ਼ ਉਸ ਦੇ 'ਆਪੇ' ਤੋਂ ਹੀ ਹੋਇਆ (ਉਸਨੂੰ ਕਿਸੇ ਨੇ ਪੈਦਾ ਨਹੀਂ ਕੀਤਾ), ਉਹ ਰਾਜਿਆਂ ਦਾ ਰਾਜਾ, ਸਾਰੇ ਬ੍ਰਹਿਮੰਡ (ਸਾਰੇ ਭਵਨਾਂ) ਦਾ ਮਾਲਕ ਹੈ, ਉਸ ਵਰਗਾ ਕੋਈ ਹੋਰ ਨਹੀਂ ਹੈ। ਪ੍ਰਭੂ ਦਾ ਕੋਈ ਅਜਿਹਾ ਇਕ ਨਾਮ ਨਹੀਂ, ਜੋ ਪ੍ਰਭੂ ਦੇ ਸਭ ਗੁਣਾਂ (ਸਮੁੱਚੀ ਸ਼ਖ਼ਸੀਅਤ) ਦਾ ਲਖਾਇਕ ਹੋਵੇ, ਸੂਝਵਾਨ ਮਨੁੱਖਾਂ ਨੇ ਪ੍ਰਭੂ ਦੇ ਕੰਮਾਂ ਨੂੰ ਵੇਖ ਕੇ ਉਸ ਦੇ ਨਾਮ ਰੱਖ ਲਏ ਹਨ :

ਚੱਕ੍ਰ ਚਿਹਨ ਅਰੁ ਬਰਨ, ਜਾਤਿ ਅਰੁ ਪਾਤਿ ਨਹਿਨ ਜਿਹ॥
ਰੂਪ ਰੰਗ ਅਰੁ ਰੇਖ, ਭੇਖ ਕੋਊ ਕਹਿ ਨ ਸਕਤ ਕਿਹ॥
ਅਚਲ ਮੂਰਤਿ, ਅਨਭਉ ਪ੍ਰਕਾਸ, ਅਮਿਤੋਜਿ ਕਹਿੱਜੈ॥
ਕੋਟਿ ਇੰਦ੍ਰ ਇੰਦ੍ਰਾਣ, ਸ਼ਾਹੁ ਸ਼ਾਹਾਣਿ ਗਣਿੱਜੈ॥
ਤ੍ਰਿਭਵਣ ਮਹੀਪ, ਸੁਰ ਨਰ ਅਸੁਰ, ਨੇਤਿ ਨੇਤਿ, ਬਨ ਤ੍ਰਿਣ ਕਹਤ॥
ਤਵ ਸਰਬ ਨਾਮ ਕਥੈ ਕਵਨ, ਕਰਮ ਨਾਮ ਬਰਨਤ ਸੁਮਤ॥ (ਜਾਪੁ ਸਾਹਿਬ

'ਜਾਪੁ' ਸਾਹਿਬ ਵਿਚ ਸਤਿਗੁਰਾਂ ਨੇ ਪ੍ਰਭੂ ਦੇ ਅਨੇਕਾਂ ਨਾਮ ਵਰਣਨ ਕੀਤੇ ਹਨ ਜੋ ਉਸਦੀਆਂ ਵੱਖ-ਵੱਖ ਸਿਫ਼ਤਾਂ ਨੂੰ ਜ਼ਾਹਰ ਕਰਦੇ ਹਨ। ਇਹ ਬਾਣੀ ਨਾਮ-ਸਿਮਰਨ

ਦਾ ਇਕ ਵਧੀਆ ਸਾਧਨ ਹੈ। 'ਅਕਾਲ ਉਸਤਤਿ' ਨਾਂ ਦੀ ਬਾਣੀ ਦੇ ਨਾਮ ਤੋਂ ਹੀ ਸਪੱਸ਼ਟ ਹੈ ਕਿ ਇਹ ਬਾਣੀ ਪ੍ਰਭੂ ਦੀ ਸਿਫ਼ਤ-ਸਲਾਹ ਨਾਲ ਭਰਪੂਰ ਹੈ।

2. ਨਾਮ ਸਿਮਰਨ ਦੀ ਪ੍ਰੇਰਨਾ : ੩੩ 'ਸਵੱਈਏ' ਨਾਮ ਦੀ ਬਾਣੀ ਵਿਚ ਪਹਿਲੇ ਗਿਆਰਾਂ ਸਵੱਈਆਂ ਵਿਚ ਪ੍ਰਭੂ ਦੇ ਗੁਣਾਂ ਦਾ ਬਿਆਨ ਕਰਨ ਮਗਰੋਂ, ਪ੍ਰਭੂ ਦਾ ਨਾਮ ਜਪਣ ਦੀ ਪ੍ਰੇਰਨਾ ਦਿੱਤੀ ਗਈ ਹੈ। ਉਨ੍ਹਾਂ 'ਚੋਂ ਇਹ ਸਵੱਈਆ ਉਦਾਹਰਣ ਲਈ ਹੇਠਾਂ ਦਿੱਤਾ ਜਾਂਦਾ ਹੈ :

ਬੇਦ ਕਤੇਬ ਨ ਭੇਦ ਲਹਿਯੋ, ਤਿਹ ਸਿਧ ਸਮਾਧਿ ਸਭੈ ਕਰ ਹਾਰੇ॥
ਸਿਮ੍ਰਿਤ ਸਾਸਤ੍ਰ ਬੇਦ ਸਭੈ, ਬਹੁ ਭਾਂਤ ਪੁਰਾਨ ਬਿਚਾਰ ਬਿਚਾਰੇ॥
ਆਦਿ ਅਨਾਦਿ ਅਗਾਧਿ ਕਥਾ, ਧਰੂਅ ਸੇ ਪ੍ਰਹਿਲਾਦ ਅਜਾਮਲ ਤਾਰੇ॥
ਨਾਮ ਉਚਾਰ ਤਰੀ ਗਨਿਕਾ, ਸੋਈ ਨਾਮ ਅਧਾਰ ਬੀਚਾਰ ਹਮਾਰੇ॥ ੧੦॥

'ਅਕਾਲ ਉਸਤਤਿ' ਵਿਚ ਉਹ ਦਸ-ਸਵੱਈਏ ਵੀ ਹਨ, ਜੋ ਅੰਮ੍ਰਿਤ ਛਕਾਉਣ ਵੇਲੇ ਪੜ੍ਹੇ ਜਾਂਦੇ ਹਨ ਅਤੇ ਸਿੱਖ ਨੂੰ ਇਨ੍ਹਾਂ ਦਾ ਰੋਜ਼ਾਨਾ ਪਾਠ ਕਰਨ ਦੀ ਹਦਾਇਤ ਹੈ। ਇਨ੍ਹਾਂ ਵਿਚ ਵੀ ਪ੍ਰਭੂ ਦੇ ਨਾਮ ਸਿਮਰਨ ਦੀ ਜ਼ੋਰਦਾਰ ਪ੍ਰੇਰਨਾ ਕੀਤੀ ਗਈ ਹੈ:

—ਸਾਰੇ ਹੀ ਦੇਸ ਕੋ ਦੇਖਿ ਰਹਿਓ ਮਤ
ਕੋਊ ਨ ਦੇਖੀਅਤ ਪ੍ਰਾਨਪਤੀ ਕੇ॥
ਸ੍ਰੀ ਭਗਵਾਨ ਕੀ ਭਾਇ ਕ੍ਰਿਪਾ ਹੂ ਤੇ
ਏਕ ਰਤੀ ਬਿਨੁ, ਏਕ ਰੱਤੀ ਕੇ॥ ੧॥

—ਭੂਤ ਭਵਿੱਖ ਭਵਾਨ ਕੇ ਭੂਪਤਿ
ਕਉਨੁ ਗਨੈ, ਨਹੀਂ ਜਾਤ ਬਿਚਾਰੇ॥
ਸ੍ਰੀ ਪਤਿ ਸ੍ਰੀ ਭਗਵਾਨ ਭਜੇ ਬਿਨੁ
ਅੰਤ ਕਉ ਅੰਤ ਕੇ ਧਾਮ ਸਿਧਾਰੇ॥ ੩॥

—ਜੇ ਨਰ ਸ੍ਰੀ ਪਤਿ ਕੇ ਪ੍ਰਸ ਹੈਂ ਪਗ
ਤੇ ਨਰ ਫੇਰ ਨ ਦੇਹ ਧਰੈਂਗੇ॥ ੮॥

—ਸਾਚੁ ਕਹੋਂ ਸੁਨ ਲੇਹੁ ਸਭੈ
ਜਿਨ ਪ੍ਰੇਮ ਕੀਓ ਤਿਨ ਹੀ ਪ੍ਰਭ ਪਾਇਓ॥ ੯॥

ਚੌਪਈ ਪਾ: ੧੦ (ਅਕਾਲ ਉਸਤਤਿ) ਵਿਚ ਨਾਮ-ਸਿਮਰਨ ਦੀ ਇੰਝ ਪ੍ਰੇਰਨਾ ਦਿੱਤੀ ਗਈ ਹੈ :

ਸਭ ਕੋ ਕਾਲ, ਸਭਨ ਕੋ ਕਰਤਾ॥
ਰੋਗ ਸੋਗ ਦੋਖਨ ਕੋ ਹਰਤਾ॥
ਏਕ ਚਿੱਤ ਜਿਹ ਇਕ ਛਿਨ ਧਿਆਇਓ॥
ਕਾਲ ਫਾਸ ਕੇ ਬੀਚ ਨ ਆਇਓ॥

3. ਅਵਤਾਰਵਾਦ ਦਾ ਖੰਡਨ : ਦਸ਼ਮੇਸ਼ ਜੀ ਨੇ ਅਵਤਾਰਵਾਦ ਦੀ ਬੜੀ ਜ਼ੋਰਦਾਰ ਨਿਖੇਧੀ ਕੀਤੀ ਹੈ। ਆਪ ਨੇ ਇਸ ਗੱਲ ਨੂੰ ਜ਼ੋਰ ਨਾਲ ਪ੍ਰਚਾਰਿਆ ਹੈ ਕਿ ਪ੍ਰਭੂ (ਭਗਵਾਨ) ਜਨਮ ਨਹੀਂ ਲੈਂਦਾ ਤੇ ਨਾ ਹੀ ਮਰਦਾ ਹੈ ਇਸ ਲਈ ਉਨ੍ਹਾਂ ਦੇਵੀ-ਦੇਵਤਿਆਂ ਨੂੰ ਰੱਬ ਨਹੀਂ ਮੰਨਣਾ ਚਾਹੀਦਾ ਜੋ ਕਦੇ ਜੰਮੇ ਸਨ ਤੇ ਮਰ ਵੀ ਗਏ। ਪੂਜਾ ਵਾਹਿਗੁਰੂ ਦੀ ਹੀ ਕਰਨੀ ਚਾਹੀਦੀ ਹੈ, ਦੇਵੀ-ਦੇਵਤਿਆਂ ਦੀ ਨਹੀਂ :

ਜੋ ਕਹੌ ਰਾਮ ਅਜੋਨਿ ਅਜੈ,
ਅਤਿ ਕਾਹੇ ਕਉ ਕੌਸਲ ਕੁਖ ਜਯੋ ਜੂ॥
ਕਾਲ ਹੂ ਕਾਨ੍ਹ ਕਹੈ ਜਿਹ ਕੋ,
ਕਿਹ ਕਾਰਣ ਕਾਲ ਤੇ ਦੀਨ ਭਯੋ ਜੂ॥
ਸੰਤ ਸਰੂਪ ਬਿਬੈਰ ਕਹਾਇ,
ਸੁ ਕਿਉਂ ਪੱਥ ਕੋ ਰਥ ਹਾਂਕ ਧਯੋ ਜੂ॥
ਤਾਹੀ ਕੋ ਮਾਨ ਪ੍ਰਭੂ ਕਰਕੈ,
ਜਿਹ ਕੋ ਕੋਊ ਭੇਦ ਨ ਲੈ, ਨ ਲਯੋ ਜੂ॥ ੧੩॥ *(੩੩ ਸਵੱਈਏ)*

ਉਪਰੋਕਤ ਸਵੱਈਏ ਵਿਚ ਸ੍ਰੀ ਰਾਮ ਚੰਦਰ ਜੀ ਤੇ ਸ੍ਰੀ ਕ੍ਰਿਸ਼ਨ ਜੀ ਦੇ ਸ਼ਰਧਾਲੂਆਂ ਨੂੰ ਕਿਹਾ ਹੈ ਕਿ ਇਕ ਪਾਸੇ ਤੁਸੀਂ ਵਾਹਿਗੁਰੂ ਨੂੰ ਅਜੋਨੀ ਤੇ ਅਜਨਮਾ ਕਹਿੰਦੇ ਹੋ, ਪਰ ਦੂਜੇ ਪਾਸੇ ਇਹ ਕਿਉਂ ਨਹੀਂ ਸੋਚਦੇ ਕਿ ਅਜਨਮਾ ਪ੍ਰਭੂ ਦਸ਼ਰਥ ਦਾ ਪੁੱਤਰ ਬਣ ਕੇ ਮਾਤਾ ਕੁਸ਼ਲਿਆ ਦੀ ਕੁੱਖ ਰਾਹੀਂ ਕਿਉਂ ਪੈਦਾ ਹੋਇਆ? ਸ੍ਰੀ ਕ੍ਰਿਸ਼ਨ ਜੀ ਬਾਰੇ ਕਹਿੰਦੇ ਹਨ ਕਿ ਜੇ ਤੁਸੀਂ ਕ੍ਰਿਸ਼ਨ ਨੂੰ ਕਾਲ-ਰਹਿਤ ਪ੍ਰਭੂ ਕਹਿੰਦੇ ਹੋ, ਤਾਂ ਉਹ ਕਿਸ ਕਾਰਨ ਸਮੇਂ ਦੇ ਗੇੜ ਅੱਗੇ ਅੜ ਨਾ ਸਕਿਆ। ਪ੍ਰਭੂ ਤਾਂ ਸੰਤ-ਰੂਪ ਅਤੇ ਵੈਰ-ਈਰਖਾ ਰਹਿਤ ਹੈ, ਪਰ ਕ੍ਰਿਸ਼ਨ ਨੇ ਮਹਾਂਭਾਰਤ ਦੀ ਲੜਾਈ ਵਿਚ ਕੌਰਵਾਂ ਦੇ ਖਿਲਾਫ਼ ਪਾਂਡਵਾਂ ਦੀ ਮਦਦ ਕੀਤੀ ਅਤੇ ਅਰਜਨ ਦਾ ਰੱਥ ਵੀ ਹੱਕਿਆ। ਹੇਠਲੇ ਸਵੱਈਏ ਵਿਚ ਪਾਤਸ਼ਾਹ ਫ਼ੁਰਮਾਉਂਦੇ ਹਨ ਕਿ ਜਦ ਰੱਬ ਦਾ ਕੋਈ ਮਾਂ-ਬਾਪ ਨਹੀਂ ਹੈ, ਤਾਂ ਫਿਰ ਰੱਬ ਕ੍ਰਿਸ਼ਨ ਦੇ ਰੂਪ ਵਿਚ ਬਾਸਦੇਵ ਅਤੇ ਦੇਵਕੀ ਦੇ ਘਰ ਕਿਉਂ ਜਨਮਿਆ?

ਕਿਉਂ ਕਹੋ ਕ੍ਰਿਸਨ ਕ੍ਰਿਪਾਨਿਧਿ ਹੈ,
ਕਿਹ ਕਾਜ ਤੇ ਬਧਿਕ ਬਾਣ ਲਗਾਯੋ॥
ਅਉਰ ਕੁਲੀਨ ਉਧਾਰਤ ਜੋ,
ਕਿਹਤੇ ਅਪਨੋ ਕੁਲ ਨਾਸ ਕਰਾਯੋ॥
ਆਦਿ ਅਜੋਨਿ ਕਹਾਇ ਕਹੋ,
ਕਿਮ ਦੇਵਕਿ ਕੇ ਜਠਰੰਤਰ ਆਯੋ॥
ਤਾਤ ਨ ਮਾਤ ਕਹੈਂ ਜਿਹ ਕੋ,
ਤਿਹ ਕਿਉਂ ਬਸੁਦੇਵਹਿੰ ਬਾਪ ਕਹਾਯੋ॥ ੧੪॥ *(੩੩ ਸਵੱਈਏ)*

ਗੁਰੂ ਜੀ ਫ਼ੁਰਮਾਉਂਦੇ ਹਨ ਕਿ ਕੋਈ ਬ੍ਰਹਮਾ (ਦਿਜੇਸ਼) ਨੂੰ ਮੰਨਦਾ ਹੈ, ਕੋਈ ਸ਼ਿਵ (ਮਹੇਸ਼) ਨੂੰ ਰੱਬ ਕਰਕੇ ਦੱਸ ਰਿਹਾ ਹੈ, ਕੋਈ ਕਹਿੰਦਾ ਹੈ ਕਿ ਵਿਸ਼ਨੂੰ ਹੀ ਸੰਸਾਰ ਦਾ ਮਾਲਕ ਹੈ, ਜਿਸ ਦਾ ਸਿਮਰਨ ਕਰਨ ਨਾਲ ਢੇਰਾਂ ਪਾਪ ਕੱਟੇ ਜਾ ਸਕਦੇ ਹਨ। ਗੁਰੂ ਜੀ ਅਜਿਹੇ ਮਨੁੱਖਾਂ ਨੂੰ ਤਾੜਨਾ ਕਰਦੇ ਹੋਏ ਕਹਿੰਦੇ ਹਨ ਹੇ ਮੂਰਖ ਇਨਸਾਨ! ਤੂੰ ਧਿਆਨ ਲਾ ਕੇ ਵਾਰ-ਵਾਰ ਸੋਚ ਤੇ ਸਹੀ ਨਤੀਜੇ ਤੇ ਅੱਪੜ। ਅੰਤ ਵਿਚ ਇਨ੍ਹਾਂ ਦੇਵੀ-ਦੇਵਤਿਆਂ ਨੇ ਤੇਰਾ ਸਾਥ ਨਹੀਂ ਦੇਣਾ। ਤੂੰ ਉਸੇ ਪ੍ਰਭੂ ਦਾ ਧਿਆਨ ਆਪਣੇ ਹਿਰਦੇ ਵਿਚ ਦ੍ਰਿੜ੍ਹ ਕਰ ਜੋ ਬੀਤ ਚੁੱਕੇ ਸਮੇਂ ਵਿਚ ਹੀ ਵਾਹਿਦ ਹਸਤੀ ਸੀ, ਹੁਣ ਵਰਤਮਾਨ ਵਿਚ ਹੀ ਸਰਬ-ਸ਼ਕਤੀਮਾਨ ਰੂਪ ਵਿਚ ਵੀ ਮੌਜੂਦ ਹੈ ਅਤੇ ਜਿਸ ਦੀ ਹਸਤੀ (ਹੋਂਦ) ਆਉਣ ਵਾਲੇ ਸਮੇਂ ਵਿਚ ਵੀ ਹਮੇਸ਼ਾ ਲਈ ਕਾਇਮ ਰਹੇਗੀ :

> **ਕੋਊ ਦਿਜੇਸ ਕੋ ਮਾਨਤ ਹੈ ਪਸੁ, ਕੋਊ ਮਹੇਸ ਕੋ ਏਸ ਬਤੈ ਹੈ।**
> **ਕੋਊ ਕਹੈ ਬਿਸਨੋ ਬਿਸਨਾਇਕ, ਜਾਹਿ ਭਜੈ ਅਘ ਓਘ ਕਟੈ ਹੈ॥**
> **ਬਾਰ ਹਜ਼ਾਰ ਬਿਚਾਰ ਅਰੇ ਜੜ, ਅੰਤ ਸਮੈਂ ਸਭ ਹੀ ਤਜ ਜੈ ਹੈ॥**
> **ਤਾਹੀ ਕੋ ਧਿਆਨ ਪ੍ਰਮਾਨ ਹੀਏ, ਜੋਊ ਥਾ, ਅਬ ਹੈ ਅਰੁ ਆਗੇ ਊ ਹ੍ਵੈ ਹੈ। ੧੯।**

*(੩੩ ਸਵੱਈਏ)*

ਦੇਵੀ-ਦੇਵਤਿਆਂ ਦਾ ਖੰਡਨ ਕਰਦਿਆਂ ਕਹਿੰਦੇ ਹਨ ਦੁਰਗਾ ਵਰਗੀਆਂ ਦੇਵੀਆਂ ਪ੍ਰਭੂ ਦੇ ਚਰਨਾਂ ਵਿਚ ਰਹਿੰਦੀਆਂ ਹਨ (ਪ੍ਰਭੂ ਸਾਹਮਣੇ ਬਹੁਤ ਹੀ ਤੁੱਛ ਹਨ)। ਬ੍ਰਹਮਾ ਵਿਸ਼ਨੂੰ ਪ੍ਰਭੂ ਦਾ ਅੰਤ ਨਹੀਂ ਪਾ ਸਕਦੇ ਅਤੇ ਪ੍ਰਭੂ ਨੇ ਕ੍ਰੋੜਾਂ ਇੰਦਰ, ਵਾਮਨ ਅਵਤਾਰ, ਸ਼ਿਵ ਪੈਦਾ ਕੀਤੇ ਹਨ, ਇਸ ਲਈ ਪ੍ਰਭੂ ਨੂੰ ਹੀ ਨਮਸਕਾਰ ਕਰਨੀ ਚਾਹੀਦੀ ਹੈ :

> **ਅਨਹਦ ਰੂਪ, ਅਨਾਹਦ ਬਾਨੀ॥**
> **ਚਰਨ ਸਰਨ ਜਿਹ ਬਸਤ ਭਵਾਨੀ॥**
> **ਬ੍ਰਹਮਾ ਬਿਸ਼ਨ ਅੰਤ ਨਹੀ ਪਾਇਓ॥**
> **ਨੇਤਿ ਨੇਤਿ ਮੁਖ ਚਾਰ ਬਤਾਇਓ॥ ੫॥**
> **ਕੋਟਿ ਇੰਦ੍ਰ ਉਪਇੰਦ੍ਰ ਬਨਾਏ॥**
> **ਬ੍ਰਹਮਾ ਰੁਦ੍ਰ ਉਪਾਇ ਖਪਾਏ॥**
> **ਲੋਕ ਚਤ੍ਰ ਦਸ ਖੇਲੁ ਰਚਾਇਓ॥**
> **ਬਹੁਰ ਆਪ ਹੀ ਬੀਚ ਮਿਲਾਇਓ॥ ੬॥** *(ਅਕਾਲ ਉਸਤਤਿ)*

4. ਕਰਮ ਕਾਂਡਾਂ ਦੀ ਵਿਰੋਧਤਾ : ਗੁਰਮਤਿ ਦੇ ਪ੍ਰਕਾਸ਼ ਤੋਂ ਪਹਿਲਾਂ ਭਾਰਤ ਵਿਚ ਕਈ ਅਜਿਹੇ ਧਰਮ-ਕਰਮ ਪ੍ਰਚੱਲਿਤ ਸਨ, ਜੋ ਮਾਇਆ ਤੋਂ ਬਚਣ ਅਤੇ ਮੁਕਤੀ ਪ੍ਰਾਪਤ ਕਰਨ ਲਈ ਕੀਤੇ ਜਾਂਦੇ ਸਨ, ਜਿਵੇਂ ਕਿ ਤੀਰਥ ਇਸ਼ਨਾਨ, ਮੂਰਤੀ ਪੂਜਾ, ਘਰ-ਬਾਰ ਦਾ ਤਿਆਗ ਤੇ ਜੰਗਲੀ ਨਿਵਾਸ, ਸਰੀਰ ਨੂੰ ਕਸ਼ਟ ਦੇਣ ਵਾਲੇ ਤਪ, ਦਾਨ-ਪੁੰਨ ਅਤੇ ਤਰ੍ਹਾਂ-ਤਰ੍ਹਾਂ ਦੇ ਭੇਖਾਂ ਦਾ ਧਾਰਨਾ। ਸਿੱਖ ਗੁਰੂਆਂ ਅਤੇ ਅਨੇਕਾਂ ਭਗਤਾਂ ਨੇ ਇਨ੍ਹਾਂ ਕਰਮ-ਕਾਂਡਾਂ ਦਾ ਘੋਰ ਵਿਰੋਧ ਕੀਤਾ ਸੀ। ਗੁਰੂ ਗੋਬਿੰਦ ਸਿੰਘ ਜੀ ਨੇ ਅਜਿਹੇ ਵਿਸ਼ਵਾਸਾਂ ਅਤੇ

ਕਿਰਿਆਵਾਂ ਉੱਤੇ ਵਿਅੰਗ ਕੱਸਦਿਆਂ ਹੋਇਆਂ ਇਨ੍ਹਾਂ ਦੇ ਖੋਖਲੇਪਨ ਨੂੰ ਪ੍ਰਗਟ ਕੀਤਾ ਹੈ। ਆਪ ਨੇ ਲੋਕਾਂ ਨੂੰ ਸਮਝਾਇਆ ਹੈ ਕਿ ਇਹਨਾਂ ਕਰਮ-ਕਾਂਡਾਂ ਦੀ ਧਰਮ ਨਾਲ ਕੋਈ ਸਾਂਝ ਨਹੀਂ ਹੈ, ਸਗੋਂ ਇਹ ਤਾਂ ਪ੍ਰਭੂ ਪ੍ਰਾਪਤੀ ਦੇ ਰਾਹ ਵਿਚ ਰੁਕਾਵਟ ਹਨ।

(ੳ) ਮੂਰਤੀ ਪੂਜਾ : ਬੁੱਤ ਪੂਜਾ ਅਥਵਾ ਪੱਥਰ-ਪੂਜਾ ਦਾ ਵਿਰੋਧ ਕਰਦਿਆਂ ਸਤਿਗੁਰੂ ਜੀ ਫ਼ੁਰਮਾਉਂਦੇ ਹਨ ਕਿ ਇਹ ਪਰਮਾਤਮਾ ਦੀ ਪ੍ਰਾਪਤੀ ਦਾ ਕੋਈ ਵਸੀਲਾ ਨਹੀਂ। ਪੂਜਾ ਅਕਾਲ ਪੁਰਖ ਦੀ ਕਰਨੀ ਚਾਹੀਦੀ ਹੈ, ਜਿਸ ਨਾਲ ਸਾਰੇ ਦੁੱਖ ਦੂਰ ਹੁੰਦੇ ਹਨ :

ਕਾਹੇ ਕੋ ਪੂਜਤ ਪਾਹਨ ਕਉ, ਕਛੁ ਪਾਹਨ ਮੈਂ ਪਰਮੇਸਰ ਨਾਹੀਂ॥
ਤਾਹੀ ਕੋ ਪੂਜ ਪ੍ਰਭੂ ਕਰਕੈ, ਜਿਹ ਪੂਜਤ ਹੀ ਅਘ ਓਘ ਮਿਟਾਹੀਂ॥
ਆਧਿ ਬਿਆਧਿ ਕੇ ਬੰਧਨ ਜੇਤਕ, ਨਾਮ ਕੇ ਲੇਤ ਸਭੈ ਛੁਟ ਜਾਹੀਂ॥
ਤਾਹੀ ਕੋ ਧਿਆਨ ਪ੍ਰਮਾਨ ਸਦਾ, ਯਹ ਫੋਕਟ ਧਰਮ ਕਰੇ ਫਲ ਨਾਹੀਂ॥ ੨੦॥

*(੩੩ ਸਵੱਈਏ)*

ਗੁਰੂ ਜੀ ਕਬਰਾਂ, ਮੜ੍ਹੀਆਂ ਤੇ ਮਕਬਰਿਆਂ ਦੀ ਪੂਜਾ ਨੂੰ ਪਾਪ ਹੀ ਆਖਦੇ ਹਨ। ਆਪ ਫ਼ੁਰਮਾਉਂਦੇ ਹਨ ਕਿ ਜੇ ਪੱਥਰ ਦੀ ਸਿਲਾ ਦੀ ਕਰੋੜਾਂ ਸਾਲ ਤੱਕ ਵੀ ਪੂਜਾ ਕੀਤੀ ਜਾਏ, ਤਾਂ ਵਕਤ ਹੀ ਜ਼ਾਇਆ ਹੁੰਦਾ ਹੈ। ਮੂਰਤੀ ਪੂਜਾ ਨਾਲ ਕੁਝ ਪ੍ਰਾਪਤ ਨਹੀਂ ਹੁੰਦਾ। ਮੂਰਤੀ ਪੂਜਕ ਨੂੰ ਸੰਬੋਧਨ ਕਰਦਿਆਂ ਕਹਿੰਦੇ ਹਨ ਕਿ ਤੂੰ ਸਾਰਾ ਸਮਾਂ ਹੀ ਮੂਰਤੀ ਪੂਜਾ ਵਿਚ ਨਸ਼ਟ ਕਰ ਦਿੱਤਾ, ਤੈਨੂੰ ਸ਼ਰਮ ਨਹੀਂ ਆਉਂਦੀ। ਹੇ ਜੜ! (ਭਾਵ ਬੁੱਧੂ) ਤੂੰ ਈਸ਼ਵਰ ਨੂੰ ਤਾਂ ਯਾਦ ਨਹੀਂ ਕੀਤਾ ਤੇ ਬੁੱਤ ਹੀ ਪੂਜਦਾ ਰਿਹਾ ਹੈਂ; ਇੰਝ ਤੂੰ ਸਾਰੀ ਉਮਰ ਵਿਅਰਥ ਹੀ ਗੁਆ ਲਈ ਹੈ :

ਫੋਕਟ ਧਰਮ ਭਯੋ ਫਲਹੀਨ, ਜੋ ਪੂਜ ਸਿਲਾ ਜੁਗ ਕੋਟ ਗਵਾਈ॥
ਸਿਧ ਕਹਾਂ ਸਿਲ ਕੇ ਪਰਸੇ, ਬਲ ਬ੍ਰਿਧ ਘਟੀ ਨਵਨਿਧ ਨ ਪਾਈ॥
ਆਜ ਹੀ ਆਜ ਸਮੇਂ ਜੋ ਬਿਤਿਯੋ, ਨਹਿ ਕਾਜ ਸਰਿਯੋ ਕਛੁ ਲਾਜ ਨ ਆਈ॥
ਸ੍ਰੀ ਭਗਵੰਤ ਭਜਿਯੋ ਨ ਅਰੇ ਜੜ, ਐਸੇ ਹੀ ਐਸੇ ਸੁ ਬੈਸ ਗਵਾਈ॥ ੨੧॥

*(੩੩ ਸਵੱਈਏ)*

(ਅ) ਤੀਰਥ ਇਸ਼ਨਾਨ : ਤੀਰਥਾਂ ਦੀ ਯਾਤਰਾ ਕਰਨ ਤੇ ਉੱਥੇ ਜਾ ਕੇ ਇਸ਼ਨਾਨ ਕਰਨ ਨੂੰ ਵੀ ਗੁਰੂ ਜੀ ਨੇ ਵਿਅਰਥ-ਕੰਮ ਹੀ ਆਖਿਆ ਹੈ, ਭਾਵੇਂ ਕਿ ਬ੍ਰਾਹਮਣੀ ਧਰਮ ਦੇ ਅਨੁਯਾਈ ਇਸ ਨੂੰ ਮੁਕਤੀ ਦਾ ਸਾਧਨ ਮੰਨਦੇ ਸਨ। ਤੀਰਥ-ਇਸ਼ਨਾਨ ਬਾਰੇ ਗੁਰੂ ਜੀ ਦੇ ਕੁਝ ਵਿਚਾਰ ਹੇਠਾਂ ਅੰਕਤ ਹਨ :

—ਨ੍ਹਾਤ ਫਿਰਿਓ ਲੀਏ ਸਾਤ ਸਮੁਦ੍ਰਨਿ, ਲੋਕ ਗਯੋ ਪਰਲੋਕ ਗਵਾਇਓ॥
—ਤੀਰਥ ਕੋਟਿ ਕੀਏ ਇਸ਼ਨਾਨ, ਦੀਏ ਬਹੁ ਦਾਨ ਮਹਾ ਬ੍ਰਤ ਧਾਰੇ॥.........
ਦੀਨ ਦਇਆਲ ਅਕਾਲ ਭਜੇ ਬਿਨ, ਅੰਤ ਕੋ ਅੰਤ ਕੇ ਧਾਮ ਸਿਧਾਰੇ॥

*(ਤ੍ਵਪ੍ਰਸਾਦਿ॥ ਸਵੱਯੇ)*

(ੲ) ਜਪ-ਤਪ : ਭਾਰਤ ਵਿਚ ਮੁਕਤੀ ਦੀ ਖ਼ਾਤਰ ਜੰਗਲਾਂ ਵਿਚ ਜਾ ਕੇ ਤਪ-

ਸਾਧਣ (ਸਰੀਰ ਨੂੰ ਅਨੇਕਾਂ ਤਰ੍ਹਾਂ ਦੇ ਕਸ਼ਟ ਦੇਣ) ਅਤੇ ਮੰਤਰਾਂ ਦੇ ਜਾਪ ਕਰਨ ਦੇ ਕਰਮ-ਕਾਂਡ ਵੀ ਬਹੁਤ ਪ੍ਰਚਲਤ ਸਨ। ਇਨ੍ਹਾਂ ਦਾ ਖੰਡਨ ਕਰਦਿਆਂ ਹੋਇਆਂ ਪਾਤਸ਼ਾਹ ਫ਼ੁਰਮਾਉਂਦੇ ਹਨ ਜੇ ਤਪ ਸਾਧਣ ਨਾਲ ਪਰਮਾਤਮਾ ਮਿਲ ਸਕਦਾ ਹੁੰਦਾ ਤਾਂ ਸ਼ਿਵਜੀ ਅਤੇ ਬ੍ਰਹਮਾ ਦੇ ਪੁੱਤਰ ਸਨਤ ਕੁਮਾਰ ਨੂੰ ਤਾਂ ਜ਼ਰੂਰ ਮਿਲ ਗਿਆ ਹੁੰਦਾ ਜੋ ਕਿ ਮਹਾਂ-ਤਪੱਸਵੀ ਕਹੇ ਜਾਂਦੇ ਹਨ। ਰੱਬ, ਸਤਿਗੁਰੂ ਦੇ ਸੱਚੇ-ਗਿਆਨ ਦੀ ਪ੍ਰਾਪਤੀ ਤੋਂ ਬਿਨਾਂ ਨਹੀਂ ਮਿਲ ਸਕਦਾ :

ਸਿਵ ਤੇ ਤਪੱਸੀ ਆਦਿ, ਬ੍ਰਹਮਾ ਸੇ ਨ ਬੇਦਚਾਰੀ,
ਸਨਤ ਕੁਮਾਰ ਸੀ ਤਪਸਿਆ ਨਾ ਅਨਤ ਹੈ॥
ਗਿਆਨ ਕੇ ਬਿਹੀਨ, ਕਾਲ ਫਾਸ ਕੇ ਅਧੀਨ ਸਦਾ,
ਜੁੱਗਨ ਕੀ ਚਉਕਰੀ, ਫਿਰਾਏਈ ਫਿਰਤ ਹੈ॥

*(ਕਬਿਤ, ਅਕਾਲ ਉਸਤਤਿ)*

ਜਪਾਂ-ਤਪਾਂ ਅਤੇ ਰਿਧੀਆਂ-ਸਿਧੀਆਂ ਆਦਿ ਫੋਕਟ ਕਰਮਾਂ ਦਾ ਵਿਰੋਧ ਕਰਦਿਆਂ ਸਤਿਗੁਰੂ ਕਹਿੰਦੇ ਹਨ ਜੇ ਕਸ਼ਟ ਸਹਿਣ (ਤਪ ਸਾਧਣ) ਨਾਲ ਪ੍ਰਭੂ ਮਿਲ ਸਕਦਾ ਤਾਂ ਫੱਟੜਾਂ ਤੇ ਜ਼ਖ਼ਮੀਆਂ ਨੂੰ ਜ਼ਰੂਰ ਮਿਲਦਾ; ਜੇ ਮੰਤਰ-ਰਟਣ (ਜਾਪ) ਨਾਲ ਮਿਲ ਸਕਦਾ ਹੁੰਦਾ ਤਾਂ ਪੂਦਨੇ ਪੰਛੀ ਨੂੰ ਜ਼ਰੂਰ ਮਿਲਦਾ ਜੋ ਹਰ ਸਮੇਂ ਤੂਹੀ-ਤੂਹੀ ਰਟਦਾ ਰਹਿੰਦਾ ਹੈ; ਜੇ ਅਕਾਸ਼ ਵਿਚ ਉੱਡਣ ਨਾਲ ਪ੍ਰਭੂ ਦੀ ਪ੍ਰਾਪਤੀ ਸੰਭਵ ਹੁੰਦੀ ਤਾਂ ਅਨਿਲ-ਪੰਛੀ (ਜੋ ਸਦਾ ਅਕਾਸ਼ ਵਿਚ ਰਹਿੰਦਾ ਹੈ) ਨੂੰ ਰੱਬ ਦੀ ਪ੍ਰਾਪਤੀ ਹੋ ਜਾਂਦੀ। ਜਿਹੜੇ ਮਨੁੱਖ ਆਲੇ-ਦੁਆਲੇ ਅੱਗ ਬਾਲ ਕੇ ਵਿਚ ਆਪ ਬਹਿ ਕੇ ਤਪ ਸਾਧਦੇ ਹਨ, ਉਹ ਸਤੀ ਹੋ ਰਹੀ ਉਸ ਵਿਧਵਾ ਵਰਗੇ ਹਨ ਜਿਸ ਦਾ ਪਤੀ ਮਰ ਗਿਆ ਹੋਵੇ। ਜੇ ਜ਼ਮੀਨ ਥੱਲੇ ਵਾਸ ਕਰਨ ਨਾਲ ਮੁਕਤੀ ਹੋ ਜਾਂਦੀ ਤਾਂ ਸੱਪ ਜ਼ਰੂਰ ਮੁਕਤ ਹੋ ਜਾਂਦੇ :

ਤਾਪ ਕੇ ਸਹੇ ਤੇ, ਜੌ ਪੈ ਪਾਈਐ ਅਤਾਪ ਨਾਥ,
ਤਾਪਨਾ ਅਨੇਕ ਤਨ ਘਾਇਲ ਸਹਤ ਹੈ॥
ਜਾਪ ਕੇ ਕੀਏ ਤੇ, ਜੌ ਪੈ ਪਾਯਤ ਅਜਾਪ ਦੇਵ,
ਪੂਦਨਾ ਸਦੀਵ ਤੁਹੀ ਤੁਹੀ ਉਚਰਤ ਹੈ॥
ਨਭ ਕੇ ਉਡੇ ਤੇ, ਜੌ ਪੈ ਨਾਰਾਇਣ ਪਾਈਯਤ,
ਅਨਲ ਅਕਾਸ ਪੰਛੀ, ਡੋਲਬੋ ਕਰਤ ਹੈ।
ਆਗ ਮੇ ਜਰੇ ਤੇ, ਗਤਿ ਰਾਂਡ ਕੀ ਪਰਤ ਕਰ,
ਪਤਾਲ ਕੇ ਬਾਸੀ, ਕਿਉਂ ਭੁਜੰਗ ਨ ਤਰਤ ਹੈ॥ ੧੪॥

*(ਕਬਿਤ, ਅਕਾਲ ਉਸਤਤਿ)*

(ਸ) ਹੋਰ ਫੋਕਟ-ਕਰਮ : ਮੂਰਤੀ ਪੂਜਾ, ਤੀਰਥ ਇਸ਼ਨਾਨ, ਜਪ-ਤਪ ਆਦਿਕ ਫੋਕਟ ਕਰਮਾਂ ਤੋਂ ਸਿਵਾ ਹੋਰ ਵੀ ਸੈਂਕੜੇ ਅਜਿਹੇ ਕੰਮ ਸਨ ਜਿਨ੍ਹਾਂ ਨੂੰ ਕਰ ਕੇ ਲੋਕੀਂ ਆਪਣੇ ਆਪ ਨੂੰ ਧਰਮੀ ਅਖਵਾਉਂਦੇ ਸਨ। 'ਅਕਾਲ ਉਸਤਤਿ' ਦੇ 20 ਕਬਿਤਾਂ, ਛੰਦ ਨੰ: 71

ਤੋਂ 90 ਵਿਚ ਸਤਿਗੁਰਾਂ ਨੇ ਅਜਿਹੇ ਕੰਮਾਂ ਦਾ ਖ਼ੂਬ ਮੌਜੂ ਉਡਾਇਆ ਹੈ। ਆਪ ਨੇ ਅਘੋਰੀ ਮੱਤ ਦੇ ਵਿਸ਼ਟਾ (ਗੰਦ-ਮੰਦ) ਖਾਣ ਵਾਲੇ 'ਯੋਗੀਆਂ' ਨੂੰ ਸੂਰ, ਵਿਭੂਤੀ ਲਾਉਣ (ਸਰੀਰ ਤੇ ਸੁਆਹ ਮਲਣ) ਵਾਲਿਆਂ ਨੂੰ ਗਧੇ, ਮੱਠਾਂ ਵਿਚ ਰਹਿਣ ਵਾਲਿਆਂ ਨੂੰ ਘੁੱਗੂ, ਸ਼ਮਸ਼ਾਨ ਭੂਮੀ ਵਿਚ ਡੇਰਾ ਪਾ ਕੇ ਰਹਿਣ ਵਾਲਿਆਂ ਨੂੰ ਗਿੱਦੜ, ਉਦਾਸੀ ਧਾਰਨ ਕਰਨ ਵਾਲਿਆਂ ਨੂੰ ਹਿਰਨ, ਮੋਨ-ਵਰਤ ਧਾਰਨ ਕਰਨ ਵਾਲਿਆਂ ਨੂੰ ਦਰੱਖਤ, ਬ੍ਰਹਮਚਰਯ ਦੇ ਧਾਰਨੀਆਂ ਨੂੰ ਹਿਜੜੇ (ਖੁਸਰੇ), ਨੰਗੇ ਪੈਰੀਂ ਯਾਤਰਾ ਕਰਨ ਵਾਲਿਆਂ ਨੂੰ ਬਾਂਦਰ ਆਖਿਆ ਹੈ। ਇਸੇ ਤਰ੍ਹਾਂ ਦੁਧਾਧਾਰੀ-ਸੰਤਾਂ (ਜੋ ਅੰਨ ਤਿਆਗ ਕੇ ਕੇਵਲ ਦੁੱਧ ਪੀਣ ਦਾ ਪਖੰਡ ਰਚਦੇ ਹਨ) ਨੂੰ ਛੋਟੇ ਬੱਚੇ, ਜੰਗਲ-ਗਾਹੁਣ ਵਾਲਿਆਂ ਨੂੰ ਭੂਤ, ਪਉਣ-ਆਹਾਰੀਆਂ ਨੂੰ ਸੱਪ, ਕੰਦ-ਮੂਲ ਖਾਣ ਵਾਲਿਆਂ ਨੂੰ ਗਊਆਂ ਦੇ ਵਛੇਰੇ, ਰਿਧੀਆਂ-ਸਿਧੀਆਂ ਦੇ ਸਹਾਰੇ ਅਸਮਾਨ ਵਿਚ ਉਡਣ ਵਾਲਿਆਂ ਨੂੰ ਪੰਛੀ, ਸਮਾਧੀਆਂ ਲਾਉਣ ਵਾਲਿਆਂ ਨੂੰ ਬਗਲੇ, ਬਿੱਲੇ, ਬਘਿਆੜ ਆਦਿਕ ਆਖਿਆ ਹੈ :

ਖੂਕ ਮਲਹਾਰੀ, ਗਜ ਗਦਹਾ ਬਿਭੂਤਧਾਰੀ,
ਗਿਦੂਆ ਮਸਾਨ ਬਾਸ ਕਰਿਓਈ ਕਰਤ ਹੈ॥
ਘੁੱਘੂ ਮਟ ਬਾਸੀ, ਲਗੇ ਡੋਲਤ ਉਦਾਸੀ ਮ੍ਰਿਗ,
ਤਰਵਰ ਸਦੀਵ ਮੋਨ ਸਾਧੇ ਹੀ ਮਰਤ ਹੈ॥
ਬਿੰਦ ਕੇ ਸਧੱਯਾ, ਤਾਹੇ ਹੀਜ ਕੀ ਬਡੱਯਾ ਦੇਤ,
ਬੰਦਰਾ ਸਦੀਵ ਪਾਇ ਨਾਂਗੇ ਹੀ ਫਿਰਤ ਹੈ॥
ਅੰਗਨਾ ਅਧੀਨ, ਕਾਮ ਕ੍ਰੋਧ ਮੈ ਪ੍ਰਬੀਨ,
ਏਕ ਗਿਆਨ ਕੇ ਬਿਹੀਨ, ਛੀਨ ਕੈਸੇ ਕੈ ਤਰਤ ਹੈ। ੧। ੭੧।

ਅਤੇ :

ਭੂਤ ਬਨਚਾਰੀ, ਛਿਤ ਛਉਨਾ ਸਭੇ ਦੂਧਾਧਾਰੀ,
ਪਉਨ ਕੇ ਅਹਾਰੀ, ਸੋ ਭੁਜੰਗ ਜਾਨੀਅਤ ਹੈ॥
ਤ੍ਰਿਣ ਕੇ ਭਛੱਯਾ, ਧਨ ਲੋਭ ਕੇ ਤਜੱਯਾ ਤੇਤੇ,
ਗਊਅਨ ਕੇ ਜੱਯਾ, ਬ੍ਰਿਖਭੱਯਾ ਮਾਨੀਅਤ ਹੈ॥
ਨਭ ਕੇ ਉਡੱਯਾ, ਤਾਹਿ ਪੰਛੀ ਕੀ ਬਡੱਯਾ ਦੇਤ,
ਬਗੁਲਾ ਬਿੜਾਲ ਬ੍ਰਿਕ, ਧਿਆਨੀ ਠਾਨੀਅਤੁ ਹੈ॥
ਜੇਤੋ ਬਡੇ ਗਿਆਨੀ, ਤਿਨੋ ਜਾਨੀ ਪੈ ਬਖਾਨੀ ਨਾਹਿ,
ਐਸੇ ਨ ਪ੍ਰਪੰਚ ਮਨ ਭੂਲ ਆਨੀਅਤੁ ਹੈ॥ ੨॥ ੭੨॥

ਇਹਨਾਂ ਵੀਹ ਕਬਿੱਤਾਂ ਵਿਚ ਗੁਰੂ ਜੀ ਨੇ ਰੱਬ ਦੀ ਯਾਦ ਵਿਚ ਕੂਕਾਂ ਮਾਰਨ ਵਾਲਿਆਂ, ਰੋਣ ਦਾ ਪਖੰਡ ਕਰਨ ਵਾਲਿਆਂ, ਗੰਗਾ ਆਦਿਕ ਨਦੀਆਂ ਤੇ ਨਿਵਾਸ ਕਰਨ ਵਾਲਿਆਂ, ਮੱਕੇ ਮਦੀਨੇ (ਪ੍ਰਭੂ ਪ੍ਰਾਪਤੀ ਲਈ) ਜਾ ਕੇ ਵੱਸਣ ਵਾਲਿਆਂ, ਬਨਾਰਸ ਵਿਚ ਆਰੇ ਨਾਲ ਸਰੀਰ ਕਟਾਉਣ ਵਾਲਿਆਂ, ਸੁੱਚ ਰੱਖਣ ਵਾਲਿਆਂ, ਫੋਕੀ ਗਿਆਨ-ਚਰਚਾ

ਕਰਨ ਵਾਲਿਆਂ, ਮੰਤ੍ਰ-ਰਟਣ ਵਾਲਿਆਂ, ਆਪਣੇ ਸਰੀਰ ਉੱਤੇ ਧਾਰਮਿਕ ਚਿੰਨ੍ਹਾਂ ਦੇ ਛਾਪੇ ਲਗਵਾਉਣ ਵਾਲਿਆਂ, ਸੰਨਿਆਸੀਆਂ, ਡੰਡਧਾਰੀ ਜੰਗੀਆਂ, ਰਾਸਾਂ ਪਾਉਣ ਤੇ ਜਾਗੇ ਕੱਟਣ ਵਾਲਿਆਂ, ਮਸਤੀ ਦੀ ਦਸ਼ਾ ਪ੍ਰਗਟਾਉਣ ਲਈ ਸਿਰ ਮਾਰਨ ਵਾਲਿਆਂ, ਸੂਰਜ-ਚੰਦ ਦੀ ਪੂਜਾ ਕਰਨ ਵਾਲਿਆਂ ਆਦਿਕ ਦਾ ਕਰੜਾ ਖੰਡਨ ਕੀਤਾ ਹੈ। ਸਤਿਗੁਰਾਂ ਨੇ ਬਾਰ ਬਾਰ ਸਮਝਾਇਆ ਕਿ ਇਹ ਕਰਮ ਨਾ ਤਾਂ ਮੁਕਤੀ ਦੇ ਸਾਧਨ, ਨਾ ਪ੍ਰਭੂ ਪ੍ਰਾਪਤੀ ਦੇ ਅਤੇ ਨਾ ਹੀ ਧਾਰਮਿਕ-ਇਨਸਾਨਾਂ ਦੇ ਕੰਮ ਹੀ ਹਨ।

ਗੁਰੂ ਪਾਤਸ਼ਾਹ ਨੇ ਕਰਮ-ਕਾਂਡਾਂ ਦੀ ਥਾਂ ਉਤੇ ਪ੍ਰਭੂ-ਅਕਾਲ ਪੁਰਖ ਨਾਲ ਪ੍ਰੇਮ ਪਾਉਣ ਦੀ ਪ੍ਰੇਰਨਾ ਦਿੱਤੀ ਹੈ :

ਕਹਾ ਭਯੋ ਜੋ ਦੋਊ ਲੋਚਨ ਮੂੰਦ ਕੈ,
ਬੈਠਿ ਰਹਿਓ ਬਕ ਧਿਆਨ ਲਗਾਇਓ॥
ਨ੍ਹਾਤ ਫਿਰਿਓ ਲੀਏ ਸਾਤ ਸਮੁਦ੍ਰਨਿ,
ਲੋਕ ਗਯੋ, ਪਰਲੋਕ ਗਵਾਇਓ॥
ਬਾਸ ਕੀਓ ਬਿਖਿਆਨ ਸੋਂ ਬੈਠ ਕੈ,
ਐਸੇ ਹੀ ਐਸੇ ਸੁ ਬੈਸ ਬਿਤਾਇਓ॥
ਸਾਚੁ ਕਹੋਂ ਸੁਨ ਲੇਹੁ ਸਭੈ, ਜਿਨ ਪ੍ਰੇਮ ਕੀਓ,
ਤਿਨ ਹੀ ਪ੍ਰਭ ਪਾਇਓ॥ ੯॥

(ਅਕਾਲ ਉਸਤਤਿ)

5. ਮਾਨਵ ਏਕਤਾ : ਗੁਰੂ ਗੋਬਿੰਦ ਸਿੰਘ ਜੀ ਨੇ ਸਾਰੀ ਮਨੁੱਖਤਾ ਨੂੰ ਇਕ ਪ੍ਰਭੂ ਦੀ ਸੰਤਾਨ ਮੰਨਿਆ ਹੈ। ਵੱਖ-ਵੱਖ ਧਰਮਾਂ, ਦੇਸ਼ਾਂ-ਪ੍ਰਾਂਤਾਂ, ਇਲਾਕਿਆਂ, ਫਿਰਕਿਆਂ ਦੇ ਬਾਹਰੀ ਵਿਖੇਵਿਆਂ ਦੇ ਹੁੰਦਿਆਂ ਹੋਇਆਂ ਵੀ ਸਭ ਮਨੁੱਖ ਭਰਾ-ਭਰਾ ਹਨ, ਬਰਾਬਰ ਹਨ ਕਿਉਂਕਿ ਸਭ ਸਾਂਝੇ ਪਿਤਾ ਪ੍ਰਭੂ ਦੀ ਸੰਤਾਨ ਹਨ। ਇਸੇ ਤਰ੍ਹਾਂ ਰੱਬ ਦੇ ਅਨੇਕਾਂ ਨਾਮ ਰੱਖ ਲੈਣ ਨਾਲ ਰੱਬ ਦੀ ਏਕਤਾ ਦਾ ਅਸੂਲ ਭੰਗ ਨਹੀਂ ਹੋ ਜਾਂਦਾ। ਰੱਬ ਇਕੋ ਹੀ ਹੈ, ਇਸ ਕਰਕੇ ਮਨੁੱਖ-ਜਾਤੀ (ਜਿਸ ਦਾ ਕਿ ਉਹ ਸਿਰਜਨਹਾਰ ਹੈ) ਵੀ ਇਕੋ ਹੀ ਇਕਾਈ ਸਮਝੀ ਜਾਣੀ ਚਾਹੀਦੀ ਹੈ :

ਕੋਊ ਭਇਓ ਮੁੰਡੀਆ, ਸੰਨਿਆਸੀ ਕੋਊ ਜੋਗੀ ਭਇਓ,
ਕੋਊ ਬ੍ਰਹਮਚਾਰੀ, ਕੋਊ ਜਤੀ ਅਨਮਾਨਬੋ॥
ਹਿੰਦੂ ਤੁਰਕ ਕੋਊ ਰਾਫ਼ਜੀ ਇਮਾਮ ਸ਼ਾਫ਼ੀ,
ਮਾਨਸ ਕੀ ਜਾਤ, ਸਬੈ ਏਕੈ ਪਹਿਚਾਨਬੋ॥
ਕਰਤਾ ਕਰੀਮ ਸੋਈ, ਰਾਜਕ ਰਹੀਮ ਓਈ,
ਦੂਸਰੋ ਨ ਭੇਦ ਕੋਈ ਭੂਲ ਭ੍ਰਮ ਮਾਨਬੋ॥
ਏਕ ਹੀ ਕੀ ਸੇਵ, ਸਬ ਹੀ ਕੋ ਗੁਰਦੇਵ ਏਕ,
ਏਕ ਹੀ ਸਰੂਪ ਸਬੈ, ਏਕੈ ਜੋਤਿ ਜਾਨਬੋ॥ ੧੫॥ ੮੫॥

ਇਸ ਸੰਬੰਧ ਵਿਚ ਗੁਰੂ ਜੀ ਦੇ ਹੋਰ ਵਿਚਾਰ ਪੁਸਤਕ ਦੇ ਪਹਿਲੇ ਅਧਿਆਇ ਵਿਚ ਵਿਸਥਾਰ ਨਾਲ ਦਿੱਤੇ ਗਏ ਹਨ।

6. ਸ਼ਕਤੀ ਦੀ ਵਰਤੋਂ : ਗੁਰੂ ਗੋਬਿੰਦ ਸਿੰਘ ਸਾਹਿਬ ਨੇ ਸਿੱਖਾਂ ਨੂੰ ਸੰਤ-ਸਿਪਾਹੀ ਬਣਾਇਆ ਸੀ। ਗੁਰੂ ਕੇ ਸਿੱਖ ਅਜਿਹੇ ਸੰਤ ਹਨ ਜੋ ਜੀਵਨ ਵਿਚ ਆਉਣ ਵਾਲੀਆਂ ਔਕੜਾਂ ਦੇ ਨਾਲ, ਵਿਕਾਰਾਂ ਦੇ ਨਾਲ ਸਿਪਾਹੀਆਂ ਦੀ ਤਰ੍ਹਾਂ ਜੂਝਦੇ ਹਨ। ਇਸ ਤੋਂ ਸਿਵਾ ਅੱਤਿਆਚਾਰੀ ਹਾਕਮਾਂ ਨਾਲ ਜੇ ਮੱਥਾ ਡਾਹੁਣਾ ਪਵੇ, ਤਾਂ ਇਸ ਤੋਂ ਵੀ ਪਿੱਛੇ ਨਹੀਂ ਹਟਦੇ। ਹਰ ਤਰ੍ਹਾਂ ਦੇ ਜਬਰ, ਜ਼ੁਲਮ, ਅਨਿਆਂ ਨਾਲ ਜੂਝਣ ਦੀ ਸਿਖਿਆ ਸਾਰੇ ਗੁਰੂ ਸਾਹਿਬਾਨ ਨੇ ਹੀ ਦਿੱਤੀ ਹੈ ਅਤੇ ਆਪੂੰ ਅਗਵਾਈ ਵੀ ਦਿੱਤੀ ਹੈ। ਸਤਿਗੁਰਾਂ ਨੇ ਸ਼ਕਤੀ (ਭਾਵ ਹਥਿਆਰਾਂ) ਦੀ ਵਰਤੋਂ ਨੂੰ ਵੀ ਜਾਇਜ਼ ਠਹਿਰਾਇਆ ਹੈ। ਪਰ ਉਸ ਲਈ ਇਕ ਸਿਧਾਂਤ ਬਣਾ ਦਿੱਤਾ ਹੈ ਕਿ ਸ਼ਕਤੀ ਦੀ ਵਰਤੋਂ ਤਾਂ ਹੀ ਜਾਇਜ਼ ਹੈ ਜੇ ਹੋਰ ਸਭ ਵਸੀਲੇ ਅਸਫ਼ਲ ਹੋ ਜਾਣ। ਜਦ ਗੁਰੂ ਅਰਜਨ ਪਾਤਸ਼ਾਹ ਦੀ ਸ਼ਹੀਦੀ ਮਗਰੋਂ ਵੀ ਜ਼ਾਲਮ ਸਰਕਾਰ ਨੇ ਆਪਣਾ ਰਾਹ ਨਾ ਬਦਲਿਆ ਤਾਂ ਛੇਵੇਂ ਪਾਤਸ਼ਾਹ ਨੇ ਸਿੱਖਾਂ ਦੀ ਸੈਨਾ ਬਣਾ ਕੇ, ਘੋੜੇ ਹਥਿਆਰ ਤੇ ਹੋਰ ਜੰਗੀ ਸਾਮਾਨ ਇਕੱਤਰ ਕਰਕੇ ਮੁਗ਼ਲ ਸਰਕਾਰ ਨਾਲ ਜੰਗ-ਯੁੱਧ ਵੀ ਕੀਤੇ। ਇਸੇ ਤਰ੍ਹਾਂ ਜਦ ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ ਮਗਰੋਂ ਵੀ ਔਰੰਗਜ਼ੇਬ ਨੇ ਆਪਣੀ ਧਾਰਮਿਕ-ਨੀਤੀ ਨਾ ਬਦਲੀ ਤਾਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਅਨੰਦਪੁਰ ਨੂੰ ਅਧਿਆਤਮਕ-ਕੇਂਦਰ ਤੇ ਵਿਦਿਅਕ-ਕੇਂਦਰ ਦੇ ਨਾਲ-ਨਾਲ ਯੁੱਧ-ਕਲਾ ਦਾ ਕੇਂਦਰ ਵੀ ਬਣਾ ਲਿਆ। ਆਪ ਉਮਰ ਭਰ ਜਾਲਮ ਅਭਿਮਾਨੀ ਕੱਟੜ ਪੰਥੀਆਂ ਤੇ ਤਾਕਤ ਦੇ ਨਸ਼ੇ ਵਿਚ ਅੰਨ੍ਹੀ ਮੁਗ਼ਲ ਸਰਕਾਰ ਨਾਲ ਜੰਗ-ਯੁੱਧ ਕਰਦੇ ਰਹੇ। ਸ਼ਕਤੀ ਦੀ ਵਰਤੋਂ ਬਾਰੇ ਸਤਿਗੁਰਾਂ ਨੇ ਜ਼ਫ਼ਰਨਾਮੇ ਵਿਚ ਸਪੱਸ਼ਟ ਲਿਖਿਆ ਹੈ ਕਿ ਜਦੋਂ ਕੋਈ ਕੰਮ ਸਾਰੇ ਹੀਲੇ, ਉਪਾਵਾਂ ਤੋਂ ਲੰਘ ਜਾਵੇ ਤਾਂ ਹੱਥ ਵਿਚ ਤਲਵਾਰ ਲੈਣਾ ਹੀ ਜਾਇਜ਼ ਹੈ :

ਚੁੰ ਕਾਰ ਅਜ਼ ਹਮਹ ਹੀਲਤੇ ਦਰਗੁਜ਼ਸਤ॥
ਹਲਾਲ ਅਸਤ ਬੁਰਦਨ ਬ-ਸ਼ਮਸ਼ੀਰ ਦਸਤ॥ ੨੨॥

7. 'ਖ਼ਾਲਸੇ' ਦੀ ਵਿਆਖਿਆ : ਅਸੀਂ ਇਹ ਪੜ੍ਹ ਹੀ ਆਏ ਹਾਂ ਕਿ ਗੁਰੂ ਸਾਹਿਬ ਮਨੁੱਖੀ ਏਕਤਾ ਦੇ ਮੁਦਈ ਸਨ। ਪਰ ਇਕ ਗੱਲ ਬੜੀ ਸਪੱਸ਼ਟ ਹੈ ਕਿ ਆਪ ਇਹ ਜ਼ਰੂਰ ਪ੍ਰਚਾਰਦੇ ਸਨ ਕਿ ਸਿੱਖ ਮੱਤ ਇਕ ਨਿਆਰਾ ਮੱਤ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਅਤੇ ਦਸਮ ਪਿਤਾ ਜੀ ਦੀ ਬਾਣੀ ਤੋਂ ਇਹ ਸਪੱਸ਼ਟ ਹੈ ਕਿ ਗੁਰੂ ਸਾਹਿਬਾਨ ਨੇ ਗ਼ਲਤ ਵਿਚਾਰਧਾਰਾਵਾਂ, ਵਿਸ਼ਵਾਸਾਂ ਅਤੇ ਰੀਤ-ਰਿਵਾਜਾਂ ਦਾ ਖੁਲ੍ਹ ਕੇ ਵਿਰੋਧ ਕੀਤਾ ਹੈ ਅਤੇ ਲੋਕਾਂ ਨੂੰ ਵਾਰ-ਵਾਰ ਇਹ ਸਮਝਾਇਆ ਹੈ ਕਿ ਗੁਰਮਤਿ-ਗਾਡੀ ਰਾਹ ਤੇ ਚੱਲਣ ਨਾਲ ਹੀ ਉਨ੍ਹਾਂ ਦਾ ਲੋਕ-ਪ੍ਰਲੋਕ ਸੁਧਰ ਸਕਦਾ ਹੈ।

ਗੁਰੂ ਗੋਬਿੰਦ ਸਿੰਘ ਜੀ ਨੇ ਆਦਿ ਗੁਰੂ, ਸਤਿਗੁਰੂ ਨਾਨਕ ਪਾਤਸ਼ਾਹ ਦੁਆਰਾ

ਸਥਾਪਿਤ ਸੰਗਤਾਂ ਨੂੰ 'ਖ਼ਾਲਸਾ-ਪੰਥ' ਦਾ ਰੂਪ ਦੇ ਦਿੱਤਾ ਅਤੇ 'ਸਿੱਖ' ਖ਼ਾਲਸਾ ਕਹਾਉਣ ਲਗ ਪਏ। ਗੁਰੂ ਜੀ ਨੇ ਖ਼ਾਲਸੇ ਦੀ ਜੋ ਵਿਆਖਿਆ (Definition) ਕੀਤੀ ਹੈ, ਉਸ ਅਨੁਸਾਰ ਖ਼ਾਲਸਾ (ਸਿੱਖ) ਉਹ ਹੈ ਜੋ ਗੁਰਮਤਿ ਦਾ ਧਾਰਨੀ ਹੈ ਅਤੇ ਅਨਮਤੀ ਵਿਸ਼ਵਾਸਾਂ ਨੂੰ ਨਹੀਂ ਮੰਨਦਾ। ਆਪ ਫ਼ਰਮਾਉਂਦੇ ਹਨ :

ਜਾਗਤ ਜੋਤਿ ਜਪੈ ਨਿਸ ਬਾਸੁਰ, ਏਕ ਬਿਨਾ ਮਨ ਨੈਕ ਨ ਆਨੈ॥
ਪੂਰਨ ਪ੍ਰੇਮ ਪ੍ਰਤੀਤ ਸਜੈ, ਬ੍ਰਤ ਗੋਰ ਮੜ੍ਹੀ ਮੱਟ ਭੂਲ ਨ ਮਾਨੈ॥
ਤੀਰਥ ਦਾਨ ਦਇਆ ਤਪ ਸੰਜਮ, ਏਕ ਬਿਨਾ ਨਹਿ ਏਕ ਪਛਾਨੈ॥
ਪੂਰਨ ਜੋਤ ਜਗੈ ਘਟ ਮੈਂ, ਤਬ ਖ਼ਾਲਸ ਤਾਹਿ ਨਖਾਲਸ ਜਾਨੈ॥ ੧॥

# ਅੰਤਿਕਾ
# ਗੁਰੂ ਜੀ ਦਾ ਪਰਿਵਾਰ

ਜਿਵੇਂ ਕਿ ਪਹਿਲਾਂ ਲਿਖਿਆ ਜਾ ਚੁੱਕਾ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਦਾ ਵਿਆਹ ਸੰਨ 1684 ਵਿਚ ਮਾਤਾ ਸੁੰਦਰੀ ਜੀ ਨਾਲ ਹੋਇਆ ਸੀ, ਉਨ੍ਹਾਂ ਦਾ ਪੇਕਾ ਨਾਮ 'ਜੀਤੋ ਜੀ' ਸੀ।

ਕੁਝ ਸ੍ਰੋਤ ਉਪਰੋਕਤ ਵਿਚਾਰ ਨਾਲ ਸਹਿਮਤ ਨਹੀਂ ਹਨ। ਉਨ੍ਹਾਂ ਅਨੁਸਾਰ ਮਾਤਾ ਜੀਤੋ ਜੀ ਲਾਹੌਰ ਨਿਵਾਸੀ ਭਾਈ ਹਰਿਜਸ ਸੁਭਿੱਖੀ ਦੀ ਸਪੁੱਤਰੀ ਸਨ। ਅਨੰਦ ਕਾਰਜ ਸੰਨ 1677 ਵਿਚ ਹੋਇਆ (ਕਈਆਂ ਨੇ ਸੰਨ 1673 ਤੇ 1675 ਵੀ ਲਿਖਿਆ ਹੈ)।

*ਸੰਤਾਨ :*

ਗੁਰੂ ਜੀ ਦੀ ਸੰਤਾਨ ਚਾਰ ਸਪੁੱਤਰ ਸਨ, ਜੋ ਇਤਿਹਾਸ ਵਿਚ 'ਚਾਰ ਸਾਹਿਬਜ਼ਾਦੇ' ਕਰਕੇ ਪ੍ਰਸਿੱਧ ਹਨ। ਉਨ੍ਹਾਂ ਦੀਆਂ ਜਨਮ-ਤਰੀਕਾਂ ਇਸ ਪ੍ਰਕਾਰ ਹਨ :

(1) ਸਾਹਿਬਜ਼ਾਦਾ ਅਜੀਤ ਸਿੰਘ ਜੀ — ਜਨਮ ਪਾਉਂਟਾ ਸਾਹਿਬ ਵਿਖੇ ਜਨਵਰੀ, 1687 (23 ਮਾਘ, ਸੰਮਤ 1743)।

(2) ਸਾਹਿਬਜ਼ਾਦਾ ਜੁਝਾਰ ਸਿੰਘ ਜੀ — ਜਨਮ ਅਨੰਦਪੁਰ ਸਾਹਿਬ ਵਿਖੇ, ਮਾਰਚ, ਸੰਨ 1691 ਚੇਤ ਵਦੀ ਦਸਵੀਂ, ਸੰਮਤ 1747 ।

(3) ਸਾਹਿਬਜ਼ਾਦਾ ਜ਼ੋਰਾਵਰ ਸਿੰਘ ਜੀ — ਜਨਮ ਅਨੰਦਪੁਰ ਸਾਹਿਬ ਵਿਖੇ, ਨਵੰਬਰ, 1696 (ਮੱਘਰ ਸੁਦੀ 3, ਸੰਮਤ 1753)।

(4) ਸਾਹਿਬਜ਼ਾਦਾ ਫ਼ਤਹਿ ਸਿੰਘ ਜੀ — ਜਨਮ ਅਨੰਦਪੁਰ ਸਾਹਿਬ ਵਿਖੇ, ਫਰਵਰੀ, 1699 (ਫੱਗਣ ਸੁਦੀ 7, ਸੰਮਤ 1755)।

**ਮਾਤਾ ਸਾਹਿਬ ਕੌਰ ਜੀ :** ਗੁਰੂ ਗੋਬਿੰਦ ਸਿੰਘ ਜੀ ਦਾ ਦੂਜਾ ਵਿਆਹ ਜ਼ਿਲ੍ਹਾ ਜੇਹਲਮ (ਪਾਕਿਸਤਾਨ) ਦੇ ਨਗਰ ਰੋਹਤਾਸ ਦੇ ਭਾਈ ਰਾਮੂ ਜੀ ਦੀ ਲੜਕੀ 'ਸਾਹਿਬ ਦੇਵੀ' (ਅੰਮ੍ਰਿਤ ਛਕਣ ਉਪ੍ਰੰਤ ਨਾਮ ਮਾਤਾ ਸਾਹਿਬ ਕੌਰ ਜੀ ਰੱਖਿਆ ਗਿਆ) ਨਾਲ ਵੈਸਾਖ ਸੰਮਤ 1757 (ਸੰਨ 1700) ਵਿਚ ਹੋਇਆ ਸੀ। ਇਹ 'ਵਿਆਹ' ਆਮ ਵਿਆਹਾਂ ਵਰਗਾ ਨਹੀਂ ਸੀ ਕਿਉਂਕਿ ਇਸ ਵਿਚ ਸਰੀਰਕ ਸੰਬੰਧਾਂ ਵਾਲੀ ਕੋਈ ਗੱਲ ਨਹੀਂ ਸੀ। ਇਹ ਵਿਆਹ ਗੁਰੂ ਜੀ ਨੇ (ਮਾਤਾ) ਸਾਹਿਬ ਕੌਰ ਦੇ ਪਿਤਾ ਦੀ ਇੱਛਾ-ਪੂਰਤੀ ਲਈ ਹੀ ਕੀਤਾ ਸੀ।

ਭਾਈ ਰਾਮੂ ਜੀ ਵੈਸਾਖ ਸੰਮਤ 1757 ਨੂੰ ਇਲਾਕੇ ਦੀ ਸੰਗਤ ਨਾਲ ਅਨੰਦਪੁਰ ਸਾਹਿਬ ਵਿਚ ਆਏ। ਦੀਵਾਨ ਵਿਚ ਉਹਨਾਂ ਸਤਿਗੁਰਾਂ ਅੱਗੇ ਬੇਨਤੀ ਕੀਤੀ ਕਿ ਮੇਰੀ ਪੁੱਤਰੀ ਸਾਹਿਬ ਦੇਵੀ ਨਾਲ ਵਿਆਹ ਕਰਨਾ ਪ੍ਰਵਾਨ ਕਰੋ, ਕਿਉਂਕਿ ਜਦੋਂ ਇਹ ਬਾਲੜੀ ਹੀ ਸੀ ਅਸਾਂ ਉਦੋਂ ਤੋਂ ਹੀ ਮਨ ਵਿਚ ਇਹ ਧਾਰ ਲਿਆ ਸੀ ਕਿ ਇਸ ਦਾ ਵਿਆਹ ਤੁਹਾਡੇ ਨਾਲ ਹੀ ਕਰਨਾ ਹੈ। ਸਤਿਗੁਰੂ ਜੀ ਨੇ ਇਨਕਾਰ ਕਰ ਦਿੱਤਾ। ਭਾਈ ਰਾਮੂ ਜੀ

ਨੇ ਬੇਨਤੀ ਕੀਤੀ ਕਿ ਸਾਡੇ ਇਰਾਦੇ ਦਾ ਇਲਾਕੇ ਦੀਆਂ ਸੰਗਤਾਂ ਨੂੰ ਪਹਿਲਾਂ ਦਾ ਹੀ ਪਤਾ ਹੈ, ਤੇ ਉਹ ਸਾਹਿਬ ਦੇਵੀ ਨੂੰ 'ਮਾਤਾ ਜੀ' ਕਰਕੇ ਬੁਲਾਉਂਦੀਆਂ ਹਨ। ਇਸ ਲਈ ਇਸ ਦਾ ਕਿਧਰੇ ਹੋਰ ਤਾਂ ਵਿਆਹ ਹੋ ਹੀ ਨਹੀਂ ਸਕਦਾ। ਇਹ ਤਾਂ ਹੁਣ ਤੁਹਾਡੇ ਹੀ ਚਰਨਾਂ ਵਿਚ ਰਹੇਗੀ।

ਇਹ ਸੁਣ ਕੇ ਸਤਿਗੁਰਾਂ ਨੇ ਬਚਨ ਕੀਤਾ, "ਚੰਗਾ, ਫਿਰ ਇਹ ਸਾਰੇ ਖ਼ਾਲਸਾ-ਪੰਥ ਦੀ ਮਾਤਾ ਬਣੀ ਰਹੇ। ਅਸੀਂ 'ਖ਼ਾਲਸਾ-ਪੰਥ' ਇਸ ਦੀ ਝੋਲੀ ਪਾਉਂਦੇ ਹਾਂ। ਇਹ ਮਾਤਾ ਦੀ ਤਰ੍ਹਾਂ 'ਖ਼ਾਲਸੇ' ਦੀ ਸੇਵਾ ਕਰੇ ਤੇ ਆਪਣਾ ਜੀਵਨ ਅਕਾਲ-ਪੁਰਖ ਦੀ ਭਗਤੀ ਵਿਚ ਗੁਜ਼ਾਰ ਦੇਵੇ। ਉਸੇ ਦਿਨ ਤੋਂ ਅੰਮ੍ਰਿਤ ਛਕਾਉਣ ਸਮੇਂ, ਅੰਮ੍ਰਿਤ ਛਕਣ ਵਾਲਿਆਂ ਨੂੰ ਕਿਹਾ ਜਾਂਦਾ ਹੈ ਕਿ ਅੱਜ ਤੋਂ ਤੁਹਾਡੇ ਧਾਰਮਿਕ ਪਿਤਾ ਗੁਰੂ ਗੋਬਿੰਦ ਸਿੰਘ ਜੀ ਹਨ ਤੇ ਧਾਰਮਿਕ ਮਾਤਾ ਸਾਹਿਬ ਕੌਰ ਜੀ ਹਨ।